**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage
MLS

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty-Second Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 04, January 23, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਹਿੱਲ ਚੁੱਕੀ ਦਿੱਲੀ ਤੋਂ ਹਿੱਲ ਨਹੀਂ ਰਹੇ ਕਿਸਾਨ

## ਐਨ.ਆਈ.ਏ. ਵਾਲੀਆਂ ਚਾਲਾਂ ਵੀ ਹੋਈਆਂ ਫੇਲ੍ਹ





ਚੰਡੀਗੜ੍ਹ: ਖੇਤੀ ਕਾਨੂੰਨਾਂ ਖਿਲਾਫ ਉਠੀ ਕਿਸਾਨ ਲਹਿਰ ਨੂੰ ਢਾਹ ਲਾਉਣ ਲਈ ਮੋਦੀ ਸਰਕਾਰ ਨੇ ਟਿੱਲ ਲਾਇਆ ਹੋਇਆ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀਆਂ ਤਾਜ਼ਾ ਕਾਰਵਾਈਆਂ ਤੋਂ ਸਪਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਨੇ ਹੁਣ ਕੋਈ ਹੋਰ ਰਾਹ ਨਾ ਬਚਿਆ ਵੇਖ ਇਸ ਏਜੰਸੀ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਪਿਛਲੇ ਕੁਝ ਦਿਨਾਂ ਤੋਂ ਕਿਸਾਨ ਸੰਘਰਸ਼ ਦੇ ਹਮਾਇਤੀਆਂ ਨੂੰ ਧੜਾਧੜ ਭੇਜੇ ਜਾ ਰਹੇ ਨੋਟਿਸਾਂ ਨੂੰ ਸਰਕਾਰ ਦੀ ਸਭ ਤੋਂ ਹੋਛੀ ਹਰਕਤ ਵਜੋਂ ਵੇਖਿਆ ਜਾ ਰਿਹਾ ਹੈ। ਇਹ ਨੋਟਿਸ ਉਨ੍ਹਾਂ ਲੋਕਾਂ ਨੂੰ ਭੇਜੇ ਜਾ ਰਹੇ ਹਨ ਜੋ ਖੇਤੀ ਕਾਨੂੰਨਾਂ ਖਿਲਾਫ ਘੋਲ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੁੜੇ ਹੋਏ ਹਨ।

ਯਾਦ ਰਹੇ ਕਿ ਇਸ ਤੋਂ ਪਹਿਲਾਂ ਅਜਿਹੀਆਂ ਕਾਰਵਾਈਆਂ ਲਈ ਮੋਦੀ ਸਰਕਾਰ ਨੇ ਈ.ਡੀ. ਅਤੇ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਇਨ੍ਹਾਂ ਦੋਵਾਂ ਏਜੰਸੀਆਂ ਦੀ ਕੋਈ ਵਾਹ ਨਹੀਂ ਚੱਲੀ। ਇਸ ਪਿੱਛੋਂ ਸਰਕਾਰ ਨੇ ਇਹ ਕਮਾਨ ਐਨ.ਆਈ.ਏ. ਨੂੰ ਸੌਂਪ ਦਿੱਤੀ ਹੈ ਕਿਉਂਕਿ ਇਸ ਨੂੰ ਹੋਰਾਂ ਏਜੰਸੀਆਂ ਵਾਂਗ ਕੇਸਾਂ 'ਚ ਤਫਤੀਸ਼ ਕਰਨ ਤੋਂ ਪਹਿਲਾਂ ਸੂਬਾ ਸਰਕਾਰਾਂ ਦੀ ਇਜਾਜ਼ਤ ਨਹੀਂ ਲੈਣੀ ਪੈਂਦੀ। ਇਸ ਏਜੰਸੀ ਨੇ ਖੇਤੀ ਕਾਨੂੰਨਾਂ ਵਿਰੁੱਧ ਦਿੱਲੀ ਘੇਰੀ ਬੈਠੇ ਕਿਸਾਨਾਂ ਉਪਰ ਦਬਾਅ ਵਧਾਉਣ ਲਈ ਕਿਸਾਨ ਆਗੂਆਂ ਤੇ ਹਮਾਇਤੀਆਂ ਨੂੰ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਤੇ ਦੇਸ਼-ਧ੍ਰੋਹ ਦੀਆਂ ਸੰਗੀਨ ਧਾਰਾਵਾਂ ਹੇਠ ਦਰਜ ਕੇਸਾਂ ਵਿਚ ਪੁੱਛਗਿੱਛ ਲਈ ਬੁਲਾਉਣਾ ਸ਼ੁਰੂ ਕਰ ਦਿੱਤਾ ਹੈ। ਮੋਰਚੇ ਵਿਚ ਲੰਗਰ ਦੀ ਸੇਵਾ, ਬੱਸ ਸਹੂਲਤ ਦੇਣ, ਗਰਮ ਕੱਪੜੇ ਵੰਡਣ, ਇਥੋਂ ਤੱਕ ਕਿ ਕਿਸਾਨਾਂ ਦੇ ਹੱਕ ਵਿਚ ਕਲਮ ਚਲਾਉਣ ਵਾਲਿਆਂ ਨੂੰ ਵੀ ਘੇਰਿਆ ਜਾ ਰਿਹਾ ਹੈ।

ਕਿਸਾਨ ਮੋਰਚੇ ਦੇ ਸਰਗਰਮ ਆਗੂ ਬਲਦੇਵ ਸਿੰਘ ਸਿਰਸਾ ਅਤੇ ਕੁਝ ਪੱਤਰਕਾਰਾਂ ਸਣੇ 25 ਤੋਂ ਵੱਧ ਲੋਕਾਂ ਨੂੰ ਸੰਮਨ ਮਿਲੇ ਸਨ। ਸੰਮਨ ਮਿਲਣ ਵਾਲਿਆਂ 'ਚ ਸਿੰਘੂ ਬਾਰਡਰ ਵਿਖੇ ਲੰਗਰ ਦੀ ਸੇਵਾ ਕਰ ਰਹੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜਸਵੀਰ ਸਿੰਘ ਖਾਲਸਾ ਦਾ ਨਾਂ ਵੀ ਸ਼ਾਮਲ ਹੈ। ਪੂਰੀ ਦੁਨੀਆ ਵਿਚ ਪੀੜਤ ਲੋਕਾਂ ਨੂੰ ਲੰਗਰ ਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਨਾਮਣਾ ਖੱਟਣ ਵਾਲੀ ਸੰਸਥਾ ਖਾਲਸਾ ਏਡ ਵੀ ਕੌਮੀ ਜਾਂਚ ਏਜੰਸੀ ਦੇ ਨਿਸ਼ਾਨੇ ਉਪਰ ਹੈ। ਅਸਲ ਵਿਚ, ਕੇਂਦਰ ਸਰਕਾਰ ਨੇ 2019 ਵਿਚ ਐਨ.ਆਈ.ਏ. ਕਾਨੂੰਨ ਵਿਚ ਸੋਧ ਕਰ ਕੇ ਇਸ ਨੂੰ ਹੋਰ ਤਾਕਤਾਂ ਦਿੱਤੀਆਂ ਜਿਨ੍ਹਾਂ ਤਹਿਤ ਇਹ ਏਜੰਸੀ ਇੰਟਰਨੈੱਟ ਤੇ ਅਤਿਵਾਦ ਫੈਲਾਉਣ, ਨਕਲੀ ਕਰੰਸੀ ਦੀ ਤਸਕਰੀ, ਹਥਿਆਰਾਂ ਨੂੰ ਬਣਾਉਣ ਤੇ ਵੇਚਣ, ਵਿਸਫੋਟਕ ਪਦਾਰਥਾਂ ਨਾਲ ਸਬੰਧਤ ਕੇਸਾਂ ਆਦਿ ਦੀ ਤਫਤੀਸ਼ ਵੀ ਕਰ ਸਕਦੀ ਹੈ। ਇਸ ਦੇ ਨਾਲ ਨਾਲ ਹੀ ਮੌਜੂਦਾ ਸਰਕਾਰ ਨੇ ਗੈਰ-ਕਾਨੂੰਨੀ ਗਤੀਵਿਧੀਆਂ ਵਿਰੋਧੀ ਕਾਨੂੰਨ ਵਿਚ ਮਹੱਤਵਪੂਰਨ ਸੋਧ ਕੀਤੀ ਜਿਸ ਅਨੁਸਾਰ ਸਰਕਾਰ ਨੂੰ ਇਹ ਅਧਿਕਾਰ ਪ੍ਰਾਪਤ ਹੋ ਗਏ ਕਿ ਸਰਕਾਰ ਕਿਸੇ ਵੀ ਵਿਅਕਤੀ ਨੂੰ ਅਤਿਵਾਦੀ ਕਰਾਰ ਦੇ ਸਕਦੀ ਹੈ।

ਉਧਰ, ਪੰਜਾਬ ਦੇ ਸਿਆਸੀ ਆਗੂਆਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਅਜਿਹੀਆਂ ਕਾਰਵਾਈਆਂ ਨਾਲ ਹਾਲਾਤ ਹੋ ਵਿਗੜ ਸਕਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇ ਸਥਿਤੀ ਹੱਥੋਂ ਬਾਹਰ ਨਿਕਲ ਗਈ ਤਾਂ ਇਸ 'ਤੇ ਕਾਬੂ ਪਾਉਣ ਲਈ ਭਾਜਪਾ ਦੇ ਸਭ ਤੋਂ ਸ਼ਕਤੀਸ਼ਾਲੀ ਆਗੂ ਵੀ ਕੁਝ ਨਹੀਂ ਕਰ ਸਕਣਗੇ। ਕਿਸਾਨ ਆਗੂਆਂ ਨੇ ਵੀ ਕੇਂਦਰ ਸਰਕਾਰ ਦੇ ਇਸ ਪੈਂਤੜੇ ਦਾ ਮੂੰਹ ਤੋੜਵਾਂ ਜੁਆਬ ਦੇਣ ਦੀ ਗੱਲ ਆਖੀ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਹੁਣ ਤੱਕ ਸੰਘਰਸ਼ ਨੂੰ ਦਬਾਉਣ ਲਈ ਹਰ ਹੀਲਾ ਵਰਤਿਆ ਹੈ; ਇਥੋਂ ਤੱਕ ਕਿ ਪੰਜਾਬ ਦੇ ਧਾਰਮਿਕ ਆਗੂਆਂ ਨੂੰ ਵੀ ਵਿਚੋਲੇ ਬਣਨ ਲਈ ਪੇਸ਼ਕਸ਼ ਕੀਤੀ। ਦੇਸ਼ ਦੀ ਸਰਬਉਚ ਅਦਾਲਤ ਸੁਪਰੀਮ ਕੋਰਟ ਨੂੰ ਵੀ ਅੰਦੋਲਨ ਨੂੰ ਖਦੇੜਨ ਲਈ ਅੱਗੇ ਕੀਤਾ। ਕਿਸਾਨ ਜਥੇਬੰਦੀਆਂ ਵਿਚ ਫੁੱਟ ਪਾਉਣ ਲਈ ਕੋਸ਼ਿਸ਼ਾਂ ਵੀ ਨਾਲੋਂ ਨਾਲ ਚੱਲ ਰਹੀਆਂ ਹਨ ਪਰ ਲੋਕ ਲਹਿਰ ਅੱਗੇ ਕੋਈ ਵਾਹ ਨਾ ਚੱਲਦੀ ਵੇਖ ਸਰਕਾਰ ਐਨ.ਆਈ.ਏ. ਨੂੰ ਸਭ ਤੋਂ ਕਾਰਗਰ ਹਥਿਆਰ ਵਜੋਂ ਵੇਖ ਰਹੀ ਹੈ।

ਪਿਛਲੇ ਕਈ ਮਹੀਨਿਆਂ ਤੋਂ ਕੇਂਦਰ ਸਰਕਾਰ ਅਤੇ ਕਿਸਾਨਾਂ ਦਰਮਿਆਨ ਇਕ ਤਰ੍ਹਾਂ ਨਾਲ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਕੇਂਦਰ ਸਰਕਾਰ ਇਨ੍ਹਾਂ ਤਿੰਨਾਂ ਕਾਨੂੰਨਾਂ ਵਿਚ 12 ਦੇ ਲਗਭਗ ਸੋਧਾਂ ਕਰਨ ਲਈ ਤਾਂ ਤਿਆਰ ਹੈ ਪਰ ਇਨ੍ਹਾਂ ਨੂੰ ਮੁਕੰਮਲ ਰੂਪ ਵਿਚ ਵਾਪਸ ਲੈਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ ਕਿਸਾਨ ਜਥੇਬੰਦੀਆਂ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਵਾਪਸ ਲੈਣ ਦੀ ਮੰਗ ਕਰ ਰਹੀਆਂ ਹਨ। ਇਸ ਦੇ

(ਬਾਕੀ ਸਫਾ 6 ਉਤੇ)

# ਕਿਸਾਨ ਜਥੇਬੰਦੀਆਂ ਦੇ ਇਰਾਦੇ ਦ੍ਰਿੜ

**ਨਵੀਂ ਦਿੱਲੀ:** ਕੇਂਦਰ ਦੇ ਜਬਰ ਅੱਗੇ ਕਿਸਾਨ ਜਥੇਬੰਦੀਆਂ ਵੀ ਡਟ ਕੇ ਖੜ੍ਹ ਗਈਆਂ ਹਨ। ਕਿਸਾਨ ਜਥੇਬੰਦੀਆਂ ਦੀਆਂ ਰਣਨੀਤੀਆਂ ਅੱਗੇ ਕੇਂਦਰ ਸਰਕਾਰ ਦਾ ਹਰ ਦਾਅ ਪੁੱਠਾ ਪੈ ਰਿਹਾ ਹੈ। ਸਰਕਾਰ ਨੂੰ ਇਸ ਸਮੇਂ ਸਭ ਤੋਂ ਵੱਧ ਫਿਕਰ 26 ਜਨਵਰੀ ਦੀ ਘੇਰਾਬੰਦੀ ਦਾ ਪੈ ਗਿਆ ਹੈ। ਇਸ ਦੇ ਹੱਲ ਲਈ ਸੁਪਰੀਮ ਕੋਰਟ ਵੀ ਪਹੁੰਚ ਕੀਤੀ ਗਈ ਹੈ ਪਰ ਜਥੇਬੰਦੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਵੱਲੋਂ ਉਲੀਕਿਆ ਪ੍ਰੋਗਰਾਮ ਅਟੱਲ ਹੈ, ਹੁਣ ਸਰਕਾਰ ਨੇ ਦੇਖਣਾ ਹੈ ਕਿ ਇਸ ਨੂੰ ਸ਼ਾਂਤੀਪੂਰਵਕ ਢੰਗ ਨਾਲ ਸਿਰੇ ਚਾੜ੍ਹਨਾ ਹੈ ਜਾਂ ਹਿੰਸਕ ਬਣਾਉਣ ਹੈ।

ਦਿੱਲੀ ਦੀਆਂ ਬਰੂਹਾਂ 'ਤੇ ਡੇਰੇ ਲਾਈ ਬੈਠੇ ਕਿਸਾਨ ਸੰਘਰਸ਼ ਨੂੰ 'ਮਈ 2024 ਤੱਕ' ਮਘਾਈ ਰੱਖਣ ਲਈ ਤਿਆਰ ਬਰ ਤਿਆਰ ਹਨ। ਜਥੇਬੰਦੀਆਂ ਦੇ ਇਸ ਅੰਦੋਲਨ ਨੂੰ 'ਵਿਚਾਰਧਾਰਕ ਇਨਕਲਾਬ' ਕਰਾਰ ਦੇ ਦਿੱਤਾ ਹੈ। ਦੇਸ਼ 'ਚ ਅਗਲੀਆਂ ਆਮ ਚੋਣਾਂ ਅਪਰੈਲ-ਮਈ 2024 'ਚ ਹੋਣੀਆਂ ਹਨ। ਜਥੇਬੰਦੀਆਂ ਦੇ ਇਸ ਦ੍ਰਿੜ੍ਹ ਇਰਾਦੇ ਨੇ ਸਰਕਾਰ ਦਾ ਫਿਕਰ ਹੋ ਵਧਾ ਦਿੱਤਾ ਹੈ। ਸਰਕਾਰ ਦੀ ਬੇਵੱਸੀ ਇਸ ਗੱਲੋਂ ਹੀ ਸਾਫ ਹੋ ਜਾਂਦੀ ਹੈ ਕਿ ਕਿਸਾਨ ਲਹਿਰ ਦੇ ਡਰੋਂ ਇਸ ਵਾਰ ਗਣਤੰਤਰ ਦਿਵਸ ਉਤੇ ਕੋਈ ਵੀ ਵਿਦੇਸ਼ੀ ਮਹਿਮਾਨ ਸੱਦਣ ਤੋਂ ਪਿੱਛੋਂ ਹਟ ਗਈ ਹੈ। ਸਰਕਾਰ ਸੁਪਰੀਮ ਕੋਰਟ ਵਿਚ ਸੰਘਰਸ਼ ਨਾਲ ਦੇਸ਼ ਦੀ ਬਦਨਾਮੀ ਦੀਆਂ ਦੁਹਾਈਆਂ ਪਾ ਰਹੀ ਹੈ। ਭਾਜਪਾ ਨੂੰ ਸਭ ਤੋਂ ਵੱਧ ਫਿਕਰ

(ਬਾਕੀ ਸਫਾ 6 ਉਤੇ)

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**MOVING To INDIANA?**
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!
Beenu Sikand
Legacy Homes Intl.
Broker Owner,
Realtor, CRS, MBA

**FRONTIER FUEL CARD**
No obligation or contracts
(cancel anytime)
No minimum amount of fuel to buy
Minimal up front to put down
Receive detailed fuel reports
Jagdeep Bains
Jbains@frontierfundinginc.com
Ph: 417-818-1054

Now Open 7 Days a Week
**Regal Jewels**
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਕਿਸਾਨ ਜਥੇਬੰਦੀਆਂ ਨੇ '26' ਦੁਆਲੇ ਬੁਣਿਆਂ ਸੰਘਰਸ਼ ਦਾ ਤਾਣਾ-ਬਾਣਾ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਘਰਸ਼ ਦੇ ਰਾਹ ਪਈਆਂ ਕਿਸਾਨ ਯੂਨੀਅਨਾਂ ਨੇ ਐਲਾਨ ਕਰ ਦਿੱਤਾ ਹੈ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਤਜਵੀਜਤ ਕਿਸਾਨ ਟਰੈਕਟਰ ਪਰੇਡ ਦਿੱਲੀ ਦੇ ਬਾਹਰੀ ਰਿੰਗ ਰੋਡ ਉਪਰ ਹੀ ਕੱਢੀ ਜਾਵੇਗੀ। ਉਨ੍ਹਾਂ ਕਿਹਾ ਕਿ ਪਰੇਡ ਪੂਰੀ ਤਰ੍ਹਾਂ ਸ਼ਾਂਤੀਪੂਰਨ ਤੇ ਗੈਰ-ਸਿਆਸੀ ਹੋਵੇਗੀ।

ਸਵਰਾਜ ਅਭਿਆਨ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ, 'ਅਸੀਂ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਦਿੱਲੀ ਦੇ ਆਊਟਰ ਰਿੰਗ ਰੋਡ 'ਤੇ ਕਿਸਾਨ ਟਰੈਕਟਰ ਪਰੇਡ ਕੱਢਾਂਗੇ। ਪਰੇਡ ਪੂਰੀ ਤਰ੍ਹਾਂ ਸ਼ਾਂਤੀਪੂਰਨ ਹੋਵੇਗੀ। ਗਣਤੰਤਰ ਦਿਵਸ ਪਰੇਡ (ਕੌਮੀ ਪਰੇਡ) 'ਚ ਕਿਸੇ ਤਰ੍ਹਾਂ ਦਾ ਕੋਈ ਖਲਲ ਨਹੀਂ ਪਾਇਆ ਜਾਵੇਗਾ। ਕਿਸਾਨ ਆਪੋ-ਆਪਣੇ ਟਰੈਕਟਰਾਂ 'ਤੇ ਕੌਮੀ ਝੰਡੇ ਅਤੇ ਯੂਨੀਅਨਾਂ ਦੇ ਹੀ ਝੰਡੇ ਝੁਲਾਉਣਗੇ। ਕਿਸੇ ਵੀ ਸਿਆਸੀ ਧਿਰ ਦਾ ਝੰਡਾ ਲਾਉਣ ਦੀ ਇਜਾਜ਼ਤ ਨਹੀਂ ਹੋਵੇਗੀ।' ਇਹ ਟਰੈਕਟਰ ਪਰੇਡ ਪੀਰਾਗੜ੍ਹੀ, ਜਨਕਪੁਰੀ, ਧੌਲਾ ਕੂੰਆਂ, ਮੁਨੀਰਕਾ, ਆਈ. ਆਈ. ਟੀ, ਖੇਲ ਗਾਊਂ, ਚਿਰਾਗ, ਦਿੱਲੀ, ਨਹਿਰੂ ਪੈਲੇਸ, ਓਖਲਾ, ਮਜਨੂੰ ਕਾ ਟਿੱਲਾ, ਬੁਰਾੜੀ, ਆਜ਼ਾਦਪੁਰ, ਰੋਹਿਣੀ ਰਾਹੀਂ ਕਰੀਬ 60 ਕਿਲੋਮੀਟਰ ਰੂਟ ਤੋਂ ਕੱਢੀ ਜਾਵੇਗੀ। ਉਨ੍ਹਾਂ ਉਮੀਦ ਕੀਤੀ ਕਿ ਹਰਿਆਣਾ ਤੇ ਦਿੱਲੀ ਪੁਲਿਸ ਇਸ ਪਰੇਡ 'ਚ ਵਿਘਨ ਨਹੀਂ ਪਾਉਣਗੇ। ਜਵਾਨਾਂ ਦੇ ਨਾਲ ਹੀ ਕਿਸਾਨ ਵੀ ਗਣਤੰਤਰ ਦਿਵਸ ਮਨਾਏਗਾ।

ਕਿਸਾਨ ਆਗੂ ਨੇ ਕਿਹਾ ਕਿ ਪਰੇਡ ਵਿੱਚ ਕਿਸੇ ਵੀ ਤਰ੍ਹਾਂ ਦਾ ਹਥਿਆਰ ਲਿਜਾਣ ਦੀ ਮਨਾਹੀ ਰਹੇਗੀ। ਹਿੰਸਕ ਕਾਰਵਾਈ ਤੇ ਭੜਕਾਊ ਭਾਸ਼ਣ ਨਹੀਂ ਹੋਣਗੇ ਤੇ ਟਰੈਕਟਰ ਚਾਲਕ ਕਿਸੇ ਤਰ੍ਹਾਂ ਦੀ ਸਟੰਟਬਾਜ਼ੀ ਨਹੀਂ ਵਿਖਾਉਣਗੇ। ਟਰੈਕਟਰ ਪਰੇਡ ਸ਼ਾਂਤਮਈ ਹੋਵੇਗੀ, ਕਿਉਂਕਿ ਇਸ ਅੰਦੋਲਨ ਦਾ ਹਾਸਲ ਹੀ ਸ਼ਾਂਤੀ ਹੈ। ਰਾਜਪਥ 'ਤੇ ਹੋਣ ਵਾਲੀ ਕੌਮੀ ਪਰੇਡ ਵਿਚ ਖਲਲ ਪਾਉਣ ਜਾਂ ਲਾਲ ਕਿਲ੍ਹੇ 'ਤੇ ਕੌਮੀ ਝੰਡਾ ਝੁਲਾਉਣ ਦੀਆਂ ਅਫਵਾਹਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਕਿਸੇ ਵੀ ਕੌਮੀ ਸਮਾਰਕ 'ਤੇ ਕਬਜ਼ਾ ਕਰਨ, ਧਾਵਾ ਬੋਲਣ, ਨੁਕਸਾਨ ਕਰਨ, ਝੰਡਾ ਲਹਿਰਾਉਣ ਦੇ ਬਿਆਨਾਂ ਨੂੰ ਰੱਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਹਰਕਤ ਨਹੀਂ ਕੀਤੀ ਜਾਵੇਗੀ। ਸਗੋਂ ਦੇਸ਼ ਦੇ ਕੌਮੀ ਝੰਡੇ ਦੀ ਆਨ, ਬਾਨ ਤੇ ਸ਼ਾਨ ਵਿੱਚ ਵਾਧਾ ਕੀਤਾ ਜਾਵੇਗਾ। ਦੇਸ਼ ਦੇ ਜਿਨ੍ਹਾਂ ਇਲਾਕਿਆਂ ਤੋਂ ਲੋਕ ਦਿੱਲੀ ਨਹੀਂ ਆ ਸਕਣਗੇ, ਉਨ੍ਹਾਂ ਵੱਲੋਂ ਰਾਜਾਂ ਦੀਆਂ ਰਾਜਧਾਨੀਆਂ ਜਾਂ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਇਨ੍ਹਾਂ ਗੱਲਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

24, 25 ਤੇ 26 ਜਨਵਰੀ ਨੂੰ ਪਰਵਾਸੀ ਭਾਰਤੀ ਵੀ ਇਹ ਗਣਤੰਤਰ ਦਿਵਸ ਮਨਾਉਣਗੇ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਕਿਸਾਨ ਟਰੈਕਟਰ ਪਰੇਡ ਨੂੰ ਜ਼ਾਬਤੇ 'ਚ ਰੱਖਣ ਲਈ ਵਲੰਟੀਅਰਾਂ ਦੀ ਜ਼ਿੰਮੇਵਾਰੀ ਲਾਈ ਜਾਵੇਗੀ। ਆਈ.ਟੀ. ਸੈੱਲ ਰਾਹੀਂ ਨਜ਼ਰ ਰੱਖਦੇ ਹੋਏ ਟਰੈਕਟਰ ਚਾਲਕ ਜਾਂ ਸਾਥੀ ਨੂੰ ਸੰਦੇਸ਼ ਭੇਜਿਆ ਜਾਵੇਗਾ। ਉੱਤਰਾਖੰਡ ਤਰਾਈ ਸੰਗਠਨ ਦੇ ਆਗੂ ਤੇਜਿੰਦਰ ਸਿੰਘ ਵਿਰਕ ਨੇ ਕਿਹਾ ਕਿ ਤਰਾਈ ਖੇਤਰ ਦੇ 20 ਹਜ਼ਾਰ ਟਰੈਕਟਰ ਆਉਣ ਲਈ ਤਿਆਰ ਹਨ। ਯੁਧਵੀਰ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਜਾਵੇਗੀ ਕਿ ਪਰੇਡ ਉਪਰ ਰੋਕ ਨਾ ਲਾਈ ਜਾਵੇ, ਜੇ ਰੋਕ ਲੱਗੀ ਵੀ ਤਾਂ ਕਿਸਾਨ ਪਰੇਡ ਤਾਂ ਦਿੱਲੀ ਵਿੱਚ ਕੱਢਣਗੇ। ਉਨ੍ਹਾਂ ਕਿਹਾ ਕਿਵੇਂ ਵੀ ਹੋਵੇ ਕਿਸਾਨ ਦਿੱਲੀ ਵਿੱਚ ਦਾਖਲ ਹੋਣਗੇ ਹੀ। ਸ਼ਿਵ ਕੁਮਾਰ ਕੱਕਾ ਨੇ ਕਿਹਾ ਕਿ ਸੰਘਰਸ਼ ਦੌਰਾਨ ਸ਼ਹੀਦ ਹੋਏ 121 ਕਿਸਾਨਾਂ ਨੂੰ ਸਰਧਾਂਜਲੀ ਦੇਣ ਲਈ ਹਰ ਘਰ ਤੋਂ ਇਕ ਚਮਚਾ ਘਿਓ ਤੇ ਪਿੰਡ ਦੀ ਮਿੱਟੀ ਲਿਆ ਕੇ ਧਰਨੇ ਉਪਰ ਅਖੰਡ ਜਿਓਤੀ ਜਗਾਈ ਜਾਵੇਗੀ। ਇਸ ਦੌਰਾਨ ਟਿਕਰੀ ਬਾਰਡਰ 'ਤੇ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਿਆਣਾ ਕਿਸਾਨ ਸੰਘਰਸ਼ ਕਮੇਟੀ ਦੇ ਕਨਵੀਨਰ ਮਨਦੀਪ ਨੱਥਵਾਨ ਨੇ ਕਿਹਾ, "ਸਰਕਾਰ ਦੇ ਇਸ਼ਾਰੇ' ਤੇ ਕੁਝ ਲੋਕ ਇਸ ਅੰਦੋਲਨ ਨੂੰ ਹਿੰਸਕ ਬਣਾਉਣਾ ਚਾਹੁੰਦੇ ਹਨ। ਇਹ ਅੰਦੋਲਨ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਹੈ ਨਾ ਕਿ ਦਿੱਲੀ ਵਿਰੁੱਧ। ਸਾਨੂੰ ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਪ੍ਰੋਗਰਾਮ ਨੂੰ ਲਾਗੂ ਕਰਨਾ ਚਾਹੀਦਾ ਹੈ ਤੇ ਇਸ ਨੂੰ ਸਾਂਤੀਪੂਰਵਕ ਜਾਰੀ ਰੱਖਣਾ ਹੈ।



## ਕਿਸਾਨ 'ਮਈ 2024' ਤੱਕ ਸੰਘਰਸ਼ ਲਈ ਤਿਆਰ: ਟਿਕੈਤ

**ਨਾਗਪੁਰ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ 'ਤੇ ਡੇਰੇ ਲਾਈ ਬੈਠੇ ਕਿਸਾਨ ਆਪਣੇ ਇਸ ਅੰਦੋਲਨ ਨੂੰ 'ਮਈ 2024 ਤੱਕ' ਮਘਾਈ ਰੱਖਣ ਲਈ ਤਿਆਰ ਬਰ ਤਿਆਰ ਹਨ। ਟਿਕੈਤ ਨੇ ਕਿਸਾਨਾਂ ਦੇ ਇਸ ਅੰਦੋਲਨ ਨੂੰ 'ਵਿਚਾਰਧਾਰਕ ਇਨਕਲਾਬ' ਕਰਾਰ ਦਿੱਤਾ ਹੈ। ਐਨ.ਆਈ.ਏ. ਦੇ ਨੋਟਿਸਾਂ ਦੇ ਹਵਾਲੇ ਨਾਲ ਟਿਕੈਤ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦਾ ਹਿੱਸਾ ਬਣਨ ਦੇ ਚਾਹਵਾਨਾਂ ਨੂੰ ਜੇਲ੍ਹ, ਜਾਇਦਾਦ ਜਬਤ ਕਰਨ ਤੇ ਕੋਰਟ ਕੇਸਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਸ ਲਈ ਤਿਆਰ ਰਹਿਣ। ਦੇਸ਼ 'ਚ ਅਗਲੀਆਂ ਆਮ ਚੋਣਾਂ ਅਪਰੈਲ-ਮਈ 2024 'ਚ ਹੋਣੀਆਂ ਹਨ।

## 'ਟਰੈਕਟਰ ਰੈਲੀ ਕੱਢਣ ਦਾ ਸੰਵਿਧਾਨਕ ਹੱਕ'

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਸ਼ਾਂਤੀਪੂਰਵਕ ਟਰੈਕਟਰ ਰੈਲੀ ਕੱਢਣ ਦਾ ਸੰਵਿਧਾਨਕ ਹੱਕ ਹੈ। ਆਗੂਆਂ ਨੇ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਤਜਵੀਜਤ ਇਸ ਰੈਲੀ 'ਚ ਹਜ਼ਾਰਾਂ ਕਿਸਾਨ ਸ਼ਿਰਕਤ ਕਰਨਗੇ। ਬੀ.ਕੇ.ਯੂ. (ਲੱਖੋਵਾਲ) ਪੰਜਾਬ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਨੇ ਕਿਹਾ ਕਿ ਕਿਸਾਨ ਰਾਜਪੱਥ ਸਮੇਤ ਉੱਚ ਸੁਰੱਖਿਆ ਵਾਲੇ ਕਿਸੇ ਵੀ ਖੇਤਰ ਵਿੱਚ ਟਰੈਕਟਰ ਰੈਲੀ ਨਹੀਂ ਕੱਢਣਗੇ। ਕਿਸਾਨ ਆਗੂ ਨੇ ਸਾਫ ਕਰ ਦਿੱਤਾ ਕਿ ਉਹ ਦਿੱਲੀ ਦੇ ਬਾਹਰੀ ਰਿੰਗ ਰੋਡ 'ਤੇ ਹੀ ਟਰੈਕਟਰ ਮਾਰਚ ਕੱਢਣਗੇ ਤੇ ਰਾਜਪੱਥ 'ਤੇ ਹੋਣ ਵਾਲੀ ਕੌਮੀ ਪਰੇਡ 'ਚ ਕੋਈ ਵਿਘਨ ਨਹੀਂ ਪਾਇਆ ਜਾਵੇਗਾ।

## ਸਿੰਘੂ ਹੱਦ 'ਤੇ ਲਹਿਰਾਏਗਾ ਸਭ ਤੋਂ ਵੱਡਾ ਝੰਡਾ

**ਮੋਗਾ:** ਲਿਮਕਾ ਬੁੱਕ ਆਫ ਰਿਕਾਰਡਜ 'ਚ ਨਾਮ ਦਰਜ ਕਰਵਾਉਣ ਵਾਲੇ ਸਥਾਨਕ ਆਰਟਿਸਟ ਗੁਰਪ੍ਰੀਤ ਸਿੰਘ ਕੋਮਲ ਨੇ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਵਿਸ਼ਵ ਦਾ ਸਭ ਤੋਂ ਵੱਡਾ ਝੰਡਾ ਤਿਆਰ ਕੀਤਾ ਹੈ। ਇਹ ਝੰਡਾ 26 ਜਨਵਰੀ ਨੂੰ ਸਿੰਘੂ ਬਾਰਡਰ ਉਤੇ ਝੂਲੇਗਾ। ਝੰਡੇ 'ਤੇ ਸ਼ਹੀਦ 116 ਕਿਸਾਨਾਂ ਦਾ ਨਾਮ ਸੁਨਹਿਰੇ ਅੱਖਰਾਂ 'ਚ ਲਿਖੇ ਗਏ ਹਨ ਤੇ ਝੰਡੇ ਉਤੇ ਹੀ 395 ਵਰਗ ਫੁੱਟ ਥਾਂ ਆਮ ਲੋਕਾਂ ਦੇ ਦਸਤਖਤਾਂ ਲਈ ਛੱਡੀ ਗਈ ਹੈ। ਸ੍ਰੀ ਕੋਮਲ ਨੇ ਪਤਨੀ ਸਰਬਜੀਤ ਕੌਰ ਕੋਮਲ ਤੇ ਧੀ ਅਸ਼ਮੀਤ ਕੌਰ ਕੋਮਲ ਨਾਲ ਮਿਲ ਕੇ ਵਿਸ਼ਵ ਦਾ ਵੱਡ ਅਕਾਰੀ ਝੰਡਾ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਝੰਡੇ ਦਾ ਵਜ਼ਨ ਸਵਾ ਪੰਜ ਕਿਲੋ, ਲੰਬਾਈ ਸਵਾ ਸਤਾਈ ਮੀਟਰ ਤੇ ਚੌੜਾਈ ਸਾਢੇ ਚਾਰ ਫੁੱਟ ਹੈ।

## ਅੰਬਾਨੀ-ਅਡਾਨੀ ਲਈ ਅਰਥਚਾਰੇ ਨੂੰ ਢਾਹ ਲਾ ਰਿਹੈ ਕੇਂਦਰ: ਸਿੱਧੂ

**ਪਟਿਆਲਾ:** ਕੇਂਦਰ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਦੇਸ਼ ਦੀ ਹਕੂਮਤ ਸੰਘੀ ਢਾਂਚੇ ਨੂੰ ਤਹਿਸ ਨਹਿਸ ਕਰਨ 'ਤੇ ਤੁਲੀ ਹੋਈ ਹੈ ਜੋ ਸਿਰਫ ਦੋ ਵੱਡੇ ਕਾਰਪੋਰੇਟ ਘਰਾਣਿਆਂ ਲਈ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਖੇਤੀ ਵਿਰੋਧੀ ਕਾਨੂੰਨ ਥੋਪਣ 'ਤੇ ਭਾਵੇਂ ਕਿਸਾਨਾਂ ਵੱਲੋਂ ਸੰਘਰਸ਼ ਵਿੱਢਣ 'ਤੇ ਇਹ ਮਾਮਲਾ ਉਭਰ ਕੇ ਸਾਹਮਣੇ ਆਇਆ ਹੈ ਪਰ ਭਾਜਪਾ ਨੇ ਅਜਿਹੀਆਂ ਸਰਗਰਮੀਆਂ 2014 'ਚ ਸੱਤਾ ਸੰਭਾਲਦਿਆਂ ਹੀ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਯਾਦਵਿੰਦਰਾ ਕਲੋਨੀ ਵਿਚਲੀ ਆਪਣੀ ਨਿੱਜੀ ਰਿਹਾਇਸ਼ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰ ਨੂੰ ਰਗੜੇ ਲਾਏ। ਉਂਜ ਉਹ ਆਪਣੇ ਭਵਿੱਖ ਅਤੇ ਪੰਜਾਬ ਸਰਕਾਰ ਪ੍ਰਤੀ ਕੀਤੇ ਗਏ ਸਾਰੇ ਸਵਾਲਾਂ ਦੇ ਜਵਾਬਾਂ ਨੂੰ ਚਲਾਕੀ ਨਾਲ ਟਾਲਦੇ ਰਹੇ।

ਸਿੱਧੂ ਦਾ ਕਹਿਣਾ ਸੀ ਕਿ ਐਫ.ਸੀ.ਆਈ. ਭਾਵੇਂ ਕੋਈ ਮੁਨਾਫੇ ਵਾਲਾ ਅਦਾਰਾ ਨਹੀਂ ਹੈ, ਪਰ ਫੂਡ ਸਕਿਉਰਿਟੀ ਆਧਾਰਿਤ ਇਹ ਅਹਿਮ ਅਦਾਰਾ ਹੈ ਤੇ ਮੋਦੀ ਸਰਕਾਰ ਨੇ ਆਪਣੇ ਆਕਾਵਾਂ ਨੂੰ ਹੋਰ ਤਾਕਤਵਰ ਕਰਨ ਦੇ ਆਪਣੇ ਗੁਪਤ ਇਰਾਦਿਆਂ ਤਹਿਤ ਜਲਦੀ ਹੀ ਐਫ.ਸੀ.ਆਈ. ਨੂੰ ਨਕਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਐਫ.ਸੀ.ਆਈ. ਉਤੇ ਭਾਵੇਂ ਕਈ ਦਹਾਕਿਆਂ 'ਚ 91400 ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਪਰ ਮੋਦੀ ਹਕੂਮਤ ਨੇ ਚਾਰ ਸਾਲਾਂ 'ਚ ਇਸ ਨੂੰ ਚਾਰ ਲੱਖ ਕਰੋੜ ਦਾ ਕਰਜਈ ਬਣਾ ਦਿੱਤਾ ਹੈ ਜਿਸ ਮਗਰੋਂ ਇਸ ਨੂੰ ਕਰਜ਼ਾ ਦੇਣਾ ਸ਼ੁਰੂ ਕੀਤਾ ਗਿਆ। ਸਿਤਮ ਦੀ ਗੱਲ ਹੈ ਕਿ ਇਹ ਲੋਨ ਵੀ ਗਰੀਬਾਂ ਆਧਾਰਿਤ ਐਨ.ਐਸ.ਐਸ.ਐਫ. ਵਿਚੋਂ ਦਿੱਤਾ ਜਾਣ ਲੱਗਾ।ਉਨ੍ਹਾਂ ਕਿਹਾ ਕਿ ਇਸੇ ਕੜੀ ਵਜੋਂ ਕੇਂਦਰ ਨੇ ਅਡਾਨੀ ਨਾਲ ਉਸ ਦੇ ਸਾਈਲੋਜ ਵਿਚ ਅਨਾਜ ਭੰਡਾਰਨ ਦਾ ਠੇਕਾ ਕਰ ਲਿਆ। ਅਜਿਹਾ ਫੈਸਲਾ ਲੈਣ ਮੌਕੇ ਮਾਪਦੰਡ ਹੀ ਅਜਿਹੇ ਬਣਾ ਦਿੱਤੇ ਗਏ ਕਿ ਅਡਾਨੀਆਂ ਤੋਂ ਬਿਨਾਂ ਹੋਰ ਕੋਈ ਠੇਕਾ ਹੀ ਨਾ ਲੈ ਸਕੇ। ਸਿੱਧੂ ਨੇ ਦੱਸਿਆ ਕਿ ਇਸ ਕੰਪਨੀ ਨੂੰ ਅਦਾਇਗੀ ਕਰਨ ਦੀਆਂ ਸ਼ਰਤਾਂ ਵੀ ਨਰਮ ਕੀਤੀਆਂ ਗਈਆਂ। ਉਨ੍ਹਾਂ ਕੇਂਦਰ ਸਰਕਾਰ 'ਤੇ ਅਡਾਨੀ ਅਤੇ ਅੰਬਾਨੀ ਦੀ ਖਾਤਰ ਦੇਸ਼ ਨੂੰ ਵੱਡੀ ਆਰਥਿਕ ਢਾਹ ਲਾਉਣ ਦੀ ਗੱਲ ਆਖੀ।





"Serving All Your Real Estate Needs"
Columbus, Ohio is one of the fastest growing city in USA and With Best Schools.
*Rajwinder Gill*
*(Your Real Estate Pro.)*
*MBA (Finance)*
*Red 1 Realty*
ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com

# ਮੋਦੀ ਸਰਕਾਰ ਦੇ ਕੌਮੀ ਜਾਂਚ ਏਜੰਸੀ ਵਾਲੇ ਪੈਂਤੜੇ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਪੰਜਾਬ 'ਚ ਚੱਲ ਰਹੇ ਕਿਸਾਨ ਘੋਲ 'ਚ ਕੌਮੀ ਜਾਂਚ ਏਜੰਸੀ ਦੇ ਨੋਟਿਸਾਂ ਨੇ ਰੋਹ ਭਰ ਦਿੱਤਾ ਹੈ। ਪੰਜਾਬ 'ਚ ਟੌਲ ਪਲਾਜ਼ਿਆਂ, ਰੇਲਵੇ ਪਾਰਕਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਬੈਠੇ ਕਿਸਾਨਾਂ ਨੇ ਕੌਮੀ ਜਾਂਚ ਏਜੰਸੀ ਵੱਲੋਂ ਕਿਸਾਨ ਘੋਲ ਨਾਲ ਜੁੜੇ ਮਦਦਗਾਰਾਂ ਨੂੰ ਦਿੱਤੇ ਨੋਟਿਸਾਂ ਦਾ ਸਖਤ ਨੋਟਿਸ ਲਿਆ ਗਿਆ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਦੇ ਇਸ ਪੈਂਤੜੇ ਦਾ ਮੂੰਹ ਤੋੜਵਾਂ ਜੁਆਬ ਦੇਣ ਦੀ ਗੱਲ ਆਖੀ ਹੈ।

ਪੰਜਾਬ ਵਿਚ 32 ਕਿਸਾਨ ਧਿਰਾਂ ਦੀ ਅਗਵਾਈ ਵਿਚ ਸੈਂਕੜੇ ਥਾਵਾਂ 'ਤੇ ਧਰਨਾ ਮੁਜ਼ਾਹਰੇ ਵੀ ਜਾਰੀ ਰਹੇ। ਬੀ.ਕੇ.ਯੂ. (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਕੇਂਦਰ ਸਰਕਾਰ ਆਏ ਦਿਨ ਕਿਸਾਨ ਘੋਲ ਨੂੰ ਤਾਰਪੀਡੋ ਕਰਨ ਲਈ ਪੈਂਤੜਾ ਲੈ ਰਹੀ ਹੈ ਅਤੇ ਹੁਣ ਕੌਮੀ ਏਜੰਸੀ ਵੱਲੋਂ ਭੇਜੇ ਨੋਟਿਸਾਂ ਨੇ ਕਿਸਾਨ ਘੋਲ ਨੂੰ ਹੋਰ ਬਲ ਬਖਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਅਜਿਹੀਆਂ ਚਾਲਾਂ ਹਮੇਸ਼ਾ ਫੇਲ੍ਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰ ਕੇਂਦਰੀ ਦਾਬੇ ਦਾ ਢੁਕਵਾਂ ਜੁਆਬ ਦਿੱਤਾ ਜਾਵੇਗਾ।



ਕਿਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਕਿਸਾਨ ਘੋਲ ਤੋਂ ਘਬਰਾਹਟ ਵਿਚ ਆ ਕੇ ਹੇਠਲੇ ਪੱਧਰ 'ਤੇ ਉੱਤਰ ਆਈ ਹੈ ਪਰ ਕੌਮੀ ਏਜੰਸੀ ਦੇ ਕਿਸੇ ਨੋਟਿਸ ਦਾ ਜੁਆਬ ਨਾ ਦੇਣ ਦਾ ਫੈਸਲਾ ਲਿਆ ਗਿਆ ਹੈ। ਇਸੇ ਦੌਰਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜੰਡਿਆਲਾ ਗੁਰੂ ਵਿਚ ਵੀ ਧਰਨਾ ਜਾਰੀ ਰੱਖਿਆ ਗਿਆ। ਮਾਝੇ ਦੇ ਕਈ ਖੇਤਰਾਂ ਵਿਚ ਟਰੈਕਟਰ ਮਾਰਚ ਕੱਢੇ ਗਏ ਹਨ ਜਦੋਂ ਕਿ ਪਟਿਆਲਾ ਵਿਚ ਵਿਸ਼ਵ ਬੁੱਧੀਜੀਵੀ ਫੋਰਮ ਦੀ ਅਗਵਾਈ ਵਿਚ ਕਾਰ ਰੈਲੀ 'ਪੱਗੜੀ ਸੰਭਾਲ ਜੱਟਾ' ਬੈਨਰ ਹੇਠ ਕੱਢੀ ਗਈ ਹੈ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ. ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਕੌਮੀ ਜਾਂਚ ਏਜੰਸੀ ਵੱਲੋਂ ਜਾਰੀ ਨੋਟਿਸਾਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਸੰਘਰਸ਼ ਨੂੰ ਗੱਲਬਾਤ ਦੇ ਬੇਸਿੱਟਾ ਅਮਲ ਵਿਚ ਪਾ ਕੇ ਲਮਕਾਉਣ ਅਤੇ ਝੂਠੀਆਂ ਅਫਵਾਹਾਂ ਫੈਲਾ ਕੇ ਬਦਨਾਮ ਕਰਨ ਦੀਆਂ ਘਿਣਾਉਣੀਆਂ ਚਾਲਾਂ ਦਾ ਸਹਾਰਾ ਲੈ ਰਹੀ ਹੈ।

ਸੰਘਰਸ਼ ਵਿਚ ਸ਼ਾਮਲ ਜਾਂ ਹਮਾਇਤੀ ਪੱਤਰਕਾਰਾਂ, ਟਰਾਂਸਪੋਰਟਰਾਂ ਅਤੇ ਲੋਕ ਭਲਾਈ ਸੰਸਥਾਵਾਂ ਦੇ ਕਾਰਕੁਨਾਂ ਨੂੰ ਸਿੱਖ ਫਾਰ ਜਸਟਿਸ ਨਾਲ ਜੋੜ ਕੇ ਜਾਰੀ ਕੀਤੇ ਨੋਟਿਸ ਇਸੇ ਸਿਲਸਿਲੇ ਦੀ ਅਗਲੀ ਕੜੀ ਹਨ। ਇਹ ਚਾਲ ਨਾਗਰਿਕਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਉਪਰ ਹਮਲਾ ਹੈ ਅਤੇ ਸਮੂਹ ਜਮਹੂਰੀ ਪਸੰਦ ਤਾਕਤਾਂ ਨੂੰ ਇਸ ਹਮਲੇ ਦਾ ਇਕਜੁੱਟ ਹੋ ਕੇ ਵਿਰੋਧ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਏਜੰਸੀਆਂ ਨੂੰ ਹੱਥਠੋਕਾ ਬਣਾ ਕੇ ਸੰਘਰਸ਼ ਨੂੰ ਦਬਾਉਣ ਲਈ ਵਰਤਣਾ ਬੰਦ ਕਰੇ। ਗੈਰਕਾਨੂੰਨੀ ਫੰਡਿੰਗ ਦੇ ਨਾਂ ਹੇਠ ਜਾਰੀ ਕੀਤੇ ਨੋਟਿਸ ਤੁਰਤ ਵਾਪਸ ਲਏ ਜਾਣ।

## ਖਾਲਸਾ ਏਡ ਨੇ ਮੰਗਿਆ ਕੌਮਾਂਤਰੀ ਦਖਲ

ਖਾਲਸਾ ਏਡ ਵਲੋਂ ਜਾਰੀ ਬਿਆਨ 'ਚ ਕਿਹਾ ਹੈ ਕਿ ਕੌਮੀ ਜਾਂਚ ਏਜੰਸੀ ਵਲੋਂ ਕਿਸਾਨ ਆਗੂਆਂ, ਪੱਤਰਕਾਰਾਂ ਤੇ ਹੋਰ ਹਮਾਇਤੀਆਂ ਨੂੰ ਦੇਸ ਵਿਰੋਧੀ ਧਾਰਾਵਾਂ ਹੇਠ ਸੰਮਨ ਕੀਤੇ ਜਾਣ ਉਪਰ ਉਨ੍ਹਾਂ ਨੂੰ ਗਹਿਰੀ ਠੇਸ ਪੁੱਜੀ ਹੈ। ਅਜਿਹਾ ਨੋਟਿਸ ਏਜੰਸੀ ਨੇ ਖਾਲਸਾ ਏਡ ਨੂੰ ਵੀ ਭੇਜਿਆ ਹੈ। ਪੱਤਰ 'ਚ ਉਨ੍ਹਾਂ ਏਜੰਸੀ ਦੇ ਪੜਤਾਲੀਆ ਅਧਿਕਾਰੀਆਂ ਵਲੋਂ ਕੌਮਾਂਤਰੀ ਮਾਨਤਾਵਾਂ ਅਨੁਸਾਰੀ ਪੁੱਛਗਿੱਛ ਕਰਨ ਉਪਰ ਸ਼ੱਕ ਜਾਹਰ ਕੀਤਾ ਹੈ ਤੇ ਕਿਹਾ ਹੈ ਕਿ ਸਾਡੇ ਵਲੰਟੀਅਰਾਂ ਦੀ ਟੀਮ ਦੀ ਸਿਹਤ ਤੇ ਮਾਨਸਿਕ ਸੁਰੱਖਿਆ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਪੱਤਰ 'ਚ ਕਿਹਾ ਹੈ ਕਿ ਭਾਰਤੀ ਇਤਿਹਾਸ ਵਿਚ ਵਲੰਟੀਅਰ ਏਜੰਸੀਆਂ, ਗਰੁੱਪਾਂ ਤੇ ਸੰਗਠਨਾਂ ਨਾਲ ਕੌਮੀ ਜਾਂਚ ਏਜੰਸੀ ਦੇ ਮਾੜੇ ਵਿਵਹਾਰ ਦੀ ਕਿਧਰੇ ਵੀ ਤੁਲਨਾ ਨਹੀਂ ਹੈ।

## ਆਈ.ਐਮ.ਐਫ. ਅਤੇ ਐਨ.ਆਈ.ਏ. ਦੇ ਪੁਤਲੇ ਸਾੜੇ

**ਨਵੀਂ ਦਿੱਲੀ:** ਸਿੰਘੂ-ਕੁੰਡਲੀ ਬਾਰਡਰ 'ਤੇ ਕਿਸਾਨ-ਮਜ਼ਦੂਰ ਬੀਬੀਆਂ ਨੇ ਤਿੰਨੋਂ ਖੇਤੀ ਕਾਨੂੰਨਾਂ ਦੇ ਮਾਮਲੇ 'ਚ ਕੇਂਦਰ ਸਰਕਾਰ ਦੀ ਪਿੱਠ ਥਾਪੜਨ ਵਾਲੀ ਕੌਮਾਂਤਰੀ ਸੰਸਥਾ ਮੁਦਰਾ ਕੋਸ਼ ਫੰਡ ਦੀ ਮੁਖੀ ਕ੍ਰਿਸਟਲੀਨਾ ਜੋਰਜੀਵਾ ਤੇ ਕੌਮੀ ਜਾਂਚ ਏਜੰਸੀ ਅਤੇ ਕੇਂਦਰੀ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਕਿਸਾਨ ਆਗੂਆਂ ਨੇ ਕੌਮੀ ਜਾਂਚ ਏਜੰਸੀ ਵੱਲੋਂ ਕਿਸਾਨ ਆਗੂਆਂ ਤੇ ਸਮਾਜ ਸੇਵਕਾਂ ਨੂੰ ਕੱਢੇ ਨੋਟਿਸ ਦੀ ਸਖਤ ਨਿਖੇਧੀ ਕਰਦਿਆਂ ਤੁਰਤ ਨੋਟਿਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਕੌਮਾਂਤਰੀ ਮੁਦਰਾ ਫੰਡ ਦੀ ਸਾਮਰਾਜ-ਪੱਖੀ ਨੀਤੀ ਸਾਹਮਣੇ ਆ ਚੁੱਕੀ ਹੈ।

# ਐਨ.ਆਈ.ਏ. ਦੀ ਕਾਰਵਾਈ 'ਤੇ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਕਿਸਾਨ ਸਮਰਥਕਾਂ ਨੂੰ ਭੇਜੇ ਜਾ ਰਹੇ ਨੋਟਿਸਾਂ ਦਾ ਵੱਖ-ਵੱਖ ਸਿਆਸੀ ਪਾਰਟੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਨੇ ਨੋਟਿਸ ਭੇਜੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ।

ਰਾਜ ਸਭਾ ਮੈਂਬਰ ਸ੍ਰੀ ਢੀਂਡਸਾ ਨੇ ਕਿਸਾਨ ਅੰਦੋਲਨ ਦੇ ਹਮਾਇਤੀਆਂ ਨੂੰ ਪਾਰਟੀ ਵੱਲੋਂ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਦੀ ਵੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਦਾ ਕਿਸਾਨ ਘੋਲ ਦੇ ਮਦਦਗਾਰਾਂ ਖਿਲਾਫ ਘੇਰਾਬੰਦੀ ਕਰਨਾ ਕੇਂਦਰ ਸਰਕਾਰ ਦਾ ਕਿਸਾਨੀ ਸੰਘਰਸ਼ ਵਿਰੁੱਧ ਨਵਾਂ ਪੈਂਤੜਾ ਹੈ, ਜਿਸ ਨੂੰ ਕਦੇ ਵੀ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਕਿਸਾਨ ਸੰਘਰਸ਼ ਨੂੰ ਦਬਾ ਨਹੀਂ ਸਕਣਗੀਆਂ, ਇਹ ਘੋਲ ਹੋਰ ਤੇਜ ਹੋਵੇਗਾ। ਉਨ੍ਹਾਂ ਦੇਸ ਦੀਆਂ ਸਮੂਹ ਧਿਰਾਂ ਨੂੰ ਕੇਂਦਰ ਦੀ ਧੱਕੇਸ਼ਾਹੀ ਖਿਲਾਫ ਆਵਾਜ਼ ਉਠਾਉਣ ਦੀ ਅਪੀਲ ਕੀਤੀ। ਅਕਾਲੀ ਦਲ ਡੈਮੋਕਰੇਟਿਕ ਦੇ ਮੁੱਖ ਬੁਲਾਰੇ ਬੀਰਦਵਿੰਦਰ ਸਿੰਘ ਨੇ ਵੀ ਇਸ ਕਾਰਵਾਈ ਦਾ ਵਿਰੋਧ ਕੀਤਾ ਹੈ। ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਮੋਦੀ ਹਕੂਮਤ ਦੀ ਬੁਖਲਾਹਟ ਦੀ ਨਿਸ਼ਾਨੀ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਕੇਂਦਰੀ ਏਜੰਸੀ ਐਨ.ਆਈ.ਏ. ਰਾਹੀਂ ਨੋਟਿਸ ਭੇਜ ਕੇ ਕਿਸਾਨ ਆਗੂਆਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਖੇਤੀ ਕਾਨੂੰਨਾਂ 'ਤੇ ਗੱਲਬਾਤ ਬਾਰੇ ਗੰਭੀਰ ਨਹੀਂ ਹੈ ਤੇ 'ਕਿਸਾਨਾਂ ਨੂੰ ਥਕਾਉਣ ਦਾ ਯਤਨ' ਕੀਤਾ ਜਾ ਰਿਹਾ ਹੈ। ਬਾਦਲ ਨੇ ਕਿਹਾ ਕਿ ਕਿਸਾਨ ਦੇਸ਼ ਵਿਰੋਧੀ ਨਹੀਂ ਹਨ, ਅਕਾਲੀ ਦਲ ਇਸ ਦੀ ਨਿਖੇਧੀ ਕਰਦਾ ਹੈ। ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕੇਂਦਰ ਸਰਕਾਰ 'ਤੇ ਕਿਸਾਨਾਂ ਨੂੰ ਬਦਨਾਮ ਕਰਨ ਦਾ ਦੋਸ਼ ਵੀ ਲਾਇਆ।

## ਸੁਖਪਾਲ ਖਹਿਰਾ ਵੱਲੋਂ ਯੂ. ਏ. ਪੀ. ਏ. ਦੀ ਦੁਰਵਰਤੋਂ ਕਰਨ ਦਾ ਦੋਸ਼

**ਜਲੰਧਰ:** ਆਮ ਆਦਮੀ ਪਾਰਟੀ (ਆਪ) ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਿਸਾਨੀ ਮੋਰਚੇ ਦੀ ਹਮਾਇਤ ਕਰਨ ਵਾਲੇ ਲੋਕਾਂ ਦੀ ਆਵਾਜ਼ ਦਬਾਉਣ ਲਈ ਯੂ.ਏ.ਪੀ.ਏ. ਕਾਨੂੰਨ ਦੀ ਦੁਰਵਰਤੋਂ ਕਰਕੇ ਸਿਆਸੀ ਅਤਿਵਾਦ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਕਿਸਾਨੀ ਧਰਨਿਆਂ ਦੇ ਹਮਾਇਤੀਆਂ ਨੂੰ ਭੇਜੀ ਗਈ ਮੌਜੂਦਾ ਐਨ.ਆਈ.ਏ. ਨੋਟਿਸਾਂ ਦੀ ਲੜੀ ਭਾਜਪਾ ਸਰਕਾਰ ਦੀ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ। ਇਹ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਲੋਕਾਂ ਉਪਰ ਸਿਆਸੀ ਅਤਿਵਾਦ ਦੇ ਬਰਾਬਰ ਹੈ।

## ਨੌਜਵਾਨਾਂ ਨੇ ਗੀਤਾਂ ਰਾਹੀਂ ਕਿਸਾਨਾਂ 'ਚ ਜੋਸ਼ ਭਰਿਆ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਵਿਰੁੱਧ ਦਿੱਲੀ ਦੇ ਚਾਰੋਂ ਮੁੱਖ ਮਾਰਗਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਨੌਜਵਾਨਾਂ ਦੇ ਵੱਖ-ਵੱਖ ਗਰੁੱਪਾਂ ਵੱਲੋਂ ਮੰਚਾਂ ਤੋਂ ਗੀਤ ਗਾ ਕੇ ਕਿਸਾਨਾਂ ਵਿੱਚ ਜੋਸ਼ ਭਰਿਆ ਜਾ ਰਿਹਾ ਹੈ। ਕ੍ਰਾਂਤੀਕਾਰੀ ਸੰਸਕ੍ਰਿਤੀ ਮੰਚ ਵੱਲੋਂ ਗਾਜ਼ੀਪੁਰ ਬਾਰਡਰ 'ਤੇ ਮੁੱਖ ਮੰਚ ਤੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ ਜੋ ਲੋਕ ਸੰਘਰਸ਼ਾਂ ਦੀ ਜਿੱਤ ਦੀ ਨਿਸ਼ਾਨਦੇਹੀ ਕਰ ਰਹੇ ਸਨ।

ਮੋਰਚਿਆਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਕੁਰਬਾਨੀ ਤੇ ਉਨ੍ਹਾਂ ਦੇ ਚਾਚਾ ਅਜੀਤ ਸਿੰਘ ਦੀ ਪੱਗੜੀ ਸੰਭਾਲ ਜੱਟਾ ਲਹਿਰ ਦਾ ਜਿਕਰ ਲਾਜ਼ਮੀ ਹੋ ਰਿਹਾ ਹੈ। ਇਸੇ ਤਰ੍ਹਾਂ ਯੂਥ ਫਾਰ ਸੁਸਾਇਟੀ ਵੱਲੋਂ ਵੀ ਨਵੇਂ ਰੰਗ ਦੇ ਗੀਤ ਸਿੰਘੂ ਬਾਰਡਰ 'ਤੇ ਟੋਲੀ ਦੇ ਰੂਪ ਵਿਚ ਘੁੰਮ-ਫਿਰ ਕੇ ਗਾਏ ਜਾ ਰਹੇ ਹਨ। ਖੱਬੀਆਂ ਧਿਰਾਂ ਨਾਲ ਜੁੜੀਆਂ ਨੌਜਵਾਨਾਂ ਦੀਆਂ ਟੀਮਾਂ ਵੱਲੋਂ ਡੱਫਲੀ ਨਾਲ ਪੇਸ਼ ਕੀਤੇ ਜਾ ਰਹੇ ਇਨਕਲਾਬੀ ਗੀਤਾਂ ਨੂੰ ਕਿਸਾਨ ਚਾਅ ਨਾਲ ਸੁਣਦੇ ਹਨ।

ਇਹ ਟੋਲੀਆਂ ਮੋਰਚਿਆਂ ਵਿਚ ਘੁੰਮ-ਘੁੰਮ ਕੇ ਜਿਥੇ ਮੋਦੀ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੀਆਂ ਹਨ ਉਥੇ ਹੀ ਨੌਜਵਾਨ ਗੀਤਾਂ ਦੀ ਛਹਿਬਰ ਲਾਉਂਦੇ ਹਨ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਫ.) ਦੇ ਕੌਮੀ ਜਨਰਲ ਸਕੱਤਰ ਵਿੱਕੀ ਮਹੇਸ਼ਰੀ ਨੇ ਦੱਸਿਆ ਕਿ ਮੋਰਚਿਆਂ 'ਤੇ ਪੱਕੇ ਤੌਰ ਉਤੇ ਟਿਕੇ ਇਹ ਗਰੁੱਪ ਸਵੇਰੇ ਤੋਂ ਸ਼ਾਮ ਤੱਕ ਸਰਗਰਮ ਰਹਿੰਦੇ ਹਨ। ਕਾਬਜ਼ ਧਿਰਾਂ ਨਾਲ ਟੱਕਰ ਲੈਣਾ ਇਨ੍ਹਾਂ ਦਾ ਜਨੂਨ ਬਣ ਚੁੱਕਿਆ ਹੈ।


KULJEET (KJ) SINGH
Managing Broker Realtor
GAYA Realty

Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ




Kuljeet Singh

Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.



Low Interest Rates in History
No Cost Refinancing Available!




Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568



Gurdip Singh Sandhu
Email:
Homeomedicine@yahoo.com

# ਹਰਿਆਣਾ ਵਿਚ ਭਾਜਪਾ ਨੂੰ ਲੱਗਿਆ ਕਿਸਾਨੀ ਸੰਘਰਸ਼ ਦਾ ਸੇਕ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਸੰਘਰਸ਼ ਦਾ ਸੇਕ ਦੇਸ਼ ਭਰ ਵਿਚ ਦਿਖਾਈ ਦੇਣ ਲੱਗ ਪਿਆ ਹੈ। ਉਂਜ ਇਸ ਦਾ ਬਹੁਤਾ ਦਬਾਅ ਪੰਜਾਬ ਅਤੇ ਹਰਿਆਣਾ ਵਿਚ ਦੇਖਣ ਨੂੰ ਮਿਲ ਰਿਹਾ ਹੈ। ਹਰਿਆਣਾ ਵਿਚ ਭਾਜਪਾ ਅਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਨੇ ਰਾਜਨੀਤਕ ਸਮਾਗਮ ਅਤੇ ਕਿਸਾਨ ਮਹਾਪੰਚਾਇਤਾਂ ਨਾ ਕਰਨ ਦਾ ਫੈਸਲਾ ਲਿਆ ਹੈ।

ਇਹ ਫੈਸਲਾ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਹਰਿਆਣਾ ਵਿਚ ਭਾਜਪਾ ਅਤੇ ਭਾਈਵਾਲ ਪਾਰਟੀ ਜੇ.ਜੇ.ਪੀ. ਦੇ ਸਾਰੇ ਸਮਾਗਮਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਰਨਾਲ ਦੇ ਪਿੰਡ ਕੈਮਲਾ ਵਿਚ ਖੇਤੀ ਕਾਨੂੰਨਾਂ ਦੀ ਹਮਾਇਤ ਵਿਚ 'ਕਿਸਾਨ ਮਹਾਪੰਚਾਇਤ' ਦਾ ਕਿਸਾਨ ਜਥੇਬੰਦੀਆਂ ਨੇ ਵਿਰੋਧ ਕੀਤਾ ਸੀ। ਉਥੇ ਵਿਰੋਧ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਨੇ ਜਲ ਤੋਪਾਂ ਦੀ ਵਰਤੋਂ ਕਰਦਿਆਂ ਅੱਥਰੂ ਗੈਸ ਦੇ ਗੋਲੇ ਵੀ ਚਲਾਏ ਸਨ ਜਿਸ ਤੋਂ ਖਿਝ ਕੇ ਪ੍ਰਦਰਸ਼ਨਕਾਰੀਆਂ ਨੇ ਸਮਾਗਮ ਵਾਲੀ ਸਟੇਜ ਤੱਕ ਤੋੜ ਦਿੱਤੀ ਸੀ। ਹੰਗਾਮਾ ਹੋਣ ਕਾਰਨ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ ਸੀ। ਹਰਿਆਣਾ ਪੁਲਿਸ ਨੇ ਇਸ ਮਾਮਲੇ 'ਚ 900 ਕਿਸਾਨਾਂ ਖਿਲਾਫ ਕੇਸ ਦਰਜ ਕੀਤਾ ਹੈ।



ਇਸ ਘਟਨਾ ਤੋਂ ਬਾਅਦ ਖੱਟਰ ਅਤੇ ਉਪ ਮੁੱਖ ਮੰਤਰੀ ਤੇ ਜੇ.ਜੇ.ਪੀ. ਆਗੂ ਦੁਸ਼ਯੰਤ ਚੌਟਾਲਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਹੈ ਜਿਸ ਵਿਚ ਕਿਸਾਨੀ ਮਸਲੇ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਤੋਂ ਬਾਅਦ ਹੀ ਹਰਿਆਣਾ ਸਰਕਾਰ ਨੇ ਕਿਸਾਨਾਂ ਦੇ ਸੰਘਰਸ਼ ਦੇ ਬਰਾਬਰ ਕੋਈ ਵੀ ਰਾਜਨੀਤਕ ਸਮਾਗਮ ਜਾਂ ਕਿਸਾਨ ਮਹਾਪੰਚਾਇਤ ਨਾ ਕਰਨ ਦਾ ਫੈਸਲਾ ਕੀਤਾ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਉਹ ਕਿਸੇ ਤਰ੍ਹਾਂ ਦਾ ਟਕਰਾਅ ਖੜ੍ਹਾ ਨਹੀਂ ਕਰਨਾ ਚਾਹੁੰਦੇ ਹਨ ਜਿਸ ਕਾਰਨ ਸੂਬੇ ਵਿਚ ਕੋਈ ਸਮਾਗਮ ਨਾ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਉਧਰ, ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਕਿਸਾਨਾਂ ਵੱਲੋਂ ਪਹਿਲੇ ਦਿਨ ਤੋਂ ਸ਼ਾਂਤਮਈ ਢੰਗ ਨਾਲ ਸੰਘਰਸ਼ ਕੀਤਾ ਜਾ ਰਿਹਾ ਹੈ। 'ਜਦੋਂ ਤੱਕ ਤਿੰਨੋਂ ਖੇਤੀ ਕਾਨੂੰਨ ਰੱਦ ਨਹੀਂ ਹੋਣਗੇ ਇਹ ਸੰਘਰਸ਼ ਜਾਰੀ ਰਹੇਗਾ।' ਉਨ੍ਹਾਂ ਕਿਹਾ ਕਿ ਭਾਜਪਾ ਅਤੇ ਭਾਈਵਾਲ ਪਾਰਟੀਆਂ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਉਨ੍ਹਾਂ ਸੂਬੇ ਵਿਚ ਭਾਜਪਾ ਤੇ ਜੇਜੇਪੀ ਦੇ ਆਗੂਆਂ ਅਤੇ ਸਮਾਗਮਾਂ ਦਾ ਵਿਰੋਧ ਜਾਰੀ ਰੱਖਣ ਦਾ ਐਲਾਨ ਕੀਤਾ।

ਹਰਿਆਣਾ ਵਿਚ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਰਾਜਪਾਲ ਸੱਤਿਆਦੇਵ ਨਾਰਾਇਣ ਆਰਿਆ ਪੰਚਕੂਲਾ, ਮੁੱਖ ਮੰਤਰੀ ਮਨੋਹਰ ਲਾਲ ਖੱਟਰ ਪਾਣੀਪਤ ਅਤੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਅੰਬਾਲਾ ਵਿਚ ਤਿਰੰਗਾ ਝੰਡਾ ਲਹਿਰਾਉਣਗੇ। ਇਸੇ ਤਰ੍ਹਾਂ ਹਰਿਆਣਾ ਦੇ ਹੋਰ ਕੈਬਨਿਟ ਮੰਤਰੀਆਂ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿਚ ਤਿਰੰਗੇ ਲਹਿਰਾਏ ਜਾਣਗੇ। ਦੂਜੇ ਪਾਸੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਗਣਤੰਤਰ ਦਿਵਸ ਵਾਲੇ ਦਿਨ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਸਣੇ ਹੋਰਨਾਂ ਮੰਤਰੀਆਂ ਦਾ ਬਾਈਕਾਟ ਕਰਦਿਆਂ ਉਨ੍ਹਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਬਾਰੇ ਭਾਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਪ੍ਰਧਾਨ ਰਵੀ ਆਜ਼ਾਦ ਨੇ ਕਿਹਾ ਕਿ 26 ਜਨਵਰੀ ਨੂੰ ਕਿਸੇ ਵੀ ਭਾਜਪਾ ਅਤੇ ਜੇ.ਜੇ.ਪੀ. ਨਾਲ ਸਬੰਧਤ ਮੰਤਰੀ ਜਾਂ ਆਗੂ ਨੂੰ ਤਿਰੰਗਾ ਝੰਡਾ ਲਹਿਰਾਉਣ ਨਹੀਂ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 25 ਜਨਵਰੀ ਤੋਂ ਹੀ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਦੇ ਵਿਰੋਧ ਵਿਚ ਜ਼ਿਲ੍ਹਾ ਪੱਧਰ 'ਤੇ ਧਰਨੇ ਵੀ ਦਿੱਤੇ ਜਾਣਗੇ ਤਾਂ ਜੋ ਉਨ੍ਹਾਂ ਨੂੰ ਰੋਕਿਆ ਜਾ ਸਕੇ। ਹਰਿਆਣਾ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਅਤੇ ਜੇ.ਜੇ.ਪੀ. ਆਗੂਆਂ ਦੇ ਵਿਰੋਧ ਬਾਰੇ ਇਕ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਜੇਕਰ ਉਪਰੋਕਤ ਵਿਅਕਤੀਆਂ ਵਿਚੋਂ ਕੋਈ ਵੀ ਮੰਤਰੀ ਉਕਤ ਸਥਾਨ 'ਤੇ ਕਿਸੇ ਕਾਰਨ ਨਹੀਂ ਪਹੁੰਚ ਪਾਉਂਦਾ ਹੈ ਤਾਂ ਉਥੇ ਸਬੰਧਤ ਡਿਪਟੀ ਕਮਿਸ਼ਨਰ ਝੰਡਾ ਲਹਿਰਾਉਣਗੇ।

### ਕਿਸਾਨਾਂ ਦੇ ਮੁੱਦਿਆਂ 'ਤੇ ਭੁੱਖ ਹੜਤਾਲ ਕਰਾਂਗਾ: ਅੰਨਾ ਹਜ਼ਾਰੇ

**ਨਵੀਂ ਦਿੱਲੀ:** ਉਘੇ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਦੁਹਰਾਇਆ ਕਿ ਕਿਸਾਨਾਂ ਦੇ ਮੁੱਦਿਆਂ 'ਤੇ ਇਸ ਮਹੀਨੇ ਦੇ ਅੰਤ ਵਿਚ ਉਹ ਆਪਣੀ ਜ਼ਿੰਦਗੀ ਦੀ 'ਆਖਰੀ ਭੁੱਖ ਹੜਤਾਲ' ਕਰਨਗੇ। ਹਾਲਾਂਕਿ ਉਨ੍ਹਾਂ ਨੇ ਕੋਈ ਨਿਸ਼ਚਿਤ ਤਰੀਕ ਨਹੀਂ ਦੱਸੀ। ਜ਼ਿਕਰਯੋਗ ਹੈ ਕਿ ਅੰਨਾ ਹਜਾਰੇ ਨੇ ਲੰਘੇ ਵਰ੍ਹੇ 14 ਦਸੰਬਰ ਨੂੰ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਪੱਤਰ ਲਿਖ ਕੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਸਣੇ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਉਹ ਭੁੱਖ ਹੜਤਾਲ ਕਰਨਗੇ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ 'ਚ ਅੰਨਾ ਹਜ਼ਾਰੇ ਨੇ ਕਿਹਾ, 'ਕਿਸਾਨਾਂ ਦੇ ਮੁੱਦੇ 'ਤੇ ਮੈਂ ਕੇਂਦਰ ਸਰਕਾਰ ਨੂੰ ਪੰਜ ਵਾਰ ਪੱਤਰ ਲਿਖ ਚੁੱਕਾ ਹਾਂ ਪਰ ਉਸ ਵੱਲੋਂ ਕੋਈ ਜਵਾਬ ਨਹੀਂ ਮਿਲਿਆ। ਇਸ ਕਰਕੇ ਮੈਂ ਆਪਣੀ ਜ਼ਿੰਦਗੀ ਦੀ ਆਖਰੀ ਭੁੱਖ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ।'

# ਬਹੁਤੀ ਬੋਲਦੀ ਹੇਮਾ ਮਾਲਿਨੀ ਨੂੰ ਪੰਜਾਬ ਆ ਕੇ ਕਾਨੂੰਨਾਂ ਬਾਰੇ ਸਮਝਾਉਣ ਦਾ ਸੱਦਾ

**ਜਲੰਧਰ:** ਕਿਸਾਨਾਂ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਹੇਮਾ ਮਾਲਿਨੀ ਪੰਜਾਬ ਆ ਕੇ ਖੇਤੀ ਕਾਨੂੰਨਾਂ ਬਾਰੇ ਉਨ੍ਹਾਂ ਨੂੰ ਸਮਝਾ ਦੇਣ। ਇਸ ਸਬੰਧੀ ਕਿਸਾਨਾਂ ਨੇ ਸੰਸਦ ਮੈਂਬਰ ਨੂੰ ਹਵਾਈ ਟਿਕਟ ਤੇ ਪੰਜ ਤਾਰਾ ਹੋਟਲ ਵਿਚ ਰਿਹਾਇਸ਼ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ।



ਕੰਢੀ ਕਿਸਾਨ ਸੰਘਰਸ਼ ਕਮੇਟੀ ਦੇ ਚੇਅਰਮੈਨ ਭੁਪਿੰਦਰ ਸਿੰਘ ਤੇ ਵਾਈਸ ਚੇਅਰਮੈਨ ਜਰਨੈਲ ਸਿੰਘ ਗੜ੍ਹਦੀਵਾਲਾ ਨੇ ਭਾਜਪਾ ਦੀ ਮਥੁਰਾ ਤੋਂ ਸੰਸਦ ਮੈਂਬਰ ਅਤੇ ਬਾਲੀਵੁੱਡ ਦੀ ਅਦਾਕਾਰਾ ਹੇਮਾ ਮਾਲਿਨੀ ਨੂੰ ਉਨ੍ਹਾਂ ਦੀ ਦਿੱਲੀ ਸਥਿਤ ਸਰਕਾਰੀ ਰਿਹਾਇਸ਼ ਦੇ ਪਤੇ 'ਤੇ ਪੱਤਰ ਭੇਜਿਆ ਹੈ। ਇਸ ਪੱਤਰ ਵਿਚ ਜਥੇਬੰਦੀ ਨੇ ਹੇਮਾ ਮਾਲਿਨੀ ਨੂੰ ਸਪੱਸ਼ਟ ਤੌਰ 'ਤੇ ਲਿਖਿਆ ਹੈ, "ਕਿਸਾਨਾਂ ਦੀਆਂ ਮੰਗਾਂ ਅਤੇ ਲੋੜਾਂ ਸਬੰਧੀ ਤੁਸੀਂ ਪੰਜਾਬ ਆ ਕੇ ਕਿਸਾਨਾਂ ਨੂੰ ਸਮਝਾਉਣ ਦਾ ਯਤਨ ਕਰੋ। ਤੁਹਾਡੇ ਲਈ ਆਉਣ-ਜਾਣ ਦੀ ਹਵਾਈ ਟਿਕਟ ਅਤੇ ਤੁਹਾਡੇ ਆਲੀਸ਼ਾਨ ਜੀਵਨ ਮੁਤਾਬਕ ਹੀ ਪੰਜ ਤਾਰਾ ਹੋਟਲ ਵਿਚ ਇਕ ਹਫਤਾ ਰੁਕਣ ਦਾ ਪ੍ਰਬੰਧ ਕਰ ਕੇ ਦਿੱਤਾ ਜਾਵੇਗਾ।"

ਜਥੇਬੰਦੀ ਦੇ ਆਗੂ ਜਰਨੈਲ ਸਿੰਘ ਗੜ੍ਹਦੀਵਾਲਾ ਨੇ ਕਿਹਾ ਕਿ ਸੰਸਦ ਮੈਂਬਰ ਹੇਮਾ ਮਾਲਿਨੀ ਦੇ ਪੰਜਾਬ ਆਉਣ ਦਾ ਸਾਰਾ ਖ਼ਰਚਾ ਪਿੰਡਾਂ ਦੇ ਕਿਸਾਨ ਅਤੇ ਮਜ਼ਦੂਰ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਕੀਤੀ ਗਈ ਕਮਾਈ 'ਚੋਂ ਚੁੱਕਣਗੇ। ਪੱਤਰ ਵਿੱਚ ਲਿਖਿਆ ਹੈ, "ਇਹ ਲੋਕ ਮਿੱਟੀ ਨਾਲ ਮਿੱਟੀ ਹੋ ਕੇ ਅੰਨ ਉਗਾਉਂਦੇ ਹਨ ਤੇ ਤੁਹਾਡੇ ਵਰਗੇ ਲੋਕ ਉਸ ਨੂੰ ਸੋਨੇ ਦੀਆਂ ਥਾਲੀਆਂ ਵਿਚ ਪਾ ਕੇ ਖਾਂਦੇ ਆ ਰਹੇ ਹਨ। ਇਸ ਦੇ ਬਾਵਜੂਦ 72 ਸਾਲਾਂ ਬਾਅਦ ਵੀ ਕਿਸਾਨਾਂ ਨੂੰ ਉਨ੍ਹਾਂ ਵੱਲੋਂ ਉਗਾਏ ਜਾਂਦੇ ਅਨਾਜ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਪੰਜਾਬ ਦੇ ਲੋਕਾਂ ਦੀ ਸਮਝ ਮੁਤਾਬਕ ਕੇਂਦਰ ਦੀ ਮੋਦੀ ਸਰਕਾਰ ਜਿਹੜੇ ਤਿੰਨ ਨਵੇਂ ਖੇਤੀ ਕਾਨੂੰਨ ਲੈ ਕੇ ਆਈ ਹੈ, ਉਨ੍ਹਾਂ ਨਾਲ ਪੰਜਾਬ ਦਾ ਕਿਸਾਨ ਹੀ ਨਹੀਂ ਸਗੋਂ ਮਜ਼ਦੂਰ ਅਤੇ ਹਰ ਵਰਗ ਪ੍ਰਭਾਵਿਤ ਹੋਵੇਗਾ। ਖੇਤੀ ਕਾਨੂੰਨ ਲਾਗੂ ਹੋਣ ਦੀ ਸੂਰਤ ਵਿਚ ਪੰਜਾਬ ਫਿਰ ਪੰਜਾਬ ਨਹੀਂ ਰਹੇਗਾ। ਖੇਤੀ ਕਾਨੂੰਨਾਂ ਦੀ ਆੜ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਆਂ ਨੂੰ ਤਬਾਹ ਕਰਨ ਦੀ ਜਿਹੜੀ ਇਬਾਰਤ ਮੋਦੀ ਸਰਕਾਰ ਨੇ ਲਿਖ ਦਿੱਤੀ ਹੈ, ਇਹ ਇਬਾਰਤ ਤਾਂ ਪੰਜਾਬ ਦੇ ਬੱਚੇ-ਬੱਚੇ ਨੂੰ ਸਮਝ ਆ ਗਈ ਹੈ ਪਰ ਜੇ ਤੁਹਾਡੇ ਕੋਲ ਇਸ ਬਾਰੇ ਨਜ਼ਰੀਆ ਵੱਖਰੀ ਤਰ੍ਹਾਂ ਦਾ ਹੈ ਤਾਂ ਸਮੂਹ ਪੰਜਾਬੀਆਂ ਵੱਲੋਂ ਤੁਹਾਨੂੰ ਇਹ ਅਪੀਲ ਹੈ ਕਿ ਪੰਜਾਬ ਆ ਕੇ ਸਾਰਿਆਂ ਨੂੰ ਸਮਝਾ ਕੇ ਜਾਓ ਤਾਂ ਜੋ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਲੋਕ ਅਜਾਈਂ ਜਾਨਾਂ ਨਾ ਗਵਾਉਣ।" ਪੱਤਰ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਭਾਜਪਾ ਨੇ ਬਾਲੀਵੁੱਡ ਅਦਾਕਾਰ ਧਰਮਿੰਦਰ ਸਮੇਤ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਸੰਸਦ ਮੈਂਬਰ ਤਾਂ ਬਣਾ ਦਿੱਤਾ ਪਰ ਕੋਈ ਵੀ ਪੰਜਾਬ ਨਾਲ ਖੜ੍ਹਾ ਨਹੀਂ ਹੋ ਰਿਹਾ ਹੈ।

### ਨਵੇਂ ਖੇਤੀ ਕਾਨੂੰਨਾਂ 'ਤੇ ਲੀਕ ਮਾਰੇ ਕੇਂਦਰ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਕਿ ਉਹ ਸੰਘਰਸ਼ ਦੇ ਰਾਹ ਪਏ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਨਵੇਂ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਰੱਦ ਕਰੇ। ਸੈਨਾ ਨੇ ਕਿਹਾ ਕਿ ਜੇਕਰ ਅਜਿਹਾ ਕਰਨ ਨਾਲ ਉਨ੍ਹਾਂ (ਮੋਦੀ) ਦਾ ਰੁਤਬਾ ਹੀ 'ਵੱਡਾ ਹੋਵੇਗਾ।' ਸ਼ਿਵ ਸੈਨਾ ਨੇ ਆਪਣੇ ਰੋਜਨਾਮਚੇ 'ਸਾਮਨਾ' ਦੇ ਸੰਪਾਦਕੀ ਵਿਚ ਦੋਸ਼ ਲਾਇਆ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਨੂੰ ਅੱਗੇ ਲਾ ਕੇ ਕਿਸਾਨ ਅੰਦੋਲਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਸੈਨਾ ਨੇ ਸੰਪਾਦਕੀ 'ਚ ਲਿਖਿਆ ਕਿ ਖੇਤੀ ਕਾਨੂੰਨਾਂ ਦੇ ਅਮਲ 'ਤੇ ਅਗਲੇ ਹੁਕਮਾਂ ਤੱਕ ਰੋਕ ਦੇ ਸਿਖਰਲੀ ਅਦਾਲਤ ਦੇ ਫੈਸਲੇ ਨਾਲ ਸਰਕਾਰ ਤੇ ਕਿਸਾਨਾਂ ਦਰਮਿਆਨ ਬਣਿਆ ਜਮੂਦ ਨਹੀਂ ਟੁੱਟਿਆ।

# ਪੰਜਾਬ ਵਿਚ ਭਾਜਪਾ ਆਗੂਆਂ ਦੁਆਲੇ ਘੇਰਾ ਹੋਰ ਪੀਡਾ ਕੀਤਾ

**ਚੰਡੀਗੜ੍ਹ:** ਆਗਾਮੀ ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਹੀ ਮਾਲਵਾ ਖੇਤਰ 'ਚ ਭਾਜਪਾ ਆਗੂਆਂ ਦਾ ਵਿਰੋਧ ਹੋਣ ਲੱਗਾ ਹੈ। ਕਿਸਾਨ ਜਥੇਬੰਦੀਆਂ ਨੇ ਮਾਨਸਾ ਦੇ ਵਾਰਡ ਨੰਬਰ 27 ਵਿਚ ਭਾਜਪਾ ਦੇ ਇਕ ਸੰਭਾਵੀ ਉਮੀਦਵਾਰ ਦੇ ਹੱਕ ਵਿਚ ਆਏ ਭਾਜਪਾ ਆਗੂਆਂ ਦਾ ਵਿਰੋਧ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਉਥੋਂ ਮੁੜਨਾ ਪਿਆ। ਕਿਸਾਨਾਂ ਨੇ ਭਾਜਪਾ ਆਗੂਆਂ ਦੀਆਂ ਗੱਡੀਆਂ ਨੂੰ ਵਾਰਡ ਅੰਦਰ ਨਾ ਆਉਣ ਦਿੱਤਾ ਅਤੇ ਐਲਾਨ ਕੀਤਾ ਕਿ ਨਗਰ ਕੌਂਸਲ ਚੋਣਾਂ 'ਚ ਭਾਜਪਾ ਦੇ ਨਿਸ਼ਾਨ 'ਤੇ ਲੜਨ ਵਾਲੇ ਉਮੀਦਵਾਰਾਂ ਤੇ ਉਨ੍ਹਾਂ ਦੇ ਹੱਕ ਵਿਚ ਪ੍ਰਚਾਰ ਕਰਨ ਆਉਣ ਵਾਲੇ ਆਗੂਆਂ ਦਾ ਖੁੱਲ੍ਹਾ ਵਿਰੋਧ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਕਿਸੇ ਵੀ ਥਾਂ ਕੋਈ ਰੈਲੀ ਨਹੀਂ ਕਰਨ ਦਿੱਤੀ ਜਾਵੇਗੀ।



ਖੇਤੀ ਕਾਨੂੰਨਾਂ ਦੇ ਵਿਰੋਧ ਦੌਰਾਨ ਭਾਜਪਾ ਦੇ ਸੰਸਦ ਮੈਂਬਰ ਸ਼ਵੇਤ ਮਲਿਕ ਨੂੰ ਉਸ ਵੇਲੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਦੋਂ ਉਹ ਅੰਮ੍ਰਿਤਸਰ ਵਿਚ ਪੁਤਲੀਘਰ ਦੇ ਇਲਾਕੇ ਗਵਾਲ ਮੰਡੀ ਵਿਚ ਪਾਰਕ 'ਚ ਲੱਗੇ ਓਪਨ ਜਿਮ ਦਾ ਉਦਘਾਟਨ ਕਰਨ ਗਏ। ਜਿਕਰਯੋਗ ਹੈ ਕਿ ਕਿਸਾਨਾਂ ਵੱਲੋਂ ਭਾਜਪਾ ਸੰਸਦ ਮੈਂਬਰ ਦੇ ਘਰ ਦੇ ਬਾਹਰ ਪੱਕਾ ਧਰਨਾ ਲਾਇਆ ਹੋਇਆ ਹੈ।

ਇਸ ਸਬੰਧੀ ਪ੍ਰਾਪਤ ਵੇਰਵਿਆਂ ਮੁਤਾਬਕ ਸ਼ਵੇਤ ਮਲਿਕ ਵੱਲੋਂ ਇਸ ਓਪਨ ਜਿਮ ਦਾ ਉਦਘਾਟਨ ਕਰਨ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਉਹ ਜਿਵੇਂ ਹੀ ਇਲਾਕੇ ਵਿਚ ਪੁੱਜੇ ਤਾਂ ਸਥਾਨਕ ਲੋਕਾਂ ਨੇ ਉਨ੍ਹਾਂ ਦੇ ਵਿਰੋਧ ਵਿਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਲੋਕਾਂ ਨੇ ਕੇਂਦਰ ਸਰਕਾਰ ਦੇ ਖਿਲਾਫ ਵੀ ਨਾਅਰੇਬਾਜ਼ੀ ਕੀਤੀ। ਲੋਕਾਂ ਨੇ ਭਾਜਪਾ ਆਗੂ ਨੂੰ ਉਦਘਾਟਨ ਕਰਨ ਤੋਂ ਰੋਕਿਆ ਜਿਸ ਕਾਰਨ ਉਹ ਬਿਨਾ ਉਦਘਾਟਨ ਹੀ ਵਾਪਸ ਪਰਤ ਗਏ। ਰੋਹ ਵਿਚ ਆਏ ਲੋਕਾਂ ਨੇ ਉਦਘਾਟਨ ਵਾਸਤੇ ਲਾਏ ਗਏ ਉਦਘਾਟਨੀ ਪੱਥਰ 'ਤੇ ਵੀ ਕਾਲਖ ਫੇਰ ਦਿੱਤੀ। ਇਸੇ ਤਰ੍ਹਾਂ ਭਾਜਪਾ ਨਾਲ ਸਬੰਧਤ ਇਕ ਰਸਾਲੇ ਦੇ ਸੰਪਾਦਕ ਅਤੇ ਪਾਰਟੀ ਆਗੂ ਡਾ. ਪਰਮਜੀਤ ਸਿੰਘ ਨੂੰ ਨਜ਼ਦੀਕੀ ਪਿੰਡ ਧਰਮਗੜ੍ਹ ਵਿਚ ਪਿੰਡ ਵਾਸੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਕਾਰਕੁਨਾਂ ਨੇ ਘੇਰ ਲਿਆ।

ਉਨ੍ਹਾਂ ਨੂੰ ਮੌਕੇ 'ਤੇ ਆਪਣੀ ਕਾਰ ਛੱਡ ਕੇ ਮੋਟਰਸਾਈਕਲ ਰਾਹੀਂ ਪਰਤਣਾ ਪਿਆ। ਉਹ ਆਪਣੇ ਇਕ ਟਰੱਸਟ ਦੀ ਮੀਟਿੰਗ ਕਰਨ ਲਈ ਪਿੰਡ ਦੀ ਧਰਮਸ਼ਾਲਾ ਵਿਚ ਪੁੱਜੇ ਸਨ। ਡਾ. ਪਰਮਜੀਤ ਸਿੰਘ ਦੀ ਆਮਦ ਬਾਰੇ ਪਤਾ ਲੱਗਦਿਆਂ ਹੀ ਪਿੰਡ ਵਾਸੀ ਧਰਮਸ਼ਾਲਾ ਨੇੜੇ ਇਕੱਤਰ ਹੋ ਗਏ ਤੇ ਰੋਸ ਮੁਜ਼ਾਹਰਾ ਕੀਤਾ। ਕਿਸਾਨ ਆਗੂ ਜਗਜੀਤ ਸਿੰਘ ਕਰਾਲਾ, ਲਖਵਿੰਦਰ ਸਿੰਘ, ਸਾਬਕਾ ਸੈਨਿਕ ਜਥੇਬੰਦੀ ਦੇ ਆਗੂ ਪਰੇਮ ਸਿੰਘ, ਪੰਚ ਪਰਮਜੀਤ ਸਿੰਘ, ਨੰਬਰਦਾਰ ਕੁਲਵੰਤ ਸਿੰਘ, ਪਵਿੱਤਰ ਸਿੰਘ ਨੇ ਰੋਸ ਮੁਜ਼ਾਹਰੇ ਦੀ ਅਗਵਾਈ ਕੀਤੀ। ਲੋਕਾਂ ਨੇ ਕੇਂਦਰ ਸਰਕਾਰ ਦੇ ਵਿਰੋਧ ਅਤੇ ਕਿਸਾਨ ਸੰਘਰਸ਼ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ। ਇਸ 'ਤੇ ਭਾਜਪਾ ਆਗੂ ਧਰਮਸ਼ਾਲਾ ਤੋਂ ਬਾਹਰ ਆ ਗਏ ਤੇ ਪਿੰਡ ਵਾਸੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਨੌਜਵਾਨ ਉਨ੍ਹਾਂ ਨੂੰ ਨੇੜਿਉਂ ਘੇਰਨ ਦੀ ਕੋਸ਼ਿਸ਼ ਕਰਨ ਲੱਗੇ। ਪਿੰਡ ਦੇ ਬਜ਼ੁਰਗਾਂ ਨੇ ਸਥਿਤੀ ਸੰਭਾਲੀ ਤੇ ਪਰਮਜੀਤ ਸਿੰਘ ਨੂੰ ਭੀੜ ਤੋਂ ਬਚਾ ਕੇ ਮੋਟਰਸਾਈਕਲ ਰਾਹੀਂ ਪਿੰਡੋਂ ਬਾਹਰ ਕੱਢਿਆ।

ਇਸੇ ਤਰ੍ਹਾਂ ਭਵਾਨੀਗੜ੍ਹ ਦੇ ਅਗਰਵਾਲ ਧਰਮਸ਼ਾਲਾ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਪਹੁੰਚੇ ਭਾਜਪਾ ਦੇ ਸੂਬਾਈ ਆਗੂ ਦਿਨੇਸ਼ ਕੁਮਾਰ ਦਾ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਘਿਰਾਓ ਕੀਤਾ ਗਿਆ। ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਆਗੂ ਨੂੰ ਮੁੜ ਧਰਮਸ਼ਾਲਾ ਵਿਚ ਜਾਣ ਲਈ ਮਜਬੂਰ ਹੋਣਾ ਪਿਆ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਆਗੂ ਕਿਸਾਨਾਂ ਦੇ ਜਖਮਾਂ 'ਤੇ ਲੂਣ ਲਾਉਣ ਲਈ ਜਾਣ-ਬੁੱਝ ਕੇ ਪੰਜਾਬ ਵਿਚ ਮੀਟਿੰਗਾਂ ਕਰ ਰਹੇ ਹਨ। ਉਹ ਭਾਜਪਾ ਆਗੂਆਂ ਨੂੰ ਕਿਸੇ ਵੀ ਕੀਮਤ 'ਤੇ ਅਜਿਹੀਆਂ ਕਿਸਾਨ ਵਿਰੋਧੀ ਸਰਗਰਮੀਆਂ ਨਹੀਂ ਕਰਨ ਦੇਣਗੇ।

### ਲੋਕ ਰੋਹ ਕਾਰਨ ਬਾਬਾ ਲੱਖਾ ਸਿੰਘ ਪਿਛਾਂਹ ਮੁੜੇ

**ਜਗਰਾਉਂ:** ਸੰਪਰਦਾ ਨਾਨਕਸਰ ਦੇ ਸੇਵਾਦਾਰ ਬਾਬਾ ਲੱਖਾ ਸਿੰਘ 'ਤੇ ਸਰਕਾਰ ਪੱਖੀ ਹੋਣ ਦੇ ਲੱਗ ਰਹੇ ਦੋਸ਼ਾਂ ਮਗਰੋਂ ਉਨ੍ਹਾਂ ਨੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਫੂਕ ਕੇ ਆਪਣਾ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਿਕਰਯੋਗ ਹੈ ਕਿ ਬਾਬਾ ਲੱਖਾ ਸਿੰਘ ਦੀ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨਾਲ ਮੁਲਾਕਾਤ ਦੀ ਵੀਡੀਓ ਵਾਇਰਲ ਹੋਣ ਮਗਰੋਂ ਉਨ੍ਹਾਂ 'ਤੇ ਸਰਕਾਰ ਪੱਖੀ ਹੋਣ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ ਸਨ ਅਤੇ ਲੋਕਾਂ ਵੱਲੋਂ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਸਬੰਧੀ ਲੋਕ ਰੋਹ ਨੂੰ ਦੇਖਦਿਆਂ ਬਾਬਾ ਲੱਖਾ ਸਿੰਘ ਨੇ ਵੱਖ-ਵੱਖ ਤਰੀਕੇ ਨਾਲ ਸਪੱਸ਼ਟੀਕਰਨ ਦੇਣੇ ਸ਼ੁਰੂ ਕਰ ਦਿੱਤੇ ਹਨ। ਇਸੇ ਤਹਿਤ ਉਨ੍ਹਾਂ ਵੱਲੋਂ ਖੇਤੀ ਕਾਨੂੰਨ ਦੀਆਂ ਕਾਪੀਆਂ ਫੂਕੀਆਂ ਗਈਆਂ। ਇਸ ਤੋਂ ਪਹਿਲਾਂ ਵੀ ਉਹ ਮੁੱਖ ਦਰਬਾਰ ਦੇ ਇਕ ਪਾਸੇ ਅੰਡਰ-ਗਰਾਊਂਡ ਉਸਾਰੀ ਦੇ ਮਾਮਲੇ 'ਚ ਵਿਵਾਦਾਂ ਵਿਚ ਰਹੇ ਸਨ। ਹੁਣ ਉਨ੍ਹਾਂ ਨੇ ਖੇਤੀ ਮੰਤਰੀ ਨਾਲ ਮੁਲਾਕਾਤ ਕਰਕੇ ਨਵਾਂ ਵਿਵਾਦ ਖੜ੍ਹਾ ਕਰ ਲਿਆ ਸੀ।

# ਨਵੇਂ ਖੇਤੀ ਕਾਨੂੰਨਾਂ ਵਿਰੁਧ ਸ਼ਿਕਾਗੋ 'ਚ ਮੁਜਾਹਰਾ 26 ਨੂੰ

**ਸ਼ਿਕਾਗੋ (ਬਿਊਰੋ):** ਭਾਰਤ ਵਿਚ ਮੋਦੀ ਸਰਕਾਰ ਵਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅਤੇ ਦੇਸ਼ ਭਰ ਵਿਚ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਰਤੀ-ਕਿਸਾਨਾਂ ਦੀ ਹਮਾਇਤ ਵਿਚ ਸਥਾਨਕ 'ਸ਼ਿਕਾਗੋ ਸਟੈਂਡ ਵਿਦ ਫਾਰਮਰਜ਼' ਗਰੁੱਪ ਵਲੋਂ ਰੋਸ ਮੁਜਾਹਰਾ ਆਉਂਦੀ 26 ਜਨਵਰੀ, ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ ਇਥੇ ਡੇਲੀ ਪਲਾਜ਼ਾ (50 ਵੈਸਟ ਵਾਸ਼ਿੰਗਟਨ, ਸ਼ਿਕਾਗੋ) ਵਿਖੇ ਰੱਖਿਆ ਗਿਆ ਹੈ।

ਜ਼ਿਕਰਯੋਗ ਹੈ ਕਿ 26 ਜਨਵਰੀ ਨੂੰ ਭਾਰਤ ਦਾ ਗਣਤੰਤਰ ਦਿਵਸ ਮਨਾਇਆ ਜਾਂਦਾ ਹੈ ਅਤੇ ਇਸੇ ਦਿਨ ਨੂੰ ਧਿਆਨ ਵਿਚ ਰੱਖਦਿਆਂ ਕਿਸਾਨਾਂ ਨੇ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਟਰੈਕਟਰ-ਟਰਾਲੀ ਮਾਰਚ ਕੱਢਣ ਦਾ ਤਹੱਈਆ ਕੀਤਾ ਹੋਇਆ ਹੈ। ਦਿੱਲੀ ਦੇ ਵੱਖ ਵੱਖ ਬਾਰਡਰਾਂ ਉਤੇ ਪਹਿਲਾਂ ਹੀ ਵੱਡੀ ਗਿਣਤੀ 'ਚ ਕਿਸਾਨ ਅਤੇ ਕਿਰਤੀ ਟਰੈਕਟਰ-ਟਰਾਲੀਆਂ ਤੇ ਹੋਰ ਵਹੀਕਲ ਲੈ ਕੇ ਪਹੁੰਚੇ ਹੋਏ ਹਨ, ਜਦੋਂ ਕਿ ਕਿਸਾਨ ਆਗੂਆਂ ਵਲੋਂ 26 ਜਨਵਰੀ ਨੂੰ ਪੂਰੇ ਭਾਰਤ




ਵਿਚੋਂ ਹੋਰ ਵੱਧ ਤੋਂ ਵੱਧ ਵਹੀਕਲ ਲੈ ਕੇ ਕਿਸਾਨ ਮਾਰਚ ਕੱਢਣ ਦੀ ਅਪੀਲ ਕੀਤੀ ਹੋਈ ਹੈ। ਇਸੇ ਦੇ ਮੱਦੇਨਜ਼ਰ ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਡਟੇ ਲੋਕਾਂ ਨੇ ਕਿਸਾਨਾਂ ਨਾਲ ਏਕਤਾ ਜਾਹਰ ਕਰਦਿਆਂ ਸ਼ਿਕਾਗੋ ਵਿਚ ਵੀ ਕਾਲੇ ਖੇਤੀ ਕਾਨੂੰਨਾਂ ਖਿਲਾਫ ਮੁਜਾਹਰੇ ਦੀ ਰੂਪ-ਰੇਖਾ ਉਲੀਕੀ ਹੈ।

ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੇ ਉਪਰਾਲੇ ਸਬੰਧੀ ਕੀਤੇ ਜਾ ਰਹੇ ਇਸ 'ਭਾਰਤ ਵਿਚ ਕਿਸਾਨਾਂ ਲਈ ਏਕਤਾ ਵਿਰੋਧ' ਮੁਜਾਹਰੇ ਤਹਿਤ ਪੰਜਾਬੀ ਭਾਈਚਾਰੇ ਸਮੇਤ ਮਿਡਵੈਸਟ ਦੇ ਸਭਨਾਂ ਭਾਈਚਾਰਿਆਂ ਨੂੰ ਇਸ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਹਰੇ ਅਤੇ ਪੀਲੇ ਰੰਗ ਦੇ ਮਾਸਕ ਜਾਂ ਪੁਸ਼ਾਕ ਪਾ ਕੇ ਆਉਣ ਦਾ ਸੁਨੇਹਾ ਦਿੱਤਾ ਗਿਆ ਹੈ। ਇਹ ਰੋਸ ਮੁਜਾਹਰਾ ਸਿਰਫ ਕਿਸਾਨਾਂ ਅਤੇ ਉਨ੍ਹਾਂ ਦੀ ਲਹਿਰ ਬਾਰੇ ਹੈ।

ਹੋਰ ਜਾਣਕਾਰੀ ਲਈ ਫੋਨ: 847-496-0107 ਜਾਂ ਈਮੇਲ: ChicagoStandwithFarmers@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਮਨਜੋਤ ਕੌਰ ਨੇ ਕਿਸਾਨ ਮੋਰਚੇ ਦੀ ਹਮਾਇਤ 'ਚ 18 ਹਜ਼ਾਰ ਫੁੱਟ ਦੀ ਉਚਾਈ ਤੋਂ ਕੀਤਾ ਪ੍ਰਦਰਸ਼ਨ

**ਫਰਿਜ਼ਨੋ (ਬਿਊਰੋ):** ਦੁਨੀਆਂ ਭਰ ਵਿਚੋਂ ਭਾਰਤ 'ਚ ਚਲ ਰਹੇ ਕਿਸਾਨਾਂ ਦੇ ਸੰਘਰਸ਼ ਵਿਚ ਹਰ ਕੋਈ ਆਪਣਾ ਯੋਗਦਾਨ ਪਾ ਰਿਹਾ ਹੈ ਤਾਂ ਕਿ ਕਿਸੇ ਤਰ੍ਹਾਂ ਮੋਦੀ ਸਰਕਾਰ ਨੂੰ ਸਮਝ ਆਵੇ ਅਤੇ ਆਪਣੇ ਕਾਲੇ ਕਾਨੂੰਨ ਵਾਪਸ ਲਵੇ। ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਰੋਜ਼ਾਨਾ ਰੋਸ ਰੈਲੀਆਂ, ਮੁਜਾਹਰੇ ਅਤੇ ਹੋਰ ਪ੍ਰਦਰਸ਼ਨ ਹੋ ਰਹੇ ਹਨ। ਇਸੇ ਲੜੀ ਅਧੀਨ ਕਿਸਾਨ ਮੋਰਚੇ ਦੇ ਹੱਕ ਵਿਚ ਪ੍ਰਚਾਰ ਲਈ ਫਰਿਜ਼ਨੋ ਨਿਵਾਸੀ ਮਨਜੋਤ ਕੌਰ, ਸਪੁੱਤਰੀ ਸ. ਧਰਮਿੰਦਰ ਸਿੰਘ ਗਿੱਲ ਨੇ ਭਾਰਤ ਵਿਚ ਖੇਤੀ ਸਬੰਧੀ ਬਣੇ ਕਾਨੂੰਨ ਖਿਲਾਫ ਪ੍ਰਦਰਸ਼ਨ ਕਰਦਿਆਂ 18 ਹਜ਼ਾਰ ਫੁੱਟ ਦੀ ਉਚਾਈ ਤੋਂ ਕਿਰਸਾਨੀ ਦੇ ਨਾਅਰੇ 'No Farmers-No Food' ਵਾਲੇ ਕੱਪੜੇ ਪਹਿਨ ਕੇ 'World High Skydiving' ਛਾਲ ਮਾਰ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।



ਇਹ ਪਰਿਵਾਰ ਕਿਰਸਾਨੀ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬ ਦੇ ਜਿਲਾ ਮੋਗਾ ਦੇ ਪਿੰਡ ਚੜਿੱਕ ਤੋਂ ਹੈ, ਜੋ ਕਾਫੀ ਅਰਸੇ ਤੋਂ ਫਰਿਜ਼ਨੋ ਰਹਿ ਰਿਹਾ ਹੈ। ਨਵਜੋਤ ਦਾ ਪੜਦਾਦਾ ਬਰਤਾਨਵੀ ਆਰਮੀ ਵਿਚ ਸੀ ਤੇ ਉਨ੍ਹਾਂ ਨੇ ਦੂਜੀ ਸੰਸਾਰ ਜੰਗ ਲੜੀ ਅਤੇ ਦਾਦਾ ਵੀ ਇੰਡੀਅਨ ਆਰਮੀ 'ਚ 1965-71 ਦੀ ਜੰਗ ਲੜ ਚੁਕੇ ਹਨ। ਹੁਣ ਮਨਜੋਤ ਕੌਰ ਦਾ ਵੱਡਾ ਭਰਾ ਹਰਜੋਤ ਸਿੰਘ ਗਿੱਲ ਅਮਰੀਕੀ ਫੌਜ ਵਿਚ ਸੇਵਾਵਾ ਨਿਭਾ ਕੇ ਪਰਿਵਾਰ ਦਾ ਨਾਂ ਚਮਕਾ ਰਿਹਾ ਹੈ।

ਮਨਜੋਤ ਅਨੁਸਾਰ ਭਾਰਤੀ ਮੀਡੀਆ ਵੱਲੋਂ ਕਿਸਾਨਾਂ ਨੂੰ ਅਤਿਵਾਦੀ ਕਹਿਣ ਵਰਗੇ ਸ਼ਬਦ ਨਿੰਦਣਯੋਗ ਹਨ। ਕਿਸਾਨ ਹਮੇਸ਼ਾ ਮਿਹਨਤ ਦੀ ਕਮਾਈ ਕਰਦਾ ਹੈ, ਜਿਸ ਨਾਲ ਉਹ ਆਪਣੇ ਪਰਿਵਾਰ ਅਤੇ ਦੁਨੀਆਂ ਦਾ ਢਿੱਡ ਭਰਦਾ ਹੈ। ਮਨਜੋਤ ਦੇ ਪਰਿਵਾਰ ਵਲੋਂ ਵੀ ਪੰਜਾਬ ਵਿਚ ਚਲ ਰਹੇ ਸਾਂਝੇ ਕਾਰਜਾਂ ਵਿਚ ਅੱਗੇ ਹੋ ਕੇ ਹਿੱਸਾ ਪਾਇਆ ਜਾਂਦਾ ਹੈ। ਸੋ ਕਿਸਾਨ ਅੰਦੋਲਨ ਵਿਚ ਹਿੱਸਾ ਪਾਉਂਦਿਆਂ ਮਨਜੋਤ ਕੌਰ ਦੇ ਇਸ ਪ੍ਰਦਰਸ਼ਨ ਦੀ ਸਮੁੱਚੇ ਭਾਰਤੀ ਅਤੇ ਅਮਰੀਕੀ ਭਾਈਚਾਰੇ ਵਿਚ ਭਰਪੂਰ ਸ਼ਲਾਘਾ ਹੋ ਰਹੀ ਹੈ।

# Matrimonials

## ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

## ਲੜਕੇ ਦੀ ਲੋੜ ਹੈ

PhD, Beautiful Sikh Ahluwalia girl likely to settle abroad 1986, 5'-5" looking for a well educated and NRI match working in MNC or reputed place. Holds the US visitor visa. Brother works in the US. +91-97798-08043, +1-650-417-8804 3-6

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41


ਪੰਜਾਬ ਟਾਈਮਜ਼
Punjabtimes1@gmail.com
www.punjabtimesusa.com

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

ਕਿਚਨ ਹੈਲਪਰ ਦੀ ਲੋੜ ਹੈ
ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ
ਤਨਖਾਹ ਚੰਗੀ, ਰਿਹਾਇਸ਼ ਅਤੇ ਖਾਣਾ ਮੁਫਤ
ਛੇ ਦਿਨ ਕੰਮ, ਇਕ ਦਿਨ ਛੁੱਟੀ
ਸੰਪਰਕ ਕਰੋ
ਫੋਨ: 501-309-4140
sami_lal@yahoo.com

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਇਡਨ ਪ੍ਰਸ਼ਾਸਨ 'ਚ 20 ਭਾਰਤੀਆਂ ਨੂੰ ਮਿਲੇ ਅਹਿਮ ਅਹੁਦੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਪ੍ਰਸਾਸਨ ਦੇ ਅਹਿਮ ਅਹੁਦਿਆਂ 'ਤੇ 13 ਮਹਿਲਾਵਾਂ ਸਮੇਤ ਘੱਟ ਤੋਂ ਘੱਟ 20 ਭਾਰਤੀ-ਅਮਰੀਕੀਆਂ ਨੂੰ ਨਾਮਜਦ ਕੀਤਾ ਹੈ। ਇਨ੍ਹਾਂ 20 ਭਾਰਤੀ ਅਮਰੀਕੀਆਂ 'ਚੋਂ ਘੱਟ ਤੋਂ ਘੱਟ 17 ਜਣੇ ਵ੍ਹਾਈਟ ਹਾਊਸ 'ਚ ਅਹਿਮ ਅਹੁਦੇ ਸੰਭਾਲਣਗੇ।

ਬਾਇਡਨ ਦੇ ਪ੍ਰਸਾਸਨ 'ਚ ਅਜੇ ਵੀ ਕਈ ਅਹੁਦੇ ਖਾਲੀ ਹਨ। ਇਸ ਸੂਚੀ 'ਚ ਸਭ ਤੋਂ ਉੱਪਰ ਨੀਰਾ ਟੰਡਨ ਅਤੇ ਡਾ. ਵਿਵੇਕ ਮੂਰਤੀ ਹਨ। ਬਾਇਡਨ ਪ੍ਰਸ਼ਾਸਨ 'ਚ ਵ੍ਹਾਈਟ ਹਾਊਸ ਦਫਤਰ ਦੇ ਪ੍ਰਬੰਧਨ ਤੇ ਬਜਟ ਦੇ ਨਿਰਦੇਸ਼ਕ ਵਜੋਂ ਟੰਡਨ ਤੇ ਅਮਰੀਕੀ ਸਰਜਨ ਜਨਰਲ ਵਜੋਂ ਡਾ. ਮੂਰਤੀ ਨੂੰ ਨਾਜਮਦ ਕੀਤਾ ਗਿਆ ਹੈ। ਵਨੀਤਾ ਗੁਪਤਾ ਨੂੰ ਕਾਨੂੰਨ ਮੰਤਰਾਲੇ ਦੀ ਐਸਸੋਸੀਏਟ ਅਟਾਰਨੀ ਜਨਰਲ ਨਾਮਜਦ ਕੀਤਾ ਗਿਆ ਹੈ ਅਤੇ ਬਾਇਡਨ ਨੇ ਲੰਘੇ ਸਨਿਚਰਵਾਰ ਨੂੰ ਵਿਦੇਸ਼ ਸੇਵਾ ਦੀ ਸਾਬਕਾ ਅਧਿਕਾਰੀ ਉਜਰਾ ਜੇਯਾ ਨੂੰ ਗੈਰ-ਫੌਜੀ ਸੁਰੱਖਿਆ, ਲੋਕਤੰਤਰ ਤੇ ਮਨੁੱਖੀ ਅਧਿਕਾਰੀ ਲਈ ਅਧੀਨ ਵਿਦੇਸ਼ ਮੰਤਰੀ ਨਿਯੁਕਤ ਕੀਤਾ ਹੈ।

'ਇੰਡੀਆਜਪੋਰਾ' ਦੇ ਸੰਸਥਾਪਕ ਐੱਮਆਰ ਰੰਗਾਸਵਾਮੀ ਨੇ ਦੱਸਿਆ, 'ਭਾਰਤੀ-ਅਮਰੀਕੀ ਭਾਈਚਾਰੇ ਨੇ ਲੋਕ ਸੇਵਾ ਲਈ ਪਿਛਲੇ ਕਈ ਸਾਲਾਂ ਤੋਂ ਜੋ ਸਮਰਪਣ ਦਿਖਾਇਆ ਹੈ ਉਸ ਨੂੰ ਇਸ ਪ੍ਰਸ਼ਾਸਨ ਦੀ ਸ਼ੁਰੂਆਤ 'ਚ ਚੰਗੀ ਮਾਨਤਾ ਮਿਲ ਰਹੀ ਹੈ। ਮੈਂ ਖਾਸ ਤੌਰ 'ਤੇ ਇਸ ਗੱਲ ਲਈ ਖੁਸ਼ ਹਾਂ ਕਿ ਇਨ੍ਹਾਂ 'ਚ ਮਹਿਲਾਵਾਂ ਦੀ ਗਿਣਤੀ ਜਿਆਦਾ ਹੈ।'

ਮਾਲਾ ਐਡੀਗਾ ਨੂੰ ਭਵਿੱਖੀ ਪ੍ਰਥਮ ਮਹਿਲਾ ਡਾ. ਜਿੱਲ ਬਾਇਡਨ ਦੀ ਨੀਤੀ ਨਿਰਦੇਸ਼ਕ ਤੇ ਗਰਿਮਾ ਵਰਮਾ ਨੂੰ ਪ੍ਰਥਮ ਮਹਿਲਾ ਦੇ ਦਫਤਰ ਦੀ ਡਿਜੀਟਲ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ ਜਦਕਿ ਸਬਰੀਨਾ ਸਿੰਘ ਨੂੰ ਉਨ੍ਹਾਂ ਦੀ ਉੱਪ ਪ੍ਰੈੱਸ ਮੰਤਰੀ ਨਿਯੁਕਤ ਕੀਤਾ ਗਿਆ ਹੈ।

ਵ੍ਹਾਈਟ ਹਾਊਸ 'ਚ ਪਹਿਲੀ ਵਾਰ ਦੋ ਅਜਿਹੇ ਭਾਰਤੀ-ਅਮਰੀਕੀਆਂ ਨੂੰ ਸਥਾਨ ਦਿੱਤਾ ਗਿਆ ਹੈ ਜੋ ਮੂਲ ਰੂਪ 'ਚ ਕਸ਼ਮੀਰ ਨਾਲ ਸਬੰਧਤ ਹਨ। ਇਨ੍ਹਾਂ 'ਚ ਆਇਸ਼ਾ ਸ਼ਾਹ ਤੇ ਸਮੀਰਾ ਫਾਜਲੀ ਸ਼ਾਮਲ ਹਨ।

ਇਸੇ ਤਰ੍ਹਾਂ ਭਾਰਤ ਰਾਮਮੂਰਤੀ, ਗੌਤਮ ਰਾਘਵਨ, ਵੇਦਾਂਤ ਪਟੇਲ, ਵਿਨੈ ਰੈੱਡੀ, ਤਰੁਣ ਛਾਬੜਾ, ਸੁਮੋਨਾ ਗੁਹਾ, ਸ਼ਾਂਤੀ ਕਲਾਥਿਲ, ਸੋਨੀਆ ਅਗਰਵਾਲ, ਵਿਦੁਰ ਸ਼ਰਮਾ, ਨੇਹਾ ਗੁਪਤਾ, ਰੀਮਾ ਸ਼ਾਹ ਨੂੰ ਬਾਇਡਨ ਪ੍ਰਸ਼ਾਸਨ 'ਚ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਸੇ ਦੌਰਾਨ ਜੋਅ ਬਾਇਡਨ ਨੇ ਅਮਰੀਕਾ ਨੂੰ ਟਰੰਪ ਦੇ ਪ੍ਰਭਾਵ ਤੋਂ ਮੁਕਤ ਕਰਨ ਅਤੇ ਦੇਸ਼ ਦੀ ਆਰਥਿਕਤਾ, ਪਰਵਾਸ ਤੇ ਕੋਵਿਡ-19 ਦੀਆਂ ਚੁਣੌਤੀਆਂ ਵੱਲ ਧਿਆਨ ਦੇਣ ਲਈ ਪਹਿਲੀ 10 ਰੋਜਾ ਯੋਜਨਾ ਪੇਸ਼ ਕੀਤੀ ਹੈ।

# ਨੈਪੋਲੀਅਨ ਦੇ ਜੇਲ੍ਹ ਕਮਰੇ ਦੀ ਚਾਬੀ 81900 ਪੌਂਡ ਵਿਚ ਵਿਕੀ

**ਲੰਡਨ:** ਫਰਾਂਸੀਸੀ ਸ਼ਾਸਕ ਨੈਪੋਲੀਅਨ ਬੋਨਾਪਾਰਟ ਦੇ ਜੇਲ੍ਹ ਕਮਰੇ ਦੀ ਚਾਬੀ ਲੰਡਨ ਦੇ ਸੂਥਬੇ ਨਿਲਾਮੀ ਘਰ 'ਚ 81900 ਪੌਂਡ ਵਿਚ ਵਿਕੀ। ਨਿਲਾਮੀ ਘਰ ਅਨੁਸਾਰ ਉਕਤ ਚਾਬੀ ਸਕਾਟਲੈਂਡ ਦੇ ਇਕ ਘਰ 'ਚੋਂ ਬਰਾਮਦ ਹੋਈ ਸੀ। ਨਿਪੋਲੀਅਨ ਦੀ ਬਿਗਿਸ ਕੈਦੀ ਵਜੋਂ ਲੌਂਗਵੁੱਡ, ਸੇਂਟ ਹੈਲੇਨਾ ਵਿਚ ਮੌਤ ਹੋ ਗਈ ਸੀ।

ਇਹ 13 ਸੈਂਟੀਮੀਟਰ ਲੰਬੀ ਚਾਬੀ ਉਸ ਕਮਰੇ ਦੀ ਹੈ ਜਿਥੇ ਉਸ ਦੀ ਮੌਤ ਹੋਈ ਸੀ। ਵਾਟਰਲੂ ਦੀ ਜੰਗ ਹਾਰਨ ਤੋਂ ਬਾਅਦ ਅਫਰੀਕਾ ਦੇ ਤੱਟ ਤੋਂ ਦੂਰ ਇਕ ਟਾਪੂ ਉਤੇ ਜਲਾਵਤਨ ਕਰ ਦਿੱਤਾ ਗਿਆ ਸੀ, ਜਿਥੇ ਉਹ 1821 ਤੱਕ ਆਪਣੀ ਮੌਤ ਹੋਣ ਤੱਕ ਰਿਹਾ। ਚਾਰਲਸ ਰਿਚਰਡ ਫੌਕਸ ਨਾਂ ਦਾ ਫੌਜੀ ਇਹ ਚਾਬੀ ਘਰ ਲੈ ਆਇਆ ਸੀ, ਜੋ ਉਸ ਸਮੇਂ ਸੇਂਟ ਹੈਲੇਨਾ 'ਤੇ ਤਾਇਨਾਤ ਸੀ। ਉਸ ਨੇ ਇਹ ਚਾਬੀ ਆਪਣੀ ਮਾਂ ਬੈਰੋਨੇਸ ਹੋਲੈਂਡ ਨੂੰ ਦਿੱਤੀ, ਜੋ ਸਾਬਕਾ ਫਰਾਂਸੀਸੀ ਸ਼ਾਸਕ ਦੀ ਵੱਡੀ ਪ੍ਰਸੰਸਕ ਸੀ ਤੇ ਉਸ ਨੇ ਨਿਪੋਲੀਅਨ ਨੂੰ ਕਿਤਾਬਾਂ ਤੇ ਮਿੱਠੇ ਮੀਟ ਵੀ ਭੇਜੇ ਸਨ।

ਬੈਰੋਨਸ ਦੇ ਉੱਤਰਾਧਿਕਾਰੀਆਂ ਵਲੋਂ ਜਦੋਂ ਸਕਾਟਲੈਂਡ ਦੇ ਇਕ ਘਰ ਵਿਚ ਉਸ ਦੇ ਟਰੰਕ ਨੂੰ ਖੋਲ੍ਹਿਆ ਗਿਆ ਤਾਂ ਇਹ ਚਾਬੀ ਬਰਾਮਦ ਹੋਈ ਸੀ। ਨਿਲਾਮੀ ਘਰ ਅਨੁਸਾਰ ਇਸ ਇਤਿਹਾਸਕ ਚਾਬੀ ਤੇ ਇਸ ਨਾਲ ਇਕ ਕਾਗਜ ਜਿਸ 'ਤੇ ਫੌਕਸ ਨੇ ਲਿਖਿਆ ਹੈ ਕਿ ਉਸ ਨੇ ਇਹ ਚਾਬੀ 6 ਸਤੰਬਰ 1822 ਨੂੰ ਪ੍ਰਾਪਤ ਕੀਤੀ, ਜਦੋਂ ਨਿਪੋਲੀਅਨ ਦੀ ਮੌਤ ਪਿਛੋਂ ਉਥੇ ਗਿਆ ਸੀ। ਦੂਜਾ ਕਾਗਜ ਦਾ ਟੁਕੜਾ ਉਹ ਹੈ ਜੋ ਨਿਪੋਲੀਅਨ ਦੇ ਮੰਜੇ ਕੋਲ ਪਿਆ ਸੀ।

# ਕਿਸਾਨ ਜਥੇਬੰਦੀਆਂ ਦੇ ਇਰਾਦੇ ਦ੍ਰਿੜ

*(ਸਫਾ ਇਕ ਦੀ ਬਾਕੀ)*

ਸਿਆਸੀ ਢਾਹ ਲੱਗਣ ਦਾ ਵੀ ਸਤਾ ਰਿਹਾ ਹੈ। ਹਰਿਆਣਾ ਸਮੇਤ ਕਈ ਸੂਬਿਆਂ ਵਿਚ ਭਾਈਵਾਲਾਂ ਦੇ ਤਿੱਖੇ ਤੇਵਰਾਂ ਨੇ ਸਰਕਾਰ ਦੀ ਫਿਕਰਮੰਦੀ ਵਧਾ ਦਿੱਤੀ ਹੈ। ਸਿਆਸੀ ਮਾਹਰ ਹੁਣ ਇਹ ਗੱਲ ਖੁੱਲ੍ਹ ਕੇ ਆਖਣ ਲੱਗੇ ਹਨ ਕਿ ਸਰਕਾਰ ਦੇ ਖਾਨੇ ਇਹ ਗੱਲ ਪੈ ਗਈ ਹੈ ਕਿ ਖੇਤੀ ਕਾਨੂੰਨ ਰੱਦ ਕਰਨ ਤੋਂ ਸਿਵਾਏ ਹੋਰ ਕਈ ਚਾਰਾ ਨਹੀਂ, ਪਰ ਮਸਲਾ ਹੁਣ ਅੜੀ ਟੁੱਟਣ ਦਾ ਹੈ। ਜਿਸ ਨੂੰ ਅੱਗੇ ਰੱਖ ਕੇ ਮੋਦੀ ਸਰਕਾਰ ਨੇ ਹੁਣ ਤੱਕ ਹਕੂਮਤ ਕੀਤੀ ਹੈ।

# ਹਿੱਲ ਚੁੱਕੀ ਦਿੱਲੀ ਤੋਂ ਹਿੱਲ ਨਹੀਂ ਰਹੇ ਕਿਸਾਨ

*(ਸਫਾ ਇਕ ਦੀ ਬਾਕੀ)*

ਨਾਲ ਹੀ ਕਿਸਾਨ ਜਥੇਬੰਦੀਆਂ ਇਹ ਵੀ ਮੰਗ ਕਰ ਰਹੀਆਂ ਹਨ ਕਿ ਖੇਤੀ ਲਾਗਤ ਤੇ ਕੀਮਤ ਕਮਿਸ਼ਨ ਵਲੋਂ ਜਿਨ੍ਹਾਂ 23 ਫਸਲਾਂ ਦੇ ਸਮਰਥਨ ਮੁੱਲ ਐਲਾਨੇ ਜਾਂਦੇ ਹਨ, ਉਨ੍ਹਾਂ ਸਾਰੀਆਂ ਫਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਵੀ ਯਕੀਨੀ ਬਣਾਈ ਜਾਵੇ, ਭਾਵੇਂ ਖਰੀਦਦਾਰ ਕੋਈ ਸਰਕਾਰੀ ਏਜੰਸੀ ਹੋਵੇ ਜਾਂ ਕੋਈ ਨਿੱਜੀ ਵਪਾਰੀ।

ਇਸ ਮੁੱਦੇ ਨੂੰ ਸੁਲਝਾਉਣ ਲਈ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਕੇਂਦਰ ਸਰਕਾਰ ਦੇ ਮੰਤਰੀਆਂ ਦਰਮਿਆਨ ਗੱਲਬਾਤ ਦੇ 10 ਦੌਰ ਹੋ ਚੁੱਕੇ ਹਨ, ਫਿਰ ਵੀ ਇਸ ਗੰਭੀਰ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਦਿੱਲੀ ਦੀਆਂ ਸਰਹੱਦਾਂ 'ਤੇ ਕੜਾਕੇ ਦੀ ਠੰਢ ਵਿਚ ਹਜ਼ਾਰਾਂ ਕਿਸਾਨ, ਨੌਜਵਾਨ, ਬਜ਼ੁਰਗ, ਬੱਚੇ ਅਤੇ ਔਰਤਾਂ ਡਟੀਆਂ ਹੋਈਆਂ ਹਨ। ਸੁਪਰੀਮ ਕੋਰਟ ਨੇ ਭਾਵੇਂ ਨਵੇਂ ਖੇਤੀ ਕਾਨੂੰਨਾਂ ਉਤੇ ਆਰਜ਼ੀ ਤੌਰ 'ਤੇ ਰੋਕ ਲਗਾ ਦਿੱਤੀ ਹੈ ਅਤੇ ਇਸ ਮੁੱਦੇ 'ਤੇ ਰਿਪੋਰਟ ਤਿਆਰ ਕਰਨ ਲਈ 4 ਮਾਹਿਰਾਂ ਦੀ ਕਮੇਟੀ ਵੀ ਬਣਾਈ ਗਈ ਹੈ ਪਰ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਆਪ ਵਿਵਾਦਾਂ ਵਿਚ ਘਿਰੀ ਹੋਈ ਹੈ। ਕਮੇਟੀ ਵਿਚ ਸਾਰੇ ਹੀ ਮੈਂਬਰ ਕਾਰਪੋਰੇਟ ਖੇਤੀ ਦੇ ਸਮਰਥਕ ਹੋਣ ਕਾਰਨ ਕਿਸਾਨ ਸੰਗਠਨਾਂ ਦੀ ਇਸ ਸਬੰਧੀ ਸ਼ੰਕਾ ਹੋਰ ਵੀ ਵਧੇਰੇ ਵਧ ਗਈ ਹੈ। ਇਸ ਨੂੰ ਮੁੱਖ ਰੱਖਦਿਆਂ ਕਿਸਾਨ ਆਗੂਆਂ ਨੇ ਆਪਣਾ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ ਅਤੇ ਇਸ ਦੇ ਨਾਲ ਹੀ ਸੁਪਰੀਮ ਕੋਰਟ ਵਲੋਂ ਬਣਾਈ ਗਈ ਚਾਰ ਮੈਂਬਰੀ ਕਮੇਟੀ ਸਾਹਮਣੇ ਕਿਸੇ ਵੀ ਰੂਪ ਵਿਚ ਆਪਣਾ ਪੱਖ ਰੱਖਣ ਤੋਂ ਵੀ ਨਾਂਹ ਕਰ ਦਿੱਤੀ ਹੈ। ਇਸ ਸਮੇਂ ਹਾਲਾਤ ਇਹ ਹੈ ਕਿ ਸੰਘਰਸ਼ ਦੀ ਅਗਵਾਈ ਕਰ ਰਹੀਆਂ ਕਿਸਾਨ ਜਥੇਬੰਦੀਆਂ ਸਰਕਾਰ ਦੇ ਹਰ ਹੱਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਤਿਆਰ-ਬਰ-ਤਿਆਰ ਹਨ।

# ਖਾਲਸਾ ਏਡ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

**ਬਠਿੰਡਾ:** ਬਰਤਾਨੀਆ ਆਧਾਰਿਤ ਗੈਰ-ਸਰਕਾਰੀ ਜਥੇਬੰਦੀ ਖਾਲਸਾ ਏਡ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਕੈਨੇਡਾ ਦੇ ਸੰਸਦ ਮੈਂਬਰ ਟਿਮ ਉਪਲ, ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਤੇ ਬਰੈਂਪਟਨ ਦੱਖਣੀ ਦੇ ਐਮ.ਪੀ.ਪੀ. ਪ੍ਰਭਮੀਤ ਸਿੰਘ ਸਰਕਾਰੀਆ ਨੇ ਸਰਕਾਰੀ ਤੌਰ 'ਤੇ ਖਾਲਸਾ ਏਡ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜਦ ਕੀਤਾ ਹੈ।

ਨਾਰਵੇ ਨੋਬੇਲ ਕਮੇਟੀ ਦੇ ਮੁਖੀ ਬੇਰਿਟ ਰੀਸ ਐਂਡਰਸਨ ਨੂੰ ਲਿਖੇ ਪੱਤਰ ਵਿਚ ਟਿਮ ਉਪਲ ਨੇ ਕਿਹਾ ਹੈ ਕਿ ਖਾਲਸਾ ਏਡ ਕੌਮਾਂਤਰੀ ਐਨ.ਜੀ.ਓ. ਹੈ, ਜੋ ਆਫਤਾਂ ਅਤੇ ਸੰਘਰਸ਼ ਵਾਲੇ ਮੁਲਕਾਂ ਵਿਚ ਬਿਨਾਂ ਕਿਸੇ ਵਿਤਕਰੇ ਦੇ ਲੋਕਾਂ ਨੂੰ ਸਹਾਇਤਾ ਦਿੰਦੀ ਹੈ। ਸ੍ਰੀ ਉਪਲ ਨੇ ਲਿਖਿਆ ਹੈ ਕਿ ਖਾਲਸਾ ਏਡ ਸਿੱਖ ਵਿਚਾਰਧਾਰਾ ਸਰਬੱਤ ਦਾ ਭਲਾ ਤੋਂ ਪ੍ਰੇਰਿਤ ਹੈ ਜਿਸ ਦਾ ਟੀਚਾ ਬਿਨਾਂ ਕਿਸੇ ਨਸਲ, ਧਰਮ ਤੇ ਸਰਹੱਦਾਂ ਦੇ ਲੋੜਵੰਦਾਂ ਦੀ ਸਹਾਇਤਾ ਕਰਨਾ ਹੈ। ਖਾਲਸਾ ਏਡ ਦੇ ਮੁਖੀ ਰਵੀ ਸਿੰਘ ਨੇ ਸੋਸ਼ਲ ਮੀਡੀਆ 'ਤੇ ਕਿਹਾ ਹੈ ਕਿ ਉਹ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜਦ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਦੁਨੀਆਂ ਭਰ ਵਿਚ ਆਪਣੀ ਟੀਮ ਤੇ ਵਾਲੰਟੀਅਰਾਂ ਦਾ ਧੰਨਵਾਦ ਵੀ ਕੀਤਾ ਜਿਨ੍ਹਾਂ ਦੀ ਬਦੌਲਤ ਇਸ ਵੱਕਾਰੀ ਪੁਰਸਕਾਰ ਲਈ ਜਥੇਬੰਦੀ ਦੀ ਨਾਮਜ਼ਦਗੀ ਹੋਈ ਹੈ।

# ਕੈਪਟਨ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਹੋਰ ਝਟਕੇ ਦੇਣ ਦੀ ਤਿਆਰੀ

**ਚੰਡੀਗੜ੍ਹ:** ਕੈਪਟਨ ਸਰਕਾਰ ਆਏ ਦਿਨ ਲੋਕਾਂ ਦੀਆਂ ਜੇਬਾਂ ਉਪਰ ਦਿਨ-ਦਿਹਾੜੇ ਡਾਕਾ ਮਾਰਨ ਦੀ ਫਰਾਕ 'ਚ ਰਹਿੰਦੀ ਹੈ, ਜਦੋਂਕਿ ਬੀਤੇ ਚਾਰ ਸਾਲਾਂ ਵਿਚ ਕੈਪਟਨ ਸਰਕਾਰ ਨੇ ਸੇਵਾ ਕੇਂਦਰਾਂ 'ਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀਆਂ ਫੀਸਾਂ 'ਚ, ਬਿਜਲੀ ਯੂਨਿਟਾਂ ਤੇ ਅਸਲਾ ਲਾਇਸੰਸ, ਰੀਨਿਊ ਫੀਸਾਂ 'ਚ ਵਾਧਾ, ਡੋਪ ਟੈਸਟ ਦੇ ਨਾਂ ਉਪਰ ਲੁੱਟ, ਪੈਟਰੋਲ ਡੀਜਲ ਉਪਰ ਭਾਰੀ ਟੈਕਸ ਆਦਿ ਵਧਾਏ ਗਏ ਹਨ। ਬੀਤੇ ਦਿਨੀਂ ਈ-ਅਸਟਾਮ ਦੀ ਮਿਆਦ ਇਕ ਦਿਨ ਕਰਨ ਤੋਂ ਨਿਰਾਸ ਲੋਕਾਂ ਦਾ ਗੁੱਸਾ ਹਾਲੇ ਠੰਢਾ ਨਹੀਂ ਹੋਇਆ ਕਿ ਪੰਜਾਬ ਸਰਕਾਰ ਜਾਇਦਾਦ ਖਰੀਦ ਰਜਿਸਟਰੀਆਂ ਦੇ ਕੁਲੈਕਟਰ ਰੇਟਾਂ 'ਚ ਭਾਰੀ ਵਾਧਾ ਕਰਨ ਦੀ ਅੰਦਰ ਹੀ ਅੰਦਰ ਤਿਆਰੀ ਕਰ ਰਹੀ ਹੈ। ਜਾਇਦਾਦ ਖਰੀਦ ਰਜਿਸਟਰੀਆਂ ਕਰਵਾਉਣ ਉਤੇ 15 ਤੋਂ 30 ਫੀਸਦੀ ਤੱਕ ਦਾ ਵਾਧਾ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

# ਕਰੋਨਾ ਦੇ ਬਾਵਜੂਦ ਚੀਨ ਦਾ ਅਰਥਚਾਰਾ 2.3 ਫੀਸਦ ਵਧਿਆ

**ਪੇਈਚਿੰਗ:** ਕਰੋਨਾ ਵਾਇਰਸ ਮਹਾਮਾਰੀ ਦੀ ਲਪੇਟ ਵਿਚ ਸਭ ਤੋਂ ਪਹਿਲਾਂ ਆਉਣ ਤੇ ਜਲਦੀ ਹੀ ਇਸ ਤੋਂ ਉਭਰਨ ਵਾਲੇ ਚੀਨ ਦੀ ਸਾਲ 2020 ਵਿਚ ਅਰਥਵਿਵਸਥਾ 2.3 ਫੀਸਦ ਵਧੀ ਹੈ, ਹਾਲਾਂਕਿ ਦੁਨੀਆਂ ਦੀਆਂ ਬਾਕੀ ਪ੍ਰਮੁੱਖ ਅਰਥਵਿਵਸਥਾਵਾਂ ਵਿਚ ਨਿਘਾਰ ਆਇਆ ਹੈ। ਇਸ ਤੋਂ ਇਲਾਵਾ ਚੀਨ ਦਾ ਨੌਕਰੀ ਬਾਜਾਰ 5.6 ਫੀਸਦ ਵਧਿਆ ਹੈ ਪਰ ਸਰਕਾਰ ਦੇ 6 ਫੀਸਦ ਦੇ ਟੀਚੇ ਤੋਂ ਹੇਠਾਂ ਰਿਹਾ ਹੈ। ਅੰਕੜਿਆਂ ਅਨੁਸਾਰ ਸਾਲ 2020 ਵਿਚ 1,18,60,000 ਨਵੀਆਂ ਨੌਕਰੀਆਂ ਪੈਦਾ ਕੀਤੀਆਂ ਗਈਆਂ ਹਨ।

ਚੀਨ ਦੇ ਕੌਮੀ ਅੰਕੜਾ ਬਿਊਰੋ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਵਿਸ਼ਵ ਵਿਚ ਦੂਜੇ ਨੰਬਰ ਦੀ ਅਰਥਵਿਵਸਥਾ ਚੀਨ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਸਾਲ 2020 ਵਿਚ 2.3 ਫੀਸਦ ਦੇ ਵਾਧੇ ਨਾਲ 15.42 ਖਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ।

ਵੂਹਾਨ ਵਿਚ ਕਰੋਨਾ ਵਾਇਰਸ ਮਹਾਮਾਰੀ ਫੈਲਣ ਕਾਰਨ ਲਗਾਏ ਗਏ ਲੌਕਡਾਊਨ ਦੇ ਨਤੀਜੇ ਵਜੋਂ ਸਾਲ 2020 ਦੀ ਪਹਿਲੀ ਤਿਮਾਹੀ ਵਿਚ ਚੀਨ ਦੀ ਅਰਥਵਿਵਸਥਾ 'ਚ 6.8 ਫੀਸਦ ਦਾ ਨਿਘਾਰ ਆਇਆ ਸੀ।

ਉਪਰੰਤ ਕੋਵਿਡ-19 ਵਿਸ਼ਵ ਪੱਧਰ ਦੀ ਮਹਾਮਾਰੀ ਬਣ ਗਈ ਸੀ ਅਤੇ ਭਾਰਤ ਸਣੇ ਦੁਨੀਆਂ ਦੀਆਂ ਸਾਰੀਆਂ ਪ੍ਰਮੁੱਖ ਅਰਥ ਵਿਵਸਥਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ।

# ਦੋ ਵਾਰ ਮਹਾਂਦੋਸ਼ ਦਾ ਸਾਹਮਣਾ ਕਰਨ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਬਣੇ ਟਰੰਪ

**ਸਿਆਟਲ:** ਡੋਨਲਡ ਟਰੰਪ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ, ਜਿਨ੍ਹਾਂ ਖਿਲਾਫ ਦੂਜੀ ਵਾਰ ਮਹਾਂਦੋਸ਼ ਮਤਾ ਪਾਸ ਕੀਤਾ ਗਿਆ ਹੋਵੇਗਾ। ਹਾਊਸ ਦੇ ਹੇਠਲੇ ਪ੍ਰਤੀਨਿਧੀ ਸਦਨ 'ਚ ਬੀਤੇ ਹਫਤੇ ਵਾਸ਼ਿੰਗਟਨ ਡੀ.ਸੀ. ਵਿਚ ਦੰਗੇ ਭੜਕਾਉਣ, ਸਦਨ ਦੇ ਅੰਦਰ ਦੰਗਾਕਾਰੀਆਂ ਨੂੰ ਬਗਾਵਤ ਲਈ ਭੜਕਾ ਕੇ ਭੇਜਣ ਦੇ ਦੋਸ਼ ਲੱਗੇ ਹਨ। ਸਦਨ 'ਚ 232/197 ਨਾਲ ਹੇਠਲੇ ਸਦਨ ਨੇ ਟਰੰਪ ਵਿਰੁੱਧ ਇਹ ਮਤਾ ਪਾਸ ਕਰ ਦਿੱਤਾ।

10 ਰਿਪਬਲੀਕਨ ਸੈਨੇਟਰਾਂ ਨੇ ਵੀ ਮਤੇ ਦੇ ਹੱਕ 'ਚ ਵੋਟ ਪਾਏ। ਹੁਣ ਇਹ ਮਤਾ ਹੇਠਲੇ ਸਦਨ ਜਿਥੇ ਡੈਮੋਕ੍ਰੇਟਾਂ ਦੀ ਬਹੁਗਿਣਤੀ ਹੈ, ਤੋਂ ਪਾਸ ਹੋ ਕੇ ਉਪਰਲੇ ਸਦਨ ਵਿਚ ਚਲਾ ਗਿਆ, ਜਿਥੇ ਰਿਪਬਲਿਕਨਾਂ ਦੀ ਗਿਣਤੀ ਜ਼ਿਆਦਾ ਹੈ। ਇਥੇ ਮਤਾ ਪਾਸ ਹੋਣ ਲਈ ਦੋ-ਤਿਹਾਈ ਦੀ ਜ਼ਰੂਰਤ ਹੈ। ਹਾਊਸ 'ਚ ਮਤਾ ਪਾਸ ਹੋਣ ਤੋਂ ਕੁਝ ਚਿਰ ਪਹਿਲਾਂ ਟਰੰਪ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਉਹ ਹੁਣ ਕਿਸੇ ਕਿਸਮ ਦੀ ਹਿੰਸਾ ਜਾਂ ਭੰਨਤੋੜ ਨਾ ਕਰਨ ਅਤੇ ਤਣਾਅ ਨੂੰ ਘੱਟ ਕਰਨ ਤੇ ਸ਼ਾਂਤੀ ਲਈ ਕੰਮ ਕਰਨ। ਇਸ ਤੋਂ ਪਹਿਲਾਂ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਰਾਸ਼ਟਰਪਤੀ ਟਰੰਪ ਨੂੰ ਅਹੁਦੇ ਤੋਂ ਹਟਾਉਣ ਲਈ 25ਵੀਂ ਸੋਧ ਦੀ ਵਰਤੋਂ ਕਰਨ ਦੇ ਡੈਮੋਕ੍ਰੇਟਾਂ ਦੇ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ, ਜੇ ਪੈਂਸ ਇਸ ਅਧਿਕਾਰ ਦੀ ਵਰਤੋਂ ਕਰਦੇ ਤਾਂ ਉਹ 6 ਦਿਨ ਲਈ ਅਮਰੀਕਾ ਦੇ ਰਾਸ਼ਟਰਪਤੀ ਬਣ ਸਕਦੇ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਲੋਹੜੀ ਮਨਾਈ

**ਫਰਿਜ਼ਨੋ (ਬਿਊਰੋ):** ਸਥਾਨਕ ਇੰਡੋ-ਯੂ. ਐਸ. ਹੈਰੀਟੇਜ ਆਰਗੇਨਾਈਜੇਸ਼ਨ ਨੇ ਇਥੇ ਬਰਾੜ ਫਾਰਮ 'ਤੇ ਲੰਘੀ 13 ਜਨਵਰੀ ਨੂੰ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਲੋਹੜੀ ਮਨਾਈ। ਜਥੇਬੰਦੀ ਦੇ ਸਿਰਮੌਰ ਆਗੂ ਤੇ ਫਾਊਂਡਰ ਸ. ਸਾਧੂ ਸਿੰਘ ਸੰਘਾ ਨੇ ਇਨ੍ਹਾਂ ਤਿੰਨਾਂ ਕਾਲੇ ਕਾਨੂੰਨਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਤੇ ਭਾਰਤੀ ਕਿਸਾਨ ਅੰਦੋਲਨ ਨੂੰ ਹੱਕਾਂ ਦੀ ਰਾਖੀ ਲਈ ਵਿੱਢਿਆ ਜਾਇਜ਼ ਸੰਘਰਸ਼ ਕਰਾਰ ਦਿੱਤਾ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਹੈਰੀ ਮਾਨ ਨੇ ਦੱਸਿਆ ਕਿ ਕਿਸ ਤਰ੍ਹਾਂ ਲੱਖਾਂ ਕਿਸਾਨ, ਔਰਤਾਂ, ਬਜ਼ੁਰਗ ਅਤੇ ਬੱਚੇ ਆਪਣੇ ਭਵਿੱਖ ਦੀ ਚਿੰਤਾ ਕਰਦੇ ਹੋਏ, ਪੋਹ-ਮਾਘ ਦੀ ਕੜਾਕੇ ਦੀ ਠੰਡ ਵਿਚ ਵੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ ਉੱਪਰ ਬੁਲੰਦ ਹੌਸਲਿਆਂ ਨਾਲ ਡਟੇ ਹੋਏ ਹਨ, ਅਸੀਂ ਹਰ ਪੱਖ ਤੋਂ ਉਨ੍ਹਾਂ ਦੇ ਨਾਲ ਹਾਂ।



ਪੰਜਾਬੀ ਅਮੈਰਿਕਨ ਗਰੋਅਰ ਗਰੁਪ ਦੇ ਬੁਲਾਰੇ ਅਤੇ ਜਥੇਬੰਦੀ ਦੇ ਸਿਰਕੱਢ ਮੈਂਬਰ ਸੰਤੋਖ ਢਿੱਲੋਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਨ੍ਹਾਂ ਕਾਲੇ ਕਾਨੂੰਨਾਂ ਦੀ ਨਿੰਦਾ ਕੀਤੀ। ਨਿਰਮਲ ਸਿੰਘ ਗਿੱਲ (ਧਨੌਲਾ) ਨੇ ਦੱਸਿਆ ਕਿ ਕੜਕਦੀ ਠੰਡ ਕਾਰਨ, ਅੱਜ ਤੱਕ ਧਰਨਿਆਂ ਵਿਚ ਸ਼ਾਮਲ ਹੋਣ ਆਏ, 70 ਤੋਂ ਵੱਧ ਕਿਸਾਨ ਸ਼ਹੀਦ ਹੋ ਚੁਕੇ ਹਨ। ਰਣਜੀਤ ਗਿੱਲ ਨੇ ਆਖਿਆ ਕਿ ਇਹ ਤਿੰਨ ਕਾਲੇ ਕਾਨੂੰਨ ਭਾਰਤ ਦੇ ਕਿਸਾਨਾਂ ਲਈ ਮੌਤ ਦੇ ਵਾਰੰਟ ਹਨ। ਪੰਜਾਬ, ਹਰਿਆਣਾ ਅਤੇ ਦੇਸ਼ ਦੇ ਜੋ ਖੇਤੀ-ਪ੍ਰਧਾਨ ਸੂਬੇ ਹਨ, ਜਿਹੜੇ ਸੈਂਕੜੇ ਸਾਲਾਂ ਤੋ ਖੇਤੀਬਾੜੀ ਦੇ ਮੁੱਖ ਕਿੱਤੇ ਨਾਲ ਜੁੜੇ ਹਨ, ਜੇ ਉੱਥੇ ਇਨ੍ਹਾਂ ਨਵੇਂ ਕਾਨੂੰਨਾਂ ਅਨੁਸਾਰ ਕਿਸਾਨ ਦੀ ਫਸਲ ਦਾ, ਲਾਗਤ ਅਨੁਸਾਰ ਡੇਢਾ ਮੁੱਲ ਦੇਣ ਦਾ ਲਿਖਤੀ ਕਾਨੂੰਨ ਨਹੀਂ ਬਣਾਇਆ ਜਾਂਦਾ ਤਾਂ ਵਪਾਰੀ ਵਰਗ ਦੀ ਲੁੱਟ ਬੇਲਗਾਮ ਹੋ ਜਾਵੇਗੀ ਅਤੇ ਮਹਿੰਗਾਈ ਦੀ ਮਾਰ ਦੇਸ਼ ਦੇ ਆਮ ਨਾਗਰਿਕ ਨੂੰ, ਗਰੀਬੀ ਦੀ ਲਾਲ ਲਕੀਰ ਤੋਂ ਵੀ ਥੱਲੇ ਲੈ ਜਾਵੇਗੀ।

ਉਪਰੰਤ ਇਨ੍ਹਾਂ ਲੋਕ-ਮਾਰੂ ਕਾਨੂੰਨਾਂ ਵਿਰੁਧ ਰੋਸ ਪ੍ਰਗਟ ਕਰਦਿਆਂ ਕਾਨੂੰਨਾਂ ਦੀਆਂ ਕਾਪੀਆਂ ਲੋਹੜੀ ਦੀ ਧੂਣੀ ਉੱਪਰ ਤਿਲਾਂ ਸਮੇਤ ਸਾੜੀਆਂ ਗਈਆਂ। ਮੀਟਿੰਗ ਵਿਚ ਹਾਜ਼ਰ ਰਜਿੰਦਰ ਬਰਾੜ, ਸਤਵੰਤ ਵਿਰਕ, ਮਨਜੀਤ ਕੁਲਾਰ ਤੇ ਦਿਲਬਾਗ ਕੁਲਾਰ, ਸੁਲੱਖਣ ਗਿੱਲ, ਨੌਰੰਗ ਸਿੰਘ, ਭਾਗ ਸਿੰਘ ਗਿੱਲ, ਮੋਹਲਾ ਸਿੰਘ ਬਰਾੜ ਅਤੇ ਰਾਜ ਸਿਧੂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਤਿੰਨੇ ਕਾਨੂੰਨ ਬਿਨਾ ਸ਼ਰਤ ਵਾਪਸ ਲਏ ਜਾਣ ਤਾਂ ਜੋ ਘਰੋਂ ਬੇਘਰ ਹੋਏ ਕਿਸਾਨ/ਮਜ਼ਦੂਰ ਆਪੋ ਆਪਣੇ ਆਹਲਣਿਆਂ ਵਿਚ ਸੁੱਖੀ ਸਾਂਦੀ ਵਾਪਸ ਪਰਤਣ।

## ਯੂਬਾ ਸਿਟੀ 'ਚ ਕਿਸਾਨ ਸੰਘਰਸ਼ ਦੀ ਹਮਾਇਤ 'ਚ ਵਿਸਾਲ ਰੈਲੀ

**ਯੂਬਾ ਸਿਟੀ (ਬਿਊਰੋ):** ਭਾਰਤ ਦੀ ਕੇਂਦਰ ਸਰਕਾਰ ਵਲੋਂ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰ 'ਤੇ ਪਿਛਲੇ ਡੇਢ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਦੀ ਹਮਾਇਤ ਵਿਚ ਯੂਬਾ ਸਿਟੀ ਵਿਚ ਇੱਕ ਵਿਸ਼ਾਲ ਰੈਲੀ ਕੀਤੀ ਗਈ, ਜਿਸ ਦਾ ਸਿਹਰਾ ਸਾਹਿਬਜ਼ਾਦਾ ਅਜੀਤ ਸਿੰਘ ਕਲੱਬ ਯੂਬਾ ਸਿਟੀ ਅਤੇ ਸਮੂਹ ਸੰਗਤ ਦੇ ਸਿਰ ਬੱਝਦਾ ਹੈ। ਇਹ ਰੈਲੀ ਗੁਰਦੁਆਰਾ ਟਾਇਰਾ ਬਿਊਨਾ ਤੋਂ ਸ਼ੁਰੂ ਕੀਤੀ ਅਤੇ ਸਟਰ ਕਾਊਂਟੀ ਦੇ ਕੋਰਟ ਹਾਊਸ ਵਿਖੇ ਸਮਾਪਤ ਹੋਈ।

ਇਸ ਕਾਰ ਅਤੇ ਟਰੱਕ ਰੈਲੀ ਵਿਚ ਯੂਬਾ ਸਿਟੀ ਤੋਂ ਇਲਾਵਾ ਨਜਦੀਕੀ ਸ਼ਹਿਰਾਂ ਤੋਂ ਹਜਾਰਾਂ ਦੀ ਗਿਣਤੀ ਵਿਚ ਸਮੂਹਿਕ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ। ਕਿਸਾਨਾਂ ਦੇ ਹੱਕ ਤੇ ਕੇਂਦਰ ਸਰਕਰ ਦੇ ਖਿਲਾਫ ਲਿਖੇ ਹੋਏ ਸਲੋਗਨਾਂ ਵਾਲੇ ਬੈਨਰ ਲੋਕਾਂ ਨੇ ਹੱਥਾਂ ਵਿਚ ਫੜੇ ਹੋਏ ਸਨ ਅਤੇ ਬਹੁਤ ਸਾਰੇ ਲੋਕਾਂ ਨੇ ਕਈ ਕਿਸਮ ਦੇ ਨਾਹਰੇ ਆਪਣੀਆਂ ਕਾਰਾਂ 'ਤੇ








ਵੀ ਲਿਖੇ ਹੋਏ ਸਨ। ਰੈਲੀ ਦੀ ਸ਼ੁਰੂਆਤ ਵੱਖ-ਵੱਖ ਬੁਲਾਰਿਆਂ ਵਲੋਂ ਭਾਸ਼ਣ ਦੇਣ ਅਤੇ ਕਿਸਾਨਾਂ ਦੀ ਜਿੱਤ ਹੋਣ ਦੀ ਅਰਦਾਸ ਕਰਕੇ ਕੀਤੀ ਗਈ। ਕਈ ਮੀਲਾਂ ਤੱਕ ਲੰਬੀ ਰੈਲੀ ਇਹ ਦਰਸਾ ਰਹੀ ਸੀ ਕਿ ਵਿਦੇਸ਼ ਦੀ ਧਰਤੀ 'ਤੇ ਵੱਸਦੇ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਰਹਿੰਦੇ ਕਿਸਾਨਾਂ ਲਈ ਡੂੰਘਾ ਦਰਦ ਹੈ।

ਰੈਲੀ ਵਿਚ ਮਰਦ, ਔਰਤਾਂ, ਛੋਟੇ ਬੱਚਿਆਂ ਤੋਂ ਇਲਾਵਾ ਬਹੁਤ ਸਾਰੇ ਗੋਰਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਰੈਲੀ ਨੂੰ ਕਾਮਯਾਬ ਕਰਨ ਲਈ ਯੂਬਾ ਸਿਟੀ ਦੇ ਪ੍ਰਸ਼ਾਸਨ ਦਾ ਵੀ ਪੂਰਾ ਸਹਿਯੋਗ ਮਿਲਿਆ। ਕੇਂਦਰ ਸਰਕਾਰ ਦੇ ਅੜਬ ਰਵੱਈਏ ਪ੍ਰਤੀ ਲੋਕਾਂ ਵਲੋਂ ਲਾਏ ਜਾਂਦੇ ਨਾਹਰਿਆਂ ਤੋਂ ਸਪੱਸ਼ਟ ਝਲਕਦਾ ਸੀ ਕਿ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਕਿਸਾਨ ਭਰਾਵਾਂ ਲਈ ਕਿੰਨਾ ਦਰਦ ਹੈ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਭਾਜਪਾ ਦੀ ਸਰਕਾਰ ਅੰਦਰ ਲੋਕਤੰਤਰ ਨਾਂ ਦਾ ਕੋਈ ਅੰਸ਼ ਨਹੀਂ ਰਹਿ ਗਿਆ, ਸਗੋਂ ਇਹ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਕਠਪੁਤਲੀ ਬਣ ਕੇ ਦੇਸ਼ ਦੇ ਲੋਕਾਂ ਲਈ ਡਿਕਟੇਟਰਸ਼ਿਪ ਦਾ ਰਾਹ ਅਪਨਾ ਰਹੀ ਹੈ, ਜੋ ਕਿ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰਕੇ ਰੱਖ ਦੇਵੇਗਾ। ਇਸ ਰੈਲੀ ਨੂੰ ਸਰਬਜੀਤ ਸਿੰਘ ਸਾਬੀ (ਐਚ. ਐਸ. ਡੀ ਟਰੱਕਿੰਗ), ਗੁਰਪ੍ਰੀਤ ਸਿੰਘ, ਅਜੈਬ ਸਿੰਘ ਮੱਲ੍ਹੀ, ਜਸਪਾਲ ਸਿੰਘ ਨਾਗਰਾ, ਗੁਰਮੀਤ ਸਿੰਘ ਤੱਖਰ, ਸੰਦੀਪ ਸਿੰਘ ਜੰਟੀ ਨੇ ਸੰਬੋਧਨ ਕੀਤਾ। ਰੈਲੀ ਨੂੰ ਯੋਜਨਾਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਪਰਦੀਪ ਸਿੰਘ ਦੀਪਾ, ਜਸਕਰਨ ਸਿੰਘ ਜੌਹਲ, ਜਤਿੰਦਰ ਸਿੰਘ ਢਿੱਲੋਂ, ਸੰਦੀਪ ਸਿੰਘ ਨਾਗਰਾ ਅਤੇ ਹੋਰ ਅਨੇਕਾਂ ਹੀ ਨੌਜੁਆਨਾਂ ਨੇ ਯੋਗਦਾਨ ਪਾਇਆ।



# ਪੰਜਾਬ 'ਚ ਵੱਜਾ ਚੋਣ ਬਿਗਲ, ਨਿਗਮ ਅਤੇ ਕੌਂਸਲ ਚੋਣਾਂ ਦਾ ਐਲਾਨ

ਚੰਡੀਗੜ੍ਹ: ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਦੌਰਾਨ ਪੰਜਾਬ ਵਿਚ ਚੋਣ ਬਿਗਲ ਵੱਜ ਗਿਆ ਹੈ। ਪੰਜਾਬ ਦੇ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਵੱਲੋਂ 8 ਨਗਰ ਨਿਗਮਾਂ ਅਤੇ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਆਮ/ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਚੋਣਾਂ ਦੇ ਐਲਾਨ ਨਾਲ ਰਾਜ ਦੇ ਸਾਰੇ ਚੋਣ ਹਲਕਿਆਂ ਵਿਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਵਿਚ ਕਮੀਆਂ ਕਾਰਨ ਫਗਵਾੜਾ ਨਗਰ ਨਿਗਮ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਪ੍ਰਕਿਰਿਆ 30 ਜਨਵਰੀ ਤੋਂ ਸ਼ੁਰੂ ਹੋਵੇਗੀ ਅਤੇ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 3 ਫਰਵਰੀ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 4 ਫਰਵਰੀ ਨੂੰ ਕੀਤੀ ਜਾਵੇਗੀ ਜਦੋਂ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਤਰੀਕ 5 ਫਰਵਰੀ ਹੈ ਅਤੇ ਇਸੇ ਤਰੀਕ ਨੂੰ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਚੋਣ ਪ੍ਰਚਾਰ 12 ਫਰਵਰੀ ਨੂੰ ਸਾਮ 5 ਵਜੇ ਤੱਕ ਕੀਤਾ ਜਾ ਸਕੇਗਾ। ਵੋਟਾਂ 14 ਫਰਵਰੀ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 17 ਫਰਵਰੀ ਨੂੰ ਹੋਵੇਗੀ। ਚੋਣਾਂ ਕਰਵਾਉਣ ਲਈ 145 ਰਿਟਰਨਿੰਗ ਅਫਸਰ ਅਤੇ 145 ਸਹਾਇਕ ਰਿਟਰਨਿੰਗ ਅਫਸਰ ਨਿਯੁਕਤ ਕੀਤੇ ਗਏ ਹਨ। ਚੋਣਾਂ ਦੌਰਾਨ 30 ਆਈ.ਏ.ਐਸ/ਪੀ.ਸੀ.ਐਸ. ਨੂੰ ਚੋਣ ਨਿਗਰਾਨ ਅਤੇ 6 ਆਈ.ਪੀ.ਐਸ. ਅਧਿਕਾਰੀਆਂ ਨੂੰ ਪੁਲਿਸ ਨਿਗਰਾਨ ਵਜੋਂ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ 8 ਨਗਰ ਨਿਗਮਾਂ ਲਈ 400 ਅਤੇ 109 ਨਗਰ ਕੌਂਸਲਾਂ/ਨਗਰ ਪੰਚਾਇਤਾਂ ਲਈ 1902 ਮੈਂਬਰ ਚੁਣੇ ਜਾਣਗੇ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਉਂਸਪਲ ਚੋਣਾਂ ਵਿਚ ਮਹਿਲਾਵਾਂ ਲਈ 50 ਫੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ। ਇਨ੍ਹਾਂ ਚੋਣਾਂ ਲਈ ਸੂਬੇ ਵਿਚ 20,49,777 ਪੁਰਸ਼, 18,65,354 ਮਹਿਲਾ ਅਤੇ 149 ਟ੍ਰਾਂਸਜੈਂਡਰ ਵੋਟਰਾਂ ਦੇ ਨਾਲ ਕੁੱਲ 39,15,280 ਰਜਿਸਟਰਡ ਵੋਟਰ ਹਨ। ਚੋਣ ਕਮਿਸ਼ਨ ਵੱਲੋਂ 4102 ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ ਅਤੇ 18000 ਕਰਮਚਾਰੀਆਂ ਦੀ ਚੋਣ ਡਿਊਟੀ ਲਗਾਈ ਜਾਵੇਗੀ।

ਇਹ ਚੋਣਾਂ ਈ.ਵੀ.ਐਮ. ਰਾਹੀਂ ਹੋਣਗੀਆਂ ਅਤੇ 7000 ਈ.ਵੀ.ਐਮਜ਼. ਦਾ ਪ੍ਰਬੰਧ ਕੀਤਾ ਗਿਆ ਹੈ। ਚੋਣ ਕਮਿਸ਼ਨਰ ਨੇ ਦੱਸਿਆ ਕਿ ਨਗਰ ਨਿਗਮ ਦੇ ਉਮੀਦਵਾਰ ਲਈ ਖਰਚਾ ਹੱਦ 3 ਲੱਖ ਰੁਪਏ, ਨਗਰ ਕੌਂਸਲ ਕਲਾਸ-1 ਦੇ ਉਮੀਦਵਾਰ ਲਈ 2.70 ਲੱਖ ਰੁਪਏ, ਕਲਾਸ-2 ਲਈ 1.70 ਲੱਖ ਰੁਪਏ, ਕਲਾਸ-3 ਲਈ 1.45 ਲੱਖ ਰੁਪਏ



ਅਤੇ ਨਗਰ ਪੰਚਾਇਤਾਂ ਦੇ ਉਮੀਦਵਾਰਾਂ ਲਈ ਖਰਚਾ ਹੱਦ 1.05 ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ। ਸ੍ਰੀ ਸੰਧੂ ਨੇ ਕਿਹਾ ਕਿ ਕੋਵਿਡ-19 ਦੇ ਮੱਦੇਨਜ਼ਰ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ, ਕਪੂਰਥਲਾ, ਮੁਹਾਲੀ, ਹੁਸ਼ਿਆਰਪੁਰ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਨਗਰ ਨਿਗਮ ਲਈ ਵੋਟਾਂ ਪੈਣਗੀਆਂ। ਨਗਰ ਨਿਗਮ ਅੰਮ੍ਰਿਤਸਰ ਦੇ ਵਾਰਡ ਨੰ. 37 ਵਿਚ ਜ਼ਿਮਨੀ ਚੋਣ ਹੋਵੇਗੀ। ਜਿਨ੍ਹਾਂ ਥਾਵਾਂ 'ਤੇ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਲਈ ਵੋਟਾਂ ਪੈਣੀਆਂ ਹਨ ਉਨ੍ਹਾਂ ਸ਼ਹਿਰਾਂ ਕਸਬਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ, ਰਮਦਾਸ, ਰਈਆ, ਮਜੀਠਾ ਅਤੇ ਜੰਡਿਆਲਾ ਗੁਰੂ, ਤਰਨ ਤਾਰਨ ਜ਼ਿਲ੍ਹੇ ਦੇ ਭਿੱਖੀਵਿੰਡ ਅਤੇ ਪੱਟੀ, ਗੁਰਦਾਸਪੁਰ ਜ਼ਿਲ੍ਹੇ ਵਿੱਚ ਗੁਰਦਾਸਪੁਰ, ਸ੍ਰੀ ਹਰਗੋਬਿੰਦਪੁਰ, ਫ਼ਤਿਹਗੜ੍ਹ ਚੂੜੀਆਂ, ਧਾਰੀਵਾਲ, ਕਾਦੀਆਂ ਅਤੇ ਦੀਨਾਨਗਰ, ਪਠਾਨਕੋਟ ਜ਼ਿਲ੍ਹੇ ਦੇ ਸੁਜਾਨਪੁਰ, ਜਲੰਧਰ ਜ਼ਿਲ੍ਹੇ ਦੇ ਨਕੋਦਰ, ਨੂਰਮਹਿਲ, ਫਿਲੌਰ, ਕਰਤਾਰਪੁਰ, ਅਲਾਵਲਪੁਰ, ਆਦਮਪੁਰ, ਲੋਹੀਆਂ ਅਤੇ ਮਹਿਤਪੁਰ, ਕਪੂਰਥਲਾ ਦੇ ਸੁਲਤਾਨਪੁਰ ਲੋਧੀ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ, ਮੁਕੇਰੀਆਂ, ਉੜਮੁੜ ਟਾਂਡਾ, ਗੜ੍ਹਸ਼ੰਕਰ, ਗੜ੍ਹਦੀਵਾਲਾ, ਹਰਿਆਣਾ ਅਤੇ ਸ਼ਾਮਚੁਰਾਸੀ, ਨਵਾਂਸ਼ਹਿਰ ਜ਼ਿਲ੍ਹੇ ਦੇ ਨਵਾਂਸ਼ਹਿਰ, ਬੰਗਾ ਅਤੇ ਰਾਹੋਂ, ਲੁਧਿਆਣਾ ਜ਼ਿਲ੍ਹੇ ਦੇ ਖੰਨਾ, ਜਗਰਾਉਂ, ਸਮਰਾਲਾ, ਰਾਏਕੋਟ, ਦੋਰਾਹਾ ਅਤੇ ਪਾਇਲ, ਰੂਪਨਗਰ ਜ਼ਿਲ੍ਹੇ ਦੇ ਰੂਪਨਗਰ, ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੰਗਲ, ਮੋਰਿੰਡਾ ਅਤੇ ਚਮਕੌਰ ਸਾਹਿਬ, ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਰਹਿੰਦ, ਫਤਿਹਗੜ੍ਹ ਸਾਹਿਬ, ਗੋਬਿੰਦਗੜ੍ਹ, ਬੱਸੀ ਪਠਾਣਾ ਅਤੇ ਖਮਾਣੋਂ, ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ, ਨਾਭਾ, ਸਮਾਣਾ, ਪਾਤੜਾਂ, ਸੰਗਰੂਰ ਜ਼ਿਲ੍ਹੇ ਵਿੱਚ ਮਾਲੇਰਕੋਟਲਾ, ਸੁਨਾਮ, ਅਹਿਮਦਗੜ੍ਹ, ਧੂਰੀ, ਲਹਿਰਾਗਾਗਾ, ਲੌਂਗੋਵਾਲ, ਅਮਰਗੜ੍ਹ ਅਤੇ ਭਵਾਨੀਗੜ੍ਹ, ਬਰਨਾਲਾ ਜ਼ਿਲ੍ਹੇ ਵਿੱਚ ਬਰਨਾਲਾ, ਤਪਾ, ਭਦੌੜ, ਧਨੌਲਾ, ਮੁਹਾਲੀ 'ਚ ਖਰੜ, ਜ਼ੀਰਕਪੁਰ, ਡੇਰਾਬੱਸੀ, ਕੁਰਾਲੀ, ਨਵਾਂਗਾਉਂ ਅਤੇ ਲਾਲੜੂ, ਬਠਿੰਡਾ ਜ਼ਿਲ੍ਹੇ 'ਚ ਭੁੱਚੋ ਮੰਡੀ, ਗੋਨਿਆਣਾ, ਮੌੜ, ਰਾਮਾ, ਕੋਟਫੱਤਾ, ਸੰਗਤ, ਕੋਠੇਗੁਰੂ, ਮਹਿਰਾਜ, ਕੋਟਸ਼ਮੀਰ, ਲਹਿਰਾ ਮੁਹੱਬਤ, ਭਾਈਰੂਪਾ, ਨਥਾਣਾ, ਮਲੂਕਾ ਅਤੇ ਭਗਤਾ ਭਾਈਕਾ, ਮਾਨਸਾ ਜ਼ਿਲ੍ਹੇ ਵਿੱਚ ਮਾਨਸਾ, ਬੁਢਲਾਡਾ, ਬਰੇਟਾ, ਬੋਹਾ ਅਤੇ ਜੋਗਾ, ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਮੁਕਤਸਰ, ਮਲੋਟ, ਗਿੱਦੜਬਾਹਾ, ਫਿਰੋਜ਼ਪੁਰ ਜ਼ਿਲ੍ਹੇ ਦੇ ਫਿਰੋਜ਼ਪੁਰ, ਗੁਰੂ ਹਰਸਹਾਏ, ਜ਼ੀਰਾ, ਤਲਵੰਡੀ ਭਾਈ, ਮੁਦਕੀ ਅਤੇ ਮਮਦੋਟ, ਫਾਜ਼ਿਲਕਾ ਜ਼ਿਲ੍ਹੇ ਵਿੱਚ ਫਾਜ਼ਿਲਕਾ ਅਤੇ ਜਲਾਲਾਬਾਦ, ਅਰਨੀਵਾਲਾ ਸ਼ੇਖ ਸੁਭਾਣ, ਫਰੀਦਕੋਟ ਜ਼ਿਲ੍ਹੇ 'ਚ ਫਰੀਦਕੋਟ, ਕੋਟਕਪੂਰਾ ਅਤੇ ਜੈਤੋ, ਮੋਗਾ ਜ਼ਿਲ੍ਹੇ ਦੇ ਬੱਧਨੀਕਲਾਂ, ਕੋਟ ਈਸੇ ਖਾਂ ਅਤੇ ਨਿਹਾਲ ਸਿੰਘ ਵਾਲਾ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕੌਂਸਲਰਾਂ ਦੀ ਚੋਣ ਲਈ ਵੋਟਾਂ ਪੈਣਗੀਆਂ।

ਉਨ੍ਹਾਂ ਦੱਸਿਆ ਕਿ ਸੂਬੇ ਦੇ ਦੋ ਨਗਰ ਪੰਚਾਇਤਾਂ/ਨਗਰ ਕੌਂਸਲਾਂ ਦੇ ਤਿੰਨ ਵਾਰਡਾਂ ਵਿਚ ਜ਼ਿਮਨੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਵਾਰਡ ਨੰ. 1 ਮਹਿਲਾਵਾਂ ਲਈ ਰਾਖਵਾਂ ਅਤੇ ਵਾਰਡ ਨੰ. 11 ਐਸ.ਸੀ. ਲਈ ਰਾਖਵੇਂ ਹਨ ਜਦਕਿ ਲੁਧਿਆਣਾ ਜ਼ਿਲ੍ਹੇ ਦੇ ਮੁੱਲਾਪੁਰ ਦਾਖਾ ਦੇ ਵਾਰਡ ਨੰ. 8 ਵਿਚ ਵੀ ਵੋਟਾਂ ਪੈਣਗੀਆਂ।

## ਪੰਜਾਬ 'ਚ ਵੋਟਰਾਂ ਦੀ ਗਿਣਤੀ 2.9 ਕਰੋੜ ਹੋਈ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਚੋਣ ਅਫਸਰ ਡਾ. ਐਸ ਕਰੁਣਾ ਰਾਜੂ ਨੇ ਆਨਲਾਈਨ ਮੀਟਿੰਗ ਦੌਰਾਨ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਵਿਚ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੌਰਾਨ 8 ਲੱਖ ਤੋਂ ਵੱਧ ਵੋਟਰਾਂ ਨੇ ਵੋਟਰ ਸੂਚੀਆਂ ਵਿਚ ਨਾਮ ਦਰਜ ਕਰਵਾਉਣ, ਕਟਵਾਉਣ ਜਾਂ ਦਰੁਸਤੀ ਲਈ ਫਾਰਮ ਭਰੇ ਸਨ ਜਿਸ ਉਪਰੰਤ ਮੁਕੰਮਲ ਹੋਈ ਸੁਧਾਈ ਸਦਕਾ ਸੂਬੇ ਵਿਚ 4.36 ਲੱਖ ਨਵੇਂ ਵੋਟਰ ਬਣੇ ਹਨ ਅਤੇ 1.71 ਲੱਖ ਵੋਟਾਂ ਕੱਟੀਆਂ ਗਈਆਂ ਹਨ ਜਿਸ ਨਾਲ ਪੰਜਾਬ ਰਾਜ ਵਿਚ ਵੋਟਰਾਂ ਦੀ ਗਿਣਤੀ 2.6 ਕਰੋੜ ਤੋਂ ਵੱਧ ਕੇ 2.9 ਕਰੋੜ ਹੋ ਗਈ ਹੈ। ਉਨ੍ਹਾਂ ਕਿਹਾ ਕਿ 25 ਜਨਵਰੀ ਨੂੰ ਪੂਰੇ ਸੂਬੇ ਵਿਚ ਕੌਮੀ ਵੋਟਰ ਦਿਵਸ ਮਨਾਇਆ ਜਾਵੇਗਾ।

## 5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਪਹਿਲਾਂ ਹੋ ਸਕਦੀਆਂ

**ਨਵੀਂ ਦਿੱਲੀ:** ਦੇਸ ਦੇ 5 ਸੂਬਿਆਂ ਵਿਚ ਅਪਰੈਲ-ਮਈ ਦੌਰਾਨ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਆਪਣੇ ਨਿਰਧਾਰਤ ਸਮੇਂ ਤੋਂ ਕੁਝ ਹਫਤੇ ਪਹਿਲਾਂ ਹੋ ਸਕਦੀਆਂ ਹਨ। ਚੋਣ ਕਮਿਸ਼ਨ ਦੇ ਸੂਤਰਾਂ ਅਨੁਸਾਰ ਚੋਣ ਕਮਿਸ਼ਨ ਵਲੋਂ ਅਪਰੈਲ 'ਚ ਬੋਰਡ ਦੀਆਂ ਪ੍ਰੀਖਿਆਵਾਂ ਦੇ ਮੱਦੇਨਜਰ ਤਰੀਕਾਂ ਦੇ ਟਕਰਾਅ ਤੋਂ ਬਚਣ ਲਈ ਇਨ੍ਹਾਂ ਚੋਣਾਂ ਦੀਆਂ ਅਗਾਉਂ ਤਿਆਰੀਆਂ ਬਾਰੇ ਵਿਚਾਰ ਕੀਤੀ ਜਾ ਰਹੀ ਹੈ ਅਤੇ ਚੋਣ ਕਮਿਸ਼ਨ ਫਰਵਰੀ ਦੇ ਮੱਧ 'ਚ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਸਕਦਾ ਹੈ। ਦੱਸਣਯੋਗ ਹੈ ਕਿ ਇਸ ਸਾਲ ਅਪਰੈਲ-ਮਈ ਵਿਚ 5 ਸੂਬਿਆਂ- ਆਸਾਮ, ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ ਤੇ ਪੁਡੂਚੇਰੀ 'ਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ।

## ਹਰੀਕੇ ਝੀਲ ਵਿਚ ਪਰਵਾਸੀ ਪੰਛੀਆਂ ਨੇ ਲਾਈ ਰੌਣਕ

**ਮੱਖੂ:** ਏਸ਼ੀਆ ਦੀਆਂ ਪ੍ਰਮੁੱਖ ਝੀਲਾਂ ਵਿਚੋਂ ਇਕ ਸਤਲੁਜ ਅਤੇ ਬਿਆਸ ਦੇ ਸੰਗਮ 'ਤੇ ਕਰੀਬ 86 ਕਿਲੋਮੀਟਰ ਦੇ ਇਲਾਕੇ ਵਿਚ ਫੈਲੀ ਹਰੀਕੇ ਝੀਲ ਵਿਚ ਇਸ ਸਾਲ ਹੁਣ ਤੱਕ ਇਕ ਲੱਖ ਦੇ ਕਰੀਬ ਪਰਵਾਸੀ ਪੰਛੀ ਪਹੁੰਚ ਚੁੱਕੇ ਹਨ।

ਜਿਕਰਯੋਗ ਹੈ ਕਿ ਠੰਢ ਦੇ ਮੌਸਮ ਵਿਚ ਵੱਡੀ ਗਿਣਤੀ ਪਰਵਾਸੀ ਪੰਛੀ ਹਜ਼ਾਰਾਂ ਕਿਲੋਮੀਟਰ ਦਾ ਫਾਸਲਾ ਤੈਅ ਕਰ ਕੇ ਇਸ ਝੀਲ 'ਤੇ ਪੁੱਜਦੇ ਹਨ। ਇਸ ਵਾਰ ਕਰੋਨਾ ਮਹਾਮਾਰੀ ਕਾਰਨ ਅਤੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਚੱਲ ਰਹੇ ਅੰਦੋਲਨ ਕਰ ਕੇ ਪੰਛੀ ਪ੍ਰੇਮੀਆਂ ਦੀ ਗਿਣਤੀ ਇਥੇ ਘੱਟ ਰਹੀ ਹੈ ਪਰ ਇਸ ਵਾਰ ਪਰਵਾਸੀ ਪੰਛੀ ਵੱਡੀ ਗਿਣਤੀ ਵਿਚ ਪੁੱਜੇ ਹਨ। ਮਾਹਿਰਾਂ ਵੱਲੋਂ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਇਥੇ ਠੰਢ ਦੇ ਮੌਸਮ ਵਿਚ ਪੰਛੀਆਂ ਦੀਆਂ ਤਿੰਨ ਸੌ ਤੋਂ ਜਿਆਦਾ



ਪ੍ਰਜਾਤੀਆਂ ਆਉਂਦੀਆਂ ਹਨ। ਇਹ ਪੰਛੀ ਮਾਰਚ ਤੋਂ ਪਹਿਲਾਂ ਵਾਪਸ ਚਲੇ ਜਾਂਦੇ ਹਨ। ਸਾਇਬੇਰੀਆ, ਰੂਸ, ਅਮਰੀਕਾ, ਕਜ਼ਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਆਉਣ ਵਾਲੇ ਇਨ੍ਹਾਂ ਪੰਛੀਆਂ ਵਿਚ ਕੂਟ, ਸ਼ਵਲਰ, ਪਿੰਨਟੇਲ, ਗਰੇਲੈਗ ਗੀਜ, ਬਾਰਹੈਡਿਡ, ਪਿੰਨਟੇਲ, ਗਰੇਵ, ਸਪੂਨਬਿਲ, ਰਿਵਰਟਰਨ, ਸੀਗਲ, ਲਾਰਜ ਕਰਿਸਟਲ ਗਰੇਵ, ਲਿਟਲ ਗਰੇਵ, ਰੂੜੀ ਸ਼ੈਲ, ਡੈਕ ਅਤੇ ਰੈਡ ਕਰਿਸਟਡ ਕੋਚਰ ਆਦਿ ਪ੍ਰਮੁੱਖ ਹਨ।

ਹਰੀਕੇ ਵਣ ਵਿਭਾਗ ਦੇ ਅਧਿਕਾਰੀ ਕਮਲਜੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਹੁਣ ਤਕ ਕਰੀਬ ਇਕ ਲੱਖ ਦੇ ਕਰੀਬ ਪਰਵਾਸੀ ਪੰਛੀ ਇਥੇ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ ਕਈ ਦਿਨਾਂ ਤੋਂ ਪਰਵਾਸੀ ਪੰਛੀਆਂ 'ਤੇ ਨਜਰ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਇਥੇ ਹੁਣ ਤਕ ਬਰਡ ਫਲੂ ਬਿਮਾਰੀ ਦੇ ਕੋਈ ਲੱਛਣ ਨਜਰ ਨਹੀਂ ਆਏ।

# ਸ਼੍ਰੋਮਣੀ ਅਕਾਲੀ ਦਲ ਵਿਚ ਬਾਗੀ ਸੁਰਾਂ ਹੋਰ ਤਿੱਖੀਆਂ ਹੋਈਆਂ

### *ਸਾਬਕਾ ਮੇਅਰ ਦੇ ਹੱਕ ਵਿਚ ਵੱਡੀ ਗਿਣਤੀ ਆਗੂਆਂ ਵੱਲੋਂ ਅਸਤੀਫੇ*

**ਮੁਹਾਲੀ:** ਪੰਜਾਬ ਵਿਚ ਨਗਰ ਨਿਗਮ ਤੇ ਨਗਰ ਕੌਂਸਲਾਂ ਚੋਣਾਂ ਦਾ ਐਲਾਨ ਹੁੰਦਿਆਂ ਹੀ ਸ਼ਹਿਰੀ ਖੇਤਰ 'ਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਮੁਹਾਲੀ ਦੇ ਸਾਬਕਾ ਮੇਅਰ ਕੁਲਵੰਤ ਸਿੰਘ ਨੂੰ ਪਾਰਟੀ ਨੂੰ ਬਾਹਰ ਕੱਢਣ ਦੇ ਰੋਸ ਵਜੋਂ ਉਨ੍ਹਾਂ (ਕੁਲਵੰਤ ਸਿੰਘ) ਦੇ ਸਾਥੀ ਕੌਂਸਲਰਾਂ ਤੇ ਸੀਨੀਅਰ ਆਗੂਆਂ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫੇ ਦੇ ਦਿੱਤੇ। ਹਾਲਾਂਕਿ ਕਾਲੇ ਖੇਤੀ ਕਾਨੂੰਨਾਂ ਅਤੇ ਬੇਅਦਬੀ ਮਾਮਲੇ ਨੂੰ ਲੈ ਕੇ ਪਹਿਲਾਂ ਹੀ ਅਕਾਲੀ ਦਲ ਨੂੰ ਯੋਗ ਉਮੀਦਵਾਰ ਨਹੀਂ ਮਿਲ ਰਹੇ ਸਨ ਤੇ ਜ਼ਿਆਦਾਤਰ ਸਾਬਕਾ ਕੌਂਸਲਰਾਂ ਨੇ ਪਾਰਟੀ ਨੂੰ ਆਜ਼ਾਦ ਚੋਣਾਂ ਲੜਨ ਦੀ ਸਲਾਹ ਦਿੱਤੀ ਗਈ ਸੀ ਪਰ ਹੁਣ ਵੱਡੀ ਗਿਣਤੀ ਵਿਚ ਆਗੂਆਂ ਵੱਲੋਂ ਅਸਤੀਫੇ ਦੇਣ ਨਾਲ ਅਕਾਲੀ ਦਲ ਲਈ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ।

ਅਸਤੀਫੇ ਦੇਣ ਤੋਂ ਪਹਿਲਾਂ ਸਮੂਹ ਆਗੂ ਇਥੋਂ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਚ ਨਤਮਸਤਕ ਹੋਏ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਅਸਤੀਫੇ ਦੇਣ ਵਾਲਿਆਂ ਵਿਚ ਜ਼ਿਲ੍ਹਾ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਕੁਲਦੀਪ ਕੌਰ ਕੰਗ, ਜ਼ਿਲ੍ਹਾ ਯੂਥ ਅਕਾਲੀ ਦਲ ਸ਼ਹਿਰੀ ਦੇ ਪ੍ਰਧਾਨ ਪਰਵਿੰਦਰ ਸਿੰਘ ਬੈਦਵਾਨ, ਬੀਸੀ ਸੈੱਲ ਦੇ ਜ਼ਿਲ੍ਹਾ



ਪ੍ਰਧਾਨ ਗੁਰਮੁੱਖ ਸਿੰਘ ਸੋਹਲ, ਯੂਥ ਵਿੰਗ ਮੁਹਾਲੀ ਸ਼ਹਿਰੀ ਦੇ ਪ੍ਰਧਾਨ ਹਰਮਨਜੀਤ ਸਿੰਘ ਕੁੰਭੜਾ, ਸਾਬਕਾ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਕਾਹਲੋਂ, ਤਹਿਸੀਲਦਾਰ (ਸੇਵਾਮੁਕਤ) ਅਮਰੀਕ ਸਿੰਘ, ਕਿਸਾਨ ਵਿੰਗ ਦੇ ਸੂਬਾ ਆਗੂ ਸੁਖਦੇਵ ਸਿੰਘ ਪਟਵਾਰੀ ਸਮੇਤ ਸੁਰਿੰਦਰ ਸਿੰਘ ਰੋਡਾ, ਆਰਪੀ ਸ਼ਰਮਾ, ਹਰਪਾਲ ਸਿੰਘ ਚੰਨਾ, ਉਪਿੰਦਰਪ੍ਰੀਤ ਕੌਰ ਗਿੱਲ, ਰਜਨੀ ਗੋਇਲ, ਰਮਨਪ੍ਰੀਤ ਕੌਰ ਕੁੰਭੜਾ, ਕਮਲਜੀਤ ਕੌਰ, ਰਜਿੰਦਰ ਕੌਰ ਕੁੰਭੜਾ, ਰਵਿੰਦਰ ਸਿੰਘ ਬਿੰਦਰਾ, ਫੂਲਰਾਜ ਸਿੰਘ, ਗੁਰਮੀਤ ਸਿੰਘ ਵਾਲੀਆ, ਗੁਰਮੀਤ ਕੌਰ, ਸਰਬਜੀਤ ਸਿੰਘ ਸਮਾਣਾ, ਕਰਮਜੀਤ ਕੌਰ, ਜਸਵੀਰ ਕੌਰ ਅੱਤਲੀ (ਸਾਰੇ ਸਾਬਕਾ ਕੌਂਸਲਰ) ਅਤੇ ਸੀਨੀਅਰ ਆਗੂ ਅਵਤਾਰ ਸਿੰਘ ਵਾਲੀਆ, ਹਰਮੇਸ਼ ਸਿੰਘ ਕੁੰਭੜਾ, ਜਸਪਾਲ ਸਿੰਘ ਮਟੌਰ, ਅਰੁਣ ਗੋਇਲ ਅਤੇ ਹਰਬਿੰਦਰ ਸਿੰਘ ਆਦਿ ਦੇ ਨਾਂ ਸ਼ਾਮਲ ਹਨ। ਇਸ ਮੌਕੇ ਫੂਲਰਾਜ ਸਿੰਘ, ਆਰਪੀ ਸ਼ਰਮਾ ਤੇ ਹਰਪਾਲ ਸਿੰਘ ਚੰਨਾ ਨੇ ਕਿਹਾ ਕਿ ਹਾਈ ਕਮਾਂਡ ਨੇ ਸਾਬਕਾ ਮੇਅਰ ਕੁਲਵੰਤ ਸਿੰਘ ਨੂੰ ਪਾਰਟੀ 'ਚੋਂ ਕੱਢ ਕੇ ਦੂਜੀ ਵੱਡੀ ਗਲਤੀ ਕੀਤੀ ਹੈ। ਇਸ ਤੋਂ ਪਹਿਲਾਂ ਪਿਛਲੀਆਂ ਨਗਰ ਨਿਗਮ ਚੋਣਾਂ ਵੇਲੇ ਕੁਲਵੰਤ ਸਿੰਘ ਨੂੰ ਅਣਗੌਲਿਆ ਕਰਕੇ ਟਿਕਟਾਂ ਦੀ ਵੰਡ ਕੀਤੀ ਗਈ ਸੀ ਜਿਸ ਦਾ ਉਦੋਂ ਹੀ ਪਾਰਟੀ ਨੂੰ ਨੁਕਸਾਨ ਝੱਲਣਾ ਪਿਆ ਸੀ। ਇਸ ਕਾਰਨ ਪਾਰਟੀ ਵਰਕਰਾਂ ਵਿਚ ਭਾਰੀ ਰੋਸ ਹੈ। ਦੱਸ ਦਈਏ ਕਿ ਪਿਛਲੇ ਕੁਝ ਦਿਨਾਂ ਤੋਂ ਨਗਰ ਨਿਗਮ ਮੁਹਾਲੀ ਲਈ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਚੱਲ ਰਹੇ ਰੇੜਕੇ ਦੌਰਾਨ ਸਾਬਕਾ ਮੇਅਰ ਅਤੇ ਪੰਜਾਬ ਦੇ ਪ੍ਰਸਿੱਧ ਬਿਲਡਰ ਜਨਤਾ ਲੈਂਡ ਪ੍ਰਮੋਟਰ ਦੇ ਐਮ.ਡੀ. ਕੁਲਵੰਤ ਸਿੰਘ ਦੀ ਅਗਵਾਈ ਹੇਠ ਸਥਾਨਕ ਸਾਬਕਾ ਕੌਂਸਲਰਾਂ ਅਤੇ ਕਈ ਹੋਰਨਾਂ ਅਹੁਦੇਦਾਰਾਂ ਵਲੋਂ ਨਿਗਮ ਚੋਣਾਂ ਲੜਨ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਜਿਲ੍ਹਾ ਮੁਹਾਲੀ ਦੇ ਅਬਜਰਵਰ ਪ੍ਰੇਮ ਸਿੰਘ ਚੰਦੂਮਾਜਰਾ ਵਲੋਂ ਦਿੱਤੀ ਗਈ ਰਿਪੋਰਟ ਦੇ ਆਧਾਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਅਹਿਮ ਫੈਸਲਾ ਲੈਂਦਿਆਂ ਨਗਰ ਨਿਗਮ ਮੁਹਾਲੀ ਦੇ ਸਾਬਕਾ ਮੇਅਰ ਕੁਲਵੰਤ ਸਿੰਘ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ। ਇਸ ਸਬੰਧੀ ਬਕਾਇਦਾ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਵਲੋਂ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਕੁਲਵੰਤ ਸਿੰਘ ਵਲੋਂ ਪਾਰਟੀ ਦਾ ਅਨੁਸ਼ਾਸਨ ਭੰਗ ਕੀਤੇ ਜਾਣ ਕਾਰਨ ਹੀ ਇਹ ਫੈਸਲਾ ਲਿਆ ਗਿਆ ਹੈ।

## ਕਈ ਮੰਤਰੀ, ਵਿਧਾਇਕ ਸਾਡੇ ਸੰਪਰਕ 'ਚ: ਸੁਖਬੀਰ

**ਤਰਨਤਾਰਨ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਕ ਰਾਜੇ ਦੀ ਤਰ੍ਹਾਂ ਪੰਜਾਬ ਉਪਰ ਰਾਜ ਕਰ ਰਹੇ ਹਨ ਅਤੇ ਉਹ ਆਪਣੇ ਮੋਬਾਈਲ ਉਪਰ ਹੀ ਸਰਕਾਰ ਚਲਾਉਣ ਨੂੰ ਤਰਜੀਹ ਦੇ ਰਹੇ ਹਨ। ਪਿਛਲੇ ਦਿਨੀਂ ਇਕ ਆਜਾਦ ਸਰਵੇਖਣ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੂੰ ਦੇਸ ਦੇ ਸਭ ਤੋਂ ਮਾੜੇ ਮੁੱਖ ਮੰਤਰੀ ਵਜੋਂ ਚੁਣਿਆ ਗਿਆ ਹੈ। ਕਾਂਗਰਸ ਸਰਕਾਰ ਦੇ ਰਾਜ ਦੇ ਅਖੀਰਲੇ ਸਾਲ ਦੌਰਾਨ ਹੀ ਪੰਜਾਬ ਦੇ ਕਈ ਮੌਜੂਦਾ ਮੰਤਰੀ, ਵਿਧਾਇਕ, ਸਾਬਕਾ ਵਿਧਾਇਕ ਅਤੇ ਹੋਰਨਾਂ ਪਾਰਟੀਆਂ ਦੇ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਲਈ ਉਨ੍ਹਾਂ ਦੇ ਸੰਪਰਕ 'ਚ ਹਨ। ਕਾਂਗਰਸ ਦੇ ਕਈ ਮੰਤਰੀ, ਵਿਧਾਇਕ, ਸਾਬਕਾ ਵਿਧਾਇਕਾਂ ਤੋਂ ਇਲਾਵਾ ਹੋਰਨਾਂ ਪਾਰਟੀਆਂ ਦੇ ਆਗੂ ਵੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਕਰਨ ਲਈ ਉਨ੍ਹਾਂ ਦੇ ਸੰਪਰਕ 'ਚ ਹਨ ਅਤੇ ਮਾਰਚ ਮਹੀਨੇ ਤੋਂ ਬਾਅਦ ਵੱਡੀ ਗਿਣਤੀ ਵਿਚ ਵੱਖ-ਵੱਖ ਪਾਰਟੀਆਂ ਦੇ ਆਗੂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕਰਨਗੇ।

# ਕਰੋਨਾ ਵਾਇਰਸ ਵੈਕਸੀਨ ਦੀ ਭਰੋਸੇਯੋਗਤਾ ਨੂੰ ਲੈ ਕੇ ਉਠੇ ਸਵਾਲ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਟੀਕਾਕਰਨ ਦੀ ਮੁਹਿੰਮ ਸ਼ੁਰੂ ਹੋ ਗਈ ਹੈ। ਮੁਹਿੰਮ ਦੇ ਪਹਿਲੇ ਹੀ ਦਿਨ ਇਸ ਦੀ ਭਰੋਸੇਯੋਗਤਾ ਨੂੰ ਲੈ ਕੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ, ਜਿਥੇ ਸਰਕਾਰ ਇਸ ਨੂੰ ਸੰਜੀਵਨੀ ਬੂਟੀ ਦਾ ਦਰਜਾ ਦੇ ਰਹੀ ਹੈ, ਦੂਜੀ ਉਥੇ ਕਾਂਗਰਸ ਨੇ ਸ਼ਬਦੀ ਹਮਲਾ ਕਰਦਿਆਂ ਤੀਸਰੇ ਪੜਾਅ ਦੇ ਕਲੀਨਿਕਲ ਟਰਾਇਲ ਤੋਂ ਬਿਨਾਂ ਵੈਕਸੀਨ ਨੂੰ ਐਮਰਜੈਂਸੀ ਪ੍ਰਵਾਨਗੀ ਦੇਣ 'ਤੇ ਸਵਾਲ ਚੁੱਕੇ ਹਨ। ਕਾਂਗਰਸੀ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਦੁਨੀਆ ਦੇ ਹਰ ਦੇਸ ਜਿਥੇ ਟੀਕਾਕਰਨ ਸ਼ੁਰੂ ਹੋਇਆ ਹੈ, ਉਥੇ ਆਗੂਆਂ ਨੇ ਪਹਿਲਾਂ ਟੀਕਾ ਲਗਵਾਇਆ ਹੈ, ਤਾਂ ਜੋ ਲੋਕਾਂ 'ਚ ਭਰੋਸਾ ਪੈਦਾ ਹੋ ਸਕੇ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਜੋ ਬਾਈਡਨ ਅਤੇ ਚੁਣੀ ਗਈ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੈਕਸੀਨ ਲਗਵਾਈ ਹੈ, ਬਰਤਾਨੀਆ 'ਚ ਮਹਾਰਾਣੀ ਐਲਿਜਾਬੈੱਥ-(ਦੂਜੀ) ਅਤੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਵੀ ਟੀਕਾ ਲਗਵਾਇਆ ਹੈ, ਫਿਰ ਭਾਰਤ 'ਚ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕੀ। ਦੂਜੇ ਪਾਸੇ ਸਿਹਤ ਮੰਤਰੀ ਡਾ। ਹਰਸ਼ ਵਰਧਨ ਨੇ ਕਰੋਨਾ ਵੈਕਸੀਨ ਨੂੰ ਸੰਜੀਵਨੀ ਦੱਸਦਿਆਂ ਕਿਹਾ ਕਿ ਭਾਰਤ ਕੋਵਿਡ-19 ਖਿਲਾਫ ਜੰਗ ਜਿੱਤਣ ਦੇ ਫੈਸਲਾਕੁੰਨ ਦੌਰ 'ਚ ਪਹੁੰਚ ਚੁੱਕਾ ਹੈ। ਉਨ੍ਹਾਂ ਲੋਕਾਂ ਨੂੰ ਅਫਵਾਹਾਂ ਉਤੇ ਧਿਆਨ ਨਾ ਦੇਣ ਅਤੇ ਸਾਇੰਸਦਾਨਾਂ ਅਤੇ ਮਾਹਿਰਾਂ ਉਤੇ ਭਰੋਸਾ ਰੱਖਣ ਦੀ ਸਲਾਹ ਦਿੱਤੀ।

ਦੱਸ ਦਈਏ ਕਿ ਕਰੋਨਾ ਵਾਇਰਸ ਮਹਾਮਾਰੀ ਖਿਲਾਫ ਵਿਸ਼ਵ ਦੀ ਸਭ ਤੋਂ ਵੱਡੀ



ਟੀਕਾਕਰਨ ਮੁਹਿੰਮ ਭਾਰਤ ਵਿਚ ਸ਼ੁਰੂ ਹੋ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਲੋਕਾਂ ਨੂੰ ਕਰੋਨਾ ਵੈਕਸੀਨ ਬਾਰੇ ਅਫਵਾਹਾਂ ਤੋਂ ਬਚਣ ਦੀ ਸਲਾਹ ਦਿੱਤੀ। ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਅਪੀਲ ਕੀਤੀ ਕਿ ਟੀਕਾ ਲੱਗਣ ਦੇ ਬਾਵਜੂਦ ਉਹ ਕਰੋਨਾ ਖਿਲਾਫ ਕਿਸੇ ਤਰ੍ਹਾਂ ਦੀ ਢਿੱਲ ਨਾ ਵਰਤਣ। ਟੀਕਾਕਰਨ ਦੇ ਪਹਿਲੇ ਦਿਨ ਦੇਸ਼ ਭਰ ਵਿਚ ਵੱਖ-ਵੱਖ ਮੈਡੀਕਲ ਸੈਂਟਰਾਂ 'ਤੇ ਡਾਕਟਰਾਂ ਤੇ ਨਰਸਾਂ ਤੋਂ ਇਲਾਵਾ ਸਿਹਤ ਸੰਭਾਲ 'ਚ ਲੱਗੇ ਮੂਹਰਲੀ ਕਤਾਰ ਦੇ ਵਰਕਰਾਂ ਨੂੰ ਭਾਰਤ ਵਿਚ ਹੀ ਨਿਰਮਤ ਕਰੋਨਾ ਦੇ ਟੀਕੇ (ਕੋਵੀਸ਼ੀਲਡ ਤੇ ਕੋਵੈਕਸੀਨ) ਲਗਾਏ ਗਏ। ਸਿਹਤ ਕਾਮਿਆਂ ਤੋਂ ਇਲਾਵਾ ਏਮਸ ਦੇ ਡਾਇਰੈਕਟਰ ਰਣਦੀਪ ਗੁਲੇਰੀਆ, ਨੀਤੀ ਆਯੋਗ ਦੇ ਮੈਂਬਰ ਵੀ.ਕੇ.ਪੌਲ, ਭਾਰਤੀ ਸੀਰਮ ਇੰਸਟੀਚਿਊਟ ਦੇ ਸੀਈਓ ਅਦਾਰ ਪੂਨਾਵਾਲਾ, ਭਾਜਪਾ ਦੇ ਸੰਸਦ ਮੈਂਬਰ ਮਹੇਸ਼ ਸ਼ਰਮਾ ਤੇ ਪੱਛਮੀ ਬੰਗਾਲ ਦੇ ਮੰਤਰੀ ਨਿਰਮਲ ਮਾਜੀ ਨੇ ਪਹਿਲੇ ਦਿਨ ਕਰੋਨਾ ਵੈਕਸੀਨ ਦੀ ਪਹਿਲੀ ਖੁਰਾਕ ਲਵਾਈ। ਚੇਤੇ ਰਹੇ ਕਿ ਭਾਰਤੀ ਡਰੱਗ ਕੰਟਰੋਲਰ ਨੇ ਇਸ ਮਹੀਨੇ ਦੀ ਸ਼ੁਰੂਆਤ ਵਿਚ ਭਾਰਤ ਵਿਚ ਨਿਰਮਤ ਦੋ ਵੈਕਸੀਨਾਂ ਕੋਵੀਸ਼ੀਲਡ ਤੇ ਕੋਵੈਕਸੀਨ ਦੀ ਹੰਗਾਮੀ ਹਾਲਾਤ 'ਚ ਵਰਤੋਂ ਲਈ ਹਰੀ ਝੰਡੀ ਦੇ ਦਿੱਤੀ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟੀਕਾਕਰਨ ਮੁਹਿੰਮ ਦੇ ਰਸਮੀ ਆਗਾਜ਼ ਤੋਂ ਪਹਿਲਾਂ ਰਾਸ਼ਟਰ ਨੂੰ ਆਪਣੇ ਸੰਬੋਧਨ ਵਿਚ ਚੇਤੇ ਕਰਵਾਇਆ ਕਿ ਵੈਕਸੀਨ ਦੀਆਂ ਦੋ ਖੁਰਾਕਾਂ ਬਹੁਤ ਜਰੂਰੀ ਹਨ। ਉਨ੍ਹਾਂ ਲੋਕਾਂ ਨੂੰ ਚੌਕਸ ਕੀਤਾ ਕਿ ਟੀਕੇ ਦੀਆਂ ਖੁਰਾਕਾਂ ਲਗਵਾਉਣ ਦੇ ਬਾਵਜੂਦ ਉਹ ਮੂੰਹ 'ਤੇ ਮਾਸਕ ਤੇ ਸਮਾਜਿਕ ਦੂਰੀ ਜਿਹੇ ਨੇਮਾਂ ਦੀ ਪਾਲਣਾ ਨੂੰ ਪਹਿਲਾਂ ਵਾਂਗ ਯਕੀਨੀ ਬਣਾਉਣ। ਸ੍ਰੀ ਮੋਦੀ ਨੇ ਲੋਕਾਂ ਨੂੰ ਮੁੜ ਭਰੋਸਾ ਦਿਵਾਇਆ ਕਿ ਭਾਰਤ ਵਿੱਚ ਬਣੀਆਂ ਇਨ੍ਹਾਂ ਦੋਵਾਂ ਵੈਕਸੀਨਾਂ ਨੂੰ ਵਿਗਿਆਨੀਆਂ ਵੱਲੋਂ ਨਿਰਧਾਰਿਤ ਸੁਰੱਖਿਆ ਤੇ ਹੋਰਨਾਂ ਮਾਪਦੰਡਾਂ 'ਤੇ ਖਰਾ ਉਤਰਨ ਮਗਰੋਂ ਹੀ ਐਮਰਜੈਂਸੀ 'ਚ ਵਰਤੋਂ ਲਈ ਪ੍ਰਵਾਨਗੀ ਦਿੱਤੀ ਗਈ ਹੈ।

## ਟੀਕਾਕਰਨ ਮੁਹਿੰਮ ਵਿਚ ਸ਼ਾਮਲ ਹੋਣ ਤੋਂ ਨਾਂਹ

**ਨਵੀਂ ਦਿੱਲੀ:** ਰਾਮ ਮਨੋਹਰ ਲੋਹੀਆ ਹਸਪਤਾਲ ਦੀ ਰੈਜੀਡੈਂਟਸ ਡਾਕਟਰਜ ਐਸੋਸੀਏਸ਼ਨ (ਆਰ.ਡੀ.ਏ.) ਨੇ ਕਰੋਨਾ ਖਿਲਾਫ ਟੀਕਾਕਰਨ ਮੁਹਿੰਮ ਦੇ ਪਹਿਲੇ ਦਿਨ ਭਾਰਤ ਵਿਚ ਹੀ ਨਿਰਮਤ 'ਕੋਵੈਕਸੀਨ' ਦੇ ਟੀਕੇ ਬਾਰੇ ਖਦਸ਼ਾ ਜਾਹਿਰ ਕਰਦਿਆਂ ਇਸ ਮੁਹਿੰਮ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਹੈ। ਐਸੋਸੀਏਸ਼ਨ ਨੇ ਮੈਡੀਕਲ ਸੁਪਰਡੈਂਟ ਨੂੰ ਲਿਖੇ ਪੱਤਰ 'ਚ ਕਿਹਾ ਕਿ 'ਕੋਵੈਕਸੀਨ' ਦਾ ਤੀਜੇ ਗੇੜ ਦਾ ਟਰਾਇਲ ਮੁਕੰਮਲ ਨਾ ਹੋਣ ਨੂੰ ਲੈ ਕੇ ਉਠੇ ਖ਼ਦਸ਼ਿਆਂ ਦਰਮਿਆਨ ਰੈਜੀਡੈਂਟਸ ਡਾਕਟਰ ਥੋੜ੍ਹੇ ਫਿਕਰਮੰਦ ਹਨ, ਲਿਹਾਜ਼ਾ ਉਨ੍ਹਾਂ ਨੂੰ ਇਸ ਦੀ ਥਾਂ ਆਕਸਫੋਰਡ ਵੱਲੋਂ ਤਿਆਰ ਕੋਵਿਡ-19 ਦਾ ਭਾਰਤੀ ਵੇਰੀਐਂਟ ਕੋਵੀਸ਼ੀਲਡ ਹੀ ਲਗਾਇਆ ਜਾਵੇ।'

## ਉਲਟ ਅਸਰ ਹੋਣ 'ਤੇ ਮੁਆਵਜ਼ਾ ਦੇਵੇਗੀ ਭਾਰਤ ਬਾਇਓਟੈੱਕ

**ਹੈਦਰਾਬਾਦ:** ਭਾਰਤ ਬਾਇਓਟੈੱਕ, ਜਿਸ ਨੂੰ ਕੋਵਿਡ-19 ਟੀਕੇ 'ਕੋਵੈਕਸੀਨ' ਦੀਆਂ 55 ਲੱਖ ਖੁਰਾਕਾਂ ਦੀ ਸਪਲਾਈ ਲਈ ਸਰਕਾਰੀ ਖਰੀਦ ਦਾ ਆਰਡਰ ਮਿਲਿਆ ਹੈ, ਨੇ ਕਿਹਾ ਕਿ ਕੰਪਨੀ ਦਾ ਟੀਕਾ ਲਗਵਾਉਣ ਤੋਂ ਬਾਅਦ ਜੇ ਕਿਸੇ ਨੂੰ ਕੋਈ ਗੰਭੀਰ ਸਮੱਸਿਆ ਪੇਸ਼ ਆਉਂਦੀ ਹੈ ਤਾਂ ਕੰਪਨੀ ਉਸ ਨੂੰ ਮੁਆਵਜ਼ਾ ਦੇਵੇਗੀ। ਟੀਕਾ ਲਗਵਾਉਣ ਵਾਲਿਆਂ ਤੋਂ ਦਸਤਖਤ ਕਰਵਾਏ ਜਾਣ ਵਾਲੇ ਸਹਿਮਤੀ ਪੱਤਰ ਵਿਚ ਭਾਰਤ ਬਾਇਓਟੈੱਕ ਨੇ ਕਿਹਾ, ''ਕੋਈ ਵੀ ਮਾੜਾ ਜਾਂ ਗੰਭੀਰ ਅਸਰ ਹੋਣ ਦੀ ਸਥਿਤੀ ਵਿਚ ਤੁਹਾਨੂੰ ਸਰਕਾਰ ਵੱਲੋਂ ਨਿਰਧਾਰਿਤ ਅਤੇ ਅਧਿਕਾਰਤ ਕੇਂਦਰਾਂ/ ਹਸਪਤਾਲਾਂ ਵਿਚ ਡਾਕਟਰੀ ਸਹਾਇਤਾ ਦਿੱਤੀ ਜਾਵੇਗੀ।''

# ਘਰੇਲੂ ਸਿਆਸਤ 'ਚ ਕਿਸੇ ਬਾਹਰਲੇ ਦਾ ਦਖਲ ਬਰਦਾਸ਼ਤ ਨਹੀਂ: ਨੇਪਾਲ

**ਨਵੀਂ ਦਿੱਲੀ:** ਨੇਪਾਲ ਦੇ ਵਿਦੇਸ਼ ਮੰਤਰੀ ਨੇ ਪ੍ਰਦੀਪ ਕੁਮਾਰ ਗਿਆਵਲੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਆਪਣੀ ਘਰੇਲੂ ਸਿਆਸਤ ਵਿਚ ਕਿਸੇ ਬਾਹਰਲੇ ਦਾ ਦਖਲ ਬਰਦਾਸ਼ਤ ਨਹੀਂ ਕਰੇਗਾ।

ਇਸੇ ਦੌਰਾਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਨੇਪਾਲ ਦੇ ਵਿਦੇਸ਼ ਮੰਤਰੀ ਪ੍ਰਦੀਪ ਕੁਮਾਰ ਗਿਆਵਲੀ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਭਾਰਤ ਅਤੇ ਨੇਪਾਲ ਦੇ ਰਿਸ਼ਤੇ ਨਵੀਆਂ ਉਚਾਈਆਂ ਛੂਹ ਸਕਦੇ ਹਨ ਤੇ ਇਸ ਦੀ ਕੋਈ ਸੀਮਾ ਨਹੀਂ ਹੈ।

ਨੇਪਾਲ ਦੇ ਵਿਦੇਸ਼ ਮੰਤਰੀ ਨੇ ਪ੍ਰਦੀਪ ਕੁਮਾਰ ਗਿਆਵਲੀ ਨੇ ਕਿਹਾ ਕਿ ਨੇਪਾਲ ਆਪਣੀਆਂ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣ ਦੇ ਸਮਰੱਥ ਹੈ। ਦੱਸਣਯੋਗ ਹੈ ਕਿ ਨੇਪਾਲ ਵਿਚ ਸੰਸਦ ਭੰਗ ਹੋਣ ਤੋਂ ਬਾਅਦ ਸਿਆਸੀ ਉਥਲ-ਪੁਥਲ ਦਾ ਮਾਹੌਲ ਹੈ ਤੇ ਚੀਨ 'ਤੇ ਮੁਲਕ ਦੀ ਅੰਦਰੂਨੀ ਸਿਆਸਤ ਵਿਚ ਦਖਲਅੰਦਾਜੀ ਦੇ ਦੋਸ਼ ਲਾਏ ਜਾ ਰਹੇ ਹਨ।

ਨੇਪਾਲ ਦੇ ਵਿਦੇਸ਼ ਮੰਤਰੀ ਤੇ ਵਿਦੇਸ਼ ਸਕੱਤਰ ਭਾਰਤ ਰਾਜ ਪੌਡਿਆਲ ਭਾਰਤ ਦੇ ਤਿੰਨ ਦਿਨਾਂ ਦੌਰੇ 'ਤੇ ਆਏ ਸਨ। ਦੋਵਾਂ ਨੇ ਭਾਰਤੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਮੁਲਾਕਾਤ ਕੀਤੀ ਸੀ। ਰਾਜਨਾਥ ਨੇ ਕਿਹਾ ਕਿ ਭਾਰਤ ਦੇ ਨੇਪਾਲ ਨਾਲ ਰਿਸ਼ਤੇ ਸਿਰਫ ਸਰਕਾਰਾਂ ਤੱਕ ਸੀਮਤ ਨਹੀਂ ਹਨ ਬਲਕਿ ਦੋਵਾਂ ਮੁਲਕਾਂ ਦੇ ਲੋਕ ਇਨ੍ਹਾਂ ਦਾ ਅਧਾਰ ਹਨ। ਭਾਰਤ ਤੇ ਨੇਪਾਲ ਦੇ ਵਿਦੇਸ਼ ਮੰਤਰੀਆਂ ਨੇ ਮੁਲਾਕਾਤ ਵਿਚ ਦੁਵੱਲੇ ਸਬੰਧਾਂ ਨਾਲ ਜੁੜੇ ਸਾਰੇ ਪੱਖਾਂ 'ਤੇ ਲੰਮੀ ਵਿਚਾਰ-ਚਰਚਾ ਕੀਤੀ।

# ਵ੍ਹੱਟਸਐਪ ਨੇ ਨਵੀਂ ਨਿੱਜਤਾ ਨੀਤੀ ਨੂੰ ਤਿੰਨ ਮਹੀਨਿਆਂ ਲਈ ਟਾਲਿਆ

**ਹਿਊਸਟਨ:** ਵ੍ਹੱਟਸਐਪ ਨੇ ਆਪਣੀ ਨਵੀਂ ਨਿੱਜਤਾ ਨੀਤੀ 'ਚ ਬਦਲਾਅ ਨੂੰ ਅਗਲੇ ਤਿੰਨ ਮਹੀਨਿਆਂ ਲਈ ਟਾਲ ਦਿੱਤਾ ਹੈ। ਇਸ ਨੀਤੀ ਨੂੰ ਲੈ ਕੇ ਵ੍ਹੱਟਸਐਪ ਨੂੰ ਭਾਰਤ ਸਮੇਤ ਆਲਮੀ ਪੱਧਰ 'ਤੇ ਲੱਖਾਂ ਲੋਕਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਕਈ ਯੂਜਰਸ ਨੇ ਤਾਂ ਵ੍ਹੱਟਸਐਪ ਛੱਡ ਕੇ ਸਿਗਨਲ ਅਤੇ ਟੈਲੀਗ੍ਰਾਮ ਜਿਹੇ ਪਲੇਟਫਾਰਮਸ ਚੁਣ ਲਏ ਸਨ।

ਫੇਸਬੁੱਕ ਦੀ ਮਾਲਕੀ ਵਾਲੀ ਕੰਪਨੀ ਨੇ ਕਿਹਾ ਕਿ ਉਨ੍ਹਾਂ ਨੀਤੀ 'ਚ ਬਦਲਾਅ 8 ਫਰਵਰੀ ਤੋਂ ਕਰਨਾ ਸੀ ਪਰ ਹੁਣ ਵ੍ਹੱਟਸਐਪ ਨੇ ਇਹ ਫੈਸਲਾ 15 ਮਈ ਤੱਕ ਟਾਲ ਦਿੱਤਾ ਹੈ। ਕੰਪਨੀ ਨੇ ਕਿਹਾ ਹੈ ਕਿ 8 ਫਰਵਰੀ ਨੂੰ ਕਿਸੇ ਦਾ ਖਾਤਾ ਮੁਅੱਤਲ ਜਾਂ ਹਟਾਇਆ ਨਹੀਂ ਜਾਵੇਗਾ ਅਤੇ ਇਹ ਪਹਿਲਾਂ ਵਾਂਗ ਕੰਮ ਕਰਦਾ ਰਹੇਗਾ। ਵ੍ਹੱਟਸਐਪ ਨੇ ਸਪੱਸ਼ਟ ਕੀਤਾ ਹੈ ਕਿ ਨਵੀਂ ਨੀਤੀ ਨਾਲ ਕਿਸੇ ਦੇ ਡੇਟਾ ਨੂੰ ਫੇਸਬੁੱਕ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ।

ਕੰਪਨੀ ਨੇ ਬਲੌਗ 'ਚ ਕਿਹਾ ਹੈ ਕਿ ਵ੍ਹੱਟਸਐਪ ਦੀ ਨੀਤੀ 'ਚ ਬਦਲਾਅ ਬਾਰੇ ਪਿਛਲੇ ਕੁਝ ਸਮੇਂ ਤੋਂ ਗੁੰਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਜੋ ਚਿੰਤਾ ਦਾ ਵਿਸ਼ਾ ਹੈ ਅਤੇ ਉਹ ਚਾਹੁੰਦੇ ਹਨ ਕਿ ਸਾਰੇ ਲੋਕ ਵ੍ਹੱਟਸਐਪ ਦੇ ਸਿਧਾਂਤਾਂ ਅਤੇ ਤੱਥਾਂ ਨੂੰ ਸਮਝਣ। 'ਵ੍ਹੱਟਸਐਪ ਇਕ ਸਾਧਾਰਨ ਵਿਚਾਰ ਨਾਲ ਬਣਿਆ ਸੀ ਕਿ ਲੋਕ ਜੋ ਕੁਝ ਵੀ ਆਪਣੇ ਦੋਸਤਾਂ ਅਤੇ ਪਰਿਵਾਰਾਂ ਨਾਲ ਸਾਂਝਾ ਕਰਦੇ ਹਨ, ਉਹ ਉਨ੍ਹਾਂ ਵਿਚਕਾਰ ਹੀ ਰਹੇਗਾ। ਇਸ ਤੋਂ ਇਹ ਭਾਵ ਹੈ ਕਿ ਅਸੀਂ ਨਿੱਜੀ ਗੱਲਬਾਤ ਨੂੰ ਹਮੇਸ਼ਾ ਸੁਰੱਖਿਅਤ ਰੱਖਾਂਗੇ ਅਤੇ ਕਿਸੇ ਨੂੰ ਇਸ ਦੀ ਜਾਣਕਾਰੀ ਨਹੀਂ ਦਿੱਤੀ ਜਾਵੇਗੀ।' ਉਨ੍ਹਾਂ ਕਿਹਾ ਕਿ ਨਾ ਤਾਂ ਵ੍ਹੱਟਸਐਪ ਅਤੇ ਨਾ ਹੀ ਫੇਸਬੁੱਕ ਇਨ੍ਹਾਂ ਪ੍ਰਾਈਵੇਟ ਸੁਨੇਹਿਆਂ ਨੂੰ ਦੇਖ ਸਕਦਾ ਹੈ।

## ਸੰਸਦ ਦਾ ਬਜਟ ਸੈਸ਼ਨ 29 ਤੋਂ




**ਨਵੀਂ ਦਿੱਲੀ:** ਸੰਸਦ ਦਾ ਬਜਟ ਸੈਸ਼ਨ 29 ਜਨਵਰੀ ਤੋਂ ਸ਼ੁਰੂ ਹੋਵੇਗਾ। ਇਸ ਦੌਰਾਨ ਵਿੱਤੀ ਵਰ੍ਹੇ 2021-22 ਦਾ ਬਜਟ ਪਹਿਲੀ ਫਰਵਰੀ ਨੂੰ ਸਵੇਰੇ 11 ਵਜੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਸੰਸਦ ਵਿਚ ਪੇਸ਼ ਕੀਤਾ ਜਾਵੇਗਾ। ਦੋ ਹਿੱਸਿਆਂ ਵਿਚ ਹੋਣ ਵਾਲਾ ਇਹ ਬਜਟ ਸੈਸ਼ਨ 8 ਅਪਰੈਲ ਤੱਕ ਚੱਲੇਗਾ। ਪਹਿਲਾ ਸੈਸ਼ਨ 29 ਜਨਵਰੀ ਤੋਂ ਸ਼ੁਰੂ ਹੋ ਕੇ 15 ਫਰਵਰੀ ਤੱਕ ਅਤੇ ਦੂਜਾ ਸੈਸ਼ਨ 8 ਮਾਰਚ ਤੋਂ 8 ਅਪਰੈਲ ਤੱਕ ਚੱਲੇਗਾ। ਰਾਸ਼ਟਰਪਤੀ ਰਾਮਨਾਥ ਕੋਵਿੰਦ 29 ਜਨਵਰੀ ਨੂੰ ਸਵੇਰੇ 11 ਵਜੇ ਸੰਸਦ ਦੇ ਦੋਹਾਂ ਸਦਨਾਂ ਨੂੰ ਸੰਬੋਧਨ ਕਰਨਗੇ। ਵੱਖ-ਵੱਖ ਸਟੈਂਡਿੰਗ ਕਮੇਟੀਆਂ ਨੂੰ ਮੰਤਰਾਲਿਆਂ ਤੇ ਵਿਭਾਗਾਂ ਦੀਆਂ ਗਰਾਂਟਾਂ ਸਬੰਧੀ ਰਿਪੋਰਟਾਂ ਤਿਆਰ ਕਰਨ ਦਾ ਸਮਾਂ ਦੇਣ ਲਈ 15 ਫਰਵਰੀ ਨੂੰ ਸੰਸਦ ਦੀ ਕਾਰਵਾਈ ਮੁਲਤਵੀ ਕੀਤੀ ਜਾਵੇਗੀ ਅਤੇ 8 ਮਾਰਚ ਨੂੰ ਮੁੜ ਸ਼ੁਰੂ ਕੀਤੀ ਜਾਵੇਗੀ।

## ਪੀਐਮ-ਕੇਅਰਜ: ਸਾਬਕਾ ਨੌਕਰਸ਼ਾਹਾਂ ਨੇ ਮੋਦੀ ਨੂੰ ਲਿਖੀ ਖੁੱਲ੍ਹੀ ਚਿੱਠੀ

**ਨਵੀਂ ਦਿੱਲੀ:** ਸਾਬਕਾ ਸਿਵਲ ਸੇਵਾ ਅਧਿਕਾਰੀਆਂ ਦੇ ਇਕ ਸਮੂਹ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ 'ਪੀਐਮ-ਕੇਅਰਜ' ਫੰਡ ਦੀ ਪਾਰਦਰਸ਼ਤਾ ਉਤੇ ਸਵਾਲ ਉਠਾਏ ਹਨ। 100 ਨੌਕਰਸ਼ਾਹਾਂ ਦੇ ਇਕ ਗਰੁੱਪ ਨੇ ਖੁੱਲ੍ਹੀ ਚਿੱਠੀ ਵਿਚ ਲਿਖਿਆ ਹੈ ਕਿ ਇਮਾਨਦਾਰੀ ਤੇ ਜਨਤਕ ਜਿੰਮੇਵਾਰੀ ਨੂੰ ਧਿਆਨ ਵਿਚ ਰੱਖਦਿਆਂ ਇਹ ਜਰੂਰੀ ਹੈ ਕਿ ਫੰਡ ਵਿਚੋਂ ਖਰਚੇ ਜਾਣ ਵਾਲੇ ਪੈਸੇ ਦੀ ਜਾਣਕਾਰੀ ਨਸ਼ਰ ਕੀਤੀ ਜਾਵੇ।

ਇਸ ਤਰ੍ਹਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹੇਗੀ। ਪੱਤਰ ਵਿਚ ਸਾਬਕਾ ਅਧਿਕਾਰੀਆਂ ਨੇ ਲਿਖਿਆ ਹੈ ਕਿ ਇਸ ਫੰਡ ਦੇ ਮੰਤਵ ਤੇ ਜਿਸ ਢੰਗ ਨਾਲ ਇਸ ਨੂੰ ਵਰਤਿਆ ਜਾ ਰਿਹਾ ਹੈ, ਬਾਰੇ ਕਈ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਰੁਤਬੇ ਤੇ ਕੱਦ ਦੇ ਮੱਦੇਨਜਰ ਲੋੜੀਂਦਾ ਹੈ ਕਿ ਉਨ੍ਹਾਂ ਸਾਰੇ ਕੰਮਾਂ ਵਿਚ ਪਾਰਦਰਸ਼ਤਾ ਯਕੀਨੀ ਬਣਾਈ ਜਾਵੇ ਜੋ ਪ੍ਰਧਾਨ ਮੰਤਰੀ ਨਾਲ ਕਿਸੇ ਤਰ੍ਹਾਂ ਜੁੜੇ ਹੋਏ ਹਨ। ਪੱਤਰ 'ਤੇ ਸਾਬਕਾ ਆਈ.ਏ.ਐਸ. ਅਧਿਕਾਰੀ ਅਨੀਤਾ ਅਗਨੀਹੋਤਰੀ, ਐਸ.ਪੀ. ਅੰਬਰੋਜ, ਸ਼ਰਦ ਬੇਹਾਰ, ਸੱਜਾਦ ਹਸਨ, ਹਰਸ਼ ਮੰਦਰ, ਅਰੁਣਾ ਰੌਏ, ਸਾਬਕਾ ਆਈ.ਪੀ.ਐਸ ਏ.ਐੱਸ. ਦੁੱਲਤ, ਜੂਲੀਓ ਰਿਬੇਰੋ ਤੇ ਹੋਰਾਂ ਦੇ ਹਸਤਾਖਰ ਹਨ।

# ਬਾਰ ਐਸੋਸੀਏਸ਼ਨ ਦੀ ਚੋਣ ਕਮੇਟੀ ਦੇ ਸਾਰੇ ਮੈਂਬਰਾਂ ਵੱਲੋਂ ਅਸਤੀਫੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਲਈ ਕਾਇਮ ਕਮੇਟੀ ਦੇ ਸਾਰੇ ਤਿੰਨ ਮੈਂਬਰਾਂ ਨੇ ਅਸਤੀਫਾ ਦੇ ਦਿੱਤਾ ਹੈ। ਚੋਣ ਕਮੇਟੀ (2020-21) ਦੇ ਚੇਅਰਮੈਨ ਸੀਨੀਅਰ ਵਕੀਲ ਜੈਦੀਪ ਗੁਪਤਾ ਤੇ ਦੋ ਹੋਰ ਮੈਂਬਰ ਹਰਿਨ ਪੀ. ਰਾਵਲ ਤੇ ਨਕੁਲ ਦੀਵਾਨ ਸਨ। ਐਸੋਸੀਏਸ਼ਨ ਦੇ ਕਾਰਜਕਾਰੀ ਸਕੱਤਰ ਰੋਹਿਤ ਪਾਂਡੇ ਨੂੰ ਲਿਖੇ ਪੱਤਰ ਵਿਚ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਚੋਣਾਂ ਡਿਜੀਟਲ ਪਲੇਟਫਾਰਮ ਉਤੇ ਕਰਵਾਉਣ ਦਾ ਫੈਸਲਾ ਕੀਤਾ ਸੀ ਤੇ ਇਸ ਲਈ ਡਿਜੀਟਲ ਫਰਮ ਐਨ.ਐਸ.ਡੀ.ਐਲ. ਨਾਲ ਵਿਚਾਰ-ਚਰਚਾ ਵੀ ਕੀਤੀ ਗਈ ਸੀ।

ਐਨ.ਐਸ.ਡੀ.ਐਲ. ਨਾਲ ਹੋਏ ਸਮਝੌਤੇ ਦਾ ਖਰੜਾ ਤੇ ਖਰਚੇ ਬਾਰੇ ਪੱਤਰ ਐਸੋਸੀਏਸ਼ਨ ਦੇ ਕਾਰਜਕਾਰੀ ਕਮੇਟੀ ਨੂੰ 14 ਜਨਵਰੀ ਨੂੰ ਭੇਜਿਆ ਗਿਆ ਸੀ। ਚੋਣ ਕਮੇਟੀ ਦੇ ਮੈਂਬਰਾਂ ਮੁਤਾਬਕ ਕਾਰਜਕਾਰੀ ਕਮੇਟੀ ਨੇ ਇਕ ਮਤਾ ਭੇਜਿਆ ਹੈ ਜਿਸ ਵਿਚ ਕੁਝ ਫੈਸਲੇ ਲਏ ਗਏ ਹਨ। ਮੈਂਬਰਾਂ ਨੇ ਕਿਹਾ ਕਿ ਉਹ ਇਸ ਨੂੰ ਕਾਰਜਕਾਰੀ ਕਮੇਟੀ ਵੱਲੋਂ 'ਇਨਕਾਰ' ਕੀਤਾ ਜਾਣਾ ਮੰਨਦੇ ਹਨ। ਮੈਂਬਰਾਂ ਨੇ ਕਿਹਾ ਕਿ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਦਾ ਜਵਾਬ ਉਨ੍ਹਾਂ ਦੀਆਂ ਹਦਾਇਤਾਂ ਨੂੰ ਮੰਨਣ ਤੋਂ ਇਕ ਤਰ੍ਹਾਂ ਦਾ ਇਨਕਾਰ ਹੈ ਜਦਕਿ ਉਹ ਐਸੋਸੀਏਸ਼ਨ ਦੇ



ਨੇਮ 17ਏ ਮੁਤਾਬਕ ਆਖਰੀ ਹਨ ਤੇ ਮੰਨੀਆਂ ਜਾਣੀਆਂ ਚਾਹੀਦੀਆਂ ਸਨ। ਮੈਂਬਰਾਂ ਨੇ ਕਿਹਾ ਕਿ ਇਸ ਸਥਿਤੀ ਵਿਚ ਉਹ ਹੁਣ ਚੋਣ ਕਮੇਟੀ ਵਿਚ ਬਣੇ ਰਹਿਣਾ ਸੰਭਵ ਨਹੀਂ ਸਮਝਦੇ। ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਨੇ ਪਿਛਲੇ ਸਾਲ ਦਸੰਬਰ ਵਿਚ ਚੋਣ ਕਮੇਟੀ ਦਾ ਗਠਨ ਕੀਤਾ ਸੀ। ਬਾਰ ਐਸੋਸੀਏਸ਼ਨ ਦੇ ਕੁਝ ਆਗੂ ਵਰਚੁਅਲ ਚੋਣਾਂ ਦੇ ਹੱਕ ਵਿਚ ਨਹੀਂ ਸਨ। ਉਹ ਚਾਹੁੰਦੇ ਹਨ ਕਿ ਵੋਟਾਂ ਨਿੱਜੀ ਤੌਰ 'ਤੇ ਹਾਜਰ ਹੋ ਕੇ ਪਾਉਣ ਅਤੇ ਵਰਚੁਅਲ ਪਾਉਣ (ਹਾਈਬ੍ਰਿਡ ਮੋਡ), ਦੋਵਾਂ ਦੀ ਇਜਾਜ਼ਤ ਦਿੱਤੀ ਜਾਵੇ।

ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਚੀਫ ਜਸਟਿਸ ਐੱਸ.ਏ. ਬੋਬੜੇ ਨੂੰ ਬੇਨਤੀ ਕੀਤੀ ਹੈ ਕਿ ਚੋਣਾਂ ਕਰਵਾਉਣ 'ਚ ਆਈ ਖੜੋਤ ਤੋੜੀ ਜਾਵੇ ਤੇ ਇਸ ਲਈ ਇਕ ਬੈਂਚ ਗਠਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਦੁਸ਼ਯੰਤ ਦਵੇ ਨੇ ਚੋਣ ਕਮੇਟੀ ਬਣਾਉਣ ਵਿਚ ਮਹੀਨੇ ਦੀ ਦੇਰੀ ਕੀਤੀ। ਫਿਰ ਚੋਣ ਕਮੇਟੀ ਨੂੰ ਹਦਾਇਤਾਂ ਜਾਰੀ ਕਰਨ ਵਿਚ ਹਫਤੇ ਦੀ ਦੇਰੀ ਹੋਰ ਕੀਤੀ ਗਈ। ਸੁਪਰੀਮ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਜੇ ਉਹ ਚੋਣਾਂ 'ਹਾਈਬ੍ਰਿਡ ਮੋਡ' ਵਿਚ ਕਰਵਾਉਣਾ ਚਾਹੁੰਦੇ ਸਨ ਤਾਂ ਦਸੰਬਰ ਵਿਚ ਹੀ ਫੈਸਲਾ ਲੈਂਦੇ। ਵਿਕਾਸ ਸਿੰਘ ਨੇ ਕਿਹਾ ਕਿ ਹੁਣ ਕਮੇਟੀ ਨੂੰ ਚੋਣਾਂ ਫਰਵਰੀ ਦੇ ਤੀਜੇ ਹਫਤੇ ਵਿਚ ਕਰਵਾਉਣ ਲਈ ਕਹਿਣਾ ਦਵੇ ਵੱਲੋਂ ਆਪਣਾ ਕਾਰਜਕਾਲ ਵਧਾਉਣ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਦਵੇ ਨੇ ਅਸਤੀਫਾ ਦੇ ਕੇ ਡਰਾਮਾ ਕੀਤਾ ਹੈ ਤਾਂ ਕਿ ਚੋਣ ਕਮੇਟੀ ਅਸਤੀਫਾ ਨਾਮਨਜ਼ੂਰ ਕਰਨ ਲਈ ਮਜਬੂਰ ਹੋ ਜਾਵੇ।

## ਉਘੇ ਸ਼ਾਸਤਰੀ ਸੰਗੀਤਕਾਰ ਉਸਤਾਦ ਗੁਲਾਮ ਮੁਸਤਫਾ ਖਾਨ ਦਾ ਦੇਹਾਂਤ

**ਮੁੰਬਈ:** ਉਘੇ ਭਾਰਤੀ ਸ਼ਾਸਤਰੀ ਸੰਗੀਤਕਾਰ ਅਤੇ ਪਦਮ ਵਿਭੂਸ਼ਣ ਨਾਲ ਸਨਮਾਨਿਤ ਉਸਤਾਦ ਗੁਲਾਮ ਮੁਸਤਫਾ ਖਾਨ (89) ਦਾ ਇਥੇ ਉਨ੍ਹਾਂ ਦੀ ਰਿਹਾਇਸ਼ 'ਤੇ ਦੇਹਾਂਤ ਹੋ ਗਿਆ। ਉਨ੍ਹਾਂ ਦੀ ਨੂੰਹ ਨਮਰਤਾ ਗੁਪਤਾ ਖਾਨ ਨੇ ਦੱਸਿਆ ਕਿ ਮਾਲਿਸ਼ ਦੌਰਾਨ ਉਨ੍ਹਾਂ ਨੂੰ ਉਲਟੀ ਆਈ ਅਤੇ ਉਹ ਹੌਲੀ-ਹੌਲੀ ਸਾਹ ਲੈ ਰਹੇ ਸਨ। ਜਦੋਂ ਤੱਕ ਡਾਕਟਰ ਬਾਂਦਰਾ ਸਥਿਤ ਘਰ ਪਹੁੰਚੇ ਤਾਂ ਉਨ੍ਹਾਂ ਦਾ ਦੇਹਾਂਤ ਹੋ ਚੁੱਕਿਆ ਸੀ। ਉਨ੍ਹਾਂ 3 ਮਾਰਚ ਨੂੰ 90 ਸਾਲ ਦਾ ਹੋ ਜਾਣਾ ਸੀ। ਉਨ੍ਹਾਂ ਦਾ ਜਨਮ ਉਤਰ ਪ੍ਰਦੇਸ਼ ਦੇ ਬਦਾਯੂੰ 'ਚ 3 ਮਾਰਚ 1931 'ਚ ਹੋਇਆ ਸੀ। ਉਨ੍ਹਾਂ ਦੇ ਪਿਤਾ ਉਸਤਾਦ ਵਾਰਿਸ ਹੁਸੈਨ ਖਾਨ ਮਸ਼ਹੂਰ ਸੰਗੀਤਕਾਰ ਉਸਤਾਦ ਮੁਰਾਦ ਬਖਸ਼ ਦੇ ਬੇਟੇ ਸਨ ਜਦਕਿ ਉਨ੍ਹਾਂ ਦੀ ਮਾਂ ਸਾਬਰੀ ਬੇਗਮ, ਉਸਤਾਦ ਇਨਾਯਤ ਹੁਸੈਨ ਖਾਨ ਦੀ ਬੇਟੀ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲਤਾ ਮੰਗੇਸ਼ਕਰ ਅਤੇ ਏ ਆਰ ਰਹਿਮਾਨ ਸਮੇਤ ਹੋਰਾਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਸੋਗ ਜਤਾਇਆ ਹੈ।

# ਬਹਿਬਲ ਕਲਾਂ ਗੋਲੀ ਕਾਂਡ: ਸੁਮੇਧ ਸੈਣੀ ਤੇ ਉਮਰਾਨੰਗਲ ਖਿਲਾਫ ਚਲਾਨ ਪੇਸ਼

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਫਰੀਦਕੋਟ ਜ਼ਿਲ੍ਹੇ ਵਿਚ ਵਾਪਰੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਇਸ ਮਾਮਲੇ ਵਿਚ ਹੁਣ ਵੱਡੀ ਕਾਰਵਾਈ ਕਰਦਿਆਂ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਮੁਅੱਤਲੀ ਅਧੀਨ ਇੰਸਪੈਕਟਰ ਜਨਰਲ (ਆਈ.ਜੀ.) ਪਰਮਰਾਜ ਸਿੰਘ ਉਮਰਾਨੰਗਲ ਖਿਲਾਫ ਦੋਸ਼ ਪੱਤਰ (ਚਲਾਨ) ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ।

ਵਿਸ਼ੇਸ਼ ਜਾਂਚ ਟੀਮ ਨੇ ਇਥੇ ਇਲਾਕਾ ਮੈਜਿਸਟਰੇਟ ਸੁਰੇਸ਼ ਕੁਮਾਰ ਦੀ ਅਦਾਲਤ ਵਿਚ ਚਲਾਨ ਪੇਸ਼ ਕੀਤਾ। ਅਦਾਲਤ ਨੇ ਚਲਾਨ ਪੇਸ਼ ਹੋਣ ਤੋਂ ਬਾਅਦ ਇਸ ਮਾਮਲੇ ਵਿਚ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਨੂੰ ਨੋਟਿਸ ਜਾਰੀ ਕਰ ਕੇ 9 ਫਰਵਰੀ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਖਿਲਾਫ ਬਹਿਬਲ ਗੋਲੀ ਕਾਂਡ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗੇ ਹਨ। ਇਸ ਤੋਂ ਪਹਿਲਾਂ ਕੇਸ ਨਾਲ ਸਬੰਧਤ ਜਾਂਚ ਟੀਮ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਐਸ.ਪੀ. ਬਿਕਰਮਜੀਤ ਸਿੰਘ, ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰਾ, ਇੰਸਪੈਕਟਰ ਪ੍ਰਦੀਪ ਸਿੰਘ, ਪੰਕਜ ਬਾਂਸਲ ਅਤੇ ਸੁਹੇਲ ਸਿੰਘ ਖਿਲਾਫ ਅਦਾਲਤ ਵਿਚ ਚਲਾਨ ਪੇਸ਼ ਕਰ ਚੁੱਕੀ ਹੈ।



## ਸੀ.ਬੀ.ਆਈ. ਨੇ ਪੰਜਾਬ ਪੁਲਿਸ ਨੂੰ ਦਸਤਾਵੇਜ਼ ਨਾ ਸੌਂਪੇ

**ਮੁਹਾਲੀ:** ਬਰਗਾੜੀ ਅਤੇ ਹੋਰ ਥਾਈਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੇਸਾਂ ਬਾਰੇ ਸੀ.ਬੀ.ਆਈ. ਨੇ ਪੁਲਿਸ ਨੂੰ ਕੇਸ-ਫਾਈਲ ਅਤੇ ਹੋਰ ਦਸਤਾਵੇਜ਼ ਨਹੀਂ ਸੌਂਪੇ। ਬੇਅਦਬੀ ਮਾਮਲਿਆਂ (ਕਲੋਜ਼ਰ ਰਿਪੋਰਟ ਤੇ ਨਵੇਂ ਸਿਰਿਉਂ ਜਾਂਚ) ਦੀ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜੀ.ਐਸ. ਸੇਖੋਂ ਦੀ ਅਦਾਲਤ ਵਿਚ ਸੁਣਵਾਈ ਹੋਈ। ਅਦਾਲਤ ਨੇ ਸੀ.ਬੀ.ਆਈ. ਦੇ ਜਾਂਚ ਅਧਿਕਾਰੀ ਨੂੰ ਕੇਸ-ਫਾਈਲ ਲੈ ਕੇ ਪੇਸ਼ ਹੋਣ ਲਈ ਕਿਹਾ ਸੀ, ਪਰ ਅਧਿਕਾਰੀ ਪੇਸ਼ ਨਹੀਂ ਹੋਏ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਸੁਣਵਾਈ 21 ਜਨਵਰੀ 'ਤੇ ਪਾ ਦਿੱਤੀ। ਸਰਕਾਰੀ ਵਕੀਲ ਨੇ ਸੁਝਾਅ ਦਿੱਤਾ ਕਿ ਜੇ ਅਧਿਕਾਰੀ ਕਿਸੇ ਹੋਰ ਕੇਸ ਦੀ ਜਾਂਚ ਵਿਚ ਰੁੱਝੇ ਹੋਏ ਹਨ ਤਾਂ ਉਹ ਸਬੰਧਤ ਫਾਈਲ ਆਪਣੇ ਕਿਸੇ ਨੁਮਾਇੰਦੇ ਦੇ ਹੱਥ ਅਦਾਲਤ ਵਿਚ ਭੇਜ ਸਕਦੇ ਹਨ।

# ਫਸਲੀ ਬੀਮਾ ਯੋਜਨਾ ਨੇ ਸਿਰਫ ਕਾਰਪੋਰੇਟਾਂ ਦੇ ਘਰ ਭਰੇ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਪੰਜ ਸਾਲ ਪੂਰੇ ਕਰ ਚੁੱਕੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੀ ਸਫਲਤਾ ਦੇ ਕਸੀਦੇ ਪੜ੍ਹਦਿਆਂ ਅੰਕੜੇ ਜਾਰੀ ਕੀਤੇ ਹਨ ਕਿ ਇਸ ਯੋਜਨਾ ਤਹਿਤ ਦੇਸ਼ ਦੇ ਕਿਸਾਨਾਂ ਨੂੰ 90 ਹਜ਼ਾਰ ਕਰੋੜ ਰੁਪਏ ਦਾ ਮੁਆਵਜ਼ਾ ਮਿਲਿਆ ਹੈ। ਲਾਭਕਾਰੀ ਕਿਸਾਨਾਂ ਦੀ ਗਿਣਤੀ 29 ਕਰੋੜ ਦੱਸੀ ਗਈ ਹੈ, ਪਰ ਜੇ ਤੱਥਾਂ ਨੂੰ ਪੜਚੋਲਿਆ ਜਾਵੇ ਤਾਂ ਇਸ ਪਿੱਛੇ ਸਰਕਾਰ ਦੇ ਮਨਸ਼ਿਆਂ ਉਤੇ ਸਵਾਲ ਉਠਦੇ ਹਨ।

ਪ੍ਰਧਾਨ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਪੰਜ ਸਾਲਾਂ ਦੇ ਦੌਰਾਨ ਪ੍ਰਾਈਵੇਟ ਬੀਮਾ ਕੰਪਨੀਆਂ ਕਿੰਨਾ ਮੁਨਾਫਾ ਕਮਾ ਗਈਆਂ ਅਤੇ ਕਿੰਨੇ ਕਿਸਾਨ ਬਰਬਾਦ ਹੋਈਆਂ ਫਸਲਾਂ ਦੇ ਮੁਆਵਜ਼ੇ ਨੂੰ ਉਡੀਕਦੇ ਕੋਰਟ-ਕਚਹਿਰੀਆਂ ਵਿਚ ਧੱਕੇ ਖਾਂਦੇ ਰਹੇ। ਸਕੀਮ ਨੂੰ ਕਿਸਾਨਾਂ 'ਤੇ ਜਬਰੀ ਮੜ੍ਹਨ ਬਾਰੇ ਵੀ ਸਵਾਲ ਉੱਠਦੇ ਰਹੇ ਹਨ। ਸਰਕਾਰ ਨੂੰ ਸਾਰੇ ਤੱਥ ਪਾਰਦਰਸ਼ਤਾ ਨਾਲ ਲੋਕਾਂ ਦੇ ਸਾਹਮਣਾ ਲਿਆਉਣੇ ਚਾਹੀਦੇ ਹਨ।

ਪੰਜਾਬ ਨੇ ਤਾਂ ਇਸ ਸਕੀਮ ਨੂੰ ਲਾਗੂ ਕਰਨ ਤੋਂ ਪਹਿਲਾਂ ਹੀ ਜਵਾਬ ਦੇ ਦਿੱਤਾ ਸੀ ਕਿਉਂਕਿ ਇਹ ਸੂਬੇ ਦੇ ਹਾਲਾਤ ਦੇ ਮੁਤਾਬਕ ਨਹੀਂ ਸੀ। ਇਕ ਪਿੰਡ ਨੂੰ ਇਕਾਈ ਮੰਨਣ ਦੇ ਬਜਾਏ ਪੰਜਾਬ ਦਾ ਤਰਕ ਸੀ ਕਿ ਫਸਲੀ ਬੀਮਾ ਯੋਜਨਾ ਇਕ ਏਕੜ ਨੂੰ ਆਧਾਰ ਮੰਨ ਕੇ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਅੱਗ ਲੱਗਣ ਨਾਲ ਹੋਏ ਨੁਕਸਾਨ ਸਮੇਤ ਕਈ ਤਰ੍ਹਾਂ ਦੇ ਵੱਡੇ ਨੁਕਸਾਨ ਇਸ ਸਕੀਮ ਵਿਚੋਂ ਪਹਿਲਾਂ ਹੀ ਬਾਹਰ ਰੱਖੇ ਹੋਏ ਹਨ। ਲਗਭਗ ਸੌ ਫੀਸਦੀ ਸਿੰਜਾਈ ਵਾਲੀ ਜ਼ਮੀਨ ਹੋਣ ਕਰ ਕੇ ਇਥੇ ਫਸਲ ਸੋਕੇ ਨਾਲ ਨਹੀਂ ਮਰਦੀ ਪਰ ਪੈਦਾਵਾਰ ਦੀ ਲਾਗਤ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਸਕੀਮ ਵਿਚ ਅਜਿਹੀ ਲਾਗਤ ਦੀ ਭਰਪਾਈ ਦਾ ਉਲੇਖ ਨਹੀਂ ਹੈ। ਇਸ ਦੇ ਮੁਕਾਬਲੇ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਕਿਸ਼ਤਾਂ ਅਤੇ ਕਿਸਾਨਾਂ ਤੋਂ ਲਏ ਜਾਣ ਵਾਲੇ ਹਿੱਸੇ ਬਾਰੇ ਵੀ ਸਹਿਮਤੀ ਨਹੀਂ ਬਣ ਪਾਈ। 2016 ਵਿਚ ਸ਼ੁਰੂ ਕੀਤੀ ਇਸ ਯੋਜਨਾ ਨੂੰ ਖਾਸ ਤੌਰ ਉੱਤੇ ਭਾਜਪਾ ਸ਼ਾਸਿਤ ਪ੍ਰਦੇਸ਼ਾਂ ਵਿਚ ਲਾਗੂ ਕੀਤਾ ਗਿਆ। 2018 ਵਿਚ ਗੁਜਰਾਤ, ਮਹਾਰਾਸ਼ਟਰ ਆਦਿ ਵਿਚ ਹੋਏ ਘੁਟਾਲਿਆਂ ਬਾਰੇ ਖਬਰਾਂ ਆਮ ਛਪਦੀਆਂ ਰਹੀਆਂ।

ਨਵੰਬਰ 2020 ਚ ਹੋਏ ਅਧਿਐਨ ਅਨੁਸਾਰ ਕੰਪਨੀਆਂ ਨੇ ਚਾਰ ਖਰੀਫ ਦੇ ਸੀਜ਼ਨਾਂ ਦੌਰਾਨ ਹੀ 12500 ਕਰੋੜ ਰੁਪਏ ਦਾ ਮੁਨਾਫਾ ਕਮਾਇਆ। ਮਹਾਰਾਸ਼ਟਰ ਦੇ ਇਕ ਜ਼ਿਲ੍ਹੇ ਦੇ ਅੰਕੜਿਆਂ ਅਨੁਸਾਰ ਸਬੰਧਤ ਕੰਪਨੀ ਨੂੰ 143 ਕਰੋੜ ਰੁਪਏ ਦੀ ਆਮਦਨ ਹੋਈ ਜਦੋਂਕਿ ਕਿਸਾਨਾਂ ਨੂੰ ਲਗਭਗ 30 ਕਰੋੜ ਰੁਪਏ ਮੁਆਵਜ਼ਾ ਦਿੱਤਾ ਗਿਆ।

# ਨਵਦੀਪ ਬੈਂਸ ਦੇ ਅਸਤੀਫੇ ਮਗਰੋਂ ਟਰੂਡੋ ਵਜ਼ਾਰਤ 'ਚ ਫੇਰਬਦਲ

**ਟੋਰਾਂਟੋ:** ਕੈਨੇਡਾ ਸਰਕਾਰ 'ਚ ਭਾਰਤੀ ਮੂਲ ਦੇ ਸਿੱਖ ਮੰਤਰੀ ਨਵਦੀਪ ਬੈਂਸ ਵੱਲੋਂ ਚਾਣਚੱਕ ਦਿੱਤੇ ਅਸਤੀਫੇ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਕੈਬਨਿਟ 'ਚ ਫੇਰਬਦਲ ਕਰਦਿਆਂ ਸਾਬਕਾ ਪੁਲਾੜ ਯਾਤਰੀ ਮਾਰਕ ਗਾਰਨਿਊ ਨੂੰ ਨਵਾਂ ਵਿਦੇਸ਼ ਮੰਤਰੀ ਥਾਪ ਦਿੱਤਾ ਹੈ।



ਪ੍ਰਧਾਨ ਮੰਤਰੀ ਟਰੂਡੋ ਨੇ ਟਵਿੱਟਰ 'ਤੇ ਫੇਰਬਦਲ ਦੀ ਤਫਸੀਲ ਦਿੰਦਿਆਂ ਐਲਾਨ ਕੀਤਾ, 'ਨਵਦੀਪ ਸਿੰਘ ਬੈਂਸ ਨੇ ਪਰਿਵਾਰ ਨੂੰ ਵੱਧ ਸਮਾਂ ਦੇਣ ਦੇ ਹਵਾਲੇ ਨਾਲ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਵਜੋਂ ਅਸਤੀਫਾ ਦੇ ਦਿੱਤਾ ਹੈ। ਵਜ਼ਾਰਤ 'ਚ ਪਏ ਇਸ ਖੱਪੇ ਨੂੰ ਪੂਰਨ ਲਈ ਅਸੀਂ ਕੈਨੇਡੀਅਨ ਮੰਤਰਾਲੇ 'ਚ ਫੇਰਬਦਲ ਕਰ ਰਹੇ ਹਾਂ।' ਸਾਲ 2013 ਵਿਚ ਟਰੂਡੋ ਦੀ ਚੋਣ ਮੁਹਿੰਮ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ 43 ਸਾਲਾ ਬੈਂਸ ਨੇ ਲੰਘੇ ਦਿਨ ਇਕ ਵੀਡੀਓ ਬਿਆਨ 'ਚ ਕਿਹਾ ਕਿ ਉਹ ਆਪਣੇ ਪਰਿਵਾਰ ਨੂੰ ਵੱਧ ਸਮਾਂ ਦੇਣ ਦੇ ਇਰਾਦੇ ਨਾਲ ਸਿਆਸਤ ਤੋਂ ਸੇਵਾ ਮੁਕਤ ਹੋ ਰਿਹਾ ਹੈ। ਬੈਂਸ ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਉਹ ਅਗਲੀ (ਚੋਣ) ਮੁਹਿੰਮ 'ਚ ਬਣਦੀ 'ਭੂਮਿਕਾ' ਨਿਭਾਏਗਾ। ਬੈਂਸ, ਸਾਲ 2015 'ਚ ਟਰੂਡੋ ਵੱਲੋਂ ਆਪਣੀ ਵਜ਼ਾਰਤ 'ਚ ਸ਼ਾਮਲ ਕੀਤੇ ਚਾਰ ਸਿੱਖ ਮੰਤਰੀਆਂ 'ਚੋਂ ਇਕ ਸੀ।

ਬੈਂਸ ਨੇ ਸਾਲ 2005 ਵਿਚ ਪ੍ਰਧਾਨ ਮੰਤਰੀ ਦੇ ਸੰਸਦੀ ਸਕੱਤਰ ਵਜੋਂ ਵੀ ਕੰਮ ਕੀਤਾ। ਸਾਲ 2004 ਤੋਂ 2011 ਦਰਮਿਆਨ ਉਹ ਸੰਸਦ ਮੈਂਬਰ ਵੀ ਰਿਹਾ। ਮੌਜੂਦਾ ਸਮੇਂ ਟਰੂਡੋ ਕੈਬਨਿਟ 'ਚ ਸਿਰਫ ਦੋ ਸਿੱਖ ਮੰਤਰੀ ਹਨ। ਉਧਰ, ਰੱਖਿਆ ਮੰਤਰੀ ਹਰਜੀਤ ਸੱਜਣ ਨੇ ਕਿਹਾ, 'ਨਵ (ਦੀਪ) ਨੇ ਦਿਲੋਂ ਤੇ ਪੂਰੇ ਜਨੂੰਨ ਨਾਲ ਆਪਣੇ ਭਾਈਚਾਰੇ ਤੇ ਆਪਣੇ ਦੇਸ਼ ਦੀ ਸੇਵਾ ਕੀਤੀ।' ਉਧਰ ਸਾਬਕਾ ਪੁਲਾੜ ਯਾਤਰੀ ਮਾਰਕ ਗਾਰਨਿਊ ਕੈਨੇਡਾ ਦੇ ਨਵੇਂ ਵਿਦੇਸ਼ ਮੰਤਰੀ ਹੋਣਗੇ।

# ਫਰਾਂਸੀਸੀ ਸਫੀਰ ਨੇ ਦਰਬਾਰ ਸਾਹਿਬ ਮੱਥਾ ਟੇਕਿਆ



**ਅੰਮ੍ਰਿਤਸਰ:** ਫਰਾਂਸ ਦੇ ਸਫੀਰ ਇਮੈਨੂਅਲ ਲੇਨੇਨ ਨੇ ਕਿਹਾ ਕਿ ਗੁਰਬਾਣੀ ਕੀਰਤਨ ਤੇ ਰੌਸ਼ਨੀਆਂ ਨਾਲ ਭਰਪੂਰ ਅਸਥਾਨ ਸ੍ਰੀ ਦਰਬਾਰ ਸਾਹਿਬ ਦੇ ਡੂੰਘੇ ਧਾਰਮਿਕ, ਸ਼ਾਂਤਮਈ ਤੇ ਸਤਿਕਾਰ ਵਾਲੇ ਵਾਤਾਵਰਨ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਹਨ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਪੁੱਜੇ ਫਰਾਂਸ ਦੇ ਸਫੀਰ ਇਮੈਨੂਅਲ ਲੇਨੇਨ ਨੇ ਯਾਤਰੂ ਕਿਤਾਬ (ਵਿਜ਼ਟਰ ਬੁੱਕ) 'ਚ ਆਪਣੀਆਂ ਭਾਵਨਾਵਾਂ ਵੀ ਦਰਜ ਕੀਤੀਆਂ। ਉਹ ਇਥੇ ਆਪਣੀ ਪਤਨੀ ਸਮੇਤ ਨਤਮਸਤਕ ਹੋਣ ਲਈ ਪੁੱਜੇ ਸਨ।


ਇਸ ਦੌਰਾਨ ਸ੍ਰੀ ਲੇਨੇਨ ਨੇ ਲੰਗਰ ਘਰ ਵਿਚ ਲੰਗਰ ਤਿਆਰ ਹੁੰਦਾ ਦੇਖ ਕੇ ਖੁਸ਼ੀ ਪ੍ਰਗਟਾਈ ਤੇ ਪਰਿਕਰਮਾ ਕਰਦਿਆਂ ਦਰਬਾਰ ਸਾਹਿਬ ਅਤੇ ਇਸ ਨਾਲ ਸਬੰਧਤ ਅਸਥਾਨਾਂ ਦਾ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਸ੍ਰੀ ਲੇਨੇਨ ਨੇ ਕਿਹਾ ਕਿ ਇਥੇ ਆ ਕੇ ਉਨ੍ਹਾਂ ਨੂੰ ਸਕੂਨ ਮਿਲਿਆ ਹੈ। ਇਸ ਮੌਕੇ ਅੰਬੈਸਡਰ ਇਮੈਨੂਅਲ ਲੇਨੇਨ ਤੇ ਉਨ੍ਹਾਂ ਦੀ ਪਤਨੀ ਨੂੰ ਸੂਚਨਾ ਕੇਂਦਰ 'ਚ ਸ਼੍ਰੋਮਣੀ ਕਮੇਟੀ ਮੈਂਬਰ ਮੰਗਵਿੰਦਰ ਸਿੰਘ ਖਾਪੜਖੇੜੀ, ਭਾਈ ਰਾਮ ਸਿੰਘ, ਡਾ. ਅਮਰੀਕ ਸਿੰਘ ਲਤੀਫਪੁਰ ਤੇ ਜਸਵਿੰਦਰ ਸਿੰਘ ਜੱਸੀ ਨੇ ਸਨਮਾਨਿਤ ਕੀਤਾ।

## ਇਸ ਵਾਰ ਬੰਦ ਨਹੀਂ ਹੋਵੇਗਾ ਵਿਰਾਸਤ-ਏ-ਖਾਲਸਾ

**ਸ੍ਰੀ ਆਨੰਦਪੁਰ ਸਾਹਿਬ:** ਇਥੇ ਸਥਿਤ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਦੀ ਪ੍ਰਬੰਧਕੀ ਕਮੇਟੀ ਨੇ ਇਸ ਵਾਰ ਛਿਮਾਹੀ ਸਾਂਭ-ਸੰਭਾਲ ਲਈ ਕੰਪਲੈਕਸ ਨੂੰ ਬੰਦ ਨਾ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ ਹਰ ਸਾਲ ਜਰੂਰੀ ਮੁਰੰਮਤ ਲਈ ਇਸ ਨੂੰ 25 ਤੋਂ 31 ਜਨਵਰੀ ਤੱਕ ਬੰਦ ਰੱਖਿਆ ਜਾਂਦਾ ਸੀ। ਜ਼ਿਕਰਯੋਗ ਹੈ ਕਿ ਕਰੋਨਾ ਕਾਰਨ ਕਈ ਮਹੀਨਿਆਂ ਤੱਕ ਵਿਰਾਸਤ-ਏ-ਖਾਲਸਾ ਬੰਦ ਰਿਹਾ ਸੀ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਬੰਧਕਾਂ ਵੱਲੋਂ ਇਹ ਫੈਸਲਾ ਲਿਆ ਗਿਆ ਹੈ।

# ਦੁਨੀਆਂ ਵਿਚ ਸਭ ਤੋਂ ਵੱਧ ਭਾਰਤੀ ਪਰਵਾਸੀ

**ਸੰਯੁਕਤ ਰਾਸ਼ਟਰ:** ਪਰਵਾਸੀ ਭਾਰਤੀ ਭਾਈਚਾਰਾ ਦੁਨੀਆ ਦੇ ਕੋਨੇ-ਕੋਨੇ ਵਿਚ ਫੈਲਿਆ ਹੋਇਆ ਹੈ ਤੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਇਹ ਵਤਨ ਤੋਂ ਬਾਹਰ ਵਿਦੇਸ਼ੀ ਮੁਲਕਾਂ ਵਿਚ ਰਹਿ ਰਿਹਾ ਦੁਨੀਆ ਦਾ ਸਭ ਤੋਂ ਵੱਡਾ ਭਾਈਚਾਰਾ ਹੈ। ਕਰੀਬ 1.8 ਕਰੋੜ ਭਾਰਤੀ ਬਾਹਰਲੇ ਮੁਲਕਾਂ ਵਿਚ ਵਸੇ ਹੋਏ ਹਨ। ਜ਼ਿਆਦਾਤਰ ਪਰਵਾਸੀ ਭਾਰਤੀ ਯੂ.ਏ.ਈ., ਅਮਰੀਕਾ ਤੇ ਸਾਊਦੀ ਅਰਬ ਵਿਚ ਹਨ। ਸੰਯੁਕਤ ਰਾਸ਼ਟਰ ਮੁਤਾਬਕ ਪਰਵਾਸੀ ਭਾਰਤੀ ਸਾਰੇ ਮਹਾਂਦੀਪਾਂ ਤੇ ਖੇਤਰਾਂ ਵਿਚ ਮੌਜੂਦ ਹਨ। ਖਾੜੀ ਮੁਲਕਾਂ ਤੋਂ ਲੈ ਕੇ ਉੱਤਰੀ ਅਮਰੀਕਾ, ਆਸਟਰੇਲੀਆ ਤੋਂ ਯੂਕੇ ਤੱਕ ਪ੍ਰਵਾਸੀ ਭਾਰਤੀ ਵਸੇ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਭਾਈਚਾਰਾ ਉੱਦਮੀ ਬਿਰਤੀ ਵਾਲਾ ਤੇ ਗਤੀਸ਼ੀਲ ਹੈ। ਭਾਰਤ ਤੋਂ ਇਲਾਵਾ ਮੈਕਸਿਕੋ ਅਤੇ ਰੂਸ ਦੇ ਕਰੋੜ-ਕਰੋੜ ਤੋਂ ਵੱਧ, ਚੀਨ ਦੇ ਇਕ ਕਰੋੜ ਤੇ ਸੀਰੀਆ ਦੇ 80 ਲੱਖ ਲੋਕ ਪਰਵਾਸ ਕਰ ਕੇ ਬਾਹਰਲੇ ਮੁਲਕਾਂ ਵਿਚ ਵਸ ਗਏ ਹਨ।



ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ ਸਾਲ 2020 'ਚ ਭਾਰਤ ਦੀ ਯੂ.ਏ.ਈ, ਅਮਰੀਕਾ ਅਤੇ ਸਾਊਦੀ ਅਰਬ ਸਮੇਤ ਵਿਸ਼ਵ ਭਰ 'ਚ 1.8 ਕਰੋੜ ਪਰਵਾਸੀ ਆਬਾਦੀ ਰਹਿ ਰਹੀ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਤੇ ਸਮਾਜਿਕ ਮਾਮਲਿਆਂ ਵਿਭਾਗ ਦੁਆਰਾ ਜਾਰੀ 'ਇੰਟਰਨੈਸ਼ਨਲ ਮਾਈਗ੍ਰੇਸ਼ਨ 2020 ਹਾਈਲਾਈਟਸ' ਰਿਪੋਰਟ ਅਨੁਸਾਰ ਪਰਵਾਸੀ ਭਾਰਤੀ ਲੋਕਾਂ ਦੀ ਆਬਾਦੀ ਵਿਸ਼ਵ 'ਚ ਸਭ ਤੋਂ ਵੱਧ ਹੈ। ਭਾਰਤ ਹੀ ਆਪਣੇ ਲੋਕਾਂ ਨੂੰ ਸਭ ਤੋਂ ਵੱਧ ਵੱਖ-ਵੱਖ ਦੇਸ਼ਾਂ 'ਚ ਆਪਣੀ ਮੰਜ਼ਿਲ ਵੱਲ ਤੋਰਦਾ ਹੈ। ਸਾਲ 2020 'ਚ 1.8 ਕਰੋੜ ਭਾਰਤੀ ਆਪਣੀ ਜਨਮ ਭੂਮੀ ਤੋਂ ਬਾਹਰ ਵੱਖ-ਵੱਖ ਦੇਸ਼ਾਂ 'ਚ ਰਹਿ ਰਹੇ ਹਨ। ਭਾਰਤ ਦੇ ਬਾਅਦ ਜਿਨ੍ਹਾਂ ਦੇਸ਼ਾਂ ਦੇ ਲੋਕ ਜਨਮ ਭੂਮੀ ਤੋਂ ਬਾਹਰ ਦੂਸਰੇ ਦੇਸ਼ਾਂ 'ਚ ਸਭ ਤੋਂ ਵੱਧ ਰਹਿੰਦੇ ਹਨ, ਉਨ੍ਹਾਂ 'ਚ ਮੈਕਸੀਕੋ ਅਤੇ ਰੂਸ (1.10-1.10 ਕਰੋੜ), ਚੀਨ (1 ਕਰੋੜ) ਅਤੇ ਸੀਰੀਆ (80 ਲੱਖ) ਸ਼ਾਮਲ ਹਨ। ਭਾਰਤ ਦੇ ਵੱਖ-ਵੱਖ ਦੇਸ਼ਾਂ 'ਚ ਸਭ ਤੋਂ ਵੱਧ ਲੋਕ ਸੰਯੁਕਤ ਅਰਬ ਅਮੀਰਾਤ (35 ਲੱਖ), ਅਮਰੀਕਾ (27 ਲੱਖ) ਅਤੇ ਸਾਊਦੀ ਅਰਬ (25 ਲੱਖ) ਵਿਚ ਰਹਿੰਦੇ ਹਨ। ਇਸ ਦੇ ਬਾਅਦ ਆਸਟਰੇਲੀਆ, ਕੈਨੇਡਾ, ਕੁਵੈਤ, ਓਮਾਨ, ਪਾਕਿਸਤਾਨ, ਕਤਰ ਅਤੇ ਯੂ.ਕੇ. ਆਦਿ ਦੇਸ਼ਾਂ 'ਚ ਵੱਡੀ ਗਿਣਤੀ ਪਰਵਾਸੀ ਭਾਰਤੀ ਰਹਿੰਦੇ ਹਨ।

# ਬਿਜਲੀ ਰੈਗੂਲੇਟਰੀ ਕਮਿਸ਼ਨ ਦੀਆਂ ਨਵੀਆਂ ਦਰਾਂ ਲਈ ਪ੍ਰੋਗਰਾਮ ਜਾਰੀ

**ਪਟਿਆਲਾ:** ਪੰਜਾਬ ਵਿਚ ਆਗਾਮੀ ਵਿੱਤੀ ਸਾਲ ਲਈ ਨਵੀਆਂ ਬਿਜਲੀ ਦਰਾਂ ਤੈਅ ਕਰਨ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਜਨਤਕ ਸੁਣਵਾਈ ਲਈ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਇਹ ਸੁਣਵਾਈ ਪੰਜਾਬ ਭਰ ਅੰਦਰ 2 ਤੋਂ 11 ਫਰਵਰੀ ਦਰਮਿਆਨ ਹੋਵੇਗੀ। ਸੁਣਵਾਈ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਹੋਵੇਗੀ।

ਦੱਸਣਯੋਗ ਹੈ ਕਿ ਪਾਵਰਕੌਮ ਨੇ ਪਿਛਲੇ ਵਰ੍ਹੇ ਹੀ ਆਗਾਮੀ ਵਿੱਤੀ ਸਾਲ 2021-22 ਲਈ ਬਿਜਲੀ ਦੀਆਂ ਨਵੀਆਂ ਦਰਾਂ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਟੈਰਿਫ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ ਨੂੰ ਰੈਗੂਲੇਟਰੀ ਕਮਿਸ਼ਨ ਨੇ ਪ੍ਰਵਾਨ ਕਰਨ ਮਗਰੋਂ ਹੁਣ ਪਾਵਰਕੌਮ ਦੀਆਂ ਨਵੀਆਂ ਦਰਾਂ ਲਈ ਦਲੀਲਾਂ ਅਤੇ ਸਾਲਾਨਾ ਖਰਚਿਆਂ ਅਤੇ ਮਾਲੀਏ ਸਬੰਧੀ ਅੰਕੜਿਆਂ 'ਤੇ ਜਨਤਕ ਸੁਣਵਾਈ ਸ਼ੁਰੂ ਕੀਤੀ ਹੈ। ਦੱਸਣਯੋਗ ਹੈ ਕਿ ਪਾਵਰਕੌਮ ਨੇ ਆਗਾਮੀ ਵਿੱਤੀ ਸਾਲ ਲਈ ਅਦਾਰੇ ਦੇ ਖਰਚੇ ਤੇ ਮਾਲੀਏ ਵਿੱਚ ਔਸਤਨ 3 ਹਜ਼ਾਰ ਕਰੋੜ ਦੇ ਅੰਤਰ ਦੀ ਭਰਪਾਈ ਲਈ ਚਾਰਾਜੋਈ ਕੀਤੀ ਹੈ।

ਚਿੰਤਕਾਂ ਦਾ ਕਹਿਣਾ ਹੈ ਕਿ ਅਜਿਹੇ ਵਿਚ ਬਿਜਲੀ ਖਪਤਕਾਰਾਂ 'ਤੇ ਸਹਿਜੇ ਹੀ ਅਨੁਮਾਨਤ 8 ਫੀਸਦੀ ਦਾ ਵਾਧੂ ਵਿੱਤੀ ਬੋਝ ਪੈ ਸਕਦਾ ਹੈ। ਰੈਗੂਲੇਟਰੀ ਕਮਿਸ਼ਨ ਦੀਆਂ ਨਵੀਆਂ ਦਰਾਂ ਦੀ ਸਿਫਾਰਸ਼ 'ਤੇ ਆਖਰੀ ਮੋਹਰ ਮੁੱਖ ਮੰਤਰੀ ਪੰਜਾਬ ਨੇ ਲਾਉਣੀ ਹੁੰਦੀ ਹੈ।

ਜਨਤਕ ਸੁਣਵਾਈ 'ਚ ਕਮਿਸ਼ਨ ਵੱਲੋਂ ਘਰੇਲੂ, ਕਮਰਸ਼ੀਅਲ, ਇੰਡਸਟ੍ਰੀਅਲ ਖੇਤਰ ਦੇ ਉਪਭੋਗਤਾਵਾਂ ਨੂੰ ਮੌਕਾ ਦਿੱਤਾ ਜਾਵੇਗਾ। ਸੁਣਵਾਈ ਪ੍ਰਕਿਰਿਆ ਦੋ ਫਰਵਰੀ ਨੂੰ ਅੰਮ੍ਰਿਤਸਰ, 4 ਨੂੰ ਲੁਧਿਆਣਾ, 8 ਨੂੰ ਪਟਿਆਲਾ, 9 ਤੇ 11 ਨੂੰ ਚੰਡੀਗੜ੍ਹ ਵਿਚ ਕੀਤੀ ਜਾਵੇਗੀ। ਸੁਣਵਾਈ 'ਚ ਭਾਗੀਦਾਰ ਹੋਣ ਲਈ ਕਮਿਸ਼ਨ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਪਟਨ ਸਰਕਾਰ ਦੀ ਦੋ-ਟੁਕ: ਕਾਨੂੰਨ ਰੱਦ ਕਰਨ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਇਕ ਨੁਕਾਤੀ ਏਜੰਡੇ 'ਤੇ ਬੁਲਾਈ ਮੀਟਿੰਗ ਵਿਚ ਮਤਾ ਪਾਸ ਕਰ ਕੇ ਤਿੰਨੋਂ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਘੱਟ ਕੁਝ ਵੀ ਮਨਜ਼ੂਰ ਨਾ ਹੋਣ ਦੀ ਮੋਹਰ ਲਾ ਦਿੱਤੀ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿਚ ਸੁਪਰੀਮ ਕੋਰਟ ਤਰਫੋਂ ਸੁਣਾਏ ਅੰਤ੍ਰਿਮ ਹੁਕਮਾਂ ਨੂੰ ਘੋਖਣ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਸਪੱਸ਼ਟ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿਚ ਕੇਂਦਰ ਸਰਕਾਰ ਦੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਕਿਸਾਨ ਵਿਰੋਧੀ, ਦੇਸ਼ ਵਿਰੋਧੀ ਅਤੇ ਸੁਰੱਖਿਆ ਵਿਰੋਧੀ ਦੱਸਿਆ ਗਿਆ। ਕੈਬਨਿਟ ਨੇ ਸਾਫ ਕਿਹਾ ਕਿ ਮੌਜੂਦਾ ਸਮੱਸਿਆ ਦਾ ਨਿਪਟਾਰਾ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਨਾਲ ਹੋ ਜਾਵੇਗਾ। ਸਭ ਵਜ਼ੀਰਾਂ ਨੇ ਇਕੋ ਸੁਰ 'ਚ ਆਖਿਆ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਲੈਣਾ ਹੀ ਇਕੋ ਇਕ ਹੱਲ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਜ਼ਮੀਨੀ ਹਕੀਕਤਾਂ ਨੂੰ ਦੇਖ ਨਹੀਂ ਰਹੀ। ਪੰਜਾਬ ਵਜ਼ਾਰਤ ਨੇ ਚੌਕਸ ਵੀ ਕੀਤਾ ਕਿ ਜੇ ਇਹ ਮੁੱਦਾ ਅਣਸੁਲਝਿਆ ਰਿਹਾ ਤਾਂ ਦੇਸ਼ ਨੂੰ ਕਈ ਦਹਾਕਿਆਂ ਤੱਕ ਭਾਰੀ ਕੀਮਤ ਚੁਕਾਉਣੀ ਪਵੇਗੀ। ਇਸ ਕਰਕੇ ਭਾਰਤ ਸਰਕਾਰ ਇਸ ਮਸਲੇ ਨੂੰ ਹਉਮੈ ਦਾ ਸੁਆਲ ਨਾ ਬਣਾਵੇ।



ਕੈਬਨਿਟ ਮੀਟਿੰਗ ਦੀ ਸ਼ੁਰੂਆਤ ਕਿਸਾਨੀ ਘੋਲ ਦੌਰਾਨ ਸ਼ਹੀਦ ਹੋ ਚੁੱਕੇ 78 ਕਿਸਾਨਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਹੋਈ। ਕੈਬਨਿਟ ਨੇ ਕੇਂਦਰ ਤੋਂ ਮੰਗ ਕੀਤੀ ਕਿ ਘੱਟੋ ਘੱਟ ਸਮਰਥਨ ਮੁੱਲ ਨੂੰ ਕਿਸਾਨਾਂ ਦਾ ਕਾਨੂੰਨੀ ਅਧਿਕਾਰ ਬਣਾਇਆ ਜਾਵੇ। ਮੰਤਰੀ ਮੰਡਲ ਨੇ ਜਮਹੂਰੀ ਪਰੰਪਰਾਵਾਂ ਅਨੁਸਾਰ ਚੱਲ ਰਹੇ ਕਿਸਾਨ ਅੰਦੋਲਨ ਦੀ ਪ੍ਰਸ਼ੰਸਾ ਵੀ ਕੀਤੀ।

ਮੰਤਰੀ ਮੰਡਲ ਨੇ ਰਸਮੀ ਮਤਾ ਪਾਸ ਕਰ ਕੇ ਪੰਜਾਬ ਵਿਧਾਨ ਸਭਾ ਵੱਲੋਂ 28 ਅਗਸਤ, 2020 ਅਤੇ 20 ਅਕਤੂਬਰ, 2020 ਨੂੰ ਪਾਸ ਕੀਤੇ ਗਏ ਮਤਿਆਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸਾਨਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਕੈਬਨਿਟ ਨੇ ਮਤੇ ਵਿਚ ਕਿਹਾ ਹੈ ਕਿ ਸਾਰੀਆਂ ਸਬੰਧਤ ਧਿਰਾਂ ਨਾਲ ਵਿਸਥਾਰਤ ਸੰਵਾਦ ਰਚਾਉਣ ਅਤੇ ਵਿਚਾਰ-ਚਰਚਾ ਕੀਤੇ ਜਾਣ ਦੀ ਲੋੜ ਹੈ। ਮੰਤਰੀ ਮੰਡਲ ਨੇ ਸੁਪਰੀਮ ਕੋਰਟ ਵੱਲੋਂ ਖੇਤੀ ਕਾਨੂੰਨਾਂ 'ਤੇ ਰੋਕ ਲਾਉਣ ਦੇ ਹੁਕਮਾਂ ਦਾ ਸਵਾਗਤ ਕੀਤਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਖੇਤੀ ਕਾਨੂੰਨ ਵਾਪਸ ਨਾ ਲੈਣ ਦੀ ਜਿਦ ਸਮਝ ਤੋਂ ਬਾਹਰ ਹੈ। ਕਿਸਾਨਾਂ ਨੂੰ ਇਸ ਜਿਦ ਦੀ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ ਅਤੇ ਕਿੰਨੇ ਹੀ ਕਿਸਾਨ ਪਿਛਲੇ ਦਿਨਾਂ ਵਿਚ ਘੋਲ ਦੌਰਾਨ ਫੌਤ ਹੋ ਗਏ ਹਨ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਕੇਂਦਰ ਸਰਕਾਰ ਕਿਸਾਨ ਘੋਲ ਨੂੰ ਬਦਨਾਮ ਕਰਨ ਲਈ ਉਕਸਾਊ ਹਰਕਤਾਂ ਕਰ ਸਕਦੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਪੰਜਾਬ ਭਾਜਪਾ ਦੇ ਆਗੂ ਤਾਂ ਜ਼ਮੀਨੀ ਹਕੀਕਤ ਸਮਝ ਚੁੱਕੇ ਹਨ ਪ੍ਰੰਤੂ ਕੇਂਦਰੀ ਲੀਡਰਾਂ ਨੂੰ ਕਹਿਣ ਦੀ ਕਿਸੇ ਵਿਚ ਹਿੰਮਤ ਨਹੀਂ ਹੈ।

## ਝੂਠੇ ਵਾਅਦੇ ਕਰਨ ਵਾਲੇ ਹਰ ਫਰੰਟ 'ਤੇ ਫੇਲ੍ਹ: ਭਗਵੰਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਚਾਰ ਸਾਲਾਂ ਵਿਚ ਲਏ ਗਏ ਲੋਕ ਵਿਰੋਧੀ ਫੈਸਲਿਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਸਰਕਾਰ ਲੋਕਾਂ ਦੀ ਭਲਾਈ ਕਰਨ ਦੀ ਥਾਂ ਉਨ੍ਹਾਂ 'ਤੇ ਬੋਝ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਤੋਂ ਵੋਟਾਂ ਲੈਣ ਲਈ ਸ੍ਰੀ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਕੀਤਾ ਵਾਅਦਾ ਕੈਪਟਨ ਕੁਰਸੀ ਮਿਲਦਿਆਂ ਹੀ ਭੁੱਲ ਗਏ ਹਨ। ਮਾਨ ਨੇ ਕਿਹਾ ਕਿ ਸੂਬੇ ਵਿਚ ਰੇਤੇ, ਸ਼ਰਾਬ, ਟਰਾਂਸਪੋਰਟ ਮਾਫੀਆ ਦੀ ਅਗਵਾਈ ਕੈਬਨਿਟ ਮੰਤਰੀ ਕਰ ਰਹੇ ਹਨ ਪਰ ਮੁੱਖ ਮੰਤਰੀ ਅੱਖਾਂ ਬੰਦ ਕਰਕੇ ਬੈਠੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਰੁਜ਼ਗਾਰ ਲੈਣ ਲਈ ਸੜਕਾਂ 'ਤੇ ਅੰਦੋਲਨ ਕਰ ਰਹੇ ਹਨ ਪਰ ਕੈਪਟਨ ਫਾਰਮ ਹਾਊਸ 'ਚ ਕੁੰਭਕਰਨੀ ਨੀਂਦ ਸੌਂ ਰਹੇ ਹਨ।

# ਕਿਸਾਨ ਸੰਘਰਸ਼, ਮੋਦੀ ਸਰਕਾਰ ਅਤੇ ਗੁੰਝਲ ਦਾ ਅਸਲੀ ਕਾਰਨ

**ਉਂਕਾਰ ਸਿੰਘ ਡੁਮੇਲੀ, ਨਿਊ ਯਾਰਕ**
**ਫੋਨ: 347-476-1604**
**onkarny@aol.com**

ਭਾਰਤ ਭਰ ਦੇ ਕਿਸਾਨਾਂ ਨੇ ਕੇਂਦਰ ਸਰਕਾਰ ਵਲੋਂ ਖੇਤੀ ਸਬੰਧੀ ਤਿੰਨ ਕਾਨੂੰਨ, ਬਿਜਲੀ ਅਤੇ ਧਾਨ ਦੀ ਪਰਾਲੀ ਸਾੜਨ ਬਾਰੇ ਬਿੱਲਾਂ ਦੇ ਵਿਰੋਧ ਵਿਚ ਪ੍ਰਦਰਸ਼ਨ ਸ਼ੁਰੂ ਕੀਤਾ ਸੀ, ਜੋ ਇਸ ਵੇਲੇ ਸਿਖਰ 'ਤੇ ਹੈ। ਇਸ ਅੰਦੋਲਨ ਦਾ ਮੁੱਢ ਭਾਵੇਂ ਪੰਜਾਬ ਤੋਂ ਬੱਝਾ, ਪਰ ਹੁਣ ਇਸ ਨੂੰ ਪੂਰੇ ਦੇਸ਼ ਨੇ ਗਲਵੱਕੜੀ ਪਾ ਲਈ ਹੈ। ਕਿਸਾਨੀ ਨਾਲ ਜੁੜੇ ਹੋਏ ਕਈ ਕਿਰਤੀ, ਕਰਮਚਾਰੀ ਅਤੇ ਛੋਟੇ ਵਪਾਰੀ ਵੀ ਸ਼ਾਮਲ ਹੋ ਚੁਕੇ ਹਨ। ਹਮਦਰਦੀ ਵਜੋਂ ਕਲਾਕਾਰਾਂ, ਸੰਗੀਤਕਾਰਾਂ, ਸਾਹਿਤਕਾਰਾਂ, ਵਕੀਲਾਂ ਅਤੇ ਹੋਰ ਸਰਕਾਰੀ, ਗੈਰ-ਸਰਕਾਰੀ ਅਫਸਰਾਂ ਦੀ ਸ਼ਮੂਲੀਅਤ ਵੀ ਖੁਲ੍ਹੀ ਦਿਖਾਈ ਦਿੰਦੀ ਹੈ। ਪੰਜਾਬ ਦੀਆਂ 31 ਅਤੇ ਪੂਰੇ ਦੇਸ਼ ਵਿਚੋਂ 500 ਤੋਂ ਵਧ ਕਿਸਾਨ ਜਥੇਬੰਦੀਆਂ ਆਪੋ ਆਪਣੀਆਂ ਕਈ ਕਟਾਖਸ਼ਾਂ ਦੂਰ ਰੱਖ ਕੇ ਬਿੱਲਾਂ/ਕਾਨੂੰਨਾਂ ਦੇ ਵਿਰੋਧ 'ਚ ਇਕ ਸਾਂਝੀ ਪਟੜੀ 'ਤੇ ਇਕੱਠੀਆਂ ਆਣ ਖਲੋਤੀਆਂ ਹਨ। ਰੋਸ ਮੁਜਾਹਰੇ ਵਾਸਤੇ ਦਿੱਲੀ ਨੂੰ ਜਾਂਦਿਆਂ ਕਿਸਾਨ ਕਾਫਲਿਆਂ ਉਤੇ ਜਿਹੜਾ ਤਸ਼ੱਦਦ ਰਾਹ ਵਿਚ ਪੈਂਦੀਆਂ ਸਰਕਾਰਾਂ ਨੇ ਕੀਤਾ, ਉਸ ਨੇ ਭਾਰਤ ਮਹਾਨ ਦੇ ਅਖੌਤੀ ਲੋਕਤੰਤਰ ਦਾ ਨਕਾਬ ਲਾਹ ਕੇ ਅਸਲੀ ਚਿਹਰਾ ਦੁਨੀਆਂ ਨੂੰ ਵਿਖਾ ਦਿਤਾ। ਸੜਕਾਂ ਵਿਚ ਵੱਡੇ ਵੱਡੇ ਪੱਥਰ ਰੱਖੇ ਗਏ, ਕੰਡਿਆਲੀਆਂ ਤਾਰਾਂ ਬੀੜੀਆਂ ਗਈਆਂ ਤੇ ਕਈ ਕਈ ਫੁੱਟ ਡੂੰਘੀ ਜੀ. ਟੀ. ਰੋਡ ਪੁੱਟ ਦਿੱਤੀ ਗਈ। ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਲਾਠੀ ਚਾਰਜ ਵੀ ਕੀਤਾ, ਪਰ ਪੰਜਾਬੋਂ ਤੁਰਿਆ ਕਿਸਾਨ ਕਾਫਲਾ 'ਨਿਸਚੈ ਕਰ ਅਪਨੀ ਜੀਤ ਕਰੋਂ' ਗਾਉਂਦਾ ਹਰ ਰੋਕ ਨੂੰ ਪਾਰ ਕਰਦਾ ਹਰਿਆਣੇ ਦੀ ਜੂਹ ਵਿਚ ਪਹੁੰਚ ਗਿਆ ਅਤੇ ਹਰਿਆਣੇ ਦੇ ਲੋਕਾਂ ਨੇ ਪੰਜਾਬੀ ਕਿਸਾਨ ਕਾਫਲੇ ਦੇ ਹਰ ਬਸ਼ਰ ਨੂੰ ਆਪਣੇ ਸਿਰਾਂ 'ਤੇ ਚੁੱਕ ਲਿਆ ਤੇ ਆਪਣੇ ਦਿਲ ਉਨ੍ਹਾਂ ਦੇ ਪੈਰਾਂ ਹੇਠ ਵਿਛਾ ਦਿੱਤੇ। ਕਾਫਲਾ ਦੂਣਾ ਤੀਣਾ ਹੋ ਗਿਆ। ਆਖਰਕਾਰ ਕਿਸਾਨ ਦਿੱਲੀ ਸਰਹੱਦ 'ਤੇ ਪਹੁੰਚ ਗਏ। ਦਿੱਲੀ ਹਰਿਆਣਾ ਅਤੇ ਉਤਰ ਪ੍ਰਦੇਸ਼ ਵਲੋਂ ਕਈ ਪਾਸਿਆਂ ਤੋਂ ਘਿਰ ਗਈ।

ਸੂਬਾਈ ਸਰਕਾਰਾਂ ਅਤੇ ਕੇਂਦਰ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਅਮਨ ਅਤੇ ਪੂਰੇ ਜ਼ਾਬਤੇ ਵਿਚ ਚਲਦੇ ਅੰਦੋਲਨ ਉਪਰ ਭਾਰਤੀ ਸਰਕਾਰ ਦੀਆਂ ਕੀਤੀਆਂ ਵਧੀਕੀਆਂ ਨੇ ਦੁਨੀਆਂ ਭਰ ਵਿਚ ਭਾਰਤ ਦੀ ਤੋਏ ਤੋਏ ਕਰਵਾ ਦਿੱਤੀ। ਜਿਹੜੀ ਸਰਕਾਰ ਕਿਸਾਨ ਧਿਰਾਂ ਨਾਲ ਗੱਲਬਾਤ ਕਰਨ ਦੀ ਥਾਂ ਮੋਢਾ ਮਾਰ ਕੇ ਮੂੰਹ ਘੁਮਾ ਲੈਂਦੀ ਸੀ, ਦੁਨੀਆਂ 'ਚ ਪੈਂਦੀ ਸਿਰ-ਖੋਹ ਵੇਖ ਕੇ ਗੱਲਬਾਤ ਲਈ ਹਾੜ੍ਹੇ ਕੱਢਣ ਲੱਗੀ। ਗੱਲਬਾਤ ਦੇ ਦੌਰ 'ਤੇ ਦੌਰ ਚੱਲ ਰਹੇ ਹਨ, ਪਰ ਵਾਰਤਾਲਾਪ ਵਿਚੋਂ ਅਸਲੀ ਹਲ ਅਜੇ ਨਜ਼ਰੀਂ ਨਹੀਂ ਪੈ ਰਿਹਾ। ਮਸਾਂ ਮਸਾਂ ਸਰਕਾਰ ਬਿਜਲੀ ਅਤੇ ਪਰਾਲੀ ਬਿਲ ਵਾਪਸ ਲੈਣ ਲਈ ਤਿਆਰ ਤਾਂ ਹੋ ਗਈ ਹੈ, ਪਰ ਅੰਦੋਲਨ ਦੀ ਅਸਲੀ ਜੜ੍ਹ, ਜੋ ਖੇਤੀ ਸਬੰਧੀ ਤਿੰਨ ਕਾਨੂੰਨ ਹਨ, ਉਨ੍ਹਾਂ ਨੂੰ ਰੱਦ ਕਰਨ ਤੋਂ ਮੁਨਕਰ ਹੈ। ਕਿਸਾਨ ਜਥੇਬੰਦੀਆਂ ਦੀ ਇਕੋ ਹੀ ਸਥਿਰ ਮੰਗ 'ਕਾਲੇ ਕਾਨੂੰਨ ਰੱਦ ਹੋਣ' ਅਤੇ ਭਾਰਤ ਸਰਕਾਰ ਦੀ ਉਹੀ ਹੀ ਦਲੀਲ-ਦੁਹਰਾਈ ਕਿ ਕਾਨੂੰਨ ਕਿਸਾਨਾਂ ਦੀ ਆਮਦਨ ਅਤੇ ਜੀਵਨ ਸਥਿਰ ਉਚਾ ਕਰਨ ਦੇ ਸਭ ਤੋਂ ਵਧੀਆ ਕਾਨੂੰਨ ਹਨ। ਸਰਕਾਰ ਦਾ ਵਾਰ ਵਾਰ ਉਹੋ ਹੀ ਖਦਸ਼ਾ ਕਿ ਕਿਸਾਨ ਕਿਸੇ ਸਿਆਸੀ ਅਸਰ ਥੱਲੇ ਜਾਂ ਕਿਸੇ ਬਾਹਰਲੇ ਦੇਸ਼ ਚੀਨ ਅਤੇ ਪਾਕਿਸਤਾਨ ਦੀ ਗੁੱਝੀ ਸਾਜ਼ਸ਼ ਨਾਲ ਗੁਮਰਾਹ ਹੋ ਚੁੱਕੇ ਹਨ। ਉਹ ਕਾਨੂੰਨ ਦੀਆਂ ਬਾਰੀਕੀਆਂ ਅਤੇ ਫਾਇਦਿਆਂ ਨੂੰ ਸਮਝ ਨਹੀਂ ਰਹੇ। ਅਸਲ ਵਿਚ ਹਕੀਕਤ ਇਹ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਸਾਰੇ ਤਾਣੇ ਬਾਣੇ, ਨੀਅਤ ਅਤੇ ਨੀਤੀ ਦੀ ਪੂਰੀ ਗਹਿਰਾਈ ਸਮਝ ਆ ਚੁਕੀ ਹੈ, ਤਾਹੀਓਂ ਮੇਜ਼ 'ਤੇ ਸਰਕਾਰ ਕਾਨੂੰਨਾਂ ਦੀ ਹਰ ਧਾਰਾ ਤੇ ਕਿਸਾਨਾਂ ਮੂਹਰੇ ਨਿਰਉਤਰ ਹੋ ਰਹੀ ਹੈ।

ਜਿਵੇਂ ਮੈਂ ਉਪਰ ਬਿਆਨ ਕੀਤਾ ਹੈ, ਭਾਰਤ ਵਿਚ ਚਲ ਰਿਹਾ ਕਿਸਾਨ ਅੰਦੋਲਨ ਐਸ ਵੇਲੇ ਪੂਰੇ ਡੈੱਡ-ਲੌਕ ਦੀ ਹਾਲਤ ਵਿਚ ਹੈ। ਕਿਸਾਨਾਂ ਨੇ ਆਰ-ਪਾਰ ਦੀ ਲੜਾਈ ਮਿੱਥ ਲਈ ਹੋਈ ਹੈ। ਸਰਕਾਰ ਨੇ ਵੀ ਆਪਣੇ ਵੱਕਾਰ ਅਤੇ ਹੰਕਾਰ ਦਾ ਸਵਾਲ ਬਣਾ ਲਿਆ ਹੋਇਆ ਹੈ। ਉਹ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਤਾਨਾਸ਼ਾਹੀ ਰਾਹ ਅਪਨਾਈ ਬੈਠੀ ਹੈ। ਮੋਦੀ ਸਰਕਾਰ ਇਸ ਵੇਲੇ ਪੂਰੀ ਦੁਬਿਧਾ ਵਿਚ ਫਸੀ ਹੋਈ ਹੈ। 2019 ਵਿਚ ਭਾਜਪਾ ਧਾਰਮਿਕ ਵਖਰੇਵਿਆਂ ਦੀ ਨਫਰਤ ਭਰੀ ਨੀਤੀ, ਜੋ ਇਸ ਦਾ ਅਸਲੀ ਪੈਂਤੜਾ ਹੁੰਦਾ ਹੈ, ਨਾਲ ਪੁਲਵਾਮਾ ਵਰਗੀ ਅਤਿ ਘਨਾਉਣੀ ਘਟਨਾ ਦਾ ਲਾਹਾ ਲੈ ਕੇ ਅਤੇ ਈ. ਵੀ. ਐਮ. ਮਸ਼ੀਨਾਂ ਦੀ ਮਦਦ ਨਾਲ ਸੱਤਾ 'ਤੇ ਮੁੜ ਕਾਬਜ਼ ਹੋ ਗਈ। ਸੰਵਿਧਾਨ ਦੀ ਸਹੁੰ ਖਾ ਕੇ ਗੱਦੀ 'ਤੇ ਬੈਠਦਿਆਂ ਹੀ ਕਈ ਕਾਨੂੰਨ ਬਣਾ ਦਿੱਤੇ, ਜਿਨ੍ਹਾਂ ਦਾ ਵਿਰੋਧ ਤਾਂ ਹੋਇਆ, ਪਰ ਅੰਦੋਲਨ ਸੀ. ਏ. ਏ. ਦੇ ਖਿਲਾਫ ਹੀ ਭਖਿਆ, ਜੋ ਕਰੋਨਾ ਮਹਾਮਾਰੀ ਦੀ ਆਮਦ ਨਾਲ ਰੁਕ ਗਿਆ। ਕਰੋਨਾ ਦੇ ਵਧਦੇ ਫੈਲਾਅ ਅਤੇ ਲੋਕਾਂ ਨੂੰ ਲੌਕਡਾਊਨ ਦੀ ਹਾਲਤ ਵਿਚ ਚੁੱਪ ਚਾਪ ਬੈਠੇ ਵੇਖ ਕੇ ਸਰਕਾਰ ਨੇ ਤਿੰਨੋਂ ਖੇਤੀ ਸਬੰਧੀ ਕਾਨੂੰਨ ਸਦਨਾਂ ਵਿਚ ਪਰੰਪਰਾਗਤ ਬਹਿਸ ਤੋਂ ਬਗੈਰ ਹੀ ਪਾਸ ਕਰ ਲਏ। ਕੇਂਦਰ ਸਰਕਾਰ ਨੂੰ ਅੰਦਾਜ਼ਾ ਨਹੀਂ ਸੀ ਕਿ ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿਚ ਪੂਰੇ ਦੇਸ਼ ਵਿਚੋਂ ਕਿਸਾਨ ਲਾਮਬੰਦ ਹੋ ਜਾਣਗੇ। ਭਾਰਤ ਵਿਚ ਚਲ ਰਹੇ ਇਸ ਅੰਦੋਲਨ 'ਤੇ ਸਾਰੀ ਦੁਨੀਆਂ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ। ਬਣੀ ਹੋਈ ਖੜੋਤ ਪਿਛੇ ਮੈਨੂੰ ਇਕ ਇਤਿਹਾਸ ਵਿਖਾਈ ਦੇ ਰਿਹਾ ਹੈ, ਜਿਸ ਵਲ ਝਾਤ ਪਵਾਉਣ ਦਾ ਸੰਖੇਪ ਜਿਹਾ ਯਤਨ ਮੈਂ ਕਰ ਰਿਹਾ ਹਾਂ, ਜੋ ਸਾਰੀ ਗੁੰਝਲ ਨੂੰ ਸਮਝਣ ਵਿਚ ਮੇਰੀ ਰਾਏ ਅਨੁਸਾਰ ਸਹਾਈ ਹੋਵੇਗਾ।

ਰੋਮਨ ਸਲਤਨਤ ਦੇ ਟੁੱਟਣ-ਭੱਜਣ ਨਾਲ ਲੋਕ ਛੋਟੇ, ਮੱਧਮ, ਵੱਡੇ ਅਤੇ ਬਹੁਤ ਵੱਡੇ ਜਗੀਰਾਂ ਦੇ ਮਾਲਕ ਬਣ ਬੈਠੇ। ਇਸ ਨਿੱਜੀ ਮਾਲਕੀ ਦੇ ਦੌਰ ਵਿਚ ਕੋਈ ਕੇਂਦਰਤ ਬੰਦੋਬਸਤ ਨਹੀਂ ਸੀ, ਜਿਸ ਕਰਕੇ ਜਾਗੀਰਦਾਰਾਂ ਦੇ ਆਪਸ ਵਿਚ ਅਤੇ ਖੇਤ ਮਜ਼ਦੂਰਾਂ ਦੇ ਝਗੜੇ ਅਕਸਰ ਹੁੰਦੇ ਰਹਿੰਦੇ ਸਨ। ਆਖਰ ਤਾਲ-ਮੇਲ ਨਾਲ ਛੋਟੇ ਜਾਗੀਰਦਾਰਾਂ ਨੇ ਮਜਲਸਾਂ ਕਰਕੇ ਇਕ ਬਹੁਤ ਵੱਡੇ ਜਾਗੀਰਦਾਰ ਨੂੰ ਆਪਣਾ ਆਗੂ ਬਣਾ ਲਿਆ ਤੇ ਉਸ ਦੇ ਸਿਰ 'ਤੇ ਤਾਜ ਰੱਖ ਕੇ ਉਸ ਨੂੰ 'ਰਾਜੇ' ਦਾ ਲਕਬ ਦੇ ਦਿੱਤਾ। ਹੁਣ ਉਨ੍ਹਾਂ ਦੀਆਂ ਰਾਜੇ ਤੋਂ ਬੜੀਆਂ ਆਸਾਂ ਸਨ, ਜਿਨ੍ਹਾਂ ਵਿਚ ਇਕ ਕੇਂਦਰੀ ਪ੍ਰਬੰਧ, ਮਾਲਕਾਂ ਦੇ ਝਗੜਿਆਂ ਦਾ ਨਿਪਟਾਰਾ ਅਤੇ ਮੁਜਾਰਿਆਂ ਨੂੰ ਬਗਾਵਤ ਤੋਂ ਰੋਕੀ ਰੱਖਣਾ ਸ਼ਾਮਲ ਸੀ। ਇਸ ਤੋਂ ਇਲਾਵਾ ਜ਼ਿੰਦਗੀ ਦੇ ਹੋਰ ਸ਼ੋਬਿਆਂ ਵਿਚ ਵੀ ਉਸ ਦੀ ਜ਼ਿੰਮੇਵਾਰੀ ਹੁੰਦੀ ਸੀ। ਇਸ ਸਾਰੇ ਬੰਦੋਬਸਤ ਨੂੰ ਕਾਇਮ ਰੱਖਣ ਲਈ ਰਾਜੇ ਨੇ ਲੋਕਾਂ ਤੇ ਟੈਕਸ ਅਤੇ ਮਾਲੀਆ ਲਾਉਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਸਲਤਨਤਾਂ ਕਾਇਮ ਹੋ ਗਈਆਂ। ਰਾਜਿਆਂ ਨੇ ਆਪਣੀ ਆਪਣੀ ਹਿਫਾਜ਼ਤ ਲਈ ਰੱਖਿਆ ਅਮਲਾ ਰਖਣਾ ਸ਼ੁਰੂ ਕਰ ਦਿੱਤਾ। ਨਿੱਜੀ ਜਾਗੀਰਦਾਰੀ ਦੇ ਨਾਲ ਨਾਲ ਸਰਕਾਰੀ (ਸਟੇਟ) ਜਾਗੀਰਦਾਰੀ ਵੀ ਸਥਾਪਤ ਹੋ ਗਈ। ਇਲੀਜ਼ਬੈਥਾਂ, ਜੌਰਜ, ਕੇਸਰ ਅਤੇ ਜ਼ਾਰ ਹੋਂਦ ਵਿਚ ਆ ਗਏ। ਆਪਸ ਵਿਚ ਭਾਵੇਂ ਇਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਸਨ, ਪਰ ਸਲਤਨਤੀ ਪਹਿਲੂਆਂ ਤੋਂ ਇਕ ਦੂਜੇ ਨੂੰ ਠਿੱਬੀ ਲਾਉਣ ਦਾ ਹੀ ਸੋਚਦੇ ਸਨ। ਰਾਜਿਆਂ ਦੀਆਂ ਐਸ਼ਪ੍ਰਸਤੀਆਂ ਅਤੇ ਹੋਰ ਜ਼ਾਲਮਾਨਾ ਨੀਤੀਆਂ ਕਰਕੇ ਲੋਕਾਂ ਵਿਚ ਰੋਹ ਉਗਮਣ ਲੱਗਾ ਅਤੇ 17ਵੀਂ ਸਦੀ ਵਿਚ ਇੰਗਲੈਂਡ ਦੀ ਕ੍ਰਾਂਤੀ ਤੇ 18ਵੀਂ ਸਦੀ ਵਿਚ ਫਰਾਂਸ ਅਤੇ ਅਮਰੀਕਾ ਦੀਆਂ ਕ੍ਰਾਂਤੀਆਂ ਆ ਗਈਆਂ। ਸਲਤਨਤਾਂ ਖਤਮ ਹੋ ਗਈਆਂ, ਪੂੰਜੀਵਾਦ ਦੀ ਨਵੀਂ ਆਰਥਕ ਪ੍ਰਣਾਲੀ ਸ਼ੁਰੂ ਹੋ ਗਈ। ਫਰਾਂਸ ਦੀ ਕ੍ਰਾਂਤੀ ਵਿਚੋਂ ਦੁਨੀਆਂ ਨੂੰ ਇਕ ਆਕਰਸ਼ਕ ਪੈਗਾਮ 'ਆਜ਼ਾਦੀ, ਬਰਾਬਰੀ, ਭਾਈਚਾਰਾ' ਮਿਲਿਆ। ਐਡਮ ਸਮਿਥ ਦੀ ਆਰਥਕ ਫਿਲਾਸਫੀ ਅਨੁਸਾਰ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਪੂੰਜੀਵਾਦ ਪ੍ਰਫੁਲਤ ਹੋਣ ਲੱਗਾ। ਜਿਵੇਂ ਜਿਵੇਂ ਉਦਯੋਗ ਫੈਲਦੇ ਗਏ, ਕਿਰਤੀ ਵਰਗ ਅਤੇ ਪੂੰਜੀਪਤੀ ਵਰਗ ਹੋਂਦ ਵਿਚ ਆ ਗਏ ਤੇ ਅਮੀਰ-ਗਰੀਬ ਦਾ ਪਾੜਾ ਵਧਣ ਲੱਗਾ।

ਕੁਦਰਤ ਦੇ ਨਿਯਮ ਵੀ ਨਿਆਰੇ ਨੇ, ਮਜ਼ਦੂਰਾਂ ਦੀ ਹਾਲਤ ਵੇਖ ਕੇ ਕਾਰਲ ਮਾਰਕਸ ਜਿਹੇ ਫਿਲਾਸਫਰ ਸਾਹਮਣੇ ਆ ਗਏ, ਜਿਸ ਨੇ ਗੁਰੂ ਨਾਨਕ ਦੇ ਕਥਨ 'ਪਾਪਾਂ ਬਾਝਹੁ ਹੋਵੈ ਨਾਹੀ ਮੋਇਆਂ ਸਾਥ ਨਾ ਜਾਈ' ਨੂੰ ਡੀ-ਕੋਡ ਕਰ ਦਿੱਤਾ ਅਤੇ ਗਰੀਬ ਕਿਰਤੀਆਂ ਦੀ ਹੁੰਦੀ ਲੁੱਟ ਦਾ ਵਿਗਿਆਨ ਲੋਕਾਂ ਸਾਹਮਣੇ ਨਸ਼ਰ ਕਰ ਦਿੱਤਾ। ਖਲਕ ਮਹਿ ਖਾਲਕ ਪੂੰਜੀਪਤੀਆਂ ਨੂੰ ਦਿਸਣੋਂ ਹਟ ਗਿਆ। ਸਾਰਾ ਸੰਸਾਰ ਉਨ੍ਹਾਂ ਨੂੰ ਇਕ ਸ਼ਿਕਾਰਗਾਹ ਦਿਸਣ ਲੱਗ ਪਿਆ। ਸੰਸਾਰ ਭਰ ਦੇ ਵੱਖਰੇ ਵੱਖਰੇ ਦੇਸ਼ਾਂ, ਖਿੱਤਿਆਂ ਅਤੇ ਮੰਡੀਆਂ 'ਤੇ ਕਬਜ਼ਾ ਕਰਨ ਲਈ ਉਹ ਸੰਸਾਰ ਦੇ ਪਹਿਲੇ ਯੁੱਧ ਵਿਚ ਉਲਝ ਗਏ। ਚਾਰ ਸਾਲ ਦੀ ਲੜਾਈ 'ਚ ਕਰੋੜਾਂ ਜਾਨਾਂ ਦੀ ਬਲੀ ਅਤੇ ਹੋਰ ਅਣਮਿੱਥੀ ਤਬਾਹੀ ਤੋਂ ਬਾਅਦ ਵਾਰਸਾਏ (ਫਰਾਂਸ) ਵਿਚ ਸਮਝੌਤੇ 'ਤੇ ਗੱਲ ਮੁੱਕੀ। ਲੀਗ ਆਫ ਨੇਸ਼ਨਜ਼ ਹੋਂਦ ਵਿਚ ਆਈ, ਜੋ ਬਾਅਦ ਵਿਚ ਯੂ. ਐਨ. ਓ. ਬਣੀ। ਸਾਰੀ ਦੁਨੀਆਂ ਵਿਚ ਆਰਥਕ ਮੰਦੀ ਆ ਗਈ। ਦੁਨੀਆਂ ਭਰ ਵਿਚ ਪੂੰਜੀਵਾਦੀ ਪ੍ਰਣਾਲੀ ਦੇ ਹੱਕ ਅਤੇ ਵਿਰੋਧ ਵਿਚ ਬਹਿਸਾਂ ਅਤੇ ਲਹਿਰਾਂ ਉਤਪਨ ਹੋਣ ਲੱਗੀਆਂ।

ਸੰਸਾਰ ਦੀ ਪਹਿਲੀ ਲੜਾਈ ਤੋਂ ਪਹਿਲਾਂ ਬਰਤਾਨੀਆ ਨੇ ਆਪਣੀ ਆਰਥਕ ਮਜ਼ਬੂਤੀ ਵਾਸਤੇ ਆਪਣੇ ਅਧੀਨ ਦੇਸ਼ਾਂ ਵਿਚ ਕਈ ਤਰ੍ਹਾਂ ਦੇ ਕਰ ਲਾਉਣ ਦਾ ਫੈਸਲਾ ਕੀਤਾ, ਜਿਸ ਦੇ ਅਧੀਨ ਉਨ੍ਹਾਂ ਨੇ ਖੇਤੀ ਸਬੰਧੀ ਤਿੰਨ ਕਾਨੂੰਨ ਬਣਾ ਕੇ ਜਿਹੜੇ ਕਿ ਹੁਣ ਭਾਜਪਾ ਸਰਕਾਰ ਵਲੋਂ ਬਣਾਏ ਗਏ ਕਾਨੂੰਨਾਂ ਵਾਂਗ ਘਾਤਕ ਸਨ, ਭਾਰਤ ਵਿਚ ਲਾਗੂ ਕਰ ਦਿੱਤੇ। ਉਦੋਂ 1907 ਵਿਚ 'ਪਗੜੀ ਸੰਭਾਲ ਓ ਜੱਟਾ' ਦੀ ਲਹਿਰ ਕਾਨੂੰਨਾਂ ਦੇ ਖਿਲਾਫ ਕਰੀਬ 9 ਮਹੀਨੇ ਚੱਲੀ ਅਤੇ ਕਾਨੂੰਨ ਵਾਪਸ ਕਰਵਾਏ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਹਰ ਦੇਸ਼ ਦਾ ਲੱਕ ਟੁੱਟ ਗਿਆ। ਦੁਨੀਆਂ ਵਿਚ ਅਵਿਸ਼ਵਾਸ ਵਧਣ ਲੱਗਾ। ਦੁਨੀਆਂ ਭਰ ਵਿਚ ਲੋਕ ਦੋ ਵਿਚਾਰਾਂ ਨਾਲ ਲੈਸ ਹੋ ਕੇ ਜਥੇਬੰਦ ਹੋਣ ਲੱਗੇ। ਇਕ ਸਮਾਜਵਾਦੀ ਸੋਚ ਅਤੇ ਦੂਜੀ ਪੂੰਜੀਵਾਦੀ ਸੋਚ। ਪੂੰਜੀਵਾਦ ਜਦੋਂ ਆਪਣੇ ਪੈਰ ਡੋਲਦੇ ਅਨੁਭਵ ਕਰਨ ਲੱਗਾ ਤਾਂ ਉਸ ਨੇ ਐਸੀਆਂ ਸਰਕਾਰਾਂ ਸਥਾਪਤ ਕਰਨ ਦੀ ਸੋਚੀ, ਜੋ ਤਾਨਾਸ਼ਾਹੀ ਫੁਰਮਾਨਾਂ ਨਾਲ ਉਨ੍ਹਾਂ ਵਾਸਤੇ ਕਾਨੂੰਨ ਬਣਾਏ ਅਤੇ ਲਾਗੂ ਕਰੇ। ਤਾਨਾਸ਼ਾਹੀ ਹਿਟਲਰ ਜਰਮਨ 'ਚ, ਬਨੀਤੋ ਮੁਸੋਲੀਨੀ ਇਟਲੀ ਅਤੇ ਟੋਜੋ ਹਿਦੇਕੀ ਜਾਪਾਨ ਵਿਚ ਕਾਬਜ਼ ਹੋ ਗਏ। ਅੰਤ ਵਿਚ ਸਾਰੇ ਹੀ ਤਾਨਾਸ਼ਾਹ ਕੁੱਤੇ ਦੀ ਮੌਤੇ ਗਏ। ਇਸ ਦੇ ਵੇਰਵੇ ਕਈ ਪਰਤਾਂ ਖੋਲ੍ਹਦੇ ਹਨ, ਜਿਨ੍ਹਾਂ ਦਾ ਇਥੇ ਖੁਲਾਸਾ ਕਰਨਾ ਮੈਂ ਵਾਜਵ ਨਹੀਂ ਸਮਝਦਾ। ਅੱਜ ਦੇ ਤਾਨਾਸ਼ਾਹ ਉਨ੍ਹਾਂ ਦੇ ਚੜ੍ਹਾਂ ਨੂੰ ਤਾਂ ਬੜੇ ਗੌਰਵ ਨਾਲ ਵੇਖਦੇ ਹਨ, ਪਰ ਉਨ੍ਹਾਂ ਦਾ ਅੰਤ ਉਨ੍ਹਾਂ ਦੇ ਨਜ਼ਰੀਂ ਨਹੀਂ ਪੈਂਦਾ।

ਫਾਸ਼ੀਵਾਦੀ ਅਤੇ ਅਲਾਈਡ ਤਾਕਤਾਂ ਦੇ ਸੰਸਾਰ ਦੇ ਦੂਜੇ ਯੁੱਧ ਵਿਚ ਉਲਝਾ ਨੇ ਦੁਨੀਆਂ ਵਿਚ ਕੌਮਾਂਤਰੀ ਪਲੇਟਫਾਰਮ ਖੜ੍ਹੇ ਕਰਨ ਦੀ ਸੋਚੀ। ਤਦ 1944 ਦੀ ਜੁਲਾਈ ਵਿਚ ਅਮਰੀਕਾ ਦੇ ਸ਼ਹਿਰ ਬਰੈਟਨ ਵੁਡਜ਼ ਵਿਚ ਇਕ ਕੌਮਾਂਤਰੀ ਕਾਨਫਰੰਸ ਸੱਦ ਕੇ ਵਰਲਡ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਸਥਾਪਤ ਹੋ ਗਏ। ਉਦੋਂ ਸੰਸਾਰੀ ਵਪਾਰ ਲਈ ਵੀ ਗੱਲਬਾਤ ਚੱਲੀ, ਪਰ ਕਿਸੇ ਸਿਰੇ ਨਾ ਲੱਗੀ ਅਤੇ 1948 ਵਿਚ ਗੈਟ (ਜੀ. ਏ. ਏ. ਟੀ.) ਬਣਾ ਲਿਆ ਗਿਆ, ਜੋ ਜਨਵਰੀ 1995 ਵਿਚ ਵਰਲਡ ਟਰੇਡ ਆਰਗੇਨਾਈਜ਼ੇਸ਼ਨ 'ਚ ਬਦਲ ਗਿਆ। ਭਾਵੇਂ ਉਦੇਸ਼ ਗਰੀਬ ਅਤੇ ਪ੍ਰਗਤੀਸ਼ੀਲ ਦੇਸ਼ਾਂ ਦੀ ਮਦਦ ਕਰਨਾ ਅਤੇ ਸੰਸਾਰ ਯੁੱਧ ਤੋਂ ਬਾਅਦ ਮੁੜ ਵਸੇਵਾ ਹੀ ਸੀ, ਪਰ ਇਨ੍ਹਾਂ ਸੰਸਥਾਵਾਂ ਦੀ ਅਸਲੀ ਨੀਅਤ ਜਾਹਨ ਪਾਰਕਿੰਜ਼ ਦੀ ਕਿਤਾਬ 'ਕਨਫੈਸ਼ਨ ਆਫ ਐਨ ਇਕਨਾਮਿਕ ਹਿਟਮੈਨ' ਤੋਂ ਸਾਫ ਵਿਖਾਈ ਦਿੰਦੀ ਹੈ ਕਿ ਕਿਵੇਂ ਅਮੀਰ ਦੇਸ਼ ਗਰੀਬ ਦੇਸ਼ਾਂ 'ਤੇ ਸਿੱਧਾ ਰਾਜ ਕਰਨ ਨਾਲੋਂ ਕਰਜ਼ਿਆਂ ਦੇ ਭਾਰ ਹੇਠ ਦੱਬ ਕੇ ਉਨ੍ਹਾਂ ਤੇ ਰਾਜ ਕਰਨ ਦੀਆਂ ਡੂੰਘੀਆਂ ਸਾਜ਼ਿਸ਼ਾਂ ਬਣਾਉਂਦੇ ਹਨ। ਬਹੁਤੇ ਦੇਸ਼ ਨਕਸ਼ੇ ਉਪਰ ਤਾਂ ਗਣਤੰਤਰ ਦਿਸਦੇ ਹਨ, ਪਰ ਆਰਥਕਤਾ ਪੱਖੋਂ ਉਹ ਅਮੀਰ ਦੇਸ਼ਾਂ ਪੂਰੇ ਗੁਲਾਮ ਹਨ।

ਭਾਰਤ ਨੂੰ 1947 ਵਿਚ ਮਿਲੀ ਆਜ਼ਾਦੀ ਤੋਂ ਬਾਅਦ ਭਾਵੇਂ ਕਾਂਗਰਸ ਦੀ ਸਰਕਾਰ ਹੋਵੇ, ਜਨਤਾ ਦਲੀਆਂ ਜਾਂ ਭਾਜਪਾ ਦੀ, ਸਾਰਿਆਂ ਨੇ ਭਾਰਤ ਦੇ ਹੱਥ ਠੂਠਾ ਫੜਾਈ ਰੱਖਿਆ। ਕਾਂਗਰਸ ਵੀ ਅਤੇ ਭਾਜਪਾ ਬਾਹਰਲੇ ਪੂੰਜੀਪਤੀਆਂ ਲਈ ਦੇਸ਼ ਦੇ ਕੁਦਰਤੀ ਸਾਧਨਾਂ ਨੂੰ ਲਟਾਉਣ ਲਈ ਬੂਹੇ ਸਪੱਟ ਖੋਲ੍ਹਣ ਲਈ ਇਕ ਦੂਜੇ ਤੋਂ ਮੂਹਰੇ ਹੋਣ ਦੀ ਕਰਦੇ ਰਹੇ। ਸਮਾਜਵਾਦੀ ਸੋਚ ਇਸ ਪਾਰਟੀ ਦੇ ਏਜੰਡੇ ਵਿਚ ਬਿਲਕੁਲ ਨਹੀਂ ਹੈ। ਇਸੇ ਲਈ ਹਰ ਪਬਲਿਕ ਅਦਾਰੇ ਨੂੰ ਬਿਮਾਰ ਦੱਸ ਦੱਸ ਕੇ ਨਿੱਜੀ ਕੰਪਨੀਆਂ ਨੂੰ ਵੇਚ ਰਹੀ ਹੈ। ਵਰਲਡ ਟਰੇਡ ਆਰਗੇਨਾਈਜ਼ੇਸ਼ਨ ਨੇ ਦੁਨੀਆਂ ਦੀ ਖੇਤੀਬਾੜੀ ਨੂੰ ਕਈ ਬੰਧਨਾਂ ਅਧੀਨ ਨਿੱਜੀ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦੇਣ ਲਈ ਬਹੁਤੇ ਦੇਸ਼ਾਂ ਨੂੰ ਮਨਾ ਲਿਆ ਹੋਇਆ ਹੈ, ਜਿਨ੍ਹਾਂ ਵਿਚ ਭਾਰਤ ਵੀ ਹੈ। ਖੇਤੀ ਉਤਪਾਦਨ ਵਿਚ ਵਿਕਸਿਤ ਦੇਸ਼ ਤਾਂ ਆਪਣੇ ਕਿਸਾਨਾਂ ਨੂੰ ਵੱਡੀਆਂ ਵੱਡੀਆਂ ਸਬਸਿਡੀਆਂ ਦਿੰਦੇ ਹਨ, ਪਰ ਵਿਕਸਿਤਸ਼ੀਲ ਦੇਸ਼ਾਂ ਨੂੰ ਐਂਬਰ, ਨੀਲੇ ਅਤੇ ਹਰੇ ਖਾਨੇ ਬਣਾ ਕੇ ਕਈ ਪਾਬੰਦੀਆਂ ਹੇਠ ਸੰਸਾਰੀਵਪਾਰ ਸੰਸਥਾ (ਡਬਲਯੂ. ਟੀ. ਓ.) ਨੇ ਜਕੜ ਰੱਖਿਆ ਹੋਇਆ ਹੈ।

ਬੇਸ਼ੱਕ ਭਾਜਪਾ ਸਰਕਾਰ ਰਾਸ਼ਟਰ ਲਈ ਵੱਡੀਆਂ ਕੁਰਬਾਨੀਆਂ ਦਾ ਢੰਡੋਰਾ ਪਿੱਟਦੀ ਹੈ, ਪਰ ਇਹ ਗੱਲ ਬਿਲਕੁਲ ਨਹੀਂ ਸੋਚਦੀ ਕਿ ਰਾਸ਼ਟਰ ਤਾਂ ਲੋਕਾਂ ਨਾਲ ਬਣਦਾ ਹੈ। ਉਹ ਰਾਸ਼ਟਰ ਉਚਾ ਅਤੇ ਤਾਕਤਵਰ ਹੁੰਦਾ ਹੈ, ਜਿਸ ਦੇ ਲੋਕਾਂ ਪਾਸ ਯੋਗਤਾ ਅਨੁਸਾਰ ਕੰਮ, ਸਿਹਤ, ਵਿਦਿਆ, ਖੇਡਾਂ, ਕਲਾ, ਸੰਗੀਤ ਅਤੇ ਰੋਜ਼ਾਨਾ ਜ਼ਿੰਦਗੀ ਦੇ ਸਭ ਵਸੀਲੇ ਵਸਾਹ ਅਤੇ ਸੌਖੇ ਹੀ ਆਮਦਾ ਹੋਣ। ਇਤਿਹਾਸ ਗਵਾਹ ਹੈ ਕਿ ਪਬਲਿਕ ਸੈਕਟਰ ਹੀ ਆਮ ਲੋਕਾਂ ਨੂੰ ਕੰਮ ਧੰਦਿਆਂ ਵਿਚ ਸਮੋ ਸਕਦਾ ਹੈ। ਨਿੱਜੀ ਕਾਰਪੋਰੇਸ਼ਨਾਂ, ਨਿਰਦੇਸ਼ਕਾਂ ਅਤੇ ਬੜੇ ਅਧਿਕਾਰੀਆਂ ਦੀਆਂ ਅਸਮਾਨ ਛੋਂਹਦੀਆਂ ਤਨਖਾਹਾਂ, ਭੱਤਿਆਂ ਅਤੇ ਬੋਨਸਾਂ ਨਾਲ ਉਨ੍ਹਾਂ ਨੂੰ ਨਿਹਾਲ ਕਰ ਸਕਦੇ ਹਨ, ਪਰ ਕਾਰਪੋਰੇਸ਼ਨ ਦੇ ਹਜ਼ਾਰਾਂ ਕਿਰਤੀਆਂ ਕਾਰਕੁੰਨਾਂ ਨੂੰ ਆਮ ਜ਼ਿੰਦਗੀ ਜਿਉਣ ਜੋਗੀ ਤਨਖਾਹ ਦੇਣ ਲਈ ਵੀ ਰਾਜ਼ੀ ਨਹੀਂ ਹੁੰਦੀਆਂ।

ਹਰ ਸਮੇਂ ਸਟੇਟ ਹੀ ਆਰਥਕ ਪ੍ਰਣਾਲੀ ਨੂੰ ਕਾਇਮ ਦਾਇਮ ਰੱਖਣ ਲਈ ਜ਼ਿੰਮੇਵਾਰ ਹੁੰਦੀ ਹੈ। ਜਾਗੀਰਦਾਰੀ ਉਦੋਂ ਤਕ ਚਲਦੀ ਰਹੀ, ਜਦ ਤਕ ਸਟੇਟ ਬਰਕਰਾਰ ਰੱਖ ਸਕੀ। ਜਦੋਂ ਲੋਕਾਂ ਨੇ ਸਟੇਟ ਨੂੰ ਬਗਾਬਤ ਕਰਕੇ ਪਰ੍ਹਾਂ ਕਰ ਦਿੱਤਾ, ਜਾਗੀਰਦਾਰੀ ਪ੍ਰਣਾਲੀ ਖਤਮ ਹੋ ਗਈ। ਹੁਣ ਸਰਮਾਏਦਾਰੀ ਪ੍ਰਣਾਲੀ ਵੀ ਉਤਨੀ ਦੇਰ ਕਾਇਮ ਰਹੇਗੀ, ਜਿੰਨੀ ਦੇਰ ਹਕੂਮਤ ਇਸ ਦੀ ਪਿੱਠ 'ਤੇ ਥਾਪੜਾ ਦੇਣ ਦੇ ਕਾਬਲ ਰਹੇਗੀ।

ਐਸ ਵੇਲੇ ਕਿਸਾਨ ਅੰਦੋਲਨ ਮੰਗ ਕਰਦਾ ਹੈ ਕਿ ਕਾਰਪੋਰੇਸ਼ਨਾਂ ਦੇ ਰਹਿਮ ਤੇ ਖੇਤੀਬਾੜੀ ਸੈਕਟਰ ਨੂੰ ਨਾ ਛੱਡਿਆ ਜਾਵੇ। ਸਰਕਾਰ ਪਾਸ ਪੈਸੇ ਦੀ ਘਾਟ ਬਿਲਕੁਲ ਨਹੀਂ। ਕਿਸਾਨ ਸਰਕਾਰ ਬਦਲੀ ਨਾਲੋਂ ਵਿਵਸਥਾ ਬਦਲੀ ਦੀ ਬੜੀ ਆਸ ਲੈ ਕੇ ਬੈਠੇ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 23 ਜਨਵਰੀ 2021*

## ਸਰਕਾਰ ਦੀ ਅੜੀ ਤੇ ਅੰਦੋਲਨ ਦੀ ਦ੍ਰਿੜਤਾ

ਸਿਖਰਾਂ ਛੂਹ ਰਹੇ ਕਿਸਾਨ ਅੰਦੋਲਨ ਨਾਲ ਨਜਿੱਠਣ ਲਈ ਸੁਪਰੀਮ ਕੋਰਟ ਦੀ ਬਣਾਈ ਕਮੇਟੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਕਮੇਟੀ ਦੀ ਪਹਿਲੀ ਹੀ ਮੀਟਿੰਗ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਕਮੇਟੀ ਵੀ ਸਰਕਾਰ ਨੂੰ ਸਹੀ ਮੰਨ ਕੇ ਕਿਸਾਨਾਂ ਨੂੰ ਸਮਝਾਉਣ ਵਾਲੀ ਮੁਹਾਰਨੀ ਹੀ ਬੋਲ ਰਹੀ ਹੈ। ਇਸ ਕਮੇਟੀ ਨੂੰ ਅੰਦੋਲਨ ਚਲਾ ਰਹੀ ਕਿਸਾਨ ਲੀਡਰਸ਼ਿਪ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਲੀਡਰਸ਼ਿਪ ਦਾ ਕਹਿਣਾ ਹੈ ਕਿ ਕਮੇਟੀ ਦੇ ਸਾਰੇ ਦੇ ਸਾਰੇ ਮੈਂਬਰ ਸਰਕਾਰ ਦੇ ਬਣਾਏ ਖੇਤੀ ਕਾਨੂੰਨਾਂ ਦੇ ਪਹਿਲਾਂ ਹੀ ਹੱਕ ਵਿਚ ਹਨ, ਇਹ ਤੱਥ ਇਨ੍ਹਾਂ ਲੋਕਾਂ ਵੱਲੋਂ ਪਿਛਲੇ ਸਮੇਂ ਦੌਰਾਨ ਲਿਖੇ ਲੇਖਾਂ ਅਤੇ ਦਿੱਤੀਆਂ ਗਈਆਂ ਇੰਟਰਵਿਊਜ਼ ਵਿਚ ਸਾਬਤ ਹੋ ਚੁੱਕੇ ਹਨ, ਇਸ ਲਈ ਲੀਡਰਸ਼ਿਪ ਇਸ ਕਮੇਟੀ ਨਾਲ ਕੋਈ ਰਾਬਤਾ ਨਹੀਂ ਬਣਾਏਗੀ। ਕਮੇਟੀ ਦਾ ਇਕ ਮੈਂਬਰ ਭੁਪਿੰਦਰ ਸਿੰਘ ਮਾਨ ਇਸ ਕਮੇਟੀ ਤੋਂ ਲਾਂਭੇ ਹੋ ਚੁੱਕਾ ਹੈ। ਹੋਰ ਤਾਂ ਹੋਰ, ਇਸ ਕਮੇਟੀ ਵਿਚ ਆਉਣ ਕਾਰਨ ਉਸ ਦੀ ਆਪਣੀ ਕਿਸਾਨ ਯੂਨੀਅਨ ਨੇ ਉਸ ਨੂੰ ਮੁਖੀ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਅਤੇ ਇਸ ਯੂਨੀਅਨ ਦਾ ਹੁਣ ਬਲਬੀਰ ਸਿੰਘ ਰਾਜੇਵਾਲ ਵਾਲੀ ਕਿਸਾਨ ਯੂਨੀਅਨ ਵਿਚ ਰਲੇਵਾਂ ਹੋ ਚੁੱਕਾ ਹੈ। ਇਸ ਦੇ ਨਾਲ ਹੀ ਕਮੇਟੀ ਦੇ ਸਿਰਫ ਤਿੰਨ ਮੈਂਬਰਾਂ ਵੱਲੋਂ ਆਪਣੀ ਕਾਰਵਾਈ ਅਰੰਭ ਕਰਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਇਸ ਮਾਮਲੇ 'ਤੇ ਕਿੰਨੀ ਕਾਹਲੀ ਹੈ। ਮੈਂਬਰਾਂ ਨੇ ਆਪਣੀ ਮੀਟਿੰਗ ਤੋਂ ਬਾਅਦ ਜਿਹੜੀ ਪ੍ਰੈੱਸ ਕਾਨਫਰੰਸ ਕੀਤੀ ਹੈ, ਉਸ ਨੇ ਇਸ ਕਮੇਟੀ ਬਾਰੇ ਸਭ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਇਨ੍ਹਾਂ ਕਮੇਟੀ ਮੈਂਬਰਾਂ ਦੀ ਸੁਰ ਉਹੀ ਹੈ ਜੋ ਸ਼ੁਰੂਆਤੀ ਦੌਰ ਵਿਚ ਸਰਕਾਰ ਦੀ ਸੀ ਕਿ ਕਿਸਾਨਾਂ ਨੂੰ ਖੇਤੀ ਕਾਨੂੰਨ ਬਾਰੇ ਸਮਝਾਇਆ ਜਾਵੇਗਾ।

ਕਿਸਾਨ ਕਈ ਮਹੀਨਿਆਂ ਤੋਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਦਿੱਲੀ ਦੀਆਂ ਹੱਦਾਂ ਉਤੇ ਬੈਠਿਆਂ ਨੂੰ ਵੀ ਦੋ ਮਹੀਨੇ ਹੋਣ ਵਾਲੇ ਹਨ। ਇਸ ਸੰਘਰਸ਼ ਦੌਰਾਨ ਸੌ ਤੋਂ ਉਪਰ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ। ਮੀਂਹ ਅਤੇ ਠੰਢ ਨਾਲ ਜੂਝ ਰਹੇ ਕਿਸਾਨਾਂ ਦੇ ਦ੍ਰਿਸ਼ਾਂ ਨੇ ਕੁੱਲ ਦੁਨੀਆ ਨੇ ਦੇਖੇ ਹਨ। ਇਹੀ ਨਹੀਂ, ਇਹ ਅੰਦੋਲਨ ਪੰਜਾਬ ਹਰਿਆਣਾ ਦੀਆਂ ਹੱਦਾਂ ਪਾਰ ਕਰਦਾ ਪਹਿਲਾਂ ਭਾਰਤ ਅਤੇ ਫਿਰ ਸੰਸਾਰ ਭਰ ਵਿਚ ਫੈਲ ਚੁੱਕਾ ਹੈ। ਇਸ ਸੰਘਰਸ਼ ਵਿਚ ਸਮਾਜ ਦਾ ਹਰ ਤਬਕਾ ਸ਼ਾਮਲ ਹੋਇਆ ਹੈ ਪਰ ਕੀ ਕਾਰਨ ਹੈ ਕਿ ਸਰਕਾਰ ਦੇ ਕੰਨ 'ਤੇ ਅਜੇ ਤੱਕ ਜੂੰ ਤੱਕ ਨਹੀਂ ਸਰਕ ਰਹੀ। ਅਸਲ ਵਿਚ ਸਰਕਾਰ ਦੀ ਮੁੱਢ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਇਸ ਮਸਲੇ ਨੂੰ ਲਗਾਤਾਰ ਟਾਲਿਆ ਜਾਵੇ। ਇਸ ਤੋਂ ਅਗਾਂਹ ਜਾ ਕੇ ਇਹ ਸੰਘਰਸ਼ ਨੂੰ ਸਾਬੋਤਾਜ ਕਰਨ ਲਈ ਵੀ ਹਰ ਹਰਬਾ ਵਰਤ ਚੁੱਕੀ ਹੈ ਪਰ ਕਿਸਾਨ ਜਥੇਬੰਦੀਆਂ ਅਤੇ ਲੀਡਰਸ਼ਿਪ ਦੀ ਏਕਤਾ ਨੇ ਮੋਦੀ ਸਰਕਾਰ ਦੀ ਹਰ ਚਾਲ ਪਛਾੜ ਦਿੱਤੀ। ਕੁਝ ਅਨਸਰ ਭਾਵੇਂ ਆਪੋ-ਆਪਣੇ ਮੁਫਾਦਾਂ ਲਈ ਅੰਦੋਲਨ ਵਿਚ ਫੁੱਟ ਪਾਉਣ ਲਈ ਕਾਰਵਾਈਆਂ ਕਰਦੇ ਰਹਿੰਦੇ ਹਨ ਪਰ ਇਨ੍ਹਾਂ ਅਨਸਰਾਂ ਨੂੰ ਅਜੇ ਤੱਕ ਬਹੁਤੇ ਲੋਕਾਂ ਨੇ ਮੂੰਹ ਨਹੀਂ ਲਾਇਆ ਹੈ। ਪਿਛਲੇ ਦਿਨੀਂ ਹਰਿਆਣਵੀ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨਾਲ ਸਬੰਧਤ ਜਿਹੜੇ ਮੱਤਭੇਦ ਸਾਹਮਣੇ ਆਏ, ਉਸ ਨੂੰ ਕੁਝ ਅਨਸਰਾਂ ਨੇ 26 ਮਾਰਚ ਵਾਲੇ ਟਰੈਕਟਰ ਮਾਰਚ ਨਾਲ ਜੋੜ ਕੇ ਦੁਰ-ਪ੍ਰਚਾਰ ਕਰਨ ਦਾ ਯਤਨ ਕੀਤਾ ਅਤੇ ਕਿਸਾਨ ਲੀਡਰਸ਼ਿਪ ਉਤੇ ਹਮਲੇ ਕੀਤੇ ਜਦਕਿ ਮਸਲਾ ਸਿਰਫ ਇਹ ਸੀ ਕਿ ਗੁਰਨਾਮ ਸਿੰਘ ਚੜੂਨੀ ਕਿਸਾਨ ਮੋਰਚੇ ਦੀਆਂ ਨੀਤੀਆਂ ਤੋਂ ਉਲਟ ਜਾ ਕੇ ਸਿਆਸੀ ਸਰਗਰਮੀ ਵਾਲੀ ਮੀਟਿੰਗ ਵਿਚ ਬਿਨਾ ਦੱਸੇ-ਪੁੱਛੇ ਹੀ ਚਲੇ ਗਏ ਸਨ। ਬਾਅਦ ਵਿਚ ਭਾਵੇਂ ਉਨ੍ਹਾਂ ਅਗਾਂਹ ਤੋਂ ਅਜਿਹਾ ਨਾ ਕਰਨ ਲਈ ਕਿਹਾ ਹੈ ਪਰ ਮੋਰਚੇ ਨੂੰ ਬਦਨਾਮ ਕਰਨ ਲਈ ਘਾਤ ਲਾ ਕੇ ਬੈਠੇ ਅਨਸਰਾਂ ਨੇ ਕਿਸਾਨ ਲੀਡਰਸ਼ਪ ਅੰਦਰ ਪਾਟਕ ਪਾਉਣ ਲਈ ਕੋਈ ਕਸਰ ਨਹੀਂ ਛੱਡੀ।

ਇਸ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਤਾਕਤ ਇਸ ਦਾ ਅਮਨਪੂਰਵਕ ਘੋਲ ਰਾਹੀਂ ਸਰਕਾਰ ਦੀਆਂ ਗੋਡਣੀਆਂ ਲੁਆਉਣਾ ਹੈ। ਕਾਨੂੰਨਾਂ ਵਿਚ ਸੋਧਾਂ ਦੀ ਗੱਲ ਮੰਨ ਕੇ ਸਰਕਾਰ ਨੈਤਿਕ ਤੌਰ 'ਤੇ ਪਹਿਲਾਂ ਹੀ ਹਾਰ ਚੁੱਕੀ ਹੈ ਪਰ ਇਹ ਚਾਹੁੰਦੀ ਹੈ ਕਿ ਇਸ ਸੰਘਰਸ਼ ਨੂੰ ਕਿਸੇ ਨਾ ਕਿਸੇ ਢੰਗ-ਤਰੀਕੇ ਲਮਕਾਇਆ ਜਾਵੇ ਤਾਂ ਕਿ ਕਿਸਾਨ ਲੀਡਰਸ਼ਿਪ ਅੰਦਰ ਮੱਤਭੇਦ ਉਭਰਨ ਅਤੇ ਫਿਰ ਇਸ ਨੂੰ ਸਾਰਾ ਦੋਸ਼ ਲੀਡਰਸ਼ਿਪ ਸਿਰ ਮੜ੍ਹਨ ਦਾ ਮੌਕਾ ਮਿਲ ਜਾਵੇ। ਮੋਦੀ ਸਰਕਾਰ ਹੁਣ ਸਿਰਫ ਇਸੇ ਆਸ 'ਤੇ ਹੀ ਇਸ ਸੰਘਰਸ਼ ਨੂੰ ਲਮਕਾ ਰਹੀ ਹੈ। ਸਰਕਾਰ ਵੱਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਰਾਹੀਂ ਦਬਾਅ ਪਾਉਣ ਦੀ ਸਾਜ਼ਿਸ਼ ਵੀ ਠੁੱਸ ਹੋ ਕੇ ਰਹਿ ਗਈ ਹੈ। ਇਸ ਬਾਰੇ ਕਿਸਾਨ ਲੀਡਰਸ਼ਿਪ ਨੇ ਸਪਸ਼ਟ ਪੈਂਤੜਾ ਮੱਲਿਆ ਹੈ ਪਰ ਸਿਤਮਜ਼ਰੀਫੀ ਇਹ ਵੀ ਹੈ ਕਿ ਇਸ ਸੰਘਰਸ਼ ਨੂੰ ਆਪਣੇ ਹੱਥ ਵਿਚ ਲੈਣ ਲਈ ਕਾਹਲੇ ਅਨਸਰ ਇਸ ਮਸਲੇ ਵਿਚੋਂ ਵੀ ਆਪਣੇ ਮੁਫਾਦ ਭਾਲ ਰਹੇ ਹਨ। ਜ਼ਾਹਿਰ ਹੈ ਕਿ ਹੁਣ ਲੀਡਰਸ਼ਿਪ ਨੂੰ ਸਰਕਾਰ ਦੇ ਨਾਲ-ਨਾਲ ਇਨ੍ਹਾਂ ਅਨਸਰਾਂ ਨਾਲ ਵੀ ਨਜਿੱਠਣਾ ਪੈ ਰਿਹਾ ਹੈ। ਉਂਜ, ਹੁਣ ਤੱਕ ਇਹ ਗੱਲ ਤਸੱਲੀ ਦੇਣ ਵਾਲੀ ਹੈ ਕਿ ਲੀਡਰਸ਼ਿਪ ਨੇ ਹਰ ਔਕੜ ਨੂੰ ਵੇਲੇ ਸਿਰ ਅਤੇ ਪੂਰੇ ਤਾਣ ਨਾਲ ਨਜਿੱਠਣ ਦਾ ਯਤਨ ਕੀਤਾ ਹੈ। ਆਉਣ ਵਾਲੇ ਦਿਨਾਂ ਵਿਚ ਇਹ ਅੰਦੋਲਨ ਕੀ ਰੁਖ ਅਖਤਿਆਰ ਕਰੇਗਾ, ਇਹ ਤਾਂ ਆਉਣ ਵਾਲੇ ਸਮੇਂ ਨੇ ਹੀ ਦੱਸਣਾ ਹੈ ਪਰ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਇਹ ਸੰਘਰਸ਼ ਲੰਮਾ ਚੱਲਣਾ ਹੈ ਅਤੇ ਇਸ ਦੇ ਵੱਖ-ਵੱਖ ਪੜਾਅ ਹੋਣਗੇ। ਇਸ ਲਈ ਸੰਘਰਸ਼ ਵਿਚ ਸ਼ਾਮਲ ਹਰ ਧਿਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਲੀਡਰਸ਼ਿਪ ਪਿੱਛੇ ਵੱਧ ਤੋਂ ਵੱਧ ਵਜ਼ਨ ਬਣਾਵੇ ਜਿਹੜੀ ਇਸ ਸੰਘਰਸ਼ ਨੂੰ ਪੰਜਾਬ ਦੇ ਪਿੰਡਾਂ ਤੋਂ ਕੱਢ ਕੇ ਮੋਦੀ ਸਰਕਾਰ ਦੀਆਂ ਬਰੂਹਾਂ ਤੱਕ ਲੈ ਆਈ ਹੈ। ਇਸ ਵੇਲੇ ਮਸਲਾ ਮੁਕੰਮਲ ਜ਼ਾਬਤੇ ਅਤੇ ਅਨੁਸ਼ਾਸਨ ਵਿਚ ਰਹਿਣ ਦਾ ਹੈ। ਸਰਕਾਰ ਦੇ ਰਵੱਈਏ ਤੋਂ ਸਾਫ ਪਤਾ ਲੱਗਦਾ ਹੈ ਕਿ ਇਹ ਸੰਘਰਸ਼ 26 ਜਨਵਰੀ ਤੋਂ ਵੀ ਕਿਤੇ ਅਗਾਂਹ ਤੱਕ ਜਾਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਲਾਹਾਂ ਤੇ ਮਸ਼ਵਰੇ?*

ਕਾਮਿਆਂ, ਕਿਸਾਨਾਂ ਦੀਆਂ ਜਥੇਬੰਦੀਆਂ, ਸਾਰੀਆਂ ਜੁਝਾਰੂ ਰੰਗ ਵਿਚ ਰੰਗੀਆਂ।
ਹਿੱਕਾਂ ਤਾਣ ਖੜ੍ਹਦੇ 'ਮੈਦਾਨੇ ਜੰਗ' ਜੋ, ਜਾਣਦੇ ਮੁਹਾਜ ਦੀਆਂ ਉਹੀ ਤੰਗੀਆਂ।
ਨੀਤੀਗਤ ਫੈਸਲੇ ਉਹ ਹੁੰਦੇ ਹੋਣਗੇ, ਕਰਕੇ ਸਲਾਹਾਂ ਨਾਲ ਸਾਥੀ ਸੰਗੀਆਂ।
ਮੱਤਭੇਦ ਗੁਪਤੀ ਮਿਟਾਉਣੇ ਚਾਹੀਦੇ, ਅੰਦਰੂਨੀ ਗੱਲਾਂ ਕਾਹਤੋਂ ਹੋਣ ਨੰਗੀਆਂ।
ਫੁੱਟ ਪਾਉਣ ਵਾਲੇ ਰਹਿੰਦੇ ਮੌਕਾ ਤਾੜਦੇ, ਸ਼ਰਮਾਂ ਜਿਨ੍ਹਾਂ ਨੇ ਹੋਣ ਛਿੱਕੇ ਟੰਗੀਆਂ।
'ਲੱਤਾਂ ਖਿੱਚਣੇ' ਦੀ ਭੈੜੀ ਵਾਦੀ ਛੱਡੀਏ, ਦੇਈਏ ਨਾ ਸਲਾਹਾਂ ਯਾਰੋ ਬਿਨ ਮੰਗੀਆਂ!

# ਭਾਰਤੀ ਮੀਡੀਆ ਸਰਕਾਰ ਦਾ ਹਿੱਸਾ ਕਿਵੇਂ ਬਣਿਆ?

***ਭਾਰਤੀ ਮੀਡੀਆ ਦਾ ਕਿਰਦਾਰ ਤੇਜ਼ੀ ਨਾਲ ਬਦਲ ਗਿਆ ਹੈ। ਇਸ ਨੇ ਸੱਤਾ ਨੂੰ ਸਵਾਲ ਕਰਨ ਦੀ ਬਜਾਏ ਸਿਰਫ ਸੱਤਾ ਦੀ ਧਿਰ ਬਣ ਕੇ ਵਿਰੋਧੀ ਧਿਰ ਨੂੰ ਭੰਡਣ ਅਤੇ ਅਸਲ ਮੁੱਦਿਆਂ ਅਤੇ ਸਮਾਜੀ ਸਰੋਕਾਰਾਂ ਤੋਂ ਧਿਆਨ ਹਟਾਉਣ ਦੀ ਘਿਨਾਉਣੀ ਭੂਮਿਕਾ ਅਖਤਿਆਰ ਕਰ ਲਈ ਹੈ। ਆਪਣੇ ਲੰਮੇ ਲੇਖ ਵਿਚ ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬੱਲ ਜੋ ਕਾਰਵਾਂ ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਹਨ, ਨੇ ਇਸ ਬਦਲਾਓ ਦਾ ਬਾਖੂਬੀ ਵਿਸ਼ਲੇਸ਼ਣ ਕੀਤਾ ਹੈ। ਕਾਰਵਾਂ ਮੈਗਜ਼ੀਨ ਦੇ ਧੰਨਵਾਦ ਸਹਿਤ ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ**

ਜਿਉਂ ਹੀ ਇਹ ਸਪਸ਼ਟ ਹੋ ਗਿਆ ਕਿ ਡੋਨਲਡ ਟਰੰਪ ਸੱਤਾ ਤੋਂ ਬਾਹਰ ਹੋ ਗਿਆ ਹੈ ਅਤੇ ਜੋਅ ਬਾਇਡਨ ਅਮਰੀਕਾ ਦਾ ਨਵਾਂ ਰਾਸ਼ਟਰਪਤੀ ਹੋਵੇਗਾ, ਅਨੰਤ ਗੋਇਨਕਾ ਨੇ ਟਵੀਟ ਕੀਤਾ: ਮੈਂ ਆਸ ਕਰਦਾ ਹਾਂ ਕਿ ਬਾਇਡਨ ਦੀ ਜਿੱਤ ਤੋਂ ਬਾਅਦ ਅਮਰੀਕੀ ਨਿਊਜ਼ ਮੀਡੀਆ ਆਪਣੇ ਪੱਖਪਾਤੀ ਤੌਰ-ਤਰੀਕੇ ਬਾਰੇ ਸਵੈ-ਮੰਥਨ ਕਰੇਗਾ। ਉਹ ਸਿਰਫ ਆਪਣੇ ਵਫਾਦਾਰਾਂ ਅਤੇ ਆਪਣੇ ਵਿਚਾਰਾਂ ਤੱਕ ਸਿਮਟੇ ਪਾਠਕਾਂ ਦੇ ਸਮੂਹ ਦੀ ਬਜਾਇ ਲਾਜ਼ਮੀ ਹੀ ਸਮੁੱਚੀ ਆਬਾਦੀ ਦੇ ਵਿਚਾਰਾਂ ਦੀ ਨੁਮਾਇੰਦਗੀ ਯਕੀਨੀ ਬਣਾਏਗਾ।

ਜ਼ਾਹਿਰਾ ਤੌਰ 'ਤੇ ਇਹ ਗੋਇਨਕਾ ਦੀ ਪਸੰਦੀਦਾ ਵਿਸ਼ਿਆਂ ਵਿਚੋਂ ਇਕ ਹੈ। ਪੱਤਰਕਾਰ ਸ਼ੋਮਾ ਚੌਧਰੀ ਨੂੰ ਦਿੱਤੀ ਹਾਲੀਆ ਇੰਟਰਵਿਊ ਵਿਚ ਐਕਸਪ੍ਰੈੱਸ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਜਾਨਸ਼ੀਨ ਗੋਇਨਕਾ ਨੇ "ਇਕ ਨਿਸ਼ਚਿਤ ਸਰੋਕਾਰ, ਇਕ ਨਿਸ਼ਚਿਤ ਭੂਮਿਕਾ ਜੋ ਪ੍ਰੀਭਾਸ਼ਤ ਕਰੇ ਕਿ ਅਸੀਂ ਇਹ ਕਿਉਂ ਕਰ ਰਹੇ ਹਾਂ, ਮੀਡੀਆ ਦੇ ਇਸ ਪੇਸ਼ੇ ਵਿਚ ਕਿਉਂ ਹਾਂ", ਦੀਆਂ ਜ਼ਰੂਰਤਾਂ ਉਪਰ ਗੱਲਬਾਤ ਕੀਤੀ। ਉਸ ਨੇ ਇੰਡੀਅਨ ਐਕਸਪ੍ਰੈੱਸ ਦੀ ਐਮਰਜੈਂਸੀ ਦੌਰ ਵਾਲੀ ਵਿਰਾਸਤ ਦਾ ਜ਼ਿਕਰ ਕੀਤਾ, ਜਦ ਇਸ ਅਖਬਾਰ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਤਾਨਾਸ਼ਾਹ ਰਵੱਈਏ ਦਾ ਵਿਰੋਧ ਕੀਤਾ ਸੀ। ਫਿਰ ਉਸ ਨੇ ਉਸ ਕਾਲੇ ਦੌਰ ਵੱਲੋਂ ਪ੍ਰੀਭਾਸ਼ਤ ਕੀਤੇ ਮਕਸਦ ਬਾਰੇ ਕਿਹਾ, "ਉਦੋਂ ਮੁਨਾਫੇ ਨਾਲੋਂ ਕਿਤੇ ਜ਼ਿਆਦਾ ਵੱਡਾ ਮਕਸਦ ਹੁੰਦਾ ਸੀ: ਨਿਰੰਕੁਸ਼ਤਾ ਨੂੰ ਚੁਣੌਤੀ ਦੇਣਾ, ਬੇਰੋਕ-ਟੋਕ ਵਿਚਾਰ-ਪ੍ਰਗਟਾਵੇ ਅਤੇ ਲੋਕਤੰਤਰ ਦੀ ਰੱਖਿਆ ਕਰਨਾ।"

ਲੇਕਿਨ ਐਮਰਜੈਂਸੀ ਤੋਂ ਬਾਅਦ ਇਕ ਹੋਰ ਸਰਕਾਰ ਵੱਲੋਂ ਆਪਣੀ ਮਨ ਦੀ ਮੌਜ ਵਿਚ ਆ ਕੇ ਆਪਣੇ ਤੋਂ ਵੱਖਰੇ ਵਿਚਾਰਾਂ ਵਾਲੇ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟਣ ਦੇ ਬਾਵਜੂਦ ਗੋਇਨਕਾ ਨੇ ਅੱਜ ਦੇ ਮੀਡੀਆ ਲਈ ਉਨ੍ਹਾਂ ਮਕਸਦਾਂ ਦਾ ਜ਼ਿਕਰ ਨਹੀਂ ਕੀਤਾ। ਇਸ ਦੀ ਬਜਾਇ ਉਸ ਨੇ ਮਹਿਸੂਸ ਕੀਤਾ ਕਿ ਅਜੋਕੀ ਤਰਾਸਦੀ ਦੀ ਵਜ੍ਹਾ ਮੁਲਕ ਵਿਚ ਇੰਤਹਾ ਵਿਚਾਰਾਂ ਦੀ ਪਾਲਾਬੰਦੀ ਹੈ। ਗੋਇਨਕਾ ਨੇ ਕਿਹਾ, "ਅੱਜ ਪੱਤਰਕਾਰੀ ਦੀ ਉਚਿਤ ਭੂਮਿਕਾ ਉਸ ਆਮ ਧਰਾਤਲ ਦੀ ਖੋਜ ਅਤੇ ਉਸ ਦੇ ਯਤਨਾਂ 'ਚ ਵਧੇਰੇ ਸਮਾਂ ਲਗਾਉਣਾ ਹੈ ਜੋ ਘੱਟ ਪਾਲਾਬੰਦੀ ਕਰੇ, ਇਕ ਜਾਂ ਦੂਜੀ ਇੰਤਹਾ ਬਾਰੇ ਮਹਿਜ਼ ਜੁਗਾਲੀ ਕਰਨ ਦੀ ਬਜਾਏ ਸਮਾਜ ਵਿਚ ਘੱਟੋ-ਘੱਟ ਵੰਡੀਆਂ ਪਾਵੇ।"

ਗੋਇਨਕਾ ਨੇ ਅੱਗੇ ਕਿਹਾ, "ਮੈਨੂੰ ਲੱਗਦਾ ਹੈ ਕਿ ਸਰਕਾਰ ਵੀ ਇਹ ਸਮਝ ਰਹੀ ਹੈ ਕਿ ਮੀਡੀਆ ਦਾ ਇਕ ਹਿੱਸਾ ਉਸ ਅੱਗੇ ਮੁਸ਼ਕਿਲਾਂ ਖੜ੍ਹੀਆਂ ਕਰ ਰਿਹਾ ਹੈ ਅਤੇ ਇਕ ਹੋਰ ਹਿੱਸਾ ਆਪਣਾ ਅਸਲ ਕੰਮ ਕਰ ਰਿਹਾ ਹੈ; ਤੇ ਮੈਂ ਸੋਚਦਾ ਹਾਂ ਕਿ ਇਹ ਫਰਕ ਸਰਕਾਰ ਅਤੇ ਸਰੋਤਿਆਂ, ਦੋਹਾਂ ਦਰਮਿਆਨ ਐਨ ਸਪਸ਼ਟ ਹੋ ਗਿਆ ਹੈ। ਤੱਥ ਤਾਂ ਇਹ ਹੈ ਕਿ ਕੁਝ ਅਖੌਤੀ ਸੱਤਾ ਵਿਰੋਧੀ, ਜ਼ਬਰਦਸਤ ਵਿਵਸਥਾ ਵਿਰੋਧੀ ਮੀਡੀਆ ਨੇ ਕਦੇ ਸਰਕਾਰ ਦੇ ਨੇਕ ਕੰਮਾਂ ਦੀ ਸ਼ਲਾਘਾ ਕਰਨ ਵਾਲੀ ਕੋਈ ਸਟੋਰੀ ਨਹੀਂ ਛਾਪੀ, ਇਸ ਵਜ੍ਹਾ ਕਰਕੇ ਉਨ੍ਹਾਂ (ਸੱਤਾ) ਤੋਂ ਸਖਤ ਸਵਾਲ ਪੁੱਛਣ ਦੀ ਆਪਣੀ ਵਾਜਬੀਅਤ ਗਵਾ ਲਈ ਹੈ।"

ਉਸ ਦੇ ਕਹਿਣ ਦਾ ਭਾਵ ਇਹ ਹੋਇਆ ਕਿ ਐਮਰਜੈਂਸੀ ਦੇ ਸਮੇਂ 'ਚ ਐਕਸਪ੍ਰੈੱਸ ਦਾ ਜੋ ਮਕਸਦ ਸੀ, ਉਹ ਇਸ ਵਜ੍ਹਾ ਨਾਲ ਫੇਲ੍ਹ ਹੋ ਗਿਆ, ਕਿਉਂਕਿ ਉਸ ਦੌਰਾਨ ਉਸ ਨੇ ਟਰੇਨਾਂ ਦੇ ਸਮੇਂ ਸਿਰ ਚੱਲਣ ਦੀ ਰਿਪੋਰਟ ਨਹੀਂ ਕੀਤੀ।

ਇਸ ਸਾਲ ਅਸੀਂ ਭਾਰਤ ਨੂੰ ਨਿਰੰਕੁਸ਼ ਰਾਜ ਦੇ ਰੂਪ ਵਿਚ ਲਗਾਤਾਰ ਵਿਕਸਿਤ ਹੁੰਦੇ ਦੇਖਿਆ ਹੈ। ਫਰਵਰੀ ਵਿਚ ਉਤਰ-ਪੂਰਬੀ ਦਿੱਲੀ ਵਿਚ ਹੋਈ ਵਿਆਪਕ ਫਿਰਕੂ ਹਿੰਸਾ ਪ੍ਰਤੀ ਸੰਸਥਾਵਾਂ ਦਾ ਪ੍ਰਤੀਕਰਮ ਇਸ ਦੀ ਮਿਸਾਲ ਹੈ। ਇਹ ਹਮਲੇ, ਜਿਨ੍ਹਾਂ ਵਿਚ ਜ਼ਿਆਦਾਤਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ, ਪੱਖਪਾਤੀ ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿਚ ਜਾਰੀ ਅਹਿੰਸਕ ਪ੍ਰਦਰਸ਼ਨਾਂ ਦੇ ਜਵਾਬ ਵਿਚ ਕੀਤੇ ਗਏ ਅਤੇ ਜਿਸ ਨੂੰ ਦਿੱਲੀ ਪੁਲਿਸ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਦੇ ਗੱਠਜੋੜ ਨਾਲ ਅੰਜਾਮ ਦਿੱਤਾ ਗਿਆ। ਸਾਲ ਦੇ ਅੰਤ 'ਚ, ਜਦ ਪੁਲਿਸ ਨੇ ਚਾਰਜਸ਼ੀਟ ਦਾਖਲ ਕੀਤੀ ਅਤੇ ਅਦਾਲਤਾਂ ਵਿਚ ਮਾਮਲਿਆਂ ਦੀ ਸੁਣਵਾਈ ਸ਼ੁਰੂ ਹੋਈ ਤਾਂ ਸ਼ਾਂਤਮਈ ਪ੍ਰਦਰਸ਼ਨਾਂ ਵਿਚ ਹਿੱਸਾ ਲੈਣ ਵਾਲੇ ਅਨੇਕਾਂ ਪ੍ਰਦਰਸ਼ਨਕਾਰੀਆਂ ਅਤੇ ਹਿੰਸਾ ਵਿਚ ਨਿਸ਼ਾਨਾ ਬਣਾਏ ਲੋਕਾਂ ਨੇ ਦੇਖਿਆ ਕਿ ਉਨ੍ਹਾਂ ਉਪਰ ਹੀ ਦੰਗਾ ਭੜਕਾਉਣ ਦੀ ਸਾਜ਼ਿਸ਼ ਰਚਣ ਅਤੇ ਖੁਦ ਉਪਰ ਹੀ ਹਮਲੇ ਕਰਾਉਣ ਦੇ ਇਲਜ਼ਾਮ ਥੋਪ ਦਿੱਤੇ ਹਨ। ਇਹ ਘਟਨਾਵਾਂ ਭਾਰਤੀ ਨਾਗਰਿਕਤਾ ਦੇ ਵਿਚਾਰ ਨੂੰ ਲੈ ਕੇ ਵਿਧਾਨਪਾਲਿਕਾ ਤੋਂ ਲੈ ਕੇ ਕਾਨੂੰਨੀ ਪ੍ਰਕਿਰਿਆਵਾਂ ਦੇ ਜੋੜ-ਤੋੜ ਨਾਲ ਜੁੜੀਆਂ ਹੋਈਆਂ ਹਨ ਜੋ ਜੁਰਮ ਦੇ ਸ਼ਿਕਾਰ ਲੋਕਾਂ ਉਪਰ ਹੀ ਖੁਦ ਖਿਲਾਫ ਹਿੰਸਾ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਥੋਪ ਦਿੰਦਾ ਹੈ - ਇਹ ਕਸੌਟੀ ਹੈ ਕਿ ਭਾਰਤੀ ਲੋਕਤੰਤਰ ਦੀਆਂ ਸੰਸਥਾਵਾਂ ਕਿਸ ਤਰ੍ਹਾਂ ਲੋਕਾਂ ਦੇ ਹੀ ਖਿਲਾਫ ਹੋ ਗਈਆਂ ਹਨ ਜਿਨ੍ਹਾਂ ਦੀ ਸੇਵਾ ਅਤੇ ਸੁਰੱਖਿਆ ਕਰਨ ਦੇ ਮਨੋਰਥ ਨਾਲ ਇਹ ਬਣਾਈਆਂ ਗਈਆਂ ਹਨ।

ਇਹ ਸਭ ਉਨ੍ਹਾਂ ਸੰਸਥਾਵਾਂ ਦੇ ਗਲਤ ਕੰਮਾਂ ਜਾਂ ਫੈਸਲਿਆਂ ਦਾ ਘੱਟ ਵਿਰੋਧ ਕਰਨ ਜਾਂ ਬਿਲਕੁਲ ਵਿਰੋਧ ਨਾ ਕਰਨ ਦੀ ਵਜ੍ਹਾ ਨਾਲ ਹੋਇਆ ਹੈ ਜਿਨ੍ਹਾਂ ਦਾ ਮਕਸਦ ਹੀ ਸੰਵਿਧਾਨਕ ਲੋਕਤੰਤਰ ਵਿਚ ਕਾਰਜਪਾਲਿਕਾ ਦੀ ਨਿਰੰਕੁਸ਼ਤਾ ਨੂੰ ਰੋਕਣਾ ਸੀ। ਵਿਧਾਨਪਾਲਿਕਾ ਨੂੰ ਦਰਕਿਨਾਰ ਕਰਨ ਅਤੇ ਨਿਆਂ ਪ੍ਰਣਾਲੀ ਨੂੰ ਆਪਣੇ ਵਿਚ ਰਲਾ ਲੈਣ ਬਾਰੇ ਤਾਂ ਕਾਫੀ ਕੁਝ ਲਿਖਿਆ ਗਿਆ ਹੈ, ਲੇਕਿਨ ਇਸ ਅਮਲ 'ਚ ਮੀਡੀਆ ਦਾ ਉਕਸਾਵਾ ਤਾਂ ਹੋਰ ਵੀ ਉਘੜਵਾਂ ਹੈ।

ਮੀਡੀਆ ਦੀ ਸਭ ਤੋਂ ਜ਼ਿਆਦਾ ਆਲੋਚਨਾ ਇਕੱਲੇ ਪ੍ਰਾਈਮ ਟਾਈਮ ਦੀ ਕੀਤੀ ਜਾਂਦੀ ਹੈ ਲੇਕਿਨ ਇਹ ਰਵੱਈਆ ਇਸ ਅਸਫਲਤਾ ਨੂੰ ਪੂਰੇ ਵਿਸਤਾਰ ਨਾਲ ਦਰਜ ਨਹੀਂ ਕਰਦਾ। ਮੁੱਖਧਾਰਾ ਦੇ ਪ੍ਰੈੱਸ ਨੇ ਵੀ ਆਪਣੀ ਜਵਾਬਦੇਹੀ ਬਿਲਕੁਲ ਤਿਆਗ ਦਿੱਤੀ ਹੈ। ਇਨ੍ਹਾਂ ਵਿਚੋਂ ਕੋਈ ਵੀ ਅਖਬਾਰ ਇਸ ਦੀ ਮਿਸਾਲ ਹੋ ਸਕਦਾ ਹੈ: ਦੈਨਿਕ ਜਾਗਰਣ, ਦੈਨਿਕ ਭਾਸਕਰ, ਦਿ ਟਾਈਮਜ਼ ਆਫ ਇੰਡੀਆ, ਦਿ ਹਿੰਦੁਸਤਾਨ ਟਾਈਮਜ਼। ਇੱਥੇ ਸਿਰਫ ਉਨ੍ਹਾਂ ਅਖਬਾਰਾਂ ਦੇ ਨਾਮ ਗਿਣਾਏ ਹਨ ਜਿਨ੍ਹਾਂ ਦੀ ਪਾਠਕਾਂ ਤੱਕ ਵਿਆਪਕ ਪਹੁੰਚ ਹੈ; ਲੇਕਿਨ ਇਹ ਗੱਲ ਵਿਸ਼ੇਸ਼ ਤੌਰ 'ਤੇ ਨਿਰਭੈ, ਨਿਰਪੱਖ ਅਤੇ ਸੁਤੰਤਰ ਪੱਤਰਕਾਰੀ ਦੇ ਇਤਿਹਾਸਕ ਵੱਕਾਰ ਵਾਲੇ ਇੰਡੀਅਨ ਐਕਸਪ੍ਰੈੱਸ ਦੇ ਪ੍ਰਸੰਗ ਵਿਚ ਕਹੀ ਜਾ ਰਹੀ ਹੈ ਕਿ ਉਸ ਵਰਗੇ ਸੰਗਠਨਾਂ ਵਿਚ, ਜੋ ਸੱਤਾ ਨੂੰ ਪ੍ਰੇਸ਼ਾਨ ਕਰਨ ਦਾ ਬੀੜਾ ਚੁੱਕਦਾ ਹੈ, ਇਹ ਬਦਲਾਓ ਕਿਸ ਤਰ੍ਹਾਂ ਨਜ਼ਰ ਆਉਂਦਾ ਹੈ।

ਬਿਨਾਂ ਕਿਸੇ ਗੰਭੀਰ ਪਰਖ-ਪੜਤਾਲ ਦੇ ਗੋਇਨਕਾ ਵੱਲੋਂ ਤੁਲਨਾ ਕਰਦੇ ਹੋਏ ਅਮਰੀਕੀ ਮੀਡੀਆ ਨੂੰ ਸਲਾਹ ਦੇਣਾ, ਇੱਥੋਂ ਦੇ (ਦੇਸੀ) ਮੀਡੀਆ ਦੀ ਚਾਪਲੂਸੀ ਕਰਨ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਹੈ। ਹਾਂ, ਟਰੰਪ ਦੇ ਪੂਰੇ ਕਾਰਜਕਾਲ ਵਿਚ ਅਮਰੀਕੀ ਮੀਡੀਆ ਦੇ ਜ਼ਿਆਦਾਤਰ ਹਿੱਸੇ ਵਿਚ ਸਪਸ਼ਟ ਵੰਡ ਰਹੀ ਹੈ; ਲੇਕਿਨ ਪੱਖਪਾਤ ਅਤੇ ਟਰੰਪ ਦੇ ਭੜਕਾਏ ਨਫਰਤ ਦੇ ਮਾਹੌਲ ਨੂੰ ਖੁਰਾਕ ਦੇਣ ਅਤੇ ਉਸ ਨੂੰ ਉਤਸ਼ਾਹਤ ਕਰਨ ਦੀ ਅਸਲ ਵਜ੍ਹਾ ਦੱਸਣ ਵਿਚ ਪੱਖਪਾਤੀ ਨਹੀਂ ਹੋਣਾ ਚਾਹੀਦਾ। ਗੋਇਨਕਾ ਵੱਲੋਂ ਅਮਰੀਕੀ ਮੀਡੀਆ ਦੀ ਹੂੰਝਾ-ਫੇਰੂ ਭੰਡੀ ਵਿਚ ਇਹ ਅੰਤਰ ਗਾਇਬ ਹੈ, ਜਦ ਟਰੰਪ ਨੂੰ ਸੱਤਾ ਤੋਂ ਬੇਦਖਲ ਕੀਤਾ ਜਾ ਰਿਹਾ ਸੀ ਤਾਂ ਅਮਰੀਕੀ ਮੀਡੀਆ ਦਾ ਛੋਟਾ-ਮੋਟਾ ਹਿੱਸਾ ਨਹੀਂ ਸਗੋਂ ਉਸ ਦਾ ਵੱਡਾ ਹਿੱਸਾ ਉਸ ਦੀ ਛਾਣਬੀਣ, ਸਮੀਖਿਆ ਦਾ ਕੰਮ ਕਰ ਰਿਹਾ ਸੀ। ਇਸ ਦੀ ਤੁਲਨਾ 'ਚ ਭਾਰਤੀ ਮੀਡੀਆ, ਜੋ ਆਪਣੇ ਵੱਖ-ਵੱਖ ਅਡੀਸ਼ਨਾਂ ਅਤੇ ਇਕਾਈਆਂ ਦੀ ਫੌਜ ਨਾਲ ਮੌਜੂਦਾ ਸਰਕਾਰ ਦੇ ਪੱਖ ਵਿਚ ਬੈਟਿੰਗ ਕਰ ਰਿਹਾ ਹੈ, ਉਹ ਘੱਟ "ਪੱਖਪਾਤੀ" ਹੈ, ਜਿਸ ਨੇ ਨਰਿੰਦਰ ਮੋਦੀ ਅਤੇ ਉਸ ਦੇ ਹਮਾਇਤੀਆਂ ਦੇ ਸਾਹਮਣੇ ਖੜ੍ਹੇ ਹੋਣ ਵਿਚ ਲਗਭਗ ਉਦਾਸੀਨਤਾ ਦਿਖਾਈ ਹੈ। ਅਮਰੀਕਾ ਵਿਚ ਨਿਊਜ਼ ਚੈਨਲਾਂ ਦੇ ਰਸੂਖ ਦੇ ਬਾਵਜੂਦ, ਉਥੋਂ ਦੇ ਨਿਊਯਾਰਕ ਟਾਈਮਜ਼ ਜਾਂ ਵਾਸ਼ਿੰਗਟਨ ਪੋਸਟ ਵਰਗੇ ਅਖਬਾਰ ਕੌਮੀ ਬਹਿਸ ਨੂੰ ਆਕਾਰ ਦੇਣ ਵਿਚ ਅੱਜ ਵੀ ਅਹਿਮ ਹਨ। ਇਹ ਗੱਲ ਅੱਜ ਭਾਰਤ ਦੇ ਕਿਸੇ ਵੀ ਅਖਬਾਰ ਦੇ ਬਾਰੇ ਨਹੀਂ ਕਹੀ ਜਾ ਸਕਦੀ।

ਅਸਫਲਤਾ ਨੂੰ ਅਕਸਰ ਹੀ ਵਿਤੀ ਨਿਘਾਰ ਨਾਲ ਜੋੜ ਦਿੱਤਾ ਜਾਂਦਾ ਹੈ। ਆਮਦਨੀ ਦੇ ਰੂਪ 'ਚ ਲੰਮੇ ਸਮੇਂ ਤੋਂ ਚਲੇ ਆ ਰਹੇ ਉਸ ਰੁਝਾਨ ਵਿਚ ਗਿਰਾਵਟ ਆਈ ਹੈ, ਜਿਸ ਵਿਚ ਕਈ ਮੀਡੀਆ ਹਾਊਸ ਇਸ ਉਦਯੋਗ ਉਪਰ ਆਪਣੀ ਤਾਕਤ ਦੇ ਵਿਸਤਾਰ ਵਿਚ ਲੱਗੀ ਸਰਕਾਰ ਤੋਂ ਮਿਲਣ ਵਾਲੇ ਇਸ਼ਤਿਹਾਰਾਂ ਉਪਰ ਨਿਰਭਰ ਰਹੇ ਹਨ। ਇਹ ਗੱਲ ਖਾਸ ਕਰ ਕੇ ਇਸ ਸਾਲ ਬਾਰੇ ਸੱਚ ਹੈ ਕਿਉਂਕਿ ਕਰੋਨਾ ਵਾਇਰਸ ਨਾਲ ਆਈ ਆਲਮੀ ਮਹਾਮਾਰੀ ਦੇ ਹਾਲਾਤ ਵਿਚ ਆਰਥਿਕਤਾ ਉਪਰ ਭਾਰੀ ਮਾਰ ਪਈ ਹੈ। ਇਸ ਨੇ ਨਿੱਜੀ ਇਸ਼ਤਿਹਾਰਾਂ ਅਤੇ ਅਖਬਾਰਾਂ-ਰਸਾਲਿਆਂ ਦੀ ਵਿਕਰੀ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਹੈ; ਲੇਕਿਨ ਮੌਜੂਦਾ ਸਮੇਂ 'ਚ ਸਰਕਾਰ ਨੂੰ ਸਵਾਲ ਕਰਨ ਦੀ ਮੀਡੀਆ ਦੀ ਇਹ ਅਸਫਲਤਾ ਵਿਤੀ ਦਬਾਓ ਦੇ ਤਹਿਤ ਆਈ ਦੱਸੀ ਜਾਂਦੀ ਹੈ ਜਦਕਿ ਮੀਡੀਆ ਨੇ ਤਾਂ ਉਦੋਂ ਵੀ ਆਪਣਾ ਇਹ ਕੰਮ ਬਿਹਤਰ ਤਰੀਕੇ ਨਾਲ ਨਹੀਂ ਕੀਤਾ ਸੀ, ਜਦ ਉਸ ਉਪਰ ਇਸ ਤਰ੍ਹਾਂ ਦਾ ਕੋਈ ਦਬਾਓ ਨਹੀਂ ਸੀ। ਦੇਸ਼ ਦੇ ਸਭ ਤੋਂ ਬੜੇ ਮੀਡੀਆ ਘਰਾਣਿਆਂ ਨੇ ਸਾਲਾਂ ਤੱਕ ਸਰਕਾਰ ਦੀ ਦਰਿਆਦਿਲੀ ਤੋਂ ਵੱਡੇ ਮੁਨਾਫੇ ਕਮਾਏ ਹਨ।

ਇਹ ਟੁੱਟ-ਭੱਜ ਹੋਰ ਕਾਰਕਾਂ ਕਰ ਕੇ ਵੀ ਹੈ। ਸੰਕਟ ਡੂੰਘਾ ਹੈ ਲੇਕਿਨ ਇਸ ਉਪਰ ਘੱਟ ਹੀ ਚਰਚਾ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਲੋਕਾਂ ਦੇ ਆਪਣੇ ਮੀਡੀਆ ਹਾਊਸ ਹਨ ਅਤੇ ਜੋ ਇਸ ਸਰਕਾਰ ਨੂੰ ਚਲਾ ਰਹੇ ਹਨ, ਉਹ ਇਕ ਦੂਜੇ ਵਿਚ ਰਲਗੱਡ ਹੋ ਚੁੱਕੇ ਹਨ। ਇਹ ਹਾਲਾਤ ਦਿਖਾਉਂਦੇ ਹਨ ਕਿ ਮੀਡੀਆ ਦਾ ਇਹ ਹਾਲ ਇਸ ਦੀ ਮਿਲੀਭੁਗਤ ਕਾਰਨ ਹੈ ਅਤੇ ਇਹ ਮਹਿਜ਼ ਧੱਕੇਸ਼ਾਹੀ ਜਾਂ ਧੌਂਸ ਦੇ ਦਬਾਓ ਕਾਰਨ ਨਹੀਂ ਹੈ।

ਇਸ ਘਾਲੇਮਾਲੇ ਦਾ ਘੇਰਾ ਮਹਿਜ਼ ਰਾਜਨੀਤਕ ਸਮਝ ਤੱਕ ਸੀਮਤ ਨਹੀਂ ਹੈ ਸਗੋਂ ਮੀਡੀਆ ਦੀ ਭੂਮਿਕਾ ਵੀ ਇਸ ਵਿਚ ਹਿੱਸੇਦਾਰ ਹੈ।

ਜਦ ਐਕਸਪ੍ਰੈੱਸ ਨੇ 2019 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੰਟਰਵਿਊ ਲਈ, ਤਾਂ ਉਸ ਨੇ ਇਸ ਮੌਕੇ ਦਾ ਫਾਇਦਾ ਇਸ ਅਖਬਾਰ ਦੀ ਕਵਰੇਜ ਵਿਚ ਰਹਿ ਗਈ ਕਸਰ ਦਾ ਨੁਕਤਾਵਾਰ ਜ਼ਿਕਰ ਕਰਦੇ ਹੋਏ ਇਲਜ਼ਾਮ ਲਗਾਉਣ 'ਚ ਉਠਾਇਆ। ਉਸ ਨੇ ਜੰਮੂ ਕਸ਼ਮੀਰ ਦਾ ਜ਼ਿਕਰ ਕਰਦੇ ਹੋਏ ਸਵਾਲ ਕੀਤਾ, "ਕੀ ਇੰਡੀਅਨ ਐਕਸਪ੍ਰੈੱਸ ਨੇ, ਜੋ ਖੋਜੀ ਪੱਤਰਕਾਰੀ ਕਰਦਾ ਹੈ, ਰਾਜਪਾਲ ਦੇ ਸ਼ਾਸਨ ਕਾਲ ਵਿਚ 100 ਫੀਸਦੀ

***(ਬਾਕੀ ਅਗਲੇ ਸਫੇ 'ਤੇ)***

# ਪਿੰਡ, ਸ਼ਹਿਰ ਅਤੇ ਸ਼ਹਿਰੀ ਕੁਲੀਨ



'ਭਾਰਤ ਪਿੰਡਾਂ ਵਿਚ ਵਸਦਾ ਹੈ'। ਇਹ ਮਹਾਤਮਾ ਗਾਂਧੀ ਸਨ ਜਿਨ੍ਹਾਂ ਭਾਰਤ ਦੀ ਇਸ ਦਿੱਖ ਅਤੇ ਪਛਾਣ ਨੂੰ ਉਜਾਗਰ ਕੀਤਾ। ਉਨ੍ਹਾਂ ਦੇ ਬਹੁਤੇ ਸਮਕਾਲੀ ਇਸ ਗੱਲੋਂ ਉਨ੍ਹਾਂ ਨਾਲ ਨਾਰਾਜ਼ ਹੋ ਗਏ ਸਨ। ਬੀ.ਆਰ. ਅੰਬੇਡਕਰ ਅਤੇ ਜਵਾਹਰਲਾਲ ਨਹਿਰੂ ਨੇ ਵੀ ਇਸ ਬਿਆਨ ਵਿਚ ਕੀਤੇ ਆਬਾਦਕਾਰੀ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ ਸੀ ਹਾਲਾਂਕਿ ਉਹ ਪਿੰਡਾਂ ਦੀ ਸਮਾਜਿਕ ਬਣਤਰ ਜਾਂ ਭਾਰਤ ਵਲੋਂ ਆਪਣੇ ਆਰਥਿਕ ਵਿਕਾਸ ਲਈ ਅਖਤਿਆਰ ਕੀਤੇ ਜਾਣ ਵਾਲੇ ਮਾਰਗ ਦੇ ਸਵਾਲ 'ਤੇ ਗਾਂਧੀ ਨਾਲ ਅਸਹਿਮਤੀ ਰੱਖਦੇ ਸਨ। ਉਂਜ, ਇਹ ਵੀ ਤੱਥ ਹੈ ਕਿ ਸ਼ਹਿਰੀ ਖੇਤਰਾਂ ਵਿਚ ਵਸਣ ਵਾਲੇ ਭਾਰਤੀਆਂ ਦੀ ਤਾਦਾਦ ਵੀ ਅੱਛੀ ਖਾਸੀ ਸੀ। ਆਜ਼ਾਦੀ ਵੇਲੇ ਦੇਸ਼ ਦੇ ਸ਼ਹਿਰੀ ਖੇਤਰਾਂ ਵਿਚ ਵਸਦੇ ਲੋਕਾਂ ਦੀ ਤਾਦਾਦ ਲਗਭਗ 15 ਫੀਸਦ ਸੀ।

ਉਂਜ, ਪਾਪੂਲਰ ਰਾਸ਼ਟਰਵਾਦੀ ਸਹਿਜ-ਬੁੱਧੀ ਵਿਚ ਸ਼ਹਿਰਾਂ ਵਿਚ ਵਸਦੇ ਲੋਕਾਂ ਨੂੰ ਅਸਲੀ ਭਾਰਤ ਨਹੀਂ ਗਿਣਿਆ ਜਾਂਦਾ ਸੀ। ਗਾਂਧੀ ਲਈ ਸ਼ਹਿਰਾਂ ਵਿਚ ਵਸਦੇ ਭਾਰਤੀ ਨਾ ਕੇਵਲ ਘੱਟਗਿਣਤੀ ਵਜੋਂ ਸੀ ਸਗੋਂ ਉਹ ਖਰੇ ਭਾਰਤੀ ਵੀ ਨਹੀਂ ਗਿਣੇ ਜਾਂਦੇ ਸਨ। ਭਾਰਤ ਦੀ ਰੂਹ ਪਿੰਡਾਂ ਵਿਚ ਵਸਦੀ ਸੀ। ਗਾਂਧੀ ਇਸ ਤੋਂ ਵੀ ਅਗਾਂਹ ਚਲੇ ਗਏ ਸਨ। ਉਨ੍ਹਾਂ ਭਾਰਤ ਦੇ ਉਪਨਿਵੇਸ਼ਕਰਨ ਅਤੇ ਆਜ਼ਾਦੀ ਦੇ ਆਪਣੇ ਸਿਧਾਂਤ ਦੀ ਨੀਹ ਪਿੰਡਾਂ ਦੇ ਸੰਕਲਪ ਦੁਆਲੇ ਬੁਣੀ ਸੀ। ਸ਼ਹਿਰ ਉਨ੍ਹਾਂ ਲਈ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਪਨਪਣ ਵਾਲੇ ਸਮੂਹ ਸਨ ਤੇ ਇੰਜ ਇਨ੍ਹਾਂ ਦੇ ਮਨ ਅਤੇ ਜਿਸਮ ਤੇ ਉਪਨਿਵੇਸ਼ਕਰਨ ਦੇ ਨਾਂ-ਨਿਸ਼ਾਨ ਪ੍ਰਗਟਾਉਂਦੇ ਸਨ। ਇਸੇ ਕਰ ਕੇ ਇਹ ਉਨ੍ਹਾਂ ਦੀ ਨਜ਼ਰ ਵਿਚ ਨੈਤਿਕ ਭ੍ਰਿਸ਼ਟਾਚਾਰ ਦਾ ਪ੍ਰਤੀਕ ਸਨ। ਭਾਰਤ ਦੀ ਅਸਲ ਆਜ਼ਾਦੀ ਇਸ ਦੇ ਅਸਲ ਖਾਸੇ ਭਾਵ ਪਿੰਡਾਂ ਦੀ ਤਲਾਸ਼ ਵਿਚੋਂ ਹੀ ਹਾਸਲ ਕੀਤੀ ਜਾ ਸਕਦੀ ਹੈ।



ਸੁਰਿੰਦਰ ਸਿੰਘ ਜੋਧਕਾ
ਸੰਪਰਕ: 98112-79898

ਜ਼ਾਹਿਰ ਹੈ ਕਿ ਗਾਂਧੀ ਨੇ ਵਿਚਾਰਧਾਰਕ ਰੂਪ ਵਿਚ ਪੇਂਡੂ ਜੀਵਨ ਜਾਚ ਦਾ ਜਸ਼ਨ ਮਨਾਇਆ ਸੀ। ਉਹ ਯਕੀਨਨ ਵਾਕਫ ਹੋਣਗੇ ਕਿ ਅੰਗਰੇਜ਼ਾਂ ਦੀ ਆਮਦ ਤੋਂ ਬਹੁਤ ਲੰਮਾ ਸਮਾਂ ਪਹਿਲਾਂ ਹੀ ਸ਼ਹਿਰ ਭਾਰਤੀ ਜੀਵਨ ਦਾ ਹਿੱਸਾ ਬਣ ਗਏ ਸਨ। ਉਨ੍ਹਾਂ ਦਾ ਆਪਣਾ ਜਨਮ ਵੀ ਪਿੰਡ ਵਿਚ ਨਹੀਂ ਹੋਇਆ ਸੀ ਤੇ ਸ਼ਾਇਦ ਉਹ ਹਮੇਸ਼ਾ ਸ਼ਹਿਰੀ ਹੀ ਬਣੇ ਰਹੇ। ਨਹਿਰੂ ਦਾ ਮਾਮਲਾ ਵੀ ਵੱਖਰਾ ਨਹੀਂ ਸੀ। ਉਂਜ, ਪਿੰਡਾਂ ਨੂੰ ਅਸਲ ਭਾਰਤ ਦੱਸਣ ਦੀ ਗਾਂਧੀ ਦੀ ਸੋਚ ਨਾਲ ਕਈ ਗੰਭੀਰ ਸਮਾਜੀ ਮਸਲੇ ਜੁੜੇ ਹੋਏ ਸਨ; ਜਿਵੇਂ ਅੰਬੇਡਕਰ ਨੇ ਇਸ ਵੱਲ ਧਿਆਨ ਦਿਵਾਇਆ ਹੈ ਕਿ ਪਿੰਡਾਂ ਦੇ ਸਾਂਝੇ ਅਤੇ ਸਦਭਾਵੀ ਭਾਈਚਾਰੇ ਦਾ ਗਾਂਧੀ ਦਾ ਖਿਆਲ ਬਰਤਾਨਵੀ ਬਸਤੀਵਾਦੀ ਪ੍ਰਸ਼ਾਸਕ ਚਾਰਲਸ ਮੈਟਕਾਫ ਤੋਂ ਉਧਾਰ ਲਿਆ ਗਿਆ ਸੀ। ਬਸਤੀਵਾਦੀ ਹਾਕਮਾਂ ਲਈ ਭਾਰਤ ਛੋਟੀਆਂ ਛੋਟੀਆਂ, ਅਲੱਗ-ਥਲੱਗ ਇਕਾਈਆਂ, ਬਾਹਰੀ ਅਸਰ ਤੋਂ ਆਜ਼ਾਦ ਕਿਸਮ ਦੇ ਪੇਂਡੂ ਗਣਰਾਜਾਂ ਦੀ ਭੂਮੀ ਸੀ। ਉਨ੍ਹਾਂ ਮੁਤਾਬਕ ਭਾਰਤੀ ਪਿੰਡਾਂ ਨੇ ਆਪਣੇ ਅੰਦਰੂਨੀ ਸਮਾਜਿਕ ਅਤੇ ਆਰਥਿਕ ਅਦਾਰਿਆਂ ਵਿਚ ਸਦੀਆਂ ਤੋਂ ਕੋਈ ਤਬਦੀਲੀ ਜਾਂ ਗਤੀਸ਼ੀਲਤਾ ਨਹੀਂ ਦੇਖੀ ਸੀ।

ਬਰਨਾਰਡ ਕੋਹਨ ਦੀ ਇਹ ਦਲੀਲ ਬਹੁਤ ਮਸ਼ਹੂਰ ਹੈ ਕਿ ਭਾਰਤ ਨੂੰ ਪੇਂਡੂ ਗਣਰਾਜਾਂ ਦੀ ਭੂਮੀ ਕਲਪਿਤ ਕਰਨ ਵਾਲਾ ਸੰਕਲਪ ਬਰਤਾਨਵੀ ਹਾਕਮਾਂ ਲਈ ਬਹੁਤ ਲਾਹੇਵੰਦਾ ਸੀ। ਇਸ ਰਾਹੀਂ ਉਨ੍ਹਾਂ ਨੂੰ ਭਾਰਤ ਵਿਚ ਉਪਨਿਵੇਸ਼ਕਰਨ ਦੀ ਆਪਣੀ ਮੁਹਿੰਮ ਨੂੰ ਜਾਇਜ਼ ਠਹਿਰਾਉਣ ਲਈ ਮਦਦ ਮਿਲਦੀ ਸੀ। ਇਹ ਦੱਸਿਆ ਜਾਂਦਾ ਸੀ ਕਿ ਉਹ (ਅੰਗਰੇਜ਼) ਇੱਥੇ ਸਾਡੀ ਮਦਦ ਲਈ ਆਏ ਹਨ ਕਿਉਂਕਿ ਤਬਦੀਲੀ ਲਿਆਉਣ ਲਈ ਸਾਨੂੰ ਕਿਸੇ ਬਾਹਰੀ ਏਜੰਸੀ ਦੀ ਲੋੜ ਸੀ; ਜਿਵੇਂ ਬਸਤੀਵਾਦੀ ਅਤੇ ਉਨ੍ਹਾਂ ਦੇ ਪੁਰਾਤਨ ਸੰਕਲਪ ਦੁਨੀਆ ਨੂੰ ਦੱਸਦੇ ਰਹੇ ਹਨ ਕਿ ਭਾਰਤੀ ਲੋਕ ਆਪਣੇ ਛੋਟੇ ਛੋਟੇ ਪਿੰਡਾਂ ਵਿਚ ਫਸੇ ਪਏ ਸਨ ਤੇ ਉਹ ਆਪਣੇ ਆਪ ਤਬਦੀਲੀ ਕਰ ਕੇ ਤਰੱਕੀ ਦੇ ਰਾਹ ਤੇ ਪੈਣ ਦੇ ਸਮੱਰਥ ਨਹੀਂ ਸਨ। ਤਰਕ ਨਾਲ ਚੱਲਣ ਵਾਲੇ ਯੂਰਪੀ ਲੋਕ ਆਪਣੇ ਵਿਗਿਆਨਕ ਸੁਭਾਅ ਅਤੇ ਤਕਨਾਲੋਜੀ ਦੀ ਮਦਦ ਨਾਲ ਪੇਂਡੂ ਭਾਰਤ ਨੂੰ ਆਪਣੇ ਸਦੀਵੀ ਪੁਰਾਣੇ ਤੇ ਖੜੋਤ ਦਾ ਸ਼ਿਕਾਰ ਆਰਥਿਕ ਪ੍ਰਬੰਧ ਵਿਚੋਂ ਬਾਹਰ ਨਿਕਲਣ ਵਿਚ ਮਦਦ ਕਰ ਸਕਦੇ ਹਨ।

ਗਾਂਧੀ ਵਾਲੀ ਪਿੰਡ-ਸ਼ਹਿਰ ਦੀ ਦੁਵੰਗੀ ਦੀ ਪੈਰਵੀ ਰਵਾਇਤ-ਆਧੁਨਿਕਤਾ ਦੀ ਦੁਵੰਗੀ ਦੀ ਮਾਨਤਾ ਨਾਲ ਵੀ ਜੁੜ ਜਾਂਦੀ ਸੀ ਜੋ ਉਸ ਵੇਲੇ ਪੱਛਮ ਦੀ ਧੌਂਸ ਵਲੋਂ ਪ੍ਰਚਾਰੀ ਤੇ ਪ੍ਰਸਾਰੀ ਜਾਂਦੀ ਸੀ। ਗਾਂਧੀ ਨੇ ਸਹਿਜ ਮਤੇ ਵਿਚ ਇਸ ਬਸਤੀਵਾਦੀ ਖਿਆਲ ਦੀ ਪ੍ਰੋੜਤਾ ਕੀਤੀ ਸੀ ਕਿ ਜਿਹੜੇ ਲੋਕ ਪਿੰਡਾਂ ਵਿਚ ਵਸਦੇ ਹਨ ਉਹ ਆਪਣੀ ਪੁਰਾਣੀ ਪਰੰਪਰਾ ਨਾਲ ਬੱਝੇ ਹੁੰਦੇ ਹਨ ਅਤੇ ਤਰਕ ਅਤੇ ਸਾਧਨਸਾਜ਼ੀ ਦੇ ਲਿਹਾਜ਼ ਤੋਂ ਨਹੀਂ ਸੋਚ ਸਕਦੇ। ਉਹ ਸਿੱਧੇ ਸਾਧੇ ਲੋਕ ਹਨ ਜੋ ਆਪੋ-ਆਪਣੇ ਭਾਈਚਾਰਿਆਂ ਦੇ ਸਭਿਆਚਾਰ ਅਤੇ ਅਤੀਤ ਦੇ ਨੈਤਿਕ ਜ਼ਾਬਤਿਆਂ ਮੁਤਾਬਕ ਚਲਦੇ ਹਨ।

ਪਿੰਡਾਂ ਨੂੰ ਅਸਲ ਭਾਰਤ ਦੀ ਠਾਹਰ ਸੱਦਣ ਦਾ ਗਾਂਧੀ ਦਾ ਸੰਕਲਪ ਨਾ ਕੇਵਲ ਵਿਹਾਰਕ ਪੱਖੋਂ ਗਲਤ ਸੀ ਸਗੋਂ ਸਿਆਸੀ ਤੌਰ 'ਤੇ ਵੀ ਮੁਸ਼ਕਿਲਾਂ ਪੈਦਾ ਕਰਨ ਵਾਲਾ ਹੈ। ਇਹ ਜਾਤ ਦੀ ਹਕੀਕਤ ਨੂੰ ਘਟਾ ਕੇ ਦੇਖਦਾ ਹੈ ਜਿਸ ਨੇ ਹਮੇਸ਼ਾ ਵੰਡ ਕੇ ਰੱਖਿਆ ਹੈ। ਪਿੰਡ ਵਿਚ ਹਾਸ਼ੀਏ ਤੇ ਰਹਿਣ ਵਾਲੇ ਲੋਕਾਂ ਜਿਨ੍ਹਾਂ ਨੂੰ ਅਛੂਤ ਆਖਿਆ ਜਾਂਦਾ ਸੀ, ਨਾਲ ਮੇਲਜੋਲ ਵਾਲੇ ਭਾਈਚਾਰੇ ਦੀ ਕੋਈ ਭਾਵਨਾ ਨਹੀਂ ਰਹੀ। ਦਲਿਤਾਂ ਨੂੰ ਨਾ ਕੇਵਲ ਪਿੰਡਾਂ ਵਿਚ ਅਛੂਤ ਸਮਝਿਆ ਜਾਂਦਾ ਸੀ ਸਗੋਂ ਉਨ੍ਹਾਂ ਨੂੰ ਵਸੀਲਿਆਂ ਤੋਂ ਵੀ ਮਹਿਰੂਮ ਕੀਤਾ ਗਿਆ ਅਤੇ ਪਿੰਡ ਦੇ ਆਰਥਿਕ ਜੀਵਨ ਤੋਂ ਅਲੱਗ-ਥਲੱਗ ਕਰ ਕੇ ਰੱਖਿਆ ਜਾਂਦਾ ਸੀ। ਅਹਿਮ ਗੱਲ ਇਹ ਕਿ ਇਸ ਤਰ੍ਹਾਂ ਦੀ ਦਵੰਗੀ ਪਿੰਡ ਨੂੰ ਸਰਲ ਅਤੇ ਸ਼ਹਿਰ ਨੂੰ ਤਰਕਸੰਗਤ ਅਤੇ ਵਿਗਿਆਨਕ ਹੋਣ ਦਾ ਸੰਕਲਪ ਸਿਰਜਦੀ ਸੀ ਤੇ ਨਵੇਂ ਦੇਸੀ ਰਾਸ਼ਟਰਵਾਦੀ ਕੁਲੀਨ ਵਰਗ ਦੀ ਦੇਹਾਤ ਉਪਰ ਦਬਦਬੇ ਨੂੰ ਸੁਭਾਵਿਕ ਜਾਮਾ ਪਹਿਨਾਉਂਦੀ ਸੀ। ਇਸ ਤਰ੍ਹਾਂ ਪਿੰਡ ਨੂੰ ਰਾਜ (ਸਟੇਟ) ਵਲੋਂ 'ਵਿਕਸਤ' ਕੀਤਾ ਜਾਂਦਾ ਹੈ ਅਤੇ ਇਹ ਸ਼ਹਿਰੀ ਕੁਲੀਨ ਵਰਗ ਹੀ ਹੈ ਜੋ ਇਹ ਸਮਝਣ ਦੀ ਸਮਰੱਥਾ ਰੱਖਦਾ ਹੈ ਕਿ ਪਿੰਡ ਲਈ ਕੀ ਸਹੀ ਹੈ। ਵਿਕਾਸ ਦਾ ਇਹ ਸੰਕਲਪ ਹੀ ਪਿੰਡ ਨੂੰ ਨਾਸਮਝ ਬਣ ਕੇ ਧਰ ਦਿੰਦਾ ਹੈ।

ਸਵਰਾਜ ਬਾਰੇ ਗਾਂਧੀ ਜੀ ਦਾ ਸੰਕਲਪ ਬਹੁਤ ਚਿਰ ਪਹਿਲਾਂ ਹੀ ਭੁੱਲ-ਭੁਲਾ ਦਿੱਤਾ ਗਿਆ ਪਰ ਉਨ੍ਹਾਂ ਵਲੋਂ ਲੋਕਪ੍ਰਿਯਾ ਬਣਾਈ ਗਈ ਪਿੰਡ ਅਤੇ ਸ਼ਹਿਰ ਵਿਚ ਕੀਤੀ ਸਿੱਧੀ ਸਰਲ ਵੰਡ ਅਤੇ ਵਿਰੋਧ ਹੀ ਸਾਡੇ ਸਹਿਜ ਬੋਧ ਦਾ ਹਿੱਸਾ ਬਣ ਕੇ ਰਹਿ ਗਏ ਹਨ। ਇਸ ਵੇਲੇ ਭਾਰਤੀ ਕਿਸਾਨਾਂ ਦੇ ਅੰਦੋਲਨ ਨੂੰ ਵੀ ਮੌਜੂਦਾ ਸਰਕਾਰ ਅਤੇ ਸ਼ਹਿਰੀ ਕੁਲੀਨ ਵਰਗ ਜਿਸ ਵਿਚ ਮੁੱਖਧਾਰਾ ਦਾ ਮੀਡੀਆ ਵੀ ਸ਼ਾਮਲ ਹੈ, ਵਲੋਂ ਵੀ ਇਸੇ ਅੱਖ ਨਾਲ ਦੇਖਿਆ ਜਾ ਰਿਹਾ ਹੈ। ਜਦੋਂ ਕਿਸਾਨ ਰੋਸ ਮੁਜ਼ਾਹਰਾ ਕਰਨ ਨਿੱਕਲੇ ਸਨ ਅਤੇ ਉਨ੍ਹਾਂ ਇਸ ਗੱਲ ਵੱਲ ਧਿਆਨ ਦਿਵਾਇਆ ਸੀ ਕਿ ਕਿਵੇਂ ਐਨ.ਡੀ.ਏ. ਸਰਕਾਰ ਵਲੋਂ ਬਣਾਏ ਇਹ ਕਾਨੂੰਨ ਉਨ੍ਹਾਂ ਦੇ ਹਿੱਤਾਂ ਨੂੰ ਢਾਹ ਲਾਉਂਦੇ ਹਨ ਤਾਂ ਉਨ੍ਹਾਂ ਨੂੰ ਵਾਰ ਵਾਰ ਇਹੀ ਕਿਹਾ ਗਿਆ ਕਿ ਦਰਅਸਲ ਨਵੇਂ ਕਾਨੂੰਨ ਉਨ੍ਹਾਂ ਦੇ ਫਾਇਦੇ ਲਈ ਹਨ। ਉਦੋਂ ਵੀ ਜਦੋਂ ਕਿਸਾਨ ਜਥੇਬੰਦੀਆਂ ਨੂੰ ਕੇਂਦਰ ਸਰਕਾਰ ਨੇ ਗੱਲਬਾਤ ਲਈ ਸੱਦਿਆ ਤਾਂ ਸ਼ੁਰੂਆਤੀ ਗੇੜ ਦੀ ਗੱਲਬਾਤ ਵਿਚ ਸਰਕਾਰੀ ਅਧਿਕਾਰੀਆਂ ਨੇ ਇਨ੍ਹਾਂ ਕਾਨੂੰਨਾਂ ਦੀਆਂ ਵੱਖ ਵੱਖ ਧਾਰਾਵਾਂ ਬਾਰੇ ਪੇਸ਼ਕਾਰੀ ਕੀਤੀ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਰਿਹਾ ਕਿ ਨਵੇਂ ਕਾਨੂੰਨਾਂ ਨੂੰ ਸਹੀ ਢੰਗ ਨਾਲ ਸਮਝਿਆ ਨਹੀਂ ਜਾ ਰਿਹਾ। ਇਕ ਮੰਤਰੀ ਨੇ ਤਾਂ ਇਹ ਵੀ ਸੁਝਾਅ ਦਿੱਤਾ ਕਿ ਕਿਸਾਨਾਂ ਨਾਲ ਚੱਲ ਰਹੀ ਗੱਲਬਾਤ ਨਾਲ ਸਬੰਧਤ ਮੰਤਰਾਲੇ ਅਤੇ ਇਸ ਦੇ ਅਧਿਕਾਰੀਆਂ ਨੂੰ ਸਰਲ ਤੇ ਸਪੱਸ਼ਟ ਭਾਸ਼ਾ ਵਿਚ ਵਧੀਆ ਪਾਵਰ ਪੁਆਇੰਟ ਪੇਸ਼ਕਾਰੀ ਦੇਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਕਾਨੂੰਨਾਂ ਪ੍ਰਤੀ ਕਿਸਾਨਾਂ ਦੇ ਮਨਾਂ ਅੰਦਰ ਉਠੇ ਸ਼ੰਕੇ ਦੂਰ ਹੋ ਸਕਣ।

ਕੁਝ ਟੈਲੀਵਿਜ਼ਨ ਚੈਨਲਾਂ ਨੇ ਵੀ ਆਪਣੀ ਰਿਪੋਰਟਿੰਗ ਅਤੇ 'ਮਾਹਿਰਾਂ' ਦੇ ਵਾਦ ਵਿਵਾਦ ਜ਼ਰੀਏ ਵਾਰ ਵਾਰ ਇਹ ਬਿਰਤਾਂਤ ਸਿਰਜਿਆ। ਘੱਟ ਜਾਂ ਵੱਧ ਇਹ ਸਾਰੇ ਕਿਸਾਨ ਆਗੂਆਂ 'ਤੇ ਇਹ ਦੋਸ਼ ਲਾਉਂਦੇ ਰਹੇ ਕਿ ਉਹ ਵਿਰੋਧੀ ਪਾਰਟੀਆਂ ਨਾਲ ਰਲੇ ਹੋਏ ਹਨ ਅਤੇ ਭੋਲੇ ਭਾਲੇ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ। ਕਈ ਠੀਕ ਠਾਕ ਮਾਹਿਰਾਂ ਨੇ ਵੀ ਕਿਸਾਨਾਂ ਦੇ ਚੱਲ ਰਹੇ ਅੰਦੋਲਨ ਨੂੰ ਕਿਸਾਨ ਵਿਦਰੋਹ ਦਾ ਨਾਂ ਦੇ ਦਿੱਤਾ। ਅੰਦੋਲਨਕਾਰੀ ਕਿਸਾਨ ਜੀਵਨ ਦੀਆਂ ਮੂਲ ਹਾਲਤਾਂ ਵਿਚ ਜੀਅ ਰਹੇ ਕਿਸਾਨ ਨਹੀਂ ਹਨ ਸਗੋਂ ਉਹ ਉੱਦਮੀ ਕਾਸ਼ਤਕਾਰ ਹਨ ਜੋ ਹਰ ਕਿਸਮ ਦੀ ਖੇਤੀ ਸਮੱਗਰੀ ਦੀ ਵਰਤੋਂ ਕਰਦੇ ਹਨ ਅਤੇ ਮੁੱਖ ਤੌਰ ਤੇ ਮੰਡੀ ਲਈ ਉਪਜ ਪੈਦਾ ਕਰਦੇ ਹਨ। ਉਹ ਦਹਾਕਿਆਂ ਤੋਂ ਇਵੇਂ ਕਰਦੇ ਆ ਰਹੇ ਹਨ। ਖੇਤੀ ਤੋਂ ਇਲਾਵਾ ਉਹ ਦੇਸ਼-ਦੁਨੀਆ ਦੇ ਆਰਥਿਕ, ਸਮਾਜਿਕ ਅਤੇ ਸਿਆਸੀ ਜੀਵਨ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਦੀਆਂ ਜਥੇਬੰਦੀਆਂ 'ਯੂਨੀਅਨਾਂ' ਹਨ ਜੋ ਸ਼ਹਿਰੀ ਜਾਂ ਫੈਕਟਰੀ ਕਾਮਿਆਂ ਦੀਆਂ ਟਰੇਡ ਯੂਨੀਅਨਾਂ ਤੇ ਹਿੱਤ ਸਮੂਹਾਂ ਦੀ ਤਰਜ਼ ਤੇ ਹੋਰਨਾਂ ਸਬੰਧਤਾਂ ਨਾਲ ਸਮੂਹਿਕ ਸੌਦੇਬਾਜ਼ੀ ਦੇ ਅਸੂਲਾਂ ਮੁਤਾਬਕ ਕੰਮ ਕਰਦੀਆਂ ਹਨ। ਅੱਜ ਕੱਲ੍ਹ ਆਂਧਰਾ ਪ੍ਰਦੇਸ਼, ਪੰਜਾਬ ਜਾਂ ਮੱਧ ਪ੍ਰਦੇਸ਼ ਦਾ ਕਿਸਾਨ ਜੇ ਜ਼ਿਆਦਾ ਨਹੀਂ ਤਾਂ ਔਸਤਨ ਓਨਾ ਕੁ ਪੜ੍ਹਿਆ ਲਿਖਿਆ ਹੋ ਸਕਦਾ ਹੈ ਜਿੰਨਾ ਕੁ ਗੁਜਰਾਤ ਦਾ ਕੋਈ ਵਪਾਰੀ ਹੁੰਦਾ ਹੈ। ਬਹਰਹਾਲ, ਸ਼ਹਿਰੀ ਕੁਲੀਨ ਵਰਗ ਦੇ ਮਨ ਮਸਤਕ ਤੇ ਅਜੇ ਵੀ ਪੇਂਡੂ-ਸ਼ਹਿਰੀ ਦੀ ਪੁਰਾਣੀ ਦੁਵੰਗੀ ਭਾਰੂ ਹੈ ਅਤੇ ਉਹ ਕਿਸਾਨਾਂ ਦੇ ਨਿਸ਼ਚੇ ਦੀ ਥਾਹ ਪਾਉਣ ਤੋਂ ਅਸਮੱਰਥ ਹਨ।

## ਭਾਰਤੀ ਮੀਡੀਆ ਸਰਕਾਰ ਦਾ ਹਿੱਸਾ ਕਿਵੇਂ ਬਣਿਆ?

*(ਪਿਛਲੇ ਸਫੇ ਦੀ ਬਾਕੀ)*

ਬਿਜਲੀਕਰਨ ਦੇ ਹਾਸਲ ਕੀਤੇ ਟੀਚੇ ਬਾਰੇ ਲਿਖਿਆ? ਕੀ ਇਹ ਖਬਰ ਨਹੀਂ ਹੈ?" ਉਸ ਨੇ ਅੱਗੇ ਕਿਹਾ: "ਜੰਮੂ ਕਸ਼ਮੀਰ ਵਿਚ ਚੋਣਾਂ ਦੌਰਾਨ ਹਿੰਸਾ ਦੀ ਇਕ ਵੀ ਘਟਨਾ ਨਹੀਂ ਹੋਈ। ਪੱਛਮੀ ਬੰਗਾਲ ਵਿਚ ਪੰਚਾਇਤ ਚੋਣਾਂ ਦੌਰਾਨ 100 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ। ਉਥੇ ਕੋਈ ਵੀ ਚੋਣ ਖੂਨ-ਖਰਾਬੇ ਤੋਂ ਬਿਨਾਂ ਨਹੀਂ ਹੁੰਦੀ। ਕੀ ਤੁਹਾਨੂੰ ਮੇਰੀ ਦੇਸ਼ਭਗਤੀ ਜੰਮੂ ਕਸ਼ਮੀਰ ਵਿਚ ਨਜ਼ਰ ਨਹੀਂ ਆਉਂਦੀ? ਪੂਰਬ-ਉਤਰ, ਜੋ ਕਿੰਨੇ ਸਮੇਂ ਤੋਂ ਅੱਤਿਵਾਦ ਨਾਲ ਜੂਝ ਰਿਹਾ ਹੈ, ਹੁਣ ਅਮਨ-ਚੈਨ ਨਾਲ ਰਹਿ ਰਿਹਾ ਹੈ, ਕੀ ਅਸੀਂ ਉਥੇ ਰਾਸ਼ਟਰਵਾਦ ਦੀ ਭਾਵਨਾ ਨਹੀਂ ਬੀਜੀ? ਕੀ ਉਨ੍ਹਾਂ ਨੂੰ ਮੁੱਖਧਾਰਾ ਵਿਚ ਨਹੀਂ ਲਿਆਂਦਾ?"

ਇਹ ਪੁੱਛਣ 'ਤੇ ਕਿ ਐਸੀ ਕੋਈ ਚੀਜ਼ ਜਿਸ ਨੂੰ ਉਨ੍ਹਾਂ ਦੀ ਸਰਕਾਰ ਹਾਸਲ ਕਰਨ 'ਚ ਉਕ ਗਈ ਹੋਵੇ, ਮੋਦੀ ਨੇ ਠਹਾਕਾ ਲਾ ਕੇ ਜਵਾਬ ਦਿੱਤਾ, "ਮੋਦੀ ਦੀ ਆਲੋਚਨਾ ਕਰਨ 'ਚ ਇੰਡੀਅਨ ਐਕਸਪ੍ਰੈੱਸ ਨੂੰ ਬਾਹਰਮੁਖੀ ਬਣਾਉਣ ਵਿਚ।"

ਜਦ ਮੁਲਕ ਦੇ ਸਭ ਤੋਂ ਨਿਰਭੈ ਮੀਡੀਆ ਸੰਗਠਨਾਂ ਵਿਚੋਂ ਇਕ ਵਿਚ ਪੱਤਰਕਾਰੀ ਦਾ ਮਿਸ਼ਨ, ਜਿਵੇਂ ਉਸ ਨੂੰ ਕੰਟਰੋਲ ਕਰਨ ਵਾਲੇ ਪਰਿਵਾਰ ਦੇ ਜਾਨਸ਼ੀਨ ਦੇ ਸ਼ਬਦਾਂ ਵਿਚ ਝਲਕਦਾ ਹੈ, ਉਸੇ ਪ੍ਰਸੰਗ 'ਚ ਇਸ ਨੂੰ ਪ੍ਰੀਭਾਸ਼ਤ ਕਰਦਾ ਹੈ, ਜਿਸ ਰੂਪ 'ਚ ਮੋਦੀ ਭਾਰਤੀ ਮੀਡੀਆ ਨੂੰ ਪਸੰਦ ਕਰੇਗਾ, ਤਾਂ ਇਹ ਸਰਕਾਰ ਦੇ ਇਕ ਅੰਗ ਦੇ ਰੂਪ 'ਚ ਕੰਮ ਕਰਨ ਲੱਗ ਜਾਂਦਾ ਹੈ।

*(ਬਾਕੀ ਅਗਲੇ ਅੰਕ ਵਿਚ)*

# ਕਿਸਾਨ, ਸਰਕਾਰ ਅਤੇ ਸਵੈ-ਨਿਰਭਰਤਾ

ਕਿਸਾਨ ਜਥੇਬੰਦੀਆਂ ਨੇ ਕਿਹਾ ਸੀ ਕਿ ਤਿੰਨ ਖੇਤੀ ਕਾਨੂੰਨ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਦੇਣ ਨਾਲ ਭਾਰਤ ਕੌਮੀ ਖੁਰਾਕ ਸੁਰੱਖਿਆ ਕਾਨੂੰਨ ਤਹਿਤ ਜਨਤਕ ਵੰਡ ਪ੍ਰਣਾਲੀ ਜ਼ਰੀਏ ਹਰ ਪਰਿਵਾਰ ਨੂੰ 5 ਕਿਲੋਗਰਾਮ ਦੀ ਬਜਾਏ 15 ਕਿਲੋਗਰਾਮ ਅਨਾਜ ਦੇਣ ਦੇ ਯੋਗ ਹੋ ਜਾਵੇਗਾ।

ਕੌਸਤਵ ਬੈਨਰਜੀ

ਸਰਕਾਰ ਨੇ ਕਿਹਾ ਸੀ ਕਿ ਉਹ ਤਿੰਨ ਕਾਨੂੰਨ ਰੱਦ ਨਹੀਂ ਕਰੇਗੀ ਅਤੇ ਨਾ ਹੀ ਉਸ ਲਈ ਸਾਰੀਆਂ 23 ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇਣਾ ਸੰਭਵ ਹੈ, ਕਿਉਂਕਿ ਇਸ ਖਾਤਰ 17 ਲੱਖ ਕਰੋੜ ਰੁਪਏ ਦੀ ਲਾਗਤ ਆਵੇਗੀ। ਕਿਸਾਨ ਯੂਨੀਅਨਾਂ ਨੇ ਖੁਰਾਕ ਸੁਰੱਖਿਆ ਦਾ ਮੁੱਦਾ ਲਾਹੇਵੰਦ ਘੱਟੋ-ਘੱਟ ਸਮਰਥਨ ਮੁੱਲ ਜ਼ਰੀਏ ਖੇਤੀਬਾੜੀ ਪੈਦਾਵਾਰ ਨਾਲ ਜੋੜ ਕੇ ਸਹੀ ਕੀਤਾ, ਕਿਉਂਕਿ ਇਹੀ ਉਹ ਰਸਤਾ ਸੀ ਜਿਸ ਉੱਤੇ ਚੱਲ ਕੇ ਭਾਰਤ ਸੱਤਰਵਿਆਂ ਤੋਂ ਖੁਰਾਕ ਸੁਰੱਖਿਆ ਦੇ ਮਾਮਲੇ ਵਿਚ ਆਤਮ-ਨਿਰਭਰ ਬਣ ਸਕਿਆ ਸੀ। ਫਿਰ ਵੀ ਅਜੇ ਅੱਧੀ ਲੜਾਈ ਹੀ ਜਿੱਤੀ ਜਾ ਸਕੀ ਹੈ। ਅਨਾਜ ਦੇ ਭੰਡਾਰ ਨੱਕੋ-ਨੱਕ ਭਰ ਰਹੇ ਹਨ ਅਤੇ ਗਰੀਬ ਜਨਤਾ ਭੁੱਖਮਰੀ ਦਾ ਸ਼ਿਕਾਰ ਹੈ। ਸਰਬ ਵਿਆਪੀ ਜਨਤਕ ਵੰਡ ਪ੍ਰਣਾਲੀ ਨਾਲ ਇਸ ਨੂੰ ਜੋੜਨ ਨਾਲ ਹੀ ਸਰਬ ਸਾਂਝੇ ਭਾਰਤੀ ਰਾਸ਼ਟਰਵਾਦ ਦਾ ਅਸਲ ਚਿਹਰਾ ਉਭਰ ਕੇ ਸਾਹਮਣੇ ਆ ਸਕੇਗਾ।

ਖੁਰਾਕ ਦੇ ਮਾਮਲੇ 'ਚ ਆਤਮ-ਨਿਰਭਰਤਾ ਹਾਸਲ ਕਰਨ ਅਤੇ ਅਮਰੀਕਾ ਤੋਂ ਅਪਮਾਨਜਨਕ ਸ਼ਰਤਾਂ ਦੇ ਆਧਾਰ 'ਤੇ ਕਣਕ ਦਰਾਮਦ ਕਰਨ ਦੀ ਨਿਰਭਰਤਾ ਤੋਂ ਖਹਿੜਾ ਛੁਡਾਉਣ ਲਈ ਹਰੇ ਇਨਕਲਾਬ ਦੀ ਸ਼ੁਰੂਆਤ ਕੀਤੀ ਗਈ। ਉਦੋਂ ਵੀ ਇਹ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਮੈਦਾਨੀ ਖੇਤਰ ਸਾਹਮਣੇ ਆਏ ਸਨ ਅਤੇ ਹੁਣ ਵੀ ਕਿਸਾਨ ਅੰਦੋਲਨ ਦੀ ਇਹੀ ਧੁਰੀ ਬਣੇ ਹੋਏ ਹਨ ਜਿਨ੍ਹਾਂ ਸਦਕਾ ਭਾਰਤ ਨੂੰ ਅਨਾਜ ਦੀ ਖਾਤਰ ਠੂਠਾ ਫੜ ਕੇ ਮੰਗਣ ਤੋਂ ਮੁਕਤੀ ਦਿਵਾ ਕੇ ਅਹਿਮ ਮੁਲਕ ਵਜੋਂ ਉਭਰਨ ਵਿਚ ਮਦਦ ਦਿੱਤੀ ਸੀ। ਹਰੇ ਇਨਕਲਾਬ ਦੇ ਜ਼ਮਾਨੇ ਵਿਚ ਸਰਕਾਰੀ ਖਰੀਦ, ਭੰਡਾਰਨ ਤੇ ਜਨਤਕ ਵੰਡ ਪ੍ਰਣਾਲੀ ਸਦਕਾ ਝੋਨੇ, ਕਣਕ ਅਤੇ ਕਮਾਦ ਲਈ ਲਾਹੇਵੰਦ ਘੱਟੋ-ਘੱਟ ਸਮਰਥਨ ਮੁੱਲ ਮੁਹੱਈਆ ਕਰਵਾਏ ਜਾ ਸਕੇ ਅਤੇ ਫਸਲਾਂ ਲਈ ਘਰੇਲੂ ਮੰਡੀਆਂ ਦਾ ਵਿਸਤਾਰ ਵੀ ਕੀਤਾ ਜਾ ਸਕਿਆ। ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਰਾਸ਼ਨ ਡਿਪੂਆਂ ਰਾਹੀਂ ਚੌਲ, ਕਣਕ ਅਤੇ ਚੀਨੀ ਦੀ ਵੰਡ ਕੀਤੀ ਜਾਣ ਲੱਗੀ। ਸਰਕਾਰ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਜਾਂ ਸਮੁੱਚੀ ਆਬਾਦੀ ਨੂੰ ਇਸ ਤਹਿਤ ਲਿਆਉਣ ਦੇ ਟੀਚੇ ਲਈ ਕੌਮੀ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਵਾਧੂ ਭੰਡਾਰ ਰੱਖਣ ਲਈ ਅਨਾਜ ਦੀ ਖਰੀਦ ਕਰਦੀ ਸੀ।

ਇੰਨੀ ਵੱਡੀ ਮਾਤਰਾ ਵਿਚ ਅਨਾਜ ਖਰੀਦਣ ਅਤੇ ਕੀਮਤਾਂ ਤੈਅ ਕਰਨ ਦੇ ਕਈ ਅੰਗ ਹੁੰਦੇ ਹਨ ਜਿਨ੍ਹਾਂ ਵਿਚ ਘੱਟੋ-ਘੱਟ ਸਮਰਥਨ ਮੁੱਲ, ਕੁੱਲ ਆਰਥਿਕ ਲਾਗਤਾਂ ਸਮੇਤ ਕਈ ਅੰਗ ਹੁੰਦੇ ਹਨ ਜੋ ਰਾਸ਼ਨ ਡਿਪੂਆਂ ਰਾਹੀਂ ਅਨਾਜ ਵੰਡਣ ਦੀਆਂ ਕੀਮਤਾਂ ਬਾਜ਼ਾਰੀ ਕੀਮਤਾਂ ਨਾਲੋਂ ਘੱਟ ਤੈਅ ਕੀਤੀਆਂ ਜਾਂਦੀਆਂ ਹਨ। ਇੰਜ ਰਾਸ਼ਨ ਡਿਪੂਆਂ ਰਾਹੀਂ ਵੰਡੇ ਜਾਂਦੇ ਅਨਾਜ ਦੀਆਂ ਕੀਮਤਾਂ ਅਤੇ ਸਰਕਾਰ ਦੀਆਂ ਆਰਥਿਕ ਲਾਗਤਾਂ ਵਿਚਕਾਰਲੇ ਅੰਤਰ ਨੂੰ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਸਬਸਿਡੀ ਆਖਿਆ ਜਾਂਦਾ ਹੈ।

ਕੌਮੀ ਖੁਰਾਕ ਸੁਰੱਖਿਆ ਕਾਨੂੰਨ ਤਹਿਤ ਦੋ ਤਿਹਾਈ ਆਬਾਦੀ ਨੂੰ ਰਾਸ਼ਨ ਮੁਹੱਈਆ ਕਰਾਉਣ ਲਈ ਪ੍ਰਤੀ ਪਰਿਵਾਰ ਪੰਜ ਕਿਲੋਗਰਾਮ ਅਨਾਜ ਦੇਣ ਵਾਸਤੇ 1.8 ਲੱਖ ਕਰੋੜ ਰੁਪਏ ਤੋਂ ਦੋ ਲੱਖ ਕਰੋੜ ਰੁਪਏ ਤੱਕ ਖਰਚ ਕਰਨਾ ਪੈ ਰਿਹਾ ਹੈ। ਇਸ ਵਿਚੋਂ ਕੁਝ ਹਿੱਸਾ ਕੇਂਦਰੀ ਕੀਮਤਾਂ ਮੁਤਾਬਕ ਰਾਸ਼ਨ ਡਿਪੂਆਂ ਰਾਹੀਂ ਮੁੜ ਹਾਸਲ ਹੋ ਜਾਂਦਾ ਹੈ। ਇਸ ਲਈ ਕਿਸਾਨਾਂ ਦੀ ਮੰਗ ਮੰਨਣ ਨਾਲ ਕੌਮੀ ਖੁਰਾਕ ਸੁਰੱਖਿਆ ਕਾਨੂੰਨ ਦੇ ਮੌਜੂਦਾ ਪੱਧਰ ਮੁਤਾਬਕ ਲਾਗਤ 7-8 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਨਹੀਂ ਹੋਵੇਗੀ। ਅਸਲ ਵਿਚ ਸਰਕਾਰ ਜਨਤਕ ਵੰਡ ਪ੍ਰਣਾਲੀ ਨੂੰ ਸਰਬਵਿਆਪੀ ਵੀ ਬਣਾ ਸਕਦੀ ਹੈ ਜਾਂ ਹਰ ਪਰਿਵਾਰ ਲਈ ਅਨਾਜ ਦਾ ਕੋਟਾ ਪੰਜ ਕਿਲੋ ਤੋਂ ਵਧਾ ਕੇ 15 ਕਿਲੋ ਕਰ ਸਕਦੀ ਹੈ। ਇਸ ਨਾਲ ਵਾਧੂ ਲਾਗਤ 2-3 ਲੱਖ ਕਰੋੜ ਰੁਪਏ ਤੋਂ ਵੱਧ ਨਹੀਂ ਹੋਵੇਗੀ। ਇਉਂ ਸਾਲਾਨਾ 7-8 ਲੱਖ ਕਰੋੜ ਰੁਪਏ ਦੇ ਖਰਚ ਨਾਲ ਕਿਸਾਨਾਂ ਦੀ ਮੰਗ ਪੂਰੀ ਹੋ ਜਾਵੇਗੀ ਅਤੇ ਖੇਤੀਬਾੜੀ ਪੈਦਾਵਾਰ ਤੇ ਗਰੀਬਾਂ ਲਈ ਖੁਰਾਕ ਸੁਰੱਖਿਆ ਵੀ ਯਕੀਨੀ ਹੋ ਜਾਵੇਗੀ। ਇਸ ਤੋਂ ਇਲਾਵਾ ਸਰਕਾਰ ਦਾਲਾਂ ਜਿਹੀਆਂ ਕੁਝ ਵਸਤਾਂ ਤੇ ਆਪਣਾ ਦਰਾਮਦੀ ਬਿੱਲ ਵੀ ਘਟਾ ਸਕਦੀ ਹੈ ਤੇ ਲਾਹੇਵੰਦ ਭਾਅ ਮਿਲਣ ਦੀ ਸੂਰਤ ਵਿਚ ਕਿਸਾਨ ਦਾਲਾਂ ਦੀ ਪੈਦਾਵਾਰ ਵਧਾ ਕੇ ਦੇਸ਼ ਨੂੰ ਇਸ ਦੀ ਖਪਤ ਪੱਖੋਂ ਆਤਮ-ਨਿਰਭਰ ਬਣਾ ਦੇਣਗੇ।

ਸੱਤਾ ਦੇ ਗਲਿਆਰਿਆਂ ਵਿਚ ਅਕਸਰ ਇਹ ਦੁਹਾਈ ਸੁਣਦੀ ਹੈ ਕਿ ਇਸ ਕਿਸਮ ਦੇ ਖਰਚ ਨਾਲ ਵਿੱਤੀ ਘਾਟਾ ਵਧ ਜਾਵੇਗਾ ਅਤੇ ਗਰੀਬਾਂ ਦੇ ਸੁਰੱਖਿਆ-ਤੰਤਰ ਨੂੰ ਮਜ਼ਬੂਤ ਬਣਾਉਣ ਲਈ ਦਰਕਾਰ - ਖੁਰਾਕ, ਬੁਨਿਆਦੀ ਸਿੱਖਿਆ, ਸਿਹਤ, ਘਰ ਜਾਂ ਰੁਜ਼ਗਾਰ ਜਿਹੇ ਹਰ ਮਾਮਲੇ ਵਿਚ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਨੂੰ ਲੈ ਕੇ ਅਕਸਰ ਇਹ ਗੱਲ ਆਖੀ ਜਾਂਦੀ ਹੈ। ਬਹਰਹਾਲ, ਇਸ ਦੇ ਬਦਲ ਲਿਆਂਦੇ ਜਾ ਰਹੇ ਹਨ ਅਤੇ ਜੇ ਤੁਸੀਂ ਕਲਪਨਾ ਕਰੋ ਤਾਂ 'ਆਤਮ-ਨਿਰਭਰ ਭਾਰਤ' ਦੀ ਸ਼ੁਰੂਆਤ ਹੀ ਇਸ ਦਾ ਬਦਲ ਹੈ। ਅਸਲ ਵਿਚ ਇਸ ਦੀ ਰੂਪ ਰੇਖਾ ਪਿਛਲੇ ਸਾਲ ਉਦੋਂ ਪ੍ਰਤੱਖ ਰੂਪ ਵਿਚ ਸਾਹਮਣੇ ਆਈ ਸੀ ਜਦੋਂ ਮੁਕੰਮਲ ਲੌਕਡਾਊਨ ਕਰ ਕੇ ਅਰਥਚਾਰੇ ਨੂੰ ਠੱਪ ਕਰ ਦਿੱਤਾ ਗਿਆ ਸੀ। ਇਹ ਕੋਈ ਭੇਤ ਦੀ ਗੱਲ ਨਹੀਂ ਕਿ ਮੰਦੀ ਦੇ ਦੌਰ ਵਿਚ ਜਦੋਂ ਆਲਮੀ ਤੇ ਘਰੋਗੀ ਕੁੱਲ ਘਰੇਲੂ ਪੈਦਾਵਾਰ ਹੈਰਾਨਕੁਨ ਦਰ ਨਾਲ ਸੁੰਗੜ ਰਹੀ ਸੀ ਤਾਂ ਵੀ ਸ਼ੇਅਰ ਬਾਜ਼ਾਰ 12-13 ਫੀਸਦ ਦੀ ਦਰ ਨਾਲ ਚੜ੍ਹ ਰਿਹਾ ਸੀ।

ਇਹੋ ਜਿਹੇ ਕਦਮ ਉਠਾਉਣ ਨਾਲ ਹੀ ਅਸਲ ਕੌਮੀ ਆਰਥਿਕ ਪ੍ਰਭੁਸੱਤਾ ਦਾ ਮੁੱਢ ਬੱਝਿਆ ਜਾ ਸਕੇਗਾ। ਕਿਸਾਨ ਅੰਦੋਲਨ ਨੇ ਇਸ ਕਿਸਮ ਦੇ ਹੱਲ ਦੀ ਸੰਭਾਵਨਾ ਦਾ ਰਾਹ ਖੋਲ੍ਹ ਦਿੱਤਾ ਹੈ ਜਦਕਿ ਸਰਕਾਰ ਇਸ ਰਾਹ ਦੀ ਸਮੱਸਿਆ ਬਣੀ ਹੋਈ ਹੈ। ਪਾਰਲੀਮੈਂਟ ਦੀ ਹੋਰ ਵੱਡੀ ਇਮਾਰਤ ਬਣਾਉਣ ਦਾ ਪ੍ਰਾਜੈਕਟ ਜਾਂ ਵਿਸ਼ਾਲ ਰਾਮ ਮੰਦਰ ਦਾ ਨਿਰਮਾਣ ਇਸ ਦਾ ਬਦਲ ਨਹੀਂ ਬਣ ਸਕਦਾ, ਭਾਵੇਂ ਇਸ ਲਈ ਮੀਡੀਆ ਜਾਂ ਜ਼ਰ-ਖਰੀਦ ਆਰਥਿਕ ਪੰਡਤਾਂ (ਮਾਹਿਰਾਂ) ਦੀ ਕਿੰਨੀ ਵੀ ਮਦਦ ਕਿਉਂ ਨਾ ਲਈ ਜਾਵੇ ਕਿਉਂਕਿ ਤੁਸੀਂ ਲੋਕਾਂ ਨੂੰ ਕੁਝ ਸਮੇਂ ਲਈ ਮੂਰਖ ਬਣਾ ਸਕਦੇ ਹੋ ਪਰ ਸਾਰੇ ਲੋਕਾਂ ਨੂੰ ਹਮੇਸ਼ਾ ਲਈ ਮੂਰਖ ਨਹੀਂ ਬਣਾ ਸਕਦੇ। ਹਰ ਰੋਜ਼ ਠਾਠਾਂ ਮਾਰਦੇ ਕਿਸਾਨ ਅੰਦੋਲਨ ਦੇ ਇਸ ਸਾਫ ਤੇ ਸਪੱਸ਼ਟ ਸੰਦੇਸ਼ ਦੀ ਦੂਰ ਦੂਰ ਤੱਕ ਹਰ ਗਲੀ ਕੋਨੇ ਵਿਚ ਗੂੰਜ ਸੁਣਾਈ ਦੇ ਰਹੀ ਹੈ।

# ਨਿਆਂਪਾਲਿਕਾ ਦੇ ਅਕਸ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ, ਪਰ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਰਾ ਭਾਰਤ ਦੇਸ਼ ਜਦੋਂ ਇਹ ਕਹਿ ਰਿਹਾ ਹੈ ਕਿ ਸਾਨੂੰ ਦੇਸ਼ ਦੀ ਨਿਆਂਪਾਲਿਕਾ ਉੱਤੇ ਪੂਰਾ ਭਰੋਸਾ ਹੈ ਤਾਂ ਸਾਡੇ ਵਰਗਾ ਇੱਕ ਬੰਦਾ ਇਹ ਗੱਲ ਕਹੇ ਜਾਂ ਨਾ ਕਹੇ, ਇਸ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ। ਅਸੀਂ ਇਹ ਬੜੀ ਵਾਰ ਸੁਣ ਚੁਕੇ ਹਾਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਿਖਾਉਣ ਦੇ ਹੋਰ ਹੋਇਆ ਕਰਦੇ ਹਨ। ਭਾਰਤ ਦੀ ਨਿਆਂਪਾਲਿਕਾ ਵਾਸਤੇ ਪੂਰਨ ਭਰੋਸੇ ਦੀਆਂ ਗੱਲਾਂ ਕਹਿਣ ਵਾਲੇ ਸਿਆਸੀ ਆਗੂਆਂ ਬਾਰੇ ਵੀ ਅਸੀਂ ਇਹੋ ਗੱਲ ਕਹਿ ਸਕਦੇ ਹਾਂ, ਜਿਹੜੇ ਭਰੋਸਾ ਵੀ ਪ੍ਰਗਟ ਕਰਦੇ ਹਨ ਅਤੇ ਮੌਕਾ ਮਿਲੇ ਤਾਂ ਇਸ ਨੂੰ ਆਪਣੀਆਂ ਖਾਹਿਸ਼ਾਂ ਲਈ ਵਰਤਣ ਵਿਚ ਕਿਸੇ ਵੀ ਹੱਦ ਨੂੰ ਉਲੰਘ ਸਕਦੇ ਹਨ। ਗੱਲ ਨਿਰੀ ਇਥੋਂ ਤੱਕ ਸੀਮਤ ਨਹੀਂ, ਸਾਡੇ ਕੋਲ ਏਦਾਂ ਦੀਆਂ ਕਈ ਮਿਸਾਲਾਂ ਵੀ ਹਨ, ਜਿੱਥੇ ਪੂੰਜੀਪਤੀਆਂ ਦੇ ਹਿੱਤਾਂ ਵਾਸਤੇ ਜਾਂ ਖੁਦ ਆਪਣੀਆਂ ਜੇਬਾਂ ਭਰਨ ਵਾਸਤੇ ਨਿਆਂਪਾਲਿਕਾ ਨਾਲ ਜੁੜੇ ਹੋਏ ਲੋਕਾਂ ਨੇ ਹੱਦਾਂ ਉਲੰਘਣ ਦੀ ਉਹ ਗਲਤੀ ਕੀਤੀ ਸੀ, ਜੋ ਉਨ੍ਹਾਂ ਦੇ ਅਕਸ ਲਈ ਵੀ ਅਤੇ ਨਿਆਂਪਾਲਿਕਾ ਲਈ ਵੀ ਮਾੜੀ ਸਾਬਤ ਹੋਈ ਸੀ।

***ਉਂਜ ਨਿਆਂਪਾਲਿਕਾ ਦਾ ਅਕਸ ਜਿਸ ਤਰ੍ਹਾਂ ਕਿਸੇ ਕਿੰਤੂ ਤੋਂ ਉੱਪਰ ਹੋਣਾ ਚਾਹੀਦਾ ਹੈ, ਭਾਰਤ ਵਿਚ ਸਥਿਤੀ ਓਨੇ ਸਪੱਸ਼ਟ ਅਕਸ ਵਾਲੀ ਬੀਤੇ ਸਾਲਾਂ ਵਿਚ ਨਹੀਂ ਰਹੀ। ਇਥੇ ਕਈ ਕੇਸ ਇਸ ਤਰ੍ਹਾਂ ਦੇ ਵਾਪਰਦੇ ਰਹੇ ਹਨ, ਜਦੋਂ ਕਿਸੇ ਜੱਜ ਉੱਤੇ, ਤੇ ਉਹ ਵੀ ਹੇਠਲੇ ਪੱਧਰ ਦੇ ਨਹੀਂ, ਸਿਖਰਲੀ ਅਦਾਲਤ ਦੇ ਜੱਜਾਂ ਉੱਤੇ ਦੋਸ਼ ਲੱਗੇ ਅਤੇ ਪਾਰਲੀਮੈਂਟ ਵਿਚ ਉਨ੍ਹਾਂ ਵਿਰੁੱਧ ਮਹਾਂਦੋਸ਼ ਮਤਾ ਪੇਸ਼ ਹੋਣ ਤੱਕ ਗੱਲ ਗਈ ਸੀ।***



ਇਹ ਕਿੱਸਾ ਅਸੀਂ ਇਸ ਵੇਲੇ ਇਸ ਲਈ ਛੋਹਿਆ ਹੈ ਕਿ ਗਿਆਰਾਂ ਤੇ ਬਾਰਾਂ ਜਨਵਰੀ ਨੂੰ ਸੁਪਰੀਮ ਕੋਰਟ ਵਿਚ ਜਿਵੇਂ ਸੁਣਵਾਈ ਹੋਈ ਅਤੇ ਜੋ ਕੁਝ ਸਾਹਮਣੇ ਆਇਆ, ਉਸ ਨਾਲ ਬਹੁਤ ਸਾਰੇ ਲੋਕਾਂ ਦੇ ਮਨਾਂ ਨੂੰ ਧੱਕਾ ਲੱਗਾ ਹੈ। ਇਸ ਸੁਣਵਾਈ ਦੇ ਪਹਿਲੇ ਦਿਨ ਜੱਜ ਸਾਹਿਬਾਨ ਨੇ ਸਰਕਾਰ ਨੂੰ ਏਨੀਆਂ ਝਾੜਾਂ ਅਤੇ ਫਿਟਕਾਰਾਂ ਪਾਈਆਂ ਕਿ ਸਰਕਾਰੀ ਧਿਰ ਦੇ ਵਕੀਲਾਂ ਨੂੰ ਪਸੀਨਾ ਆਈ ਜਾਂਦਾ ਸੀ ਤੇ ਅਗਲੇ ਦਿਨ ਇਸ ਤੋਂ ਉਲਟ ਅਦਾਲਤ ਨੇ ਕਿਸਾਨੀ ਮਸਲਿਆਂ ਦੇ ਹੱਲ ਲਈ ਏਦਾਂ ਦੀ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ, ਜਿਸ ਵਿਚ ਚਾਰੇ ਜਣੇ ਸਰਕਾਰ ਦੇ ਤਰਫਦਾਰ ਸਨ। ਕੋਈ ਜਣਾ ਅਜੇ ਕੁਝ ਦਿਨ ਪਹਿਲਾਂ ਪੁਆੜੇ ਦੀ ਜੜ੍ਹ ਬਣੇ ਖੇਤੀਬਾੜੀ ਕਾਨੂੰਨਾਂ ਦੀ ਹਮਾਇਤ ਵਿਚ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਖੁਦ ਲੋਕਾਂ ਵਿਚ ਬੁਰਾ ਬਣ ਚੁਕਾ ਸੀ, ਕੋਈ ਇਨ੍ਹਾਂ ਕਾਨੂੰਨਾਂ ਦੇ ਪੱਖ ਵਿਚ ਅਖਬਾਰਾਂ ਵਿਚ ਲੇਖ ਲਿਖ ਚੁਕਾ ਸੀ ਅਤੇ ਇਕ ਜਣਾ ਤਾਂ ਕਾਨੂੰਨ ਬਣਾਉਣ ਵਿਚ ਵੀ ਕਿਸੇ ਤਰ੍ਹਾਂ ਸ਼ਾਮਲ ਹੋ ਚੱਕਾ ਸੀ। ਉਨ੍ਹਾਂ ਦੀ ਕਮੇਟੀ ਨੂੰ ਕਿਸਾਨ ਮੰਨ ਹੀ ਨਹੀਂ ਸੀ ਸਕਦੇ।

ਅਸੀਂ ਇਹ ਮੁੱਦਾ ਏਥੇ ਛੱਡ ਸਕਦੇ ਹਾਂ ਅਤੇ ਇਹੋ ਜਿਹੀ ਕੋਈ ਗੱਲ ਨਹੀਂ ਕਹਿਣਾ ਚਾਹੁੰਦੇ ਕਿ ਜੱਜ ਸਾਹਿਬਾਨ ਨੇ ਇਹ ਕਮੇਟੀ ਕਿਸ ਦੇ ਕਹਿਣ ਉੱਤੇ ਬਣਾਈ ਹੈ, ਪਰ ਲੋਕਾਂ ਵਿਚ ਇਸ ਨਾਲ ਪ੍ਰਭਾਵ ਚੰਗਾ ਨਹੀਂ ਪੈ ਸਕਿਆ। ਅੱਗੋਂ ਜੱਜ ਸਾਹਿਬਾਨ ਨੇ ਇਸ ਬਾਰੇ ਕੀ ਕਾਰਵਾਈ ਕਰਨੀ ਹੈ, ਕਿਸ ਮਸਲੇ ਨੂੰ ਕਿੱਦਾਂ ਨਿਪਟਾਉਣਾ ਹੈ, ਉਸ ਦੀ ਗੱਲ ਉਦੋਂ ਵਿਚਾਰੀ ਜਾਵੇਗੀ, ਹਾਲ ਦੀ ਘੜੀ ਸਭ ਦਾ ਧਿਆਨ ਸਰਕਾਰ ਅਤੇ ਕਿਸਾਨਾਂ ਵਿਚਾਲੇ ਸੰਘਰਸ਼ ਵੱਲ ਹੈ।

ਉਂਜ ਨਿਆਂਪਾਲਿਕਾ ਦਾ ਅਕਸ ਜਿਸ ਤਰ੍ਹਾਂ ਕਿਸੇ ਕਿੰਤੂ ਤੋਂ ਉੱਪਰ ਹੋਣਾ ਚਾਹੀਦਾ ਹੈ, ਭਾਰਤ ਵਿਚ ਸਥਿਤੀ ਓਨੇ ਸਪੱਸ਼ਟ ਅਕਸ ਵਾਲੀ ਬੀਤੇ ਸਾਲਾਂ ਵਿਚ ਨਹੀਂ ਰਹੀ। ਇਥੇ ਕਈ ਕੇਸ ਇਸ ਤਰ੍ਹਾਂ ਦੇ ਵਾਪਰਦੇ ਰਹੇ ਹਨ, ਜਦੋਂ ਕਿਸੇ ਜੱਜ ਉੱਤੇ, ਤੇ ਉਹ ਵੀ ਹੇਠਲੇ ਪੱਧਰ ਦੇ ਨਹੀਂ, ਸਿਖਰਲੀ ਅਦਾਲਤ ਦੇ ਜੱਜਾਂ ਉੱਤੇ ਦੋਸ਼ ਲੱਗੇ ਅਤੇ ਪਾਰਲੀਮੈਂਟ ਵਿਚ ਉਨ੍ਹਾਂ ਵਿਰੁੱਧ ਮਹਾਂਦੋਸ਼ ਮਤਾ ਪੇਸ਼ ਹੋਣ ਤੱਕ ਗੱਲ ਗਈ ਸੀ। ਜਸਟਿਸ ਰਾਮਾਸਵਾਮੀ ਸੁਪਰੀਮ ਕੋਰਟ ਦਾ ਜੱਜ ਹੁੰਦਾ ਸੀ, ਜਦੋਂ ਉਸ ਵਿਰੁੱਧ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਗੱਲ ਚੁੱਕੀ ਤੇ ਓਸੇ ਦਿਨ ਚੀਫ ਜਸਟਿਸ ਨੇ ਇੱਕ ਬਿਆਨ ਜਾਰੀ ਕਰ ਕੇ ਆਪਣੇ ਸਾਥੀ ਜਸਟਿਸ ਰਾਮਾਸਵਾਮੀ ਨੂੰ ਅਦਾਲਤੀ ਕੰਮ ਤੋਂ ਪਰੇ ਰਹਿਣ ਨੂੰ ਕਹਿ ਦਿੱਤਾ ਸੀ ਤੇ ਫਿਰ ਇਹ ਕੇਸ ਲੋਕ ਸਭਾ ਵਿਚ ਮਹਾਂਦੋਸ਼ ਦੀ ਕਾਰਵਾਈ ਲਈ ਗਿਆ ਸੀ। ਉਥੇ ਜਾ ਕੇ ਰਾਮਾਸਵਾਮੀ ਇਸ ਲਈ ਬਚਣ ਵਿਚ ਸਫਲ ਹੋ ਗਿਆ ਕਿ ਭ੍ਰਿਸ਼ਟਾਚਾਰ ਦਾ ਭੜੋਲਾ ਗਿਣੇ ਜਾਂਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਤੱਕ ਪਹੁੰਚ ਕਰ ਕੇ ਉਸ ਨੇ ਕਾਂਗਰਸੀ ਮੈਂਬਰਾਂ ਨੂੰ ਵੋਟਾਂ ਨਾ ਪਾਉਣ ਨੂੰ ਮਨਾ ਲਿਆ ਸੀ। ਕੋਲਕਾਤਾ ਹਾਈ ਕੋਰਟ ਦੇ ਜੱਜ ਸੌਮਿਤਰਾ ਸੇਨ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਨੰਗੇ-ਚਿੱਟੇ ਦੋਸ਼ਾਂ ਪਿੱਛੋਂ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਦੇ ਅਠਵੰਜਾ ਮੈਂਬਰਾਂ ਨੇ ਮਹਾਂਦੋਸ਼ ਦਾ ਮਤਾ ਜਦੋਂ ਪੇਸ਼ ਕੀਤਾ ਤਾਂ ਇਸ ਉੱਤੇ ਬਹਿਸ ਪਿੱਛੋਂ 189 ਮੈਂਬਰਾਂ ਨੇ ਮਤੇ ਦੇ ਹੱਕ ਵਿਚ ਤੇ ਸਿਰਫ 17 ਨੇ ਜਸਟਿਸ ਸੌਮਿਤਰਾ ਸੇਨ ਨੂੰ ਬਚਾਉਣ ਵਾਸਤੇ ਵੋਟ ਪਾਈ ਸੀ। ਉਸ ਪਿੱਛੋਂ ਇਹ ਮਤਾ ਲੋਕ ਸਭਾ ਵਿਚ ਜਾਣਾ ਸੀ, ਪਰ ਕਾਰਵਾਈ ਅੱਗੇ ਵਧਣ ਅਤੇ ਲੋਕਾਂ ਵਿਚ ਹੋਰ ਖੇਹ ਉਡਾਉਣ ਤੋਂ ਪਹਿਲਾਂ ਜਸਟਿਸ ਸੌਮਿਤਰਾ ਸੇਨ ਅਸਤੀਫਾ ਦੇ ਕੇ ਆਪਣੇ ਘਰ ਨੂੰ ਤੁਰ ਗਿਆ ਸੀ। ਫਿਰ ਵੀ ਇਹ ਕੇਸ ਭ੍ਰਿਸ਼ਟਾਚਾਰ ਦੇ ਸਨ, ਸਿੱਧੇ ਪੱਖਪਾਤ ਦਾ ਕਿਸੇ ਤਰ੍ਹਾਂ ਦਾ ਦੋਸ਼ ਨਹੀਂ ਸੀ ਲੱਗਾ।



ਏ. ਐਮ. ਅਹਿਮਦੀ



ਜਸਟਿਸ ਰੰਜਨ ਗੋਗੋਈ

ਇਹੋ ਜਿਹਾ ਦੋਸ਼ ਇੱਕ ਜੱਜ ਜਸਟਿਸ ਏ. ਐਮ. ਅਹਿਮਦੀ ਉੱਤੇ ਲੱਗਾ ਸੀ, ਜਿਨ੍ਹਾਂ ਨੇ ਭੋਪਾਲ ਗੈਸ ਕਾਂਡ ਦਾ ਕੇਸ ਸੁਣਦੇ ਸਮੇਂ ਹਜ਼ਾਰਾਂ ਲੋਕਾਂ ਦੀ ਮੌਤ ਵਾਸਤੇ ਜਾਂਚ ਏਜੰਸੀ ਸੀ. ਬੀ. ਆਈ. ਵੱਲੋਂ ਲਾਈ ਗਈ ਜੁਰਮ ਦੀ ਧਾਰਾ 304 (2) ਨੂੰ ਤੋੜ ਕੇ ਧਾਰਾ 304 (1) ਕਰ ਦਿੱਤੀ ਸੀ। ਪਹਿਲਾਂ ਲੱਗੀ ਧਾਰਾ ਨਾਲ ਇਸ ਕੇਸ ਦੇ ਦੋਸ਼ੀਆਂ ਨੂੰ ਦਸ ਸਾਲ ਤੱਕ ਕੈਦ ਹੋ ਸਕਦੀ ਸੀ, ਜਦ ਕਿ ਨਵੀਂ ਲਾਈ ਧਾਰਾ ਵਿਚ ਵੱਧ ਤੋਂ ਵੱਧ ਦੋ ਸਾਲ ਸਜ਼ਾ ਹੋ ਸਕਦੀ ਸੀ ਅਤੇ ਏਨੀ ਹੀ ਬਾਅਦ ਵਿਚ ਹੋਈ ਸੀ। ਜਸਟਿਸ ਅਹਿਮਦੀ ਨੇ ਇਹ ਧਾਰਾ ਬਦਲ ਕੇ ਗੈਸ ਕਾਂਡ ਦੀ ਦੋਸ਼ੀ ਜਿਸ ਯੂਨੀਅਨ ਕਾਰਬਾਈਡ ਕੰਪਨੀ ਲਈ ਤਰਫਦਾਰੀ ਕੀਤੀ, ਉਸ ਕੰਪਨੀ ਵੱਲੋਂ ਭੋਪਾਲ ਮੈਮੋਰੀਅਲ ਟਰੱਸਟ ਤੇ ਇਸ ਦੇ ਸਾਢੇ ਤਿੰਨ ਸੌ ਬਿਸਤਰਿਆਂ ਵਾਲੇ ਹਸਪਤਾਲ ਦਾ ਸਾਰੀ ਉਮਰ ਲਈ ਮੋਟੀ ਤਨਖਾਹ ਉੱਤੇ ਮੁਖੀ ਬਣਾ ਦਿੱਤਾ ਗਿਆ ਸੀ। ਇਸ ਕੰਪਨੀ ਨੇ ਆਪਣੇ ਅਦਾਰੇ ਦੇ ਨਿਯਮਾਂ ਵਿਚ ਲਿਖਿਆ ਸੀ ਕਿ ਇਸ ਟਰੱਸਟ ਦਾ ਚੇਅਰਮੈਨ ਸੁਪਰੀਮ ਦਾ ਕੋਰਟ ਦਾ ਸਾਬਕਾ ਜੱਜ ਬਣਾਇਆ ਜਾਵੇਗਾ ਤੇ ਇਹ ਗੱਲ ਉਦੋਂ ਲਿਖੀ ਸੀ, ਜਦੋਂ ਜਸਟਿਸ ਅਹਿਮਦੀ ਰਿਟਾਇਰ ਹੋਣ ਵਾਲਾ ਸੀ ਤੇ ਰਿਟਾਇਰ ਹੁੰਦੇ ਸਾਰ ਅਹਿਮਦੀ ਨੂੰ ਅਰਬਾਂ-ਖਰਬਾਂ ਦੀ ਮਾਲਕੀ ਵਾਲੇ ਟਰੱਸਟ ਦੀ ਚੇਅਰਮੈਨੀ ਦੇ ਨਾਲ ਬਾਕੀ ਉਮਰ ਲਈ ਮੋਟੀ ਤਨਖਾਹ ਤੇ ਭੱਤਿਆਂ ਦਾ ਗੱਫਾ ਮਿਲ ਗਿਆ ਸੀ। ਜਦੋਂ ਭੋਪਾਲ ਗੈਸ ਕਾਂਡ ਦੇ ਦੋਸ਼ੀਆਂ ਨੂੰ ਦੋ ਸਾਲ ਦੀ ਮਾਮੂਲੀ ਸਜ਼ਾ ਦੇਣ ਦਾ ਐਲਾਨ ਹੋਇਆ ਤਾਂ ਸਾਰੇ ਦੇਸ਼ ਵਿਚ ਇਸ ਨਾਲ ਭੁਚਾਲ ਆ ਗਿਆ ਅਤੇ ਜਸਟਿਸ ਅਹਿਮਦੀ ਦੀ ਹਰ ਥਾਂ ਏਨੀ ਭੰਡੀ ਹੋਣ ਲੱਗ ਪਈ ਕਿ ਜਨਤਕ ਦਬਾਅ ਹੇਠ ਉਹ ਚੇਅਰਮੈਨੀ ਦਾ ਅਹੁਦਾ ਛੱਡਣ ਨੂੰ ਮਜਬੂਰ ਹੋ ਗਿਆ ਸੀ। ਇਹ ਨਿਆਂਪਾਲਿਕਾ ਦੇ ਅਕਸ ਨੂੰ ਪ੍ਰਭਾਵਤ ਕਰਨ ਵਾਲਾ ਇੱਕ ਮਾਮਲਾ ਤਾਂ ਸੀ, ਪਰ ਇਹ ਇੱਕੋ-ਇੱਕ ਨਹੀਂ ਸੀ।

ਅਸੀਂ ਭਾਰਤ ਦੀ ਨਿਆਂਪਾਲਿਕਾ ਨੂੰ ਬਹੁਤ ਸਾਰੇ ਕੇਸਾਂ ਦੇ ਫੈਸਲੇ ਦੇਣ ਸਮੇਂ ਇਨਸਾਫ ਦਾ ਝੰਡਾ ਬੁਲੰਦ ਕਰਦੇ ਵੇਖਿਆ ਹੋਇਆ ਹੈ ਤੇ ਉਦੋਂ ਭਾਰਤ ਵਿਚ ਹੀ ਨਹੀਂ, ਦੁਨੀਆਂ ਭਰ ਵਿਚ ਵੀ ਇਸ ਦੀ ਸ਼ਲਾਘਾ ਹੋਈ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਭਾਰਤੀ ਨਿਆਂਪਾਲਿਕਾ ਦਾ ਹਰ ਫੈਸਲਾ ਵਿਵਾਦਾਂ ਤੋਂ ਪਰੇ ਹੈ। ਜਸਟਿਸ ਗੋਗੋਈ ਦੇ ਵਕਤ ਉਨ੍ਹਾਂ ਦਾ ਦੋਹਰਾ ਵਿਹਾਰ ਲੋਕਾਂ ਵਿਚ ਚਰਚਾ ਦਾ ਮੁੱਦਾ ਬਣਿਆ ਸੀ ਅਤੇ ਜਦੋਂ ਰਿਟਾਇਰ ਹੋਣ ਦੇ ਛੇਤੀ ਬਾਅਦ ਉਨ੍ਹਾਂ ਨੂੰ ਰਾਜ ਸਭਾ ਦੀ ਮੈਂਬਰੀ ਦਿੱਤੀ ਗਈ, ਅਤੇ ਜਿਵੇਂ ਦਿੱਤੀ ਗਈ, ਵਿਵਾਦ ਉਸ ਤੋਂ ਵੀ ਛਿੜਿਆ ਸੀ ਤੇ ਫਿਰ ਕਈ ਕਿਸਮ ਦੇ ਦੋਸ਼ ਲੱਗਦੇ ਰਹੇ ਸਨ। ਇਹ ਉਹੋ ਜਸਟਿਸ ਰੰਜਨ ਗੋਗੋਈ ਸਨ, ਜਿਨ੍ਹਾਂ ਦੇ ਕੁਝ ਸਮਾਂ ਪਹਿਲਾਂ ਦੇ ਫੈਸਲੇ ਇਸ ਕਰ ਕੇ ਚਰਚਾ ਵਿਚ ਸਨ ਕਿ ਜਦੋਂ ਉਨ੍ਹਾਂ ਦੀ ਅਦਾਲਤ ਵਿਚ ਕੇਸ ਲੱਗਦਾ ਸੀ ਤਾਂ ਸਰਕਾਰਾਂ ਦੇ ਵਕੀਲਾਂ ਨੂੰ ਪਸੀਨੇ ਆਉਣ ਲੱਗ ਜਾਇਆ ਕਰਦੇ ਸਨ। ਅਚਾਨਕ ਬੰਦਾ ਕਿੰਨਾ ਬਦਲ ਜਾਂਦਾ ਹੈ, ਇਸ ਦਾ ਤਜਰਬਾ ਭਾਰਤ ਦੀ ਨਿਆਂਪਾਲਿਕਾ ਵਿਚ ਕਈ ਵਾਰੀ ਅੱਗੇ ਵੀ ਹੋ ਚੁਕਾ ਹੈ, ਭਵਿੱਖ ਵਿਚ ਵੀ ਹੋ ਸਕਦਾ ਹੈ, ਪਰ ਕਿਸੇ ਇੱਕ ਕੇਸ ਦਾ ਮੁੱਦਾ ਲੈ ਕੇ ਅਸੀਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦੇ। ਇਸ ਬਾਰੇ ਖੁਦ ਨਿਆਂ ਪਾਲਕਾ ਨਾਲ ਜੁੜੇ ਹੋਏ ਲੋਕਾਂ ਨੂੰ ਸੋਚਣਾ ਪਵੇਗਾ। ਕਿਸੇ ਦੇਸ਼ ਵਿਚ ਜਦੋਂ ਹੋਰ ਕਿਤੋਂ ਵੀ ਆਸ ਨਾ ਰਹੇ ਤਾਂ ਨਾਗਰਿਕਾਂ ਲਈ ਆਸ ਦਾ ਆਖਰੀ ਦਰਵਾਜਾ ਅਦਾਲਤ ਹੁੰਦੀ ਹੈ ਤੇ ਇਸ ਦੇ ਅਕਸ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ, ਪਰ ਇਹ ਇੱਕ ਇੱਛਾ ਹੀ ਹੁੰਦੀ ਹੈ, ਹਕੀਕਤਾਂ ਇੱਛਾ ਦੀਆਂ ਮੁਥਾਜ ਨਹੀਂ ਹੁੰਦੀਆਂ।

# ਕਿਸਾਨਾਂ ਦੇ ਨਾਂ ਰਾਜੇਵਾਲ ਵਲੋਂ ਲਿਖੇ ਪੱਤਰ ਦਾ ਲੇਖਾ-ਜੋਖਾ

ਅੱਬਾਸ ਧਾਲੀਵਾਲ, ਮਲੇਰਕੋਟਲਾ
ਫੋਨ: 91-98552-59650

ਕਿਸਾਨ ਅੰਦੋਲਨ ਨੂੰ ਲੈ ਕੇ ਕਿਸਾਨ ਯੂਨੀਅਨ ਦੇ ਆਗੂ ਸਮੇਂ ਸਮੇਂ ਆਪਣੇ ਸਾਥੀਆਂ ਅਤੇ ਅੰਦੋਲਨ ਨਾਲ ਜੁੜੇ ਕਿਸਾਨਾਂ ਨੂੰ ਦਿਸ਼ਾ-ਨਿਰਦੇਸ਼ ਦਿੰਦੇ ਰਹਿੰਦੇ ਹਨ। ਇਸੇ ਸੰਦਰਭ ਵਿਚ ਬੀਤੇ ਰੋਜ਼ ਇਕ ਖੁੱਲ੍ਹਾ ਪੱਤਰ ਲਿਖ ਕੇ ਬਲਵੀਰ ਸਿੰਘ ਰਾਜੇਵਾਲ ਵਲੋਂ ਕਿਸਾਨਾਂ ਨੂੰ ਅਪੀਲਾਂ ਕੀਤੀਆਂ ਗਈਆਂ ਹਨ। ਸ. ਰਾਜੇਵਾਲ ਲਿਖਦੇ ਹਨ ਕਿ ਇਸ ਵੇਲੇ ਅਸੀਂ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਕਿਸਾਨ ਵਿਰੋਧੀ ਕਾਨੂੰਨ ਰੱਦ ਕਰਵਾਉਣ ਲਈ ਅੰਦੋਲਨ ਕਰ ਰਹੇ ਹਾਂ। ਜਿਸ ਸਿਰੜ ਅਤੇ ਅਨੁਸ਼ਾਸਨ ਨਾਲ ਤੁਸੀਂ ਸ਼ਾਂਤਮਈ ਰਹਿ ਕੇ ਇਹ ਅੰਦੋਲਨ ਹੁਣ ਤਕ ਚਲਾਇਆ ਹੈ, ਉਸ ਦੀ ਦੁਨੀਆਂ ਵਿਚ ਕੋਈ ਮਿਸਾਲ ਨਹੀਂ ਮਿਲਦੀ। ਇਹ ਇਤਿਹਾਸ ਵਿਚ ਦੁਨੀਆਂ ਵਿਚ ਸਭ ਤੋਂ ਲੰਮਾ ਸਮਾਂ, ਸਭ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਵਾਲਾ, ਪੂਰਨ ਸ਼ਾਂਤਮਈ ਅੰਦੋਲਨ ਹੋ ਨਿਬੜਿਆ ਹੈ। ਪੂਰੇ ਸੰਸਾਰ ਦੀਆਂ ਅੱਖਾਂ ਇਸ ਨੂੰ ਤੀਬਰਤਾ ਨਾਲ ਦੇਖ ਰਹੀਆਂ ਹਨ।

ਉਨ੍ਹਾਂ ਅੱਗੇ ਲਿਖਿਆ ਹੈ ਕਿ ਇਹ ਸਿਰਫ ਕਿਸਾਨਾਂ ਦਾ ਅੰਦੋਲਨ ਨਹੀਂ ਰਿਹਾ। ਦੇਸ਼ ਦੇ ਹਰ ਵਰਗ ਨੇ ਇਨ੍ਹਾਂ ਕਾਨੂੰਨਾਂ ਦੇ ਮਾੜੇ ਪ੍ਰਭਾਵਾਂ ਨੂੰ ਸਮਝ ਕੇ ਇਸ ਵਿਚ ਆਪਣੀ ਸ਼ਮੂਲੀਅਤ ਦਰਜ ਕਰਵਾਈ ਹੈ। ਅੱਜ ਇਹ ਦੇਸ਼ ਭਰ ਵਿਚ ਜਨ ਅੰਦੋਲਨ ਬਣ ਗਿਆ ਹੈ। ਸ. ਰਾਜੇਵਾਲ ਨੇ ਪੱਤਰ ਵਿਚ ਅਪੀਲ ਕਰਦਿਆਂ ਕਿਹਾ, ਭਰਾਵੋ! ਮੈਂ ਹਮੇਸ਼ਾ ਤੁਹਾਨੂੰ ਸਭ ਨੂੰ ਵਾਰ ਵਾਰ ਅਪੀਲ ਕਰਦਾ ਰਿਹਾ ਹਾਂ ਕਿ ਅੰਦੋਲਨ ਸਿਰਫ ਉਹ ਹੀ ਸਫਲ ਹੁੰਦਾ ਹੈ, ਜੋ ਪੂਰੀ ਤਰ੍ਹਾਂ ਸ਼ਾਂਤਮਈ ਰਹੇ। ਜਦੋਂ ਵੀ ਅੰਦੋਲਨ ਵਿਚ ਹਿੰਸਾ ਆਈ, ਉਸ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਤੁਸੀਂ ਇਸ ਨੂੰ ਹੁਣ ਤਕ ਸ਼ਾਂਤਮਈ ਰੱਖਿਆ, ਉਸ ਲਈ ਮੈਂ ਤੁਹਾਡਾ ਸਭ ਦਾ ਧੰਨਵਾਦੀ ਹਾਂ। ਅੰਦੋਲਨ ਹਮੇਸ਼ਾ ਪੜਾਅਵਾਰ ਅੱਗੇ ਵਧਦੇ ਹਨ। ਤੁਸੀਂ ਸੈਮੀਨਾਰਾਂ, ਧਰਨਿਆਂ ਤੋਂ ਲੈ ਕੇ, ਰੇਲ ਪੱਟੜੀਆਂ ਦੇ ਅੰਦੋਲਨ ਰਾਹੀਂ, ਭਾਰਤ ਬੰਦ ਵਰਗੇ ਸਫਲ ਕਦਮਾਂ ਨਾਲ ਦਿੱਲੀ ਦੁਆਲੇ ਵੱਖ ਵੱਖ ਨਾਕਿਆਂ ਉੱਤੇ ਵੱਡੀ ਗਿਣਤੀ ਵਿਚ ਇਕੱਠੇ ਹੋ ਬੈਠੇ ਹੋ। ਕੜਾਕੇ ਦੀ ਠੰਢ ਅਤੇ ਮੀਂਹ ਦੇ ਬਾਵਜੂਦ ਤੁਸੀਂ ਆਪਣੀਆਂ ਟਰਾਲੀਆਂ ਵਿਚ ਘਰ ਪਾ ਕੇ ਸ਼ਾਂਤਮਈ ਬੈਠੇ ਹੋ।

ਅੰਦੋਲਨ ਆਪਣੀ ਚਾਲ ਸ਼ਾਂਤਮਈ ਢੰਗ ਨਾਲ ਹਰ ਪੜਾਅ ਨੂੰ ਸਫਲਤਾ ਨਾਲ ਪਾਰ ਕਰ ਰਿਹਾ ਹੈ। ਅੰਦੋਲਨ ਵਿਚ ਹਰ ਸਮੇਂ ਰਣਨੀਤੀ ਅਨੁਸਾਰ ਨਵੇਂ ਪੜਾਅ ਤੈਅ ਕਰਨੇ ਹੁੰਦੇ ਹਨ। ਇਸੇ ਲਈ ਅਸੀਂ ਲੋਹੜੀ ਉੱਤੇ ਇਨ੍ਹਾਂ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਭਾਵ 20 ਜਨਵਰੀ ਨੂੰ ਅਸੀਂ ਸੰਕਲਪ ਦਿਵਸ ਵਜੋਂ ਮਨਾਵਾਂਗੇ ਅਤੇ ਖਾਸ ਤੌਰ 'ਤੇ ਸਤਿਗੁਰਾਂ ਦੇ ਸ਼ਬਦ 'ਦੇਹਿ ਸਿਵਾ ਬਰ ਮੋਹਿ ਇਹੈ' ਦਾ ਗਾਇਨ ਕਰ ਕੇ ਅੰਦੋਲਨ ਵਿਚ ਸ਼ਾਂਤਮਈ ਰਹਿਣ ਦਾ ਸੰਕਲਪ ਲਵਾਂਗੇ। ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ 23 ਜਨਵਰੀ ਨੂੰ ਆਜ਼ਾਦ ਹਿੰਦ ਕਿਸਾਨ ਦਿਵਸ ਵਜੋਂ ਮਨਾਵਾਂਗੇ। ਹਰ ਸਾਲ ਵਾਂਗ 26 ਜਨਵਰੀ ਸਾਡਾ ਗਣਤੰਤਰ ਦਿਵਸ ਹੈ। ਅਸੀਂ ਉਸ ਦਿਨ ਵੱਡੀ ਗਿਣਤੀ ਵਿਚ ਦਿੱਲੀ ਦੇ ਬਾਰਡਰਾਂ ਦੇ ਨਾਕਿਆਂ ਤੋਂ ਕਿਸਾਨ ਪਰੇਡ ਕਰਾਂਗੇ। ਉਸ ਤੋਂ ਬਾਅਦ ਦੇ ਪੜਾਅ ਉਦੋਂ ਤਕ ਜਾਰੀ ਰੱਖੇ ਜਾਣਗੇ, ਜਦੋਂ ਤਕ ਅੰਦੋਲਨ ਸਫਲ ਨਹੀਂ ਹੋ ਜਾਂਦਾ।

ਸ. ਰਾਜੇਵਾਲ ਨੇ ਗਣਤੰਤਰ ਦਿਵਸ ਦੇ ਸੰਦਰਭ ਵਿਚ ਅੰਦੋਲਨ ਨੂੰ ਲੈ ਕੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਅਤੇ ਗਲਤਫਹਿਮੀਆਂ ਨੂੰ ਵਿਰਾਮ ਦਿੰਦਿਆਂ ਲਿਖਿਆ ਹੈ ਕਿ ਮੈਂ ਖਾਸ ਤੌਰ 'ਤੇ ਤੁਹਾਨੂੰ ਇਸ ਲਈ ਸੰਬੋਧਿਤ ਹੋ ਰਿਹਾ ਹਾਂ ਤਾਂ ਜੋ 26 ਜਨਵਰੀ ਦੇ ਅੰਦੋਲਨ ਸਬੰਧੀ ਫੈਲਾਈਆਂ ਜਾ ਰਹੀਆਂ ਗਲਤਫਹਿਮੀਆਂ ਦੂਰ ਹੋ ਸਕਣ। ਅਫਵਾਹਾਂ ਤੋਂ ਚੌਕਸ ਹੀ ਨਹੀਂ, ਬਹੁਤ ਗੰਭੀਰ ਹੋਣ ਦੀ ਲੋੜ ਹੈ। ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਵੇਂ ਕਿਸਾਨਾਂ ਵੱਲੋਂ ਬਗਾਵਤ ਕਰਨ ਦਾ ਪ੍ਰੋਗਰਾਮ ਹੋਵੇ ਅਤੇ ਇਹ ਅੰਦੋਲਨ ਦਾ ਆਖਰੀ ਪੜਾਅ ਹੋਵੇ। ਕੁਝ ਲੋਕ ਕਹਿ ਰਹੇ ਹਨ ਕਿ ਉਸ ਦਿਨ ਲਾਲ ਕਿਲੇ ਉੱਤੇ ਝੰਡਾ ਲਹਿਰਾਉਣਾ ਹੈ। ਕੋਈ ਕਹਿ ਰਿਹਾ ਹੈ ਕਿ ਪਾਰਲੀਮੈਂਟ ਉੱਤੇ ਕਬਜ਼ਾ ਕਰਨਾ ਹੈ। ਕਈ ਤਰ੍ਹਾਂ ਦਾ ਬੇਬੁਨਿਆਦ ਭੜਕਾਊ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਕੂੜ ਪ੍ਰਚਾਰ ਨੇ ਸਿਰਫ ਮੈਨੂੰ ਜਾਂ ਸਾਰੀਆਂ ਹੀ ਅੰਦੋਲਨ ਲੜ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਗੰਭੀਰ ਚਿੰਤਾ ਵਿਚ ਨਹੀਂ ਪਾਇਆ, ਸਗੋਂ ਸਭ ਦੀ ਨੀਂਦ ਹਰਾਮ ਕਰ ਦਿੱਤੀ ਹੈ। ਕੁਝ ਕਿਸਾਨ ਵਿਰੋਧੀ ਤਾਕਤਾਂ ਨੇ ਕਿਸਾਨਾਂ ਅਤੇ ਆਮ ਲੋਕਾਂ ਦੇ ਸ਼ਾਂਤਮਈ ਅੰਦੋਲਨ ਨੂੰ ਫੇਲ੍ਹ ਕਰਨ ਲਈ ਇਸ ਕੂੜ ਪ੍ਰਚਾਰ ਉੱਤੇ ਪੂਰੀ ਵਾਹ ਲਾਈ ਹੋਈ ਹੈ। ਸਰਕਾਰੀ ਏਜੰਸੀਆਂ ਵੀ ਅਜਿਹੇ ਲੋਕਾਂ ਦੀ ਮਦਦ ਕਰਨ ਲਈ ਪੱਬਾਂ ਭਾਰ ਹਨ। ਧਰਨੇ ਵਾਲੀਆਂ ਥਾਂਵਾਂ ਉੱਤੋਂ ਸਾਡੇ ਵਾਲੰਟੀਅਰ ਹਰ ਰੋਜ਼ ਅਜਿਹੇ ਕਿਸਾਨ ਦੋਖੀਆਂ ਨੂੰ ਫੜ ਕੇ ਪੁਲਿਸ ਹਵਾਲੇ ਕਰ ਰਹੇ ਹਨ।

ਸ. ਰਾਜੇਵਾਲ ਨੇ ਹੋਰ ਲਿਖਿਆ ਹੈ, ਭਰਾਵੋ! ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਸ ਵੇਲੇ ਦੁਨੀਆਂ ਇਸ ਅੰਦੋਲਨ ਦੀ ਸਫਲਤਾ ਲਈ ਅਰਦਾਸਾਂ ਕਰ ਰਹੀ ਹੈ। ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਉੱਥੋਂ ਦੇ ਆਗੂਆਂ ਨੇ ਇਸ ਅੰਦੋਲਨ ਦੀ ਹਮਾਇਤ ਕੀਤੀ ਹੈ। ਇਸ ਸਬੰਧੀ ਮੋਦੀ ਸਰਕਾਰ ਨੂੰ ਲਿਖਿਆ ਵੀ ਹੈ। ਹਰ ਦੇਸ਼ ਅਤੇ ਭਾਰਤ ਦੇ ਹਰ ਰਾਜ ਵਿਚ ਇਸ ਅੰਦੋਲਨ ਦੇ ਹੱਕ ਵਿਚ ਹਰ ਰੋਜ਼ ਸ਼ਾਂਤਮਈ ਧਰਨੇ, ਮੁਜਾਹਰੇ ਕੀਤੇ ਜਾ ਰਹੇ ਹਨ।

ਅੰਦੋਲਨ ਪ੍ਰਤੀ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਪ੍ਰਤੀ ਗੰਭੀਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਸਾਰੀ ਦੁਨੀਆਂ ਇਸ ਦੀ ਸਫਲਤਾ ਲੋਚਦੀ ਹੈ। ਮੈਂ ਪੁੱਛਦਾ ਹਾਂ ਕਿ ਜਿਸ ਅੰਦੋਲਨ ਦੀ ਸਫਲਤਾ ਲਈ ਸ੍ਰੀ ਦਰਬਾਰ ਸਾਹਿਬ ਤੋਂ ਅਰਦਾਸ ਹੋਈ ਹੋਵੇ, ਹਰ ਪਿੰਡ ਦੇ ਗੁਰੂ ਘਰ ਤੋਂ ਅਰਦਾਸਾਂ ਹੋਣ, ਹਿੰਦੂ ਭਰਾ ਹਵਨ ਕਰਵਾਉਂਦੇ ਹੋਣ, ਮੁਸਲਮਾਨ ਭਰਾ ਤੁਹਾਡੇ ਨਾਲ ਹੋਣ-ਕੀ ਕੋਈ ਕਿਸਾਨ ਇਸ ਨੂੰ ਹਿੰਸਕ ਭੀੜ ਬਣਾ ਕੇ ਅੰਦੋਲਨ ਨੂੰ ਫੇਲ੍ਹ ਕਰਨ ਬਾਰੇ ਸੋਚ ਸਕਦਾ ਹੈ? ਕਦੀ ਨਹੀਂ। ਮੈਨੂੰ ਅਤੇ ਮੇਰੇ ਸਾਥੀਆਂ ਨੂੰ ਇਹ ਉੱਕਾ ਹੀ ਯਕੀਨ ਨਹੀਂ ਹੋ ਰਿਹਾ। ਮੈਂ ਸਮਝਦਾ ਹਾਂ ਕਿ ਅਜਿਹੀ ਮਾੜੀ ਸੋਚ ਕਿਸਾਨ ਦੀ ਤਾਂ ਹੋ ਹੀ ਨਹੀਂ ਸਕਦੀ। ਫਿਰ ਵੀ ਸਰਕਾਰ ਸਾਡੇ ਅੰਦੋਲਨ ਵਿਚ ਖਾਲਿਸਤਾਨੀਆਂ ਅਤੇ ਅਤਿਵਾਦੀਆਂ ਦੇ ਹੋਣ ਦੇ ਦੋਸ਼ ਲਾ ਰਹੀ ਹੈ। ਅਜਿਹੇ ਸਮੇਂ ਹਰ ਕਿਸਾਨ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਭਰਾਵੋ, ਇਹ ਅੰਦੋਲਨ ਤੁਹਾਡਾ ਆਪਣਾ ਹੈ, ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਕੀ ਤੁਸੀਂ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਦਾਅ ਉੱਤੇ ਲਾ ਸਕਦੇ ਹੋ? ਜੇ ਨਹੀਂ ਤਾਂ ਆਓ ਆਪਾਂ ਸਾਰੇ ਮਿਲ ਕੇ ਇਸ ਨੂੰ ਸ਼ਾਂਤਮਈ ਰੱਖਣ ਲਈ ਪੂਰੀ ਵਾਹ ਲਾਈਏ।


ਪੱਤਰ ਦੇ ਆਖਰੀ ਪੈਰਾ ਵਿਚ ਰਾਜੇਵਾਲ ਨੇ ਕਿਸਾਨਾਂ ਨੂੰ ਬੇਨਤੀ ਕੀਤੀ ਹੈ ਕਿ 26 ਜਨਵਰੀ ਨੂੰ ਵੱਧ ਤੋਂ ਵੱਧ ਕਿਸਾਨ, ਕਿਸਾਨ ਬੀਬੀਆਂ ਦਿੱਲੀ ਜ਼ਰੂਰ ਪੁੱਜਣ। ਹਰ ਕਿਸਾਨ ਇਕ ਵਾਲੰਟੀਅਰ ਬਣ ਕੇ ਕਿਸਾਨ ਦੋਖੀਆਂ ਉੱਤੇ ਨਿਗਾਹ ਰੱਖੇ। ਜਿਸ ਅੰਦੋਲਨ ਦੀ ਸਫਲਤਾ ਲਈ ਸਾਰੀ ਦੁਨੀਆਂ ਦਾ ਦਿਲ ਧੜਕਦਾ ਹੈ, ਉਸ ਨੂੰ ਹਰ ਹਾਲ ਸ਼ਾਂਤਮਈ ਰੱਖਣ ਦਾ ਦ੍ਰਿੜ੍ਹ ਇਰਾਦਾ ਰੱਖੋ। ਕਿਸਾਨ ਦੋਖੀ ਤਾਕਤਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਬੇਪਰਦ ਕਰਨ ਵਿਚ ਮਦਦ ਕਰੋ। ਅੰਦੋਲਨ ਨੂੰ ਸ਼ਾਂਤਮਈ ਰੱਖੋਗੇ ਤਾਂ ਹਰ ਹਾਲਤ ਵਿਚ ਸਫਲ ਹੋਵੋਗੇ। ਭੜਕਾਊ ਨਾਅਰੇ ਅਤੇ ਗਰਮ ਜੋਸ਼ੀਲੀਆਂ ਗੱਲਾਂ ਅੰਦੋਲਨ ਨੂੰ ਲੀਹ ਤੋਂ ਲਾਹ ਦੇਣਗੀਆਂ। ਆਓ, ਸਾਰੇ ਮਿਲ ਕੇ, ਜਿਨ੍ਹਾਂ ਨੇ ਹੁਣ ਤਕ ਇਸ ਨੂੰ ਮਜ਼ਬੂਤ ਕਰਨ ਲਈ ਪੂਰੀ ਵਾਹ ਲਾਈ ਹੈ, ਇਸ ਦੀ ਸਫਲਤਾ ਲਈ ਸਾਰੀ ਤਾਕਤ ਝੋਕ ਦੇਈਏ। ਸ਼ਾਂਤਮਈ ਰਹਿਣਾ ਹੀ ਇਸ ਦੀ ਸਫ਼ਲਤਾ ਦੀ ਕੁੰਜੀ ਹੈ ਅਤੇ ਹਿੰਸਾ ਅੰਦੋਲਨ ਲਈ ਫਾਂਸੀ ਸਮਾਨ। ਆਓ ਰਲ ਕੇ ਸਫਲਤਾ ਵੱਲ ਵਧੀਏ।

ਯਕੀਨਨ ਉਕਤ ਪੱਤਰ ਵਿਚ ਸ. ਰਾਜੇਵਾਲ ਨੇ ਜੋ ਜੋ ਖਦਸ਼ੇ ਪ੍ਰਗਟਾਏ ਹਨ, ਅੱਜ ਲੋੜ ਹੈ ਉਨ੍ਹਾਂ ਤੋਂ ਮੁਹਤਾਤ ਰਹਿੰਦੇ ਹੋਏ ਉਨ੍ਹਾਂ 'ਤੇ ਸੰਜੀਦਗੀ ਨਾਲ ਧਿਆਨ ਕੇਂਦਰਿਤ ਕਰਨ ਦੀ ਅਤੇ ਹਰ ਤਰ੍ਹਾਂ ਦੇ ਵਾਦ-ਵਿਵਾਦ ਤੇ ਹਿੰਸਕ ਘਟਨਾਵਾਂ ਤੋਂ ਦੂਰ ਰੱਖਣ ਦੀ।

# ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ

## ਕਿਸਾਨੀ ਸੰਘਰਸ਼

ਉਪਰ ਲਿਖੀ ਪੰਕਤੀ ਬਾਬਾ ਸ਼ੇਖ ਫਰੀਦ ਦੀ ਬਾਣੀ ਵਿਚੋਂ ਹੈ, ਜੋ ਰਾਗੁ ਆਸਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ 488 'ਤੇ ਦਰਜ ਹੈ। ਇਸ ਵਿਚ ਬਾਬਾ ਸ਼ੇਖ ਫਰੀਦ ਦੱਸਦੇ ਹਨ ਕਿ ਜਿਹੜੇ ਮਨੁੱਖ ਅੰਦਰੋਂ, ਦਿਲ ਤੋਂ ਰੱਬ ਨਾਲ ਪਿਆਰ ਕਰਦੇ ਹਨ, ਉਨ੍ਹਾਂ ਨੂੰ ਹੀ ਰੱਬ ਦੇ ਸੱਚੇ ਪ੍ਰੇਮੀ ਕਿਹਾ ਜਾਂਦਾ ਹੈ। ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੁੰਦਾ ਹੈ ਅਤੇ ਮੁੱਖ ਤੋਂ ਕੁਝ ਹੋਰ ਕਹਿੰਦੇ ਹਨ, ਉਨ੍ਹਾਂ ਨੂੰ ਕੱਚੇ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ, ਬਾਬਾ ਫਰੀਦ ਇਸੇ ਸ਼ਬਦ ਵਿਚ ਇਹ ਵੀ ਕਹਿੰਦੇ ਹਨ ਕਿ ਜਿਹੜੇ ਮਨੁੱਖ ਨੇ ਸੱਚ ਦੀ ਪਛਾਣ ਕਰ ਲਈ ਹੈ, ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ। ਗੁਰੂ ਨਾਨਕ ਦੇਵ ਮਨੁੱਖ ਦੇ ਮਨ ਅਤੇ ਬਾਹਰਲੇ ਵਰਤਾਰੇ ਵਿਚ ਇਕਸੁਰਤਾ ਨਾ ਹੋਣ ਨੂੰ, ਅਰਥਾਤ ਮਨ ਵਿਚ ਕੁਝ ਹੋਰ ਹੋਣ ਅਤੇ ਬਾਹਰਲੇ ਵਰਤਾਉ ਵਿਚ ਕੁਝ ਹੋਰ ਹੋਣ



ਡਾ. ਗੁਰਨਾਮ ਕੌਰ, ਕੈਨੇਡਾ

ਨੂੰ ਬਾਹਰੋਂ ਚਿੱਟੇ ਤੇ ਅੰਦਰੋਂ ਕਾਲੇ ਹੋਣ ਨਾਲ ਤਸ਼ਬੀਹ ਦਿੰਦੇ ਹਨ। ਇਸੇ ਸੰਦਰਭ ਵਿਚ ਹੀ "ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥" (ਗੁਰੂ ਗ੍ਰੰਥ ਸਾਹਿਬ, ਪੰਨਾ 85) ਰਾਹੀਂ ਦੱਸਦੇ ਹਨ ਕਿ ਅਸੀਂ ਗੱਲਾਂ ਕਰਨ ਵਿਚ ਤਾਂ ਬਹੁਤ ਸੁਚੱਜੀਆਂ ਨਜ਼ਰ ਆਉਂਦੀਆਂ ਹਾਂ, ਪਰ ਸਾਡਾ ਆਚਾਰ-ਵਿਹਾਰ ਬੁਰਾ ਹੈ ਅਰਥਾਤ ਸਾਡੀ ਬੋਲ-ਚਾਲ ਅਤੇ ਵਿਹਾਰ ਵਿਚ ਇਕਸੁਰਤਾ ਨਹੀਂ ਹੈ। ਸਾਡਾ ਆਚਾਰ ਅਤੇ ਵਿਹਾਰ ਬਾਹਰੋਂ ਦੇਖਣ-ਸੁਣਨ ਵਾਲੇ ਨੂੰ ਮਿੱਠਾ ਤੇ ਚੰਗਾ ਨਜ਼ਰ ਆਉਂਦਾ ਹੈ, ਪਰ ਸਾਡੇ ਮਨ ਵਿਚ ਖੋਟ ਭਰੀ ਹੋਈ ਹੈ, ਮਨ ਕਾਲਾ ਹੈ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਲਈ ਆਦਰਸ਼ 'ਸਚਿਆਰ' ਹੋਣਾ ਰੱਖਿਆ ਹੈ, 'ਸਚਿ' ਜਾਂ 'ਸਤਿ' ਉਸ 'ਪਰਮਸਤਿ' ਦਾ ਇੱਕ ਗੁਣ ਹੈ, ਜਿਸ ਨੂੰ ਮਨੁੱਖ ਨੇ ਅਨੁਭਵ ਕਰਨਾ ਹੈ, ਉਸ ਨੂੰ ਅਨੁਭਵ ਕਰਕੇ ਹੀ 'ਸਚਿਆਰ' ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਧਿਆਨ ਦੇਣ ਯੋਗ ਬਹੁਤ ਹੀ ਅਹਿਮ ਤੱਥ ਇਹ ਹੈ ਕਿ 'ਸਚਿਆਰ' ਹੋਣ ਨੂੰ ਜਾਂ ਸੱਚ ਆਚਾਰ ਨੂੰ ਗੁਰੂ ਨਾਨਕ ਸਾਹਿਬ ਨੇ 'ਸਤਿ' ਜਾਂ ਸੱਚ ਤੋਂ ਵੀ ਉੱਤੇ ਮੰਨਿਆ ਹੈ, ਜਦੋਂ ਸਤਿ ਦਾ ਅਨੁਭਵ ਮਨੁੱਖ ਦੇ ਵਤੀਰੇ ਵਿਚੋਂ ਪਰਗਟ ਹੁੰਦਾ ਹੈ, ਉਸ ਦੀ ਰਹਿਣੀ-ਬਹਿਣੀ ਦਾ ਹਿੱਸਾ ਬਣ ਜਾਂਦਾ ਹੈ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਉਹ ਪ੍ਰਾਪਤੀ ਸੱਚ ਤੋਂ ਵੀ ਉਤੇ ਹੈ।

ਕਿਸਾਨ ਅੰਦੋਲਨ ਚੱਲ ਰਹੇ ਨੂੰ ਅੱਜ 50 ਦਿਨ ਤੋਂ ਉੱਤੇ ਹੋ ਚੱਲੇ ਹਨ। ਜਿਸ ਸਬਰ, ਸੰਤੋਖ ਅਤੇ ਠਰੰਮੇ ਨਾਲ ਇਹ ਅੰਦੋਲਨ ਚੱਲ ਰਿਹਾ ਹੈ, ਇਹ ਦੁਨੀਆਂ ਭਰ ਦੇ ਸਾਹਮਣੇ ਆਪਣੀ ਮਿਸਾਲ ਆਪ ਹੈ। ਵਜ੍ਹਾ ਇਹ ਹੈ ਕਿ ਹਰ ਭਾਰਤੀ ਦੀ ਸਮਾਜਕਤਾ, ਰਹਿਤਲ, ਨਿਰਭਰਤਾ ਕਿਸੇ ਨਾ ਕਿਸੇ ਰੂਪ ਵਿਚ ਕਿਸਾਨੀ ਨਾਲ ਜੁੜੀ ਹੋਈ ਹੈ। ਜੇ ਖੇਤੀ ਹੈ, ਕਿਸਾਨ ਹੈ ਤਾਂ ਹੀ ਭਾਰਤ ਜ਼ਿੰਦਾ ਹੈ। ਭਾਰਤ ਦੀ ਆਰਥਕਤਾ ਅਮਰੀਕਾ ਜਾਂ ਅਜਿਹੇ ਹੋਰ ਮੁਲਕਾਂ ਤੋਂ ਬਿਲਕੁਲ ਵੱਖਰੀ ਹੈ। ਇਨ੍ਹਾਂ ਮੁਲਕਾਂ ਵਿਚ ਆਮ ਲੋਕਾਂ ਲਈ ਖੇਤੀ ਇੱਕ ਤਰਜੀਹੀ ਕਿੱਤਾ ਨਹੀਂ ਹੈ। ਭਾਰਤ ਦੇ ਕਿਸਾਨ ਲਈ ਖੇਤੀ ਮਹਿਜ਼ ਕਿੱਤਾ ਨਹੀਂ ਹੈ, ਬਹੁਤ ਕੁਝ ਹੈ। ਜੇ ਕਿਸਾਨ ਨੂੰ ਅਤੇ ਖੇਤੀ ਨਾਲ ਜੁੜੇ ਹੋਰ ਕਿੱਤਿਆਂ ਵਿਚੋਂ, ਜਿਨ੍ਹਾਂ ਦੀ ਨਿਰਭਰਤਾ ਦੀ ਗਿਣਤੀ ਕੁੱਲ ਵੱਸੋਂ ਦਾ ਲਗਪਗ 60% ਹੈ, ਖੇਤੀ ਤੋਂ ਬਾਹਰ ਕਰ ਦਿੱਤਾ ਜਾਵੇਗਾ ਤਾਂ ਕੇਂਦਰ ਸਰਕਾਰ ਕੋਲ ਕਿਹੜਾ ਬਦਲ ਹੈ, ਵੱਸੋਂ ਦੇ ਏਡੇ ਵੱਡੇ ਹਿੱਸੇ ਨੂੰ ਰੁਜ਼ਗਾਰ ਦੇਣ ਲਈ? ਦਿੱਲੀ ਦੇ ਸਿੰਘੂ ਬਾਰਡਰ ਤੋਂ ਸ਼ੁਰੂ ਹੋ ਕੇ ਇਹ ਅੰਦੋਲਨ ਅੱਜ ਕੁੰਡਲੀ, ਟਿੱਕਰੀ, ਗਾਜ਼ੀਆਬਾਦ ਤੋਂ ਹੁੰਦਾ ਹੋਇਆ ਬਹੁਤ ਹੀ ਵਿਸ਼ਾਲ ਰੂਪ ਵਿਚ ਦਿੱਲੀ ਦੇ ਚਾਰ ਚੁਫੇਰੇ ਫੈਲ ਗਿਆ ਹੈ। ਹੁਣ ਤੱਕ ਇੱਕ ਸੌ ਤੋਂ ਵੀ ਵੱਧ ਕਿਸਾਨ ਇਸ ਅੰਦੋਲਨ ਵਿਚ ਆਪਣੀਆਂ ਜ਼ਿੰਦੜੀਆਂ ਵਾਰ ਚੁੱਕੇ ਹਨ। ਕੀ ਪ੍ਰਧਾਨ ਮੰਤਰੀ ਲਈ ਕਿਸੇ ਕਿਸਾਨ ਦੀ ਮੌਤ ਕੋਈ ਮਾਅਨਾ, ਕੋਈ ਦਰਦ ਨਹੀਂ ਰੱਖਦੀ? ਕੀ ਕਿਸੇ ਲੋਕਤੰਤਰ ਦਾ ਮੁਖੀ ਏਨਾ ਪੱਥਰ-ਦਿਲ ਹੋ ਸਕਦਾ ਹੈ? ਗ੍ਰਹਿ ਮੰਤਰੀ ਦਾ ਫਰਜ਼ ਦੇਸ ਦੇ ਘਰੇਲੂ ਮਾਮਲਿਆਂ ਦੀ ਨਿਗਾਹਸਾਨੀ ਕਰਨਾ ਹੁੰਦਾ ਹੈ, ਪਰ ਅਮਿਤ ਸ਼ਾਹ ਦੀ ਸਿਹਤ 'ਤੇ ਵੀ ਕੋਈ ਅਸਰ ਨਹੀਂ ਹੈ। ਪ੍ਰਧਾਨ ਸੇਵਕ ਨੇ ਇੱਕ ਵਾਰ ਵੀ ਇਹ ਨਹੀਂ ਸੋਚਿਆ ਕਿ ਦੇਸ਼ ਦਾ ਕਿਸਾਨ, ਜੋ ਬਿਲਕੁਲ ਰਾਜਧਾਨੀ ਦੀ ਫਿਰਨੀ 'ਤੇ, ਉਸ ਦੀਆਂ ਬਰੂਹਾਂ 'ਤੇ ਬੈਠਾ ਹੈ, ਉਸ ਨੂੰ ਮੁਖਾਤਿਬ ਹੋਵੇ! ਜਾਪਦਾ ਹੈ, ਪ੍ਰਧਾਨ ਸੇਵਕ ਨੂੰ ਦੋ ਕਾਰਪੋਰੇਸ਼ਨਾਂ ਦਾ ਫਿਕਰ ਹੈ, ਪਰ ਦੇਸ਼ ਦੇ ਕਿਸਾਨਾਂ ਦਾ ਕੋਈ ਫਿਕਰ ਨਹੀਂ ਹੈ।

ਹੇਮਾ ਮਾਲਿਨੀ ਵਰਗੀ ਜਿਸ ਨੂੰ ਇਹ ਵੀ ਨਹੀਂ ਪਤਾ ਕਿ ਸੰਸਦ ਮੈਂਬਰ ਹੋਣ ਦਾ ਅਰਥ ਕੀ ਹੁੰਦਾ ਹੈ, ਜੋ ਇੱਕ ਫਿਲਮੀ ਚਿਹਰਾ ਹੋਣ ਦੇ ਨਾਤੇ ਜਿੱਤ ਕੇ ਆਈ ਹੈ, ਕਿਸਾਨਾਂ ਬਾਰੇ ਊਟ-ਪਟਾਂਗ ਬਿਆਨ ਦੇ ਰਹੀ ਹੈ ਕਿ ਕਿਸਾਨਾਂ ਦਾ ਕੋਈ ਏਜੰਡਾ ਹੀ ਨਹੀਂ ਹੈ, ਕਿਸਾਨ ਨੂੰ ਕੁਝ ਪਤਾ ਹੀ ਨਹੀਂ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਚੋਣਾਂ ਵੇਲੇ ਕਣਕ ਦੀ ਹੋ ਰਹੀ ਵਾਢੀ ਵਾਲੇ ਖੇਤ ਵਿਚ ਜਾ ਕੇ, ਹੱਥ ਵਿਚ ਦਾਤੀ ਅਤੇ ਕਣਕ ਦੇ ਸਿੱਟਿਆਂ ਦਾ ਥੱਬਾ ਫੜ ਕੇ ਫੋਟੋ ਖਿਚਾ ਲੈਣ ਨਾਲ ਕੋਈ ਕਿਸਾਨ ਨਹੀਂ ਬਣ ਜਾਂਦਾ। ਖੇਤੀ ਕਿਸਾਨ ਨੂੰ ਜੀਵਨ ਦਾਨ ਹੀ ਨਹੀਂ ਦਿੰਦੀ; ਇਹ ਉਸ ਦੀ ਪਛਾਣ ਹੈ, ਉਸ ਦਾ ਸਭਿਆਚਾਰ ਹੈ, ਉਸ ਦੀ ਜੀਵਨ ਜਾਚ ਹੈ।

ਜਿਹੜੇ ਭਾਰਤੀ ਅੰਗਰੇਜ਼ਾਂ ਤੋਂ ਮੁਲਕ ਨੂੰ ਆਜ਼ਾਦ ਕਰਾਉਣ ਲਈ ਲੜ ਰਹੇ ਸੀ, ਜਿਨ੍ਹਾਂ ਨੇ ਮੁਲਕ ਆਜ਼ਾਦ ਕਰਾਇਆ, ਉਨ੍ਹਾਂ ਦਾ ਅਤੇ ਆਜ਼ਾਦੀ ਉਡੀਕ ਰਹੇ ਦੇਸ਼-ਵਾਸੀਆਂ ਦਾ ਆਜ਼ਾਦ ਭਾਰਤ ਬਾਰੇ ਇੱਕ ਸੁਪਨਾ ਸੀ। ਇਹ ਸੁਪਨਾ ਮਹਿਜ਼ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਗਲੋਂ ਲਾਹ ਕੇ ਆਪਣਾ ਰਾਜ ਕਾਇਮ ਕਰਨ ਦਾ ਹੀ ਨਹੀਂ ਸੀ। ਇਹ ਸੁਪਨਾ ਸੀ ਕਿ ਭਾਰਤ ਵਿਕਾਸ ਕਰੇਗਾ, ਤਰੱਕੀ ਕਰੇਗਾ, ਇਸ ਦੇ ਆਪਣੇ ਉਦਯੋਗ ਹੋਣਗੇ, ਆਪਣੇ ਕਾਰਖਾਨੇ ਹੋਣਗੇ; ਜੋ ਕੱਚਾ ਮਾਲ ਅੰਗਰੇਜ਼ ਇੱਥੋਂ ਜਹਾਜ ਭਰ ਭਰ ਕੇ ਆਪਣੇ ਮੁਲਕ ਨੂੰ ਲੈ ਕੇ ਜਾ ਰਿਹਾ ਸੀ, ਉਹ ਸਾਡੇ ਮੁਲਕ ਵਿਚ ਪੱਕ ਕੇ ਤਿਆਰ ਹੋਵੇਗਾ; ਸਾਡੀ ਵਿੱਦਿਆ ਤੱਕ ਪਹੁੰਚ ਹੋਵੇਗੀ, ਸਾਡੀ ਸਿਹਤ ਸਹੂਲਤਾਂ ਤੱਕ ਪਹੁੰਚ ਹੋਵੇਗੀ, ਇਸ ਦਾ ਕੋਈ ਵੀ ਬਾਸ਼ਿੰਦਾ ਬੇਰੁਜ਼ਗਾਰ ਨਹੀਂ ਹੋਵੇਗਾ, ਕੋਈ ਵੀ ਰੋਟੀ ਤੋਂ ਭੁੱਖਾ ਨਹੀਂ ਸੌਂਵੇਗਾ, ਆਪਣੇ ਹੀ ਖੇਤਾਂ ਵਿਚ ਜਬਰੀ 'ਨੀਲ ਉਗਾਉਣ' ਵਰਗੇ ਕੋਈ ਹਾਲਾਤ ਨਹੀਂ ਹੋਣਗੇ, ਆਪਣੇ ਖੇਤਾਂ ਵਿਚ ਉਹ ਆਪਣੀ ਮਰਜ਼ੀ ਦੀਆਂ ਫਸਲਾਂ ਬੀਜੇਗਾ ਅਤੇ ਮਰਜ਼ੀ ਨਾਲ ਵੇਚੇਗਾ, ਕੋਈ ਜ਼ਬਰਦਸਤੀ ਨਹੀਂ। ਉਸ ਨੂੰ ਕੀ ਪਤਾ ਸੀ ਕਿ ਜੋ ਕੁਝ ਦੇਸ਼ ਵਿਚ ਉਸਰਿਆ ਹੈ, ਆਜ਼ਾਦੀ ਦੇ 70 ਸਾਲ ਬਾਅਦ ਹੀ ਉਹ ਵੀ ਰਾਜਨੀਤੀ ਦੀ ਭੇਟ ਚੜ੍ਹ ਜਾਵੇਗਾ। ਜਨਤਾ ਦੇ ਪੈਸੇ ਨਾਲ ਮਿਹਨਤ ਨਾਲ ਉਸਾਰੇ ਅਦਾਰੇ, ਸੰਸਥਾਵਾਂ ਵੇਚ ਦਿੱਤੇ ਜਾਣਗੇ; ਆਮ ਭਾਰਤੀ ਲਈ ਵਿੱਦਿਆ, ਸਿਹਤ ਸਹੂਲਤਾਂ ਅਪਹੁੰਚ ਕਰ ਦਿੱਤੀਆਂ ਜਾਣਗੀਆਂ, ਉਸ ਦੇ ਖੇਤਾਂ ਨੂੰ ਨੱਪਣ ਦਾ ਪ੍ਰਬੰਧ ਵੀ ਮੌਜੂਦਾ ਸਰਕਾਰ ਕਰ ਦੇਵੇਗੀ। ਉਸ ਦੇ ਬੇਰੁਜ਼ਗਾਰ ਬੱਚਿਆਂ ਨੂੰ ਵਿਦੇਸ਼ਾਂ ਵੱਲ ਮੂੰਹ ਕਰਨਾ ਪਵੇਗਾ ਜਾਂ ਟੈਂਕੀਆ 'ਤੇ ਚੜ੍ਹ ਕੇ ਮੁਜਾਹਰੇ ਕਰਨੇ ਪੈਣਗੇ। ਉਸ ਨੂੰ ਆਪਣੇ ਹੀ ਖੇਤਾਂ ਵਿਚ ਮਜ਼ਦੂਰ ਬਣਾਉਣ ਦੀਆਂ ਸਕੀਮਾਂ ਦਾ, ਕੋਈ ਵਿਦੇਸ਼ੀ ਸਰਕਾਰ ਨਹੀਂ, ਸਗੋਂ ਆਪਣੀ ਚੁਣੀ ਹੋਈ ਸਰਕਾਰ ਹੀ ਕੁਝ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ, ਪੱਕਾ ਪ੍ਰਬੰਧ ਕਰ ਦੇਵੇਗੀ। ਸਰਕਾਰ ਆਦਿ-ਵਾਸੀਆਂ ਨੂੰ ਉਜਾੜ ਕੇ, ਉਨ੍ਹਾਂ ਦੇ ਜੰਗਲ, ਪਿੰਡਾਂ ਦੇ ਪਿੰਡ ਤਬਾਹ ਕਰਕੇ, ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੀ ਮਿਲੀਭੁਗਤ ਨਾਲ ਵਿਸ਼ਵ ਮੰਡੀਆਂ ਵਿਚ ਢੋਏ ਜਾਣ ਦਾ ਪ੍ਰਬੰਧ ਕਰ ਦੇਵੇਗੀ। ਝਾਰਖੰਡ ਵਿਚ, ਬਸਤਰ ਵਰਗੇ ਇਲਾਕਿਆਂ ਵਿਚ ਇਹੀ ਕੁਝ ਤਾਂ ਹੋ ਰਿਹਾ ਹੈ।

ਕਸ਼ਮੀਰ ਦੀ ਧਾਰਾ 370 ਤੋੜਨ ਦਾ ਅਰਥ ਵੀ ਕੁਝ ਇਹੋ ਜਿਹਾ ਹੀ ਸੀ ਕਿ ਉਥੇ ਕਾਰਪੋਰੇਟਾਂ ਦੇ ਦਾਖਲ ਹੋਣ ਦਾ ਰਾਹ ਖੁੱਲ੍ਹ ਜਾਵੇ ਅਤੇ ਮਨਮਰਜ਼ੀ ਨਾਲ ਉਹ ਕਸ਼ਮੀਰ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰ ਸਕਣ। ਕਸ਼ਮੀਰ ਦੀ ਵੂੱਲਰ ਝੀਲ ਦੇ ਆਸ-ਪਾਸ ਬਾਂਦੀ ਪੋਰਾ ਜਿਲੇ ਵਿਚ ਪਹਿਲੀਆਂ ਵਿਚ ਲੋਕ ਕਿਸ਼ਤੀਆਂ-ਸ਼ਿਕਾਰਿਆਂ ਵਿਚ ਆਪਣਾ ਘਰ ਬਣਾ ਕੇ ਰਹਿੰਦੇ ਰਹੇ ਹਨ, ਪਰ ਹੁਣ ਵੱਡੇ ਹੋ ਰਹੇ ਬੱਚਿਆਂ ਨੇ ਕਿਸ਼ਤੀਆਂ-ਸ਼ਿਕਾਰਿਆਂ ਨੁਮਾ ਘਰਾਂ ਵਿਚ ਰਹਿਣ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਆਸ-ਪਾਸ ਦੇ ਬਹੁਤ ਸਾਰੇ ਲੋਕ ਅਜਿਹੀਆਂ ਥਾਂਵਾਂ 'ਤੇ ਘਰ ਬਣਾ ਕੇ ਰਹਿਣ ਲਈ ਮਜ਼ਬੂਰ ਹਨ, ਜੋ ਅਪਰੈਲ ਮਹੀਨੇ ਤੋਂ ਲੈ ਕੇ ਸਤੰਬਰ ਤੱਕ ਯਾਨਿ ਕਰੀਬ ਛੇ ਮਹੀਨੇ ਤੱਕ 6-6 ਫੁੱਟ ਪਾਣੀ ਨਾਲ ਭਰੇ ਰਹਿੰਦੇ ਹਨ। ਇਹ ਥਾਂਵਾਂ ਨਾ ਸਿਰਫ ਕਿਸੇ ਵੀ ਕਿਸਮ ਦੀਆਂ ਸਹੂਲਤਾਂ ਤੋਂ ਸੱਖਣੀਆਂ ਹਨ, ਸਗੋਂ ਸਿਹਤ ਪੱਖੋਂ ਬੇਹੱਦ ਹਾਨੀਕਾਰਕ ਹਨ। ਜ਼ਮੀਨ ਤੋਂ 8-8 ਫੁੱਟ ਉਚੀਆਂ ਅਗੜ-ਦੁਗੜੀਆਂ ਲੱਕੜਾਂ ਗੱਡ ਕੇ ਉਨ੍ਹਾਂ ਉੱਪਰ ਲੱਕੜ ਦੇ ਕੱਚੇ ਇੱਕ-ਇੱਕ, ਦੋ-ਦੋ ਕਮਰਿਆਂ ਦੇ ਕਿਸੇ ਵੀ ਕਿਸਮ ਦੀਆਂ ਸਹੂਲਤਾਂ ਤੋਂ ਸੱਖਣੇ ਨਿੱਕੇ ਨਿੱਕੇ ਬਣਾਏ ਘਰਾਂ ਵਿਚ ਰਹਿਣ ਲਈ ਲੋਕ ਮਜ਼ਬੂਰ ਹਨ। ਬਿਜਲੀ, ਪਾਣੀ, ਸਕੂਲ, ਹਸਪਤਾਲ ਕੋਈ ਸਹੂਲਤ ਨਹੀਂ ਹੈ। ਕੋਈ ਪੱਕੀਆਂ ਸੜਕਾਂ ਦੀ ਸਹੂਲਤ ਨਹੀਂ ਹੈ। ਦੂਰ-ਦੁਰਾਡੇ ਸਕੂਲਾਂ ਵਿਚ ਪੜ੍ਹਨ ਜਾਣ ਲਈ ਪਾਣੀ ਵਿਚੋਂ ਲੰਘਣ ਕਰਕੇ ਉਨ੍ਹਾਂ ਨੂੰ ਜੁੱਤੀਆਂ ਦਾ ਵਾਧੂ ਜੋੜਾ ਨਾਲ ਚੁੱਕਣਾ ਪੈਂਦਾ ਹੈ ਤਾਂ ਕਿ ਸਕੂਲ ਪਹੁੰਚ ਕੇ ਉਹ ਸੁੱਕਾ ਜੋੜਾ ਪਾ ਸਕਣ। ਇਹ ਲੱਕੜ ਦੇ ਕੱਚੇ ਘਰ ਵੀ ਉਨ੍ਹਾਂ ਦੀ ਪੱਕੀ ਮਲਕੀਅਤ ਨਹੀਂ ਹਨ, ਕਿਉਂਕਿ ਇਨ੍ਹਾਂ ਥਾਂਵਾਂ ਦੀ ਮਾਲਕੀ ਉਨ੍ਹਾਂ ਦੀ ਨਹੀਂ ਹੈ, ਭਾਵੇਂ ਉਹ ਪੱਕੇ ਵੋਟਰ-ਕਾਰਡ ਹੋਲਡਰ ਹਨ। ਜੇ ਕਿਸੇ ਤਹਿਸੀਲਦਾਰ ਜਾਂ ਹੋਰ ਅਫਸਰ ਕੋਲ ਕਿਸੇ ਪੱਕੀ ਥਾਂ ਦੀ ਅਲਾਟਮੈਂਟ ਲਈ ਬੇਨਤੀ ਲੈ ਕੇ ਜਾਂਦੇ ਹਨ ਤਾਂ ਉਥੋਂ ਇਹ ਕਹਿ ਕੇ ਭਜਾ ਦਿੱਤੇ ਜਾਂਦੇ ਹਨ ਕਿ ਉਨ੍ਹਾਂ ਨੂੰ, ਜਿੱਥੇ ਰਹਿ ਰਹੇ ਹਨ, ਉਥੋਂ ਵੀ ਖਦੇੜ ਦਿੱਤਾ ਜਾਵੇਗਾ।

ਉਨ੍ਹਾਂ ਕੋਲ ਪੱਕੀ ਆਮਦਨੀ ਦਾ ਵੀ ਕੋਈ




ਸਾਧਨ ਨਹੀਂ ਹੈ। ਪਹਿਲੀਆਂ ਵਿਚ ਉਹ ਜੰਗਲਾਂ ਵਿਚ ਪਸ਼ੂ ਪਾਲ ਕੇ ਗੁਜ਼ਾਰਾ ਕਰ ਲੈਂਦੇ ਸੀ। ਹੁਣ ਇਹ ਵੀ ਸੰਭਵ ਨਹੀਂ ਹੈ, ਕਿਉਂਕਿ ਉਸ ਇਲਾਕੇ ਵਿਚੋਂ ਕਰੀਬ ਇੱਕ ਕਰੋੜ ਰੁੱਖ ਕੱਟੇ ਜਾ ਚੁੱਕੇ ਹਨ, ਜਿਸ ਕਰਕੇ ਪਸ਼ੂ ਚਰਾਉਣ ਲਈ ਥਾਂ ਨਹੀਂ ਬਚੀ। ਕੁਦਰਤੀ ਸਾਧਨਾਂ ਨੂੰ ਲੁੱਟੇ ਜਾਣ ਦੀ ਇਹ ਇੱਕ ਛੋਟੀ ਜਿਹੀ ਮਿਸਾਲ ਹੈ। ਰਾਜਨੀਤਕ ਪਾਰਟੀਆਂ ਨੂੰ ਕਸ਼ਮੀਰ ਦਾ ਅਤਿਵਾਦ ਤਾਂ ਨਜ਼ਰ ਆਉਂਦਾ ਹੈ, ਪਰ ਕਸ਼ਮੀਰੀਆਂ ਦੀ ਗਰੀਬੀ ਅਤੇ ਬੇਘਰੇ ਹੋਣਾ, ਹਰ ਤਰ੍ਹਾਂ ਦੀਆਂ ਸਹੂਲਤਾਂ ਤੋਂ ਸੱਖਣੀਆਂ ਥਾਂਵਾਂ 'ਤੇ ਰਹਿ ਰਹੇ ਲੋਕ ਕਿਉਂ ਨਜ਼ਰ ਨਹੀਂ ਆਉਂਦੇ? ਖੇਤੀ ਸੁਧਾਰਾਂ ਦੇ ਨਾਮ 'ਤੇ ਨਵੇਂ ਖੇਤੀ ਕਾਨੂੰਨ ਲਾਗੂ ਕਰਕੇ ਦੇਸ਼ ਦੇ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਕੀ ਕੇਂਦਰ ਸਰਕਾਰ ਕਿਸਾਨਾਂ ਨੂੰ ਵੀ ਅਜਿਹੇ ਹਾਲਾਤ 'ਚ ਹੀ ਧੱਕਣਾ ਚਾਹੁੰਦੀ ਹੈ?

ਦਿੱਲੀ ਦੀਆਂ ਫਿਰਨੀਆਂ 'ਤੇ ਬੈਠੇ ਕਿਸਾਨ ਨੂੰ ਅਕਾਉਣ ਤੇ ਥਕਾਉਣ ਲਈ ਕੇਂਦਰੀ ਮੰਤਰੀ ਨਰਿੰਦਰ ਤੋਮਰ ਮੀਟਿੰਗ ਦਰ ਮੀਟਿੰਗ ਐਲਾਨੀ ਜਾ ਰਿਹਾ ਹੈ ਅਤੇ ਹਰੇਕ ਮੀਟਿੰਗ ਵਿਚ ਵਾਰ ਵਾਰ ਉਹੀ ਰਟੀ ਰਟਾਈ ਗੱਲਬਾਤ ਦੁਹਰਾਈ ਜਾਂਦੀ ਹੈ। ਜਦੋਂ ਸ਼ਰਦ ਪਵਾਰ ਕੇਂਦਰੀ ਖੇਤੀ ਮੰਤਰੀ ਸੀ ਤਾਂ ਖੇਤੀ ਸਬੰਧੀ ਕਿਸੇ ਮੁੱਦੇ 'ਤੇ ਬਹਿਸ ਦੌਰਾਨ ਸ਼ਰਦ ਪਵਾਰ ਦੇ ਮੁਸਕਰਾਉਣ 'ਤੇ, ਵਿਰੋਧੀ ਧਿਰ ਦੀ ਭਾਜਪਾਈ ਨੇਤਾ ਸੁਸ਼ਮਾ ਸਵਰਾਜ ਨੇ ਕਿਹਾ ਸੀ ਕਿ ਖੇਤੀ ਮੰਤਰੀ ਹੋਣ ਦੇ ਨਾਤੇ ਉਹ ਖੇਤੀ ਵਰਗੇ ਗੰਭੀਰ ਮੁੱਦੇ 'ਤੇ ਮੁਸਕਰਾ ਕਿਵੇਂ ਸਕਦਾ ਹੈ? ਕੇਂਦਰੀ ਖੇਤੀ ਮੰਤਰੀ ਤੋਮਰ 9 ਜਨਵਰੀ ਦੀ ਮੀਟਿੰਗ ਵਿਚ ਕੋਈ ਸਾਰਥਕ ਗੱਲਬਾਤ ਸਿਰੇ ਨਾ ਚੜ੍ਹ ਸਕਣ ਦੇ ਬਾਵਜੂਦ ਬਾਹਰ ਆ ਕੇ ਜਿਵੇਂ ਹੱਸ ਹੱਸ ਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਿਹਾ ਸੀ, ਕੀ ਉਸ ਨੂੰ ਸਵਰਗੀ ਸੁਸ਼ਮਾ ਸਵਰਾਜ ਦਾ ਕਹਿਣਾ ਯਾਦ ਨਹੀਂ ਰਿਹਾ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਵਰਗੇ ਗੰਭੀਰ ਮੁੱਦੇ 'ਤੇ ਉਹ ਹੱਸ ਕਿਵੇਂ ਸਕਦਾ ਹੈ, ਉਹ ਵੀ ਉਦੋਂ ਜਦੋਂ ਸੌ ਤੋਂ ਉੱਤੇ ਕਿਸਾਨ ਸ਼ਹੀਦੀਆਂ ਪਾ ਚੁਕੇ ਹਨ? ਹੁਣ ਆਪਣੇ ਰਾਜਕਾਲ ਵਿਚ ਭਾਜਪਾ ਏਨੇ ਸੰਵੇਦਨਸ਼ੀਲ ਮੁੱਦੇ ਪ੍ਰਤੀ ਏਨੀ ਬੇਲਾਗ ਕਿਵੇਂ ਹੋ ਸਕਦੀ ਹੈ? ਕੀ ਇਸ ਨੂੰ ਭਾਰਤ ਦੇ ਭੁਖੇ ਢਿੱਡਾਂ ਦੇ ਅੰਨ-ਦਾਤਾ ਕਿਸਾਨ ਨਾਲੋਂ ਕਾਰਪੋਰੇਟ ਘਰਾਣਿਆਂ ਦਾ ਜ਼ਿਆਦਾ ਫਿਕਰ ਹੈ?

ਖੇਤੀ ਮੰਤਰੀ ਨੇ 9 ਜਨਵਰੀ ਦੀ ਮੀਟਿੰਗ ਲਈ ਕਿਸਾਨਾਂ ਤੋਂ 50 ਮਿੰਟ ਇੰਤਜ਼ਾਰ ਕਰਾਇਆ ਅਤੇ 15 ਤਰੀਕ ਦੀ ਮੀਟਿੰਗ ਵਿਚ ਮੰਤਰੀ ਪੂਰੇ ਸੱਠ ਮਿੰਟ ਦੇਰ ਨਾਲ ਪਹੁੰਚੇ। ਤਿੰਨ ਕੇਂਦਰੀ ਮੰਤਰੀਆਂ ਤੋਂ ਬਿਨਾ ਸਕੱਤਰਾਂ ਅਤੇ ਅਫਸਰਾਂ ਦੀ ਧਾੜ ਦੇ ਨਾਲ ਨਾਲ ਸਿਕਿਉਰਿਟੀ ਅਮਲਾ ਵੀ ਸੈਂਕੜਿਆਂ ਦੀ ਗਿਣਤੀ ਵਿਚ ਹੁੰਦਾ ਹੈ। ਕਿਸਾਨ ਆਪਣੇ ਨਾਲ ਲਿਆਂਦਾ ਲੰਗਰ ਛਕਦੇ ਹਨ, ਪਰ ਬਾਕੀ ਅਮਲੇ ਲਈ ਖਾਣਾ ਪੰਜ ਤਾਰਾ ਅਸ਼ੋਕਾ ਹੋਟਲ ਤੋਂ ਆਉਂਦਾ ਹੈ। ਵਿਗਿਆਨ ਭਵਨ ਵਿਚ ਹੋਣ ਵਾਲੀ ਹਰੇਕ ਮੀਟਿੰਗ 'ਤੇ ਪੈਸਾ ਟੈਕਸ ਦੇਣ ਵਾਲੀ ਜਨਤਾ ਦਾ ਖਰਚ ਹੁੰਦਾ ਹੈ, ਜਿਸ ਜਨਤਾ ਦਾ ਕਿਸਾਨ ਬਹੁਤ ਹੀ ਅਹਿਮ ਹਿੱਸਾ ਹੈ ਅਤੇ ਇਹ ਪੈਸਾ ਕਿਸਾਨਾਂ ਦੇ ਨਾਮ 'ਤੇ ਖਰਚ ਹੋ ਰਿਹਾ ਹੈ, ਜੋ ਆਪਣਾ ਲੰਗਰ ਨਾਲ ਲਿਆਉਂਦੇ ਹਨ। ਇਹ ਪੈਸਾ ਨਾ ਹੀ ਕਾਰਪੋਰੇਟਾਂ ਦੀ ਜੇਬ ਵਿਚੋਂ ਆਉਂਦਾ ਹੈ ਅਤੇ ਨਾ ਹੀ ਮੰਤਰੀਆਂ ਦੀ ਜੇਬ ਵਿਚੋਂ। ਕਾਰਪੋਰੇਟਾਂ ਦੇ ਤਾਂ ਕਰਜ਼ੇ ਵੀ ਸਰਕਾਰ ਥੋਕ ਦੇ ਭਾਅ ਮੁਆਫ ਕਰਦੀ ਹੈ।

ਹੁਣ ਸਰਕਾਰ ਨੇ ਨਵਾਂ ਤਰੀਕਾ ਲੱਭਿਆ ਹੈ ਕਿ ਦੇਸ਼ ਦੀਆਂ ਬਹੁਤ ਸਾਰੀਆਂ ਕਿਸਾਨ-ਜਥੇਬੰਦੀਆਂ ਨਵੇਂ ਖੇਤੀ ਕਾਨੂੰਨਾਂ ਦੇ ਹੱਕ ਵਿਚ ਹਨ। ਫਰਜ਼ੀ ਖੜ੍ਹੀਆਂ ਕੀਤੀਆਂ ਅਤੇ ਕਈ ਤਾਂ ਦਸੰਬਰ ਮਹੀਨੇ ਵਿਚ ਹੀ ਰਜਿਸਟਰ ਕਰਵਾਈਆਂ ਕਿਸਾਨ ਜਥੇਬੰਦੀਆਂ ਨਾਲ ਹਰ ਰੋਜ਼ ਖੇਤੀ ਮੰਤਰੀ ਤਸਵੀਰਾਂ ਖਿਚਾਉਂਦਾ ਹੈ। ਕੁਝ ਲੋਕਪੱਖੀ ਟੀ. ਵੀ. ਚੈਨਲਾਂ ਨੇ ਅਜਿਹੇ ਫਰਜ਼ੀ ਕਿਸਾਨ ਸੰਗਠਨਾਂ ਅਤੇ ਉਨ੍ਹਾਂ ਦੇ ਲੀਡਰਾਂ ਦਾ ਕੱਚ-ਸੱਚ ਲੋਕਾਂ ਸਾਹਮਣੇ ਨਸ਼ਰ ਕੀਤਾ ਹੈ। ਸਰਕਾਰ ਦਾ ਇੱਕੋ ਇੱਕ ਮਕਸਦ ਹਰ ਹਾਲਤ ਵਿਚ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦਾ ਹੈ ਅਤੇ ਅਜਿਹੀਆਂ ਸਬੀਲਾਂ ਰਾਹੀਂ ਉਹ ਕਿਸਾਨਾਂ ਨੂੰ ਥਕਾ ਕੇ ਵਾਪਸ ਘਰਾਂ ਨੂੰ ਭੇਜਣਾ ਚਾਹੁੰਦੀ ਹੈ, ਬਿਲਕੁਲ ਉਵੇਂ ਹੀ ਜਿਵੇਂ ਸ਼ਾਹੀਨ ਬਾਗ ਮੋਰਚੇ ਦੀਆਂ ਸਿਟੀਜ਼ਨਸ਼ਿਪ ਰਜਿਸਟਰੇਸ਼ਨ ਐਕਟ ਵਿਰੁੱਧ ਧਰਨਾ ਦੇ ਰਹੀਆਂ ਬੀਬੀਆਂ ਨੂੰ ਪਹਿਲਾਂ ਸੁਪਰੀਮ ਕੋਰਟ ਰਾਹੀਂ ਅਤੇ ਫਿਰ ਕਰੋਨਾ ਦੇ ਬਹਾਨੇ ਧਰਨੇ ਤੋਂ ਉਠਾਇਆ ਸੀ। ਦੁਨੀਆਂ ਭਰ ਦੇ ਤਮਾਮ ਦੇਸ਼ ਕਿਸਾਨ ਨੂੰ ਪੈਸਾ ਦਿੰਦੇ ਹਨ, ਇਕੱਲਾ ਭਾਰਤ ਹੈ, ਜਿੱਥੇ ਕਿਸਾਨ ਸਰਕਾਰ ਦੀ ਕਿਸੇ ਗਿਣਤੀ ਵਿਚ ਨਹੀਂ ਹੈ। ਭਾਰਤ ਵਿਚ ਕਿਸਾਨ ਦੀ ਆਮਦਨ ਸਭ ਤੋਂ ਘੱਟ ਹੈ। ਕਾਰਪੋਰੇਟਾਂ ਨੂੰ ਜਿਉਂਦੇ ਰੱਖਣ ਲਈ ਉਨ੍ਹਾਂ ਦੇ ਕਰਜ਼ੇ ਵੱਡੀ ਪੱਧਰ 'ਤੇ ਮੁਆਫ ਕੀਤੇ ਜਾਂਦੇ ਹਨ, ਪਰ ਕਿਸਾਨਾਂ ਦੀਆਂ ਨਿੱਤ ਦਿਨ ਹੁੰਦੀਆਂ ਖੁਦਕਸ਼ੀਆਂ ਦੀ ਕਿਸੇ ਨੂੰ ਪ੍ਰਵਾਹ ਨਹੀਂ ਹੈ।

ਦੇਸ਼ ਦਾ ਸੰਵਿਧਾਨ ਦੇਸ਼ ਦੇ ਲੋਕਾਂ ਲਈ ਹੈ। ਸੰਵਿਧਾਨ ਲੋਕਾਂ ਦੇ ਮੁਢਲੇ ਹੱਕਾਂ ਦੀ ਰਾਖੀ ਲਈ ਬਣਾਇਆ ਗਿਆ ਸੀ। ਸੰਵਿਧਾਨ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਅਧਿਕਾਰਾਂ ਦੀ ਸਪੱਸ਼ਟ ਵੰਡ ਕੀਤੀ ਗਈ ਹੈ। ਖਣਿਜ ਪਦਾਰਥ ਕੇਂਦਰ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਅਤੇ ਖੇਤੀ ਰਾਜ ਸਰਕਾਰਾਂ ਦਾ ਹੱਕ ਹੈ। ਭਾਰਤ ਦੇ ਵੰਨ-ਸੁਵੰਨੇ ਪ੍ਰਾਂਤਾਂ ਦੀ ਧਰਤੀ ਵੀ ਵੰਨ-ਸੁਵੰਨੀ ਹੈ, ਜਿੱਥੇ ਅਲੱਗ ਅਲੱਗ ਕਿਸਮ ਦੀਆਂ ਫਸਲਾਂ ਹੁੰਦੀਆਂ ਹਨ। ਇਸ ਲਈ ਫਸਲਾਂ ਅਨੁਸਾਰ ਉਨ੍ਹਾਂ ਦੀ ਮਾਰਕੀਟਿੰਗ ਅਤੇ ਹੋਰ ਸਬੰਧਤ ਕਾਨੂੰਨ ਬਣਾਉਣ ਦਾ ਹੱਕ ਰਾਜਾਂ ਦਾ ਹੈ। ਸੰਵਿਧਾਨ ਘਾੜਿਆਂ ਦੇ ਮਨ ਵਿਚ ਸ਼ਾਇਦ ਉਦੋਂ ਇਹ ਵਿਚਾਰ ਵੀ ਹੋਵੇ ਕਿ ਜੇ ਕੇਂਦਰ ਖਾਣਾਂ ਵੇਚ ਦੇਵੇ, (ਜਿਵੇਂ ਕਿ ਵਾਪਰ ਚੁਕਾ ਹੈ ਕਿ ਕਾਰਪੋਰੇਟਾਂ ਦੇ ਹੱਥੀਂ ਚੜ੍ਹ ਕੇ ਹੁਣ ਥੋਕ ਵਿਚ ਕੱਚਾ ਮਾਲ ਬਾਹਰ ਜਾ ਰਿਹਾ ਹੈ), ਤਾਂ ਘੱਟੋ ਘੱਟ ਖੇਤ ਬਚੇ ਰਹਿ ਜਾਣ, ਪਰ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਪ੍ਰਵਾਹ ਨਾ ਕਰਦਿਆਂ ਤਿੰਨ ਕਾਲੇ ਖੇਤੀ ਕਾਨੂੰਨ, ਕੋਵਿਡ-19 ਦੀਆਂ ਬੰਦਿਸ਼ਾਂ ਦਾ ਫਾਇਦਾ ਉਠਾਉਂਦਿਆਂ ਬਿਨਾ ਕੋਈ ਵੋਟਿੰਗ ਕਰਾਇਆਂ ਇੱਕੋ ਝਟਕੇ ਵਿਚ ਪਾਸ ਕਰ ਦਿੱਤੇ। ਜਿਵੇਂ ਪਹਿਲਾਂ ਵੀ ਕਈ ਮਾਮਲਿਆਂ ਵਿਚ ਕੀਤਾ ਹੈ, ਆਪਣੀ ਜ਼ਿਦ ਪੁਗਾਉਣ ਲਈ ਆਪਣੇ ਕਿਸੇ ਚਹੇਤੇ ਕਾਨੂੰਨ ਦੀ ਪੜ੍ਹਾਈ ਦੇ ਵਿਦਿਆਰਥੀ ਪਾਸੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਪੁਆ ਦਿੱਤੀ। ਕੀ ਕੋਈ ਵਿਦਿਆਰਥੀ ਦੇਸ਼ ਦੇ ਸਭ ਤੋਂ ਮਹਿੰਗੇ ਵਕੀਲ ਨੂੰ ਖੜ੍ਹਾ ਕਰਨ ਦੀ ਸਮਰੱਥਾ ਰੱਖ ਸਕਦਾ ਹੈ? ਸੁਪਰੀਮ ਕੋਰਟ ਵਿਚ ਜਿਵੇਂ, ਜੋ ਕੁਝ ਹੋਇਆ ਸਭ ਦੇ ਸਾਹਮਣੇ ਹੈ।

ਡਾ. ਫੈਜ਼ਾਨ ਮੁਸਤਫਾ, ਜੋ ਕਾਨੂੰਨ ਦੇ ਵਿਦਵਾਨ ਹਨ, ਨੇ ਇਸ ਵਿਸ਼ੇ 'ਤੇ ਸੁਪਰੀਮ ਕੋਰਟ ਦੇ ਸੇਵਾ-ਮੁਕਤ ਜੱਜ ਮਾਰਕੰਡੇ ਕਾਟਜੂ ਨਾਲ ਇੱਕ ਵਾਰਤਾ ਨਸ਼ਰ ਕੀਤੀ ਹੈ। ਮਿਸਟਰ ਕਾਟਜੂ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਦਾ ਫਰਜ਼ ਸੀ ਕਿ ਉਹ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਦੀ ਸੰਵਿਧਾਨਕਤਾ ਨੂੰ ਜੱਜ ਕਰਦਾ, ਜੋ ਕੋਰਟ ਦਾ ਫਰਜ਼ ਹੈ। ਖੇਤੀ ਕਾਨੂੰਨ ਬਣਾਉਣਾ ਰਾਜ ਸਰਕਾਰਾਂ ਦਾ ਵਿਸ਼ਾ ਹੈ, ਕੇਂਦਰ ਦਾ ਨਹੀਂ। ਇਸ ਲਈ ਸੁਪਰੀਮ ਕੋਰਟ ਨੂੰ ਇਨ੍ਹਾਂ ਕਾਨੂੰਨਾਂ ਨੂੰ ਗੈਰ-ਸੰਵਿਧਾਨਕ ਕਰਾਰ ਦੇਣਾ ਚਾਹੀਦਾ ਸੀ। ਕੋਰਟ ਨੂੰ ਸਿਰਫ ਇਹ ਫੈਸਲਾ ਲੈਣਾ ਚਾਹੀਦਾ ਸੀ ਕਿ ਇਹ ਕਾਨੂੰਨ ਅਨਕੰਸਟੀਟਿਊਨਸ਼ਲ ਹਨ। ਜੋ ਕੁਝ ਹੋਇਆ ਹੈ, ਇਹ ਅਡਵੈਂਚਰੇਲਿਜ਼ਮ ਹੈ, ਜੋ ਨਹੀਂ ਸੀ ਹੋਣਾ ਚਾਹੀਦਾ। ਇਹ ਨੇਤਾਗਿਰੀ ਹੈ। ਇਸ ਵਾਰਤਾਲਾਪ ਵਿਚ ਸ੍ਰੀ ਕਾਟਜੂ ਦਾ ਇਹ ਵੀ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਨੂੰ ਇਹ ਕਾਨੂੰਨ ਤੁਰੰਤ ਵਾਪਸ ਲੈ ਲੈਣੇ ਚਾਹੀਦੇ ਹਨ ਅਤੇ ਗਲਤੀ ਮੰਨ ਲੈਣੀ ਚਾਹੀਦੀ ਹੈ; ਗਲਤੀ ਮੰਨ ਲੈਣ ਨਾਲ ਕੋਈ ਵੀ ਆਦਮੀ ਕਦੇ ਛੋਟਾ ਨਹੀਂ ਹੋ ਜਾਂਦਾ। ਪ੍ਰਧਾਨ ਮੰਤਰੀ ਦੀ ਕਾਨੂੰਨ ਵਾਪਸ ਲੈ ਲੈਣ ਨਾਲ ਸਾਖ ਘਟੇਗੀ ਨਹੀਂ, ਸਗੋਂ ਵਧੇਗੀ। ਮਿਸਟਰ ਕਾਟਜੂ ਨੇ ਹੀ ਇਹ ਵੀ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਮਿਸਟਰ ਮੋਦੀ ਨੂੰ ਇੱਕ ਚਿੱਠੀ ਵੀ ਲਿਖੀ ਹੈ। (ਇਸ ਚਿੱਠੀ ਸਬੰਧੀ ਖਬਰ ਅਖਬਾਰਾਂ ਵਿਚ ਵੀ ਛਪੀ ਹੈ)। ਸੁਪਰੀਮ ਕੋਰਟ ਦਾ ਸਟੇਅ ਕਰਨ ਦਾ ਅਧਿਕਾਰ ਨਹੀਂ ਹੈ। ਸੁਪਰੀਮ ਕੋਰਟ ਦਾ ਕੰਮ ਸੰਵਿਧਾਨ ਦੀ ਰਾਖੀ ਕਰਨਾ ਹੈ ਕਿ ਕੋਈ ਕਾਨੂੰਨ ਗੈਰ-ਸੰਵਿਧਾਨਕ ਨਾ ਹੋਵੇ। ਵਿਦਵਾਨਾਂ ਦੀ ਇਹ ਵੀ ਧਾਰਨਾ ਹੈ ਕਿ ਸਰਵਉੱਚ ਨਿਆਂਪਾਲਿਕਾ ਦਾ ਰਾਜਨੀਤੀਕਰਨ ਹੋ ਜਾਣਾ ਦੇਸ਼ ਦੇ ਵਡੇਰੇ ਹਿੱਤਾਂ ਵਿਚ ਨਹੀਂ ਹੈ। ਜੱਜਾਂ ਨੂੰ ਰਾਜ ਸਭਾ ਦੀ ਮੈਂਬਰੀ ਜਾਂ ਅਜਿਹੀਆਂ ਪ੍ਰਾਪਤੀਆਂ ਦੀ ਝਾਕ ਨਹੀਂ ਰੱਖਣੀ ਚਾਹੀਦੀ।

ਪ੍ਰਧਾਨ ਮੰਤਰੀ ਮੋਦੀ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਹ ਲੋਕਰਾਜ ਹੈ ਅਤੇ ਲੋਕਰਾਜ ਦਾ ਅਰਥ ਕਿਸੇ ਕਾਰਪੋਰੇਟਾਂ ਦੇ ਹਿਤਾਂ ਨੂੰ ਸਾਹਮਣੇ ਰੱਖਣਾ ਨਹੀਂ ਹੁੰਦਾ, ਸਗੋਂ ਲੋਕ-ਹਿਤਾਂ ਨੂੰ ਸਾਹਮਣੇ ਰੱਖਣਾ ਹੁੰਦਾ ਹੈ। ਲੋਕਾਂ ਨੂੰ ਤਰ੍ਹਾਂ ਤਰ੍ਹਾਂ ਨਾਲ ਵੰਡ ਕੇ ਲੰਬਾ ਸਮਾਂ ਵੋਟਾਂ ਹਾਸਲ ਨਹੀਂ ਕੀਤੀਆਂ ਜਾ ਸਕਦੀਆਂ। ਇੱਕ ਦਿਨ ਆਉਂਦਾ ਹੈ, ਜਦੋਂ ਜ਼ਿਆਦਤੀਆਂ ਸਹਿੰਦੇ ਸਹਿੰਦੇ ਲੋਕ ਜਾਗ ਪੈਂਦੇ ਹਨ ਅਤੇ ਇਹ ਅਮਲ ਸ਼ੁਰੂ ਹੋ ਗਿਆ ਹੈ। ਹੁਣ ਲੋਕਾਂ ਨੂੰ ਜੁਮਲਿਆਂ ਨਾਲ ਬੁੱਧੂ ਨਹੀਂ ਬਣਾਇਆ ਜਾ ਸਕਦਾ; ਉਨ੍ਹਾਂ ਨੇ ਬੁੱਧੂ ਬਣਨਾ ਨਹੀਂ, ਗੋਦੀ ਮੀਡੀਆ ਦੇ ਚੀਖ ਚੀਖ ਕੇ ਰੌਲਾ ਪਾਉਣ ਨਾਲ ਵੀ ਨਹੀਂ। ਪਿਛਲੇ 70 ਸਾਲਾਂ ਵਿਚ ਕਿਸਾਨ ਬਾਰੇ ਕਿਸੇ ਨੇ ਨਹੀਂ ਸੋਚਿਆ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਤਾਂ ਕਿਸਾਨੀ ਨੂੰ ਹੀ ਵੇਚਣਾ ਲਾ ਦਿੱਤਾ ਹੈ। ਕੀ ਹੁਣ ਦੇਸ਼ ਦੀ ਅਰਥ-ਵਿਵਸਥਾ ਕਾਰਪੋਰੇਟਾਂ ਦੇ ਅਨੁਸਾਰ ਚੱਲੇਗੀ? ਖੇਤੀਬਾੜੀ ਨਾਲ ਜੁੜੀਆਂ ਅਨੇਕ ਸਨਅਤਾਂ ਪੈਸਾ ਕਮਾ ਰਹੀਆਂ ਹਨ, ਪਰ ਕਿਸਾਨ ਦੀ ਆਰਥਕ ਹਾਲਤ ਦਿਨੋ ਦਿਨ ਮੰਦੀ ਵੱਲ ਜਾ ਰਹੀ ਹੈ, ਕਿਉਂਕਿ ਸਰਕਾਰ ਕੋਲ ਕਿਸਾਨ ਲਈ ਪੈਸਾ ਹੈ ਨਹੀਂ। ਤਨਖਾਹਾਂ ਵਧਦੀਆਂ ਹਨ, ਉਜਰਤਾਂ ਵਧਦੀਆਂ ਹਨ, ਕਿਸਾਨ ਦੀ ਉਪਜ ਦੀਆਂ ਕੀਮਤਾਂ ਲਾਗਤ ਅਨੁਸਾਰ ਕਿਉਂ ਨਹੀਂ ਵਧਦੀਆਂ? ਇਹ ਤਾਂ ਸਮੇਂ ਦੀ ਸਰਕਾਰ ਦਾ ਫਰਜ਼ ਬਣਦਾ ਹੈ ਕਿ ਕਿਸਾਨੀ ਦੀ ਉਪਜ ਦੀ ਕੀਮਤ ਦੀ ਗਾਰੰਟੀ ਕਰੇ। ਮੌਜੂਦਾ ਸਰਕਾਰ ਵੱਲੋਂ ਕਿਸਾਨੀ ਨੂੰ ਵਿਕਣ ਲਾਉਣ ਦਾ ਖੁਲਾਸਾ ਕਿਸਾਨਾਂ ਨੇ ਲੋਹੜੀ ਬਾਲ ਕੇ ਕੀਤਾ ਹੈ, ਜਿਸ ਦੇ ਗੀਤ ਦੀਆਂ ਕੁਝ ਪੰਕਤੀਆਂ ਇਸ ਤਰ੍ਹਾਂ ਹਨ,

ਸਿੰਘੂ ਟਿੱਕਰੀ ਬਾਰਡਰ ਹੋ!
ਤੇਰਾ ਸਬਰ ਨਿਆਰਾ ਹੋ!
ਭਾਈ ਘਨੱਈਆਂ ਵਾਲਾ ਹੋ!
ਮੋਦੀ ਗੱਪ ਚਲਾਈ ਹੋ!
ਕਿਸਾਨੀ ਸੇਲ 'ਤੇ ਲਾਈ ਹੋ!
ਅੰਬਾਨੀ-ਅਡਾਨੀ ਯਾਰ ਬਣਾਇਆ ਹੋ!
ਨਵਾਂ ਕਾਨੂੰਨ ਬਣਾਇਆ ਹੋ!
ਕਰਦਾ ਨਾ ਨਿਪਟਾਰਾ ਹੋ!
ਕਿਸਾਨਾਂ ਘੇਰਾ ਪਾਇਆ ਹੋ!
ਸਿੰਘੂ ਟਿੱਕਰੀ ਡੇਰਾ ਲਾਇਆ ਹੋ!

# ਹੋਮਿਓਪੈਥੀ: ਇਹ ਵੀ ਇਕ ਲੰਗਰ

***ਕਿਸਾਨੀ ਸੰਘਰਸ਼ ਦੌਰਾਨ ਉਥੇ ਮੌਜੂਦ ਲੋਕਾਂ ਨੂੰ ਦਰਪੇਸ਼ ਸਰੀਰਕ ਮੁਸ਼ਕਿਲਾਂ ਜਾਂ ਰੋਗਾਂ ਨੂੰ ਧਿਆਨ ਵਿਚ ਰੱਖਦਿਆਂ ਲਿਖੇ ਇਸ ਲੇਖ ਵਿਚ ਲੇਖਕ ਨੇ ਕੁਝ ਹੋਮਿਓਪੈਥੀ ਦਵਾਈਆਂ ਅਜ਼ਮਾਉਣ ਦੀ ਨਸੀਹਤ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਸੰਸਾਰ ਦੀ ਸਭ ਤੋਂ ਵੱਧ ਵਿਗਿਆਨਕ ਚਿਕਿਤਸਾ-ਪ੍ਰਣਾਲੀ ਹੋਮਿਓਪੈਥੀ ਦੇ ਅਜ਼ਮਾਏ ਹੋਏ ਸੱਚ ਹਨ। ਇਹਤਿਆਤ ਲਈ ਇਹ ਜਰੂਰੀ ਹੈ ਕਿ ਦਵਾਈ ਲੈਣ ਤੋਂ ਪਹਿਲਾਂ ਇਸ ਆਮ ਜਾਣਕਾਰੀ ਨੂੰ ਆਪਣੇ ਹੋਮਿਓਪੈਥ ਨਾਲ ਸਲਾਹ ਕਰ ਕੇ ਪੱਕੀ ਕਰ ਲਿਆ ਜਾਵੇ। ਇਸ ਬਾਰੇ ਆਪਣੇ ਹੋਮਿਓਪੈਥ ਜਾਂ ਸਥਾਨਕ ਡਾਕਟਰ ਦੀ ਸਲਾਹ ਲੈਣੀ ਅਤੀ ਜਰੂਰੀ ਹੈ। ਇਹ ਲੇਖ ਸਿਰਫ ਤੇ ਸਿਰਫ ਪਾਠਕਾਂ ਦੀ ਜਾਣਕਾਰੀ ਹਿੱਤ ਛਾਪ ਰਹੇ ਹਾਂ। -ਸੰਪਾਦਕ***

ਹਫਤਾ ਕੁ ਪਹਿਲਾਂ ਇਕ ਸ਼ਾਮ ਇੰਡੀਆ ਤੋਂ ਮੇਰੇ ਭਰਾ ਦਾ ਫੋਨ ਆਇਆ। ਦੁਖ ਭਰੀ ਅਵਾਜ਼ ਵਿਚ ਕੁਝ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਪੁੱਛਿਆ, "ਤੂੰ ਰੋ ਕਿਉਂ ਰਿਹੈਂ ਕਾਕਾ?

ਕਹਿਣ ਲੱਗਾ, "ਰੋ ਨ੍ਹੀਂ ਰਿਹਾ ਬਾਈ, ਮੋਢੇ ਮਾਂ ਬਹੁਤ ਦਰਦ ਮਾਰ ਰਿਹਾ ਜੀ। ਦਵਾਈ ਪੁਛਣੇ ਵਾਸਤੈ ਫੋਨ ਕਰਿਆ।"

ਮੈਂ ਉਸ ਨੂੰ ਦਰਦ ਦਾ ਕਾਰਨ ਪੁੱਛਿਆ। ਕਹਿਣ ਲੱਗਾ, "ਪਤਾ ਨੀ ਕਾਸਤੇ ਹੋ ਗਿਆ। ਦਿੱਲੀ ਮਾਂ ਧਰਨੇ ਪਰ ਗਿਆ ਹੋਇਆ ਤਾ, ਉਥੇ ਈ ਕੁਸ ਹੋ ਗਿਆ।"

ਮੈਂ ਉਸ ਨੂੰ ਕਿਹਾ, "ਸਹੀ ਦੱਸ ਧਰਨੇ 'ਤੇ ਕੀ ਹੋਇਆ; ਡਿਗ ਪਿਆ ਸੀ, ਚੋਟ ਲੱਗੀ ਸੀ, ਠੰਡੀ ਹਵਾ ਵਿਚ ਫਿਰਦਾ ਰਿਹਾ, ਭਿੱਜ ਗਿਆ ਜਾਂ ਕੁਝ ਖਾਣ-ਪੀਣ ਦੀ ਖਰਾਬੀ ਹੋ ਗਈ ਸੀ?"

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਉਸ ਨੇ ਥੋੜ੍ਹਾ ਵੱਟ ਜਿਹਾ ਖਾ ਕੇ ਜਵਾਬ ਦਿੱਤਾ, "ਖਾਣ ਪੀਣ ਗੀ ਕੇ ਖਰਾਬੀ ਹੋ'ਗੀ ਬਾਈ ਉੱਥੈ, ਇੰਨਾ ਸਾਫ ਸੁਥਰਾ ਤੋ ਲੰਗਰ ਮਿਲੇਤਾ। ਨਾਲੇ ਮੈਂ ਤੋ ਹਿਸਾਬ ਗੈਲੇ ਖਾਹਾਂਤਾ। ਪਰ ਮੰਨੂੰ ਲਗਾ ਜੋਹ ਟਰਾਲੀ ਮਾਂ ਚੜ੍ਹਨੇ ਉਤਰਨੇ ਕਰ ਕੈ ਹੋਇਆ।"

ਮੈਂ ਮਰੀਜ਼ ਦੇ ਅਨੁਮਾਨ ਦੀ ਬਹੁਤ ਕਦਰ ਕਰਦਾ ਹਾਂ, ਪਰ ਤਹਿ ਤੀਕ ਜਾਣ ਲਈ ਪੁਛਿਆ, "ਹੁਣ ਟਰਾਲੀ ਵੀ ਨੀ ਚੜ੍ਹ ਸਕਦਾ ਤੂੰ?" ਉਹ ਬੋਲਿਆ, "ਟਰਾਲੀ ਮਾਂ ਤੋ ਚੜ੍ਹ ਜਾਹਾਂ ਤਾ ਜੀ ਪਰ ਉਸ ਮਾਂ ਸੌਣ ਵਾਸਤੈ ਦੋ ਛੱਤਾਂ ਬਣਾਈਆਂ ਹੋਈਆਂ ਤੀਆਂ। ਉੱਪਰਲੀ ਛੱਤ ਆਲੇ ਤੋ ਪੌੜੀ ਲਾ ਕੈ ਚੜ੍ਹ ਜੇਂ ਤੇ। ਪਰ ਮੇਰਾ ਬਿਸਤਰਾ ਹੇਠਲੀ ਛੱਤ ਮਾਂ ਸਭ ਤੇ ਪਰਲੇ ਪਾਸੇ ਤਾ। ਕੋਢਾ ਹੋ ਹੋ ਕੈ ਸਭ ਕੇ ਉੱਪਰ ਨੂੰ ਟੱਪ ਕੈ ਜਾਣਾ ਪਵੇ ਤਾ। ਬਸ ਮੋਢੇ ਪਰ ਕੋਈ ਦਬਾਉ ਪੈ ਗਿਆ। ਪਹਿਲਾਂ ਥੋੜ੍ਹਾ ਥੋੜ੍ਹਾ ਦੁਖਣ ਲਗਿਆ, ਫੇਰ ਜਾਦੈਂ ਹੋ ਗਿਆ। ਮੇਰੇ ਤੋ ਖੱਬਾ ਮੋਢਾ, ਬਾਂਹ, ਛਾਤੀ ਸਭ ਹਿੱਲਣੇ ਤੇ ਰਹਿ'ਗੇ। ਸਾਂਹ ਵੀ ਔਖਾ ਆਵਾ। ਗੈਲ ਗੇ ਕਹਿਣ ਲਗੇ ਜਾ ਗੈ ਹਾਰਟ ਆਲੇ ਨੂੰ ਦਖਾ। ਇਕ ਕਾਰ ਆ ਰਹੀ ਤੀ ਪੰਜਾਬ ਕੰਨੀ ਨੂੰ, ਉਨ੍ਹਾਂ ਨੈ ਮੰਨੂੰ ਉਸ ਮਾਂ ਬਠਾ ਦਿਆ। ਹੁਣੇ ਗਏ ਐਂ ਛੋੜ ਗੈ। ਬੱਸ ਤਿਆਰ ਹੋ ਗੈ ਜਾਣ ਲਗਿਆ ਤਾ ਪਟਿਆਲੈ। ਮਖਿਆ ਬਾਈ ਨੂੰ ਏਂ ਪੁੱਛਾਂ, ਕੁਸ ਦੱਸਦੇ ਜੇ।"

ਉਹ ਤੇ ਉਸ ਦਾ ਪਰਿਵਾਰ, ਇੱਥੋਂ ਤੀਕ ਕਿ ਸਾਡੇ ਬਹੁਤ ਸਾਰੇ ਰਿਸ਼ਤੇਦਾਰ ਤੇ ਵਾਕਫ ਜਦੋਂ ਕਦੇ ਬੀਮਾਰ ਹੋਣ ਜਾਂ ਹਸਪਤਾਲੀ ਇਲਾਜ ਕਰਵਾ ਕੇ ਉਲਝ ਜਾਣ ਤਾਂ ਮੈਨੂੰ ਫੋਨ ਕਰਦੇ ਹਨ। ਮੈਂ ਇੱਥੇ ਬੈਠਾ ਉਨ੍ਹਾਂ ਦਾ ਬਹੁਤਾ ਕੁਝ ਤਾਂ ਨਹੀਂ ਕਰ ਸਕਦਾ, ਪਰ ਜਦੋਂ ਕੇਸ ਕੋਈ ਸਿੱਧਾ ਜਾਪੇ ਤਾਂ ਵੱਟਸਐਪ 'ਤੇ ਦਵਾਈ ਲਿਖ ਕੇ ਭੇਜ ਦਿੰਦਾ ਹਾਂ ਤੇ ਉਹ ਪਟਿਆਲੇ ਦੇ ਸੰਤ ਸਟੋਰ ਤੋਂ ਲੈ ਲੈਂਦੇ ਹਨ। ਮੈਨੂੰ ਪਤਾ ਹੈ ਕਿ ਹੋਮਿਓਪੈਥੀ ਵਿਚ ਇਹ ਢੰਗ ਵਰਤਣਾ ਠੀਕ ਨਹੀਂ, ਕਿਉਂਕਿ ਇਸ ਪ੍ਰਣਾਲੀ ਵਿਚ ਦਵਾਈ ਦੀਆਂ ਇਕ ਦੋ ਖੁਰਾਕਾਂ ਹੀ ਇਲਾਜ ਲਈ ਕਾਫੀ ਹੁੰਦੀਆਂ ਹਨ, ਜਦੋਂ ਕਿ ਬੀਮਾਰਾਂ ਦੀ ਆਦਤ ਹੈ ਕਿ ਦਵਾਈ ਦਾ ਪਤਾ ਲੱਗਣ ਨਾਲ ਉਸ ਨੂੰ ਲੈ ਲੈ ਖਾਈ ਜਾਂਦੇ ਹਨ। ਇਸ ਗੱਲ 'ਤੇ ਨਿਗਰਾਨੀ ਰੱਖਦਿਆਂ ਮੈਂ ਉਨ੍ਹਾਂ ਨੂੰ ਦਵਾਈ ਦੀਆਂ ਨਿਸ਼ਚਿਤ ਖੁਰਾਕਾਂ ਹੀ ਲਿਖਦਾ ਹਾਂ ਤੇ ਨਾਲ ਲੈਣ ਦੇ ਢੰਗ ਦਾ ਜ਼ਿਕਰ ਕਰਦਾ ਹਾਂ। ਮੈਂ ਸੰਤ ਨੂੰ ਵੀ ਕਿਹਾ ਹੋਇਆ ਹੈ ਕਿ ਮੇਰੇ ਮਰੀਜ਼ਾਂ ਨੂੰ ਲਿਖੀਆਂ ਹੋਈਆਂ ਖੁਰਾਕਾਂ ਤੋਂ ਵਧੀਕ ਦਵਾਈ ਨਾ ਦੇਵੇ।

ਮੇਰੇ ਭਰਾ ਦਾ ਬਿਆਨ ਸੁਣ ਕੇ ਕੇ ਮੇਰਾ ਬੈਠੇ ਬਿਠਾਏ ਦਾ ਸਾਹ ਘੁਟਣ ਲੱਗਿਆ। ਜਿਸ ਤਰ੍ਹਾਂ ਦੀ ਭੀੜੀ ਹਾਲਤ ਦਾ ਉਸ ਨੇ ਬਿਆਨ ਕੀਤਾ, ਉਸ ਵਿਚ ਤਾਂ ਮੈਂ ਇਕ ਮਿੰਟ ਵੀ ਨਾ ਰਹਿ ਸਕਾਂ। ਮੈਂ ਤਾਂ ਟ੍ਰੇਨ ਦੇ ਡੱਬੇ ਦੀ ਉਤਲੀ ਸੀਟ 'ਤੇ ਵੀ ਨਹੀਂ ਸੌਂ ਸਕਦਾ। ਇਸ ਲਈ ਪਹਿਲਾਂ ਮੈਂ ਆਪ ਮੁਹਾਰੇ ਬਾਰੀ ਖੋਲ੍ਹ ਕੇ ਠੰਡਾ ਸਾਹ ਲਿਆ। ਫਿਰ ਅੰਦਾਜ਼ਾ ਲਾਇਆ ਕਿ ਛੇ ਫੁੱਟ ਤੋਂ ਲੰਬੇ ਮੇਰੇ ਭਰਾ ਲਈ ਟਰਾਲੀ ਵਿਚ ਸੌਣਾ ਕਿੰਨਾ ਔਖਾ ਹੋਇਆ ਹੋਵੇਗਾ। ਇਸ ਤੋਂ ਵੀ ਔਖਾ ਉਸ ਲਈ ਹੱਥਾਂ-ਪੈਰਾਂ ਦੇ ਸਹਾਰੇ ਦੂਜਿਆਂ ਉਤੋਂ ਦੀ ਲੰਘ ਕੇ ਆਪਣੀ ਸੀਟ 'ਤੇ ਜਾਣਾ ਹੋਇਆ ਹੋਵੇਗਾ। ਜਰੂਰ ਹੀ ਉਸ ਦੇ ਸਰਦੀ ਤੇ ਬੇਆਰਾਮੀ ਦੇ ਝੰਬੇ ਸਰੀਰ ਦੀ ਕੋਈ ਨਾੜ ਚੜ੍ਹ ਗਈ ਹੋਵੇਗੀ ਜਾਂ ਟਰਾਲੀ ਦੇ ਲੋਹੇ ਦੀ ਠੰਢ ਨੇ ਉਸ ਦੇ ਪੱਠਿਆਂ ਨੂੰ ਜਾਮ ਕਰ ਦਿੱਤਾ ਹੋਵੇਗਾ। ਮੈਂ ਉਸ ਨੂੰ ਕਿਹਾ ਕਿ ਆਪਣੀ ਨੂੰਹ ਨਾਲ ਗੱਲ ਕਰਾਵੇ।

ਉਸ ਦੀ ਨੂੰਹ ਪੜ੍ਹੀ-ਲਿਖੀ ਸਿਆਣੀ ਕੁੜੀ ਹੈ। ਉਹ ਬਚੀਆਂ ਦਵਾਈਆਂ ਨੂੰ ਸੁੱਟਣ ਦੀ ਥਾਂ ਧਿਆਨ ਨਾਲ ਸੰਭਾਲ ਕੇ ਰੱਖ ਲੈਂਦੀ ਹੈ ਤੇ ਕਈਆਂ ਦੇ ਤਾਂ ਉਸ ਨੂੰ ਨਾਂ ਵੀ ਯਾਦ ਹਨ। ਜੇ ਮੈਂ ਕਿਸੇ ਮਰੀਜ਼ ਲਈ ਫੇਰ ਉਹੀ ਦਵਾਈ ਲਿਖਾਂ ਤਾਂ ਉਹ ਪਟਿਆਲੇ ਭੇਜਣ ਦੀ ਥਾਂ ਉਸ ਦਵਾਈ ਦਾ ਆਪਣੇ ਕੋਲੋਂ ਹੀ ਪ੍ਰਬੰਧ ਕਰ ਦਿੰਦੀ ਹੈ। ਮੈਂ ਉਸ ਨੂੰ ਪੁੱਛਿਆ ਕਿ ਕੀ ਉਸ ਕੋਲ ਰੁੱਸ ਟਾਕਸ ਵਨ ਐਮ (Rhus Tox IM) ਹੈ? ਉਸ ਨੇ ਕਿਹਾ, "ਹਾਂ ਤਾਇਆ ਜੀ, ਆਪ ਜੀ ਨੇ ਇਕ ਵਾਰ ਲੱਕੀ ਲਈ ਲਿਖਾਈ ਤੀ, ਉਹ ਪਈ ਐ।" ਮੈਂ ਉਸ ਨੂੰ ਕਿਹਾ ਕਿ ਉਸ ਵਿਚੋਂ ਇਕ ਖੁਰਾਕ ਆਪਣੇ ਸਹੁਰੇ ਨੂੰ ਦੇ ਦੇਵੇ।

ਅਗਲੇ ਦਿਨ ਉਸ ਨੇ ਫੋਨ ਕਰ ਕੇ ਦੱਸਿਆ ਕਿ ਦਵਾਈ ਤੋਂ ਦਸਾਂ ਮਿੰਟਾਂ ਬਾਅਦ ਹੀ ਉਸ ਦੇ ਦਰਦ ਬੰਦ ਹੋ ਗਏ ਸਨ। ਉਹ ਪਟਿਆਲੇ ਜਾਣ ਦੀ ਥਾਂ ਘਰੇ ਹੀ ਸੌਂ ਗਿਆ ਸੀ। ਜਦੋਂ ਉੱਠਿਆ ਠੀਕ ਠਾਕ ਸੀ। ਪੰਜਾਬੀ ਕਲਚਰ ਦਾ ਇਕ ਇਹ ਪੱਖ ਵੀ ਦੇਖਣ ਵਿਚ ਆਇਆ ਹੈ ਕਿ ਲੋਕ ਕਿਸੇ ਦਾ ਧੰਨਵਾਦ ਕਰਨ ਨੂੰ ਹੇਠੀ ਸਮਝਦੇ ਹਨ। ਸ਼ਾਇਦ ਇਸੇ ਕਰਕੇ ਹੀ "ਨੇਕੀ ਕਰ ਦਰਿਆ ਮੇਂ ਡਾਲ" ਵਾਲਾ ਮੁਹਾਵਰਾ ਹੋਂਦ ਵਿਚ ਆਇਆ ਹੈ!

ਇਸ ਘਟਨਾ ਤੋਂ ਬਾਅਦ ਮੇਰੇ ਮਨ ਵਿਚ ਧਰਨੇ 'ਤੇ ਬੈਠੇ ਕਿਸਾਨਾਂ ਦੇ ਦੁਖ ਦਰਦਾਂ ਦੇ ਖਿਆਲਾਂ ਦਾ ਇਕ ਹੜ੍ਹ ਜਿਹਾ ਆ ਗਿਆ। ਜੋ ਗੱਲ ਪਹਿਲਾਂ ਘਟਨਾ ਸੱਥਲ ਦੇ ਹਜ਼ਾਰਾਂ ਵੀਡੀਓ ਦੇਖਣ ਤੋਂ ਵੀ ਸਮਝ ਨਹੀਂ ਸੀ ਆਈ, ਉਹ ਇਕ ਕੇਸ ਨੂੰ ਦੇਖਣ ਤੋਂ ਪਤਾ ਲੱਗਦੀ ਜਾਪੀ। ਸਰਦੀ ਦੀ ਚੜ੍ਹਤ, ਪੈਰ ਪੈਰ 'ਤੇ ਅਨਿਸ਼ਚਿਤਤਾ, ਸਾਰੇ ਦਿਨ ਦੀ ਭੱਜ ਦੌੜ, ਗਰਦ, ਹਵਾ, ਮਿੱਟੀ, ਬਾਰਸ਼, ਗਾਰਾ, ਬੈਠਣ ਲਈ ਸਲ੍ਹਾਬੀਆਂ ਦਰੀਆਂ, ਗਿੱਲੀਆਂ ਗਰਦਾਈਆਂ ਦਰੀਆਂ ਨਾਲ ਢਕੀ ਠੰਡੀ ਸੜਕ, ਸੌਣ ਲਈ ਲੋਹੇ ਦੀਆਂ ਟਰਾਲੀਆਂ, ਉੱਤੇ ਤ੍ਰੇਲ ਭਿੱਜੀਆਂ ਠੰਡੀਆਂ ਤ੍ਰਿਪਾਲਾਂ, ਵਿਚ ਤੁੰਨ ਕੇ ਪਾਏ ਦਰਜਨਾਂ ਪ੍ਰਾਣੀ, ਮੁੜ੍ਹਕਿਆਂ ਤੇ ਸਵਾਸਾਂ ਦੀ ਹਵਾੜ, ਵਿਅਕਤੀਗਤ ਪ੍ਰਾਈਵੇਸੀ ਦਾ ਘਾਣ, ਪਰਾਲੀ ਦੇ ਮੰਜੇ 'ਤੇ ਇਕਹਿਰੇ ਰਜਾਈਆਂ ਬਿਛੌਣੇ, ਸਿਰਹਾਣੇ ਬਦਬੂਦਾਰ ਜੁੱਤੀਆਂ, ਬਰਫ ਵਾਂਗ ਸਰਦ ਹੱਥ ਪੈਰ, ਠੰਡ ਨਾਲ ਆਕੜੇ ਸਰੀਰ, ਪਾਣੀ ਤੇ ਨਹਾਉਣ ਧੋਣ ਦੀਆਂ ਸੁਵਿਧਾਵਾਂ ਦੀ ਕਿੱਲਤ ਤੇ ਅਤਿ ਦੀ ਬੇਆਰਾਮੀ। ਇਸ ਸਭ ਤੋਂ ਉੱਪਰ ਸੰਘਰਸ਼ ਦੇ ਬਿਖਮ ਸੰਕਲਪ, ਜਿਨ੍ਹਾਂ ਵਿਚ ਪੁਲਿਸ ਦੇ ਅੱਥਰੂ-ਗੈਸ ਗੋਲੇ, ਲਾਠੀ ਚਾਰਜ ਤੇ ਪਾਣੀ ਦੀਆਂ ਬੁਛਾੜਾਂ ਨੂੰ ਪਛਾੜਨ ਦੀ ਤਿਆਰੀ। ਗੱਲ ਕੀ, ਸ਼ਹਾਦਤ ਤੋਂ ਪਹਿਲਾਂ ਇਕ ਸਮੂਹ ਜਿੰਦਾ ਸ਼ਹਾਦਤ! ਪਰ ਧੰਨ ਇਹ ਧਰਨਾਕਾਰੀ, ਜੋ ਹੌਸਲੇ ਤੇ ਜ਼ਬਤ ਰਾਹੀਂ ਜਮਹੂਰੀਅਤ ਦੀ ਰਾਖੀ ਬੈਠੇ ਹਨ!

ਮੈਂ ਸੋਚਿਆ ਜੋ ਗੱਲ ਮੇਰੇ ਭਰਾ ਨਾਲ ਵਾਪਰੀ ਹੈ, ਉਹ ਕਰੀਬ ਸਭ ਨਾਲ ਹੀ ਵਾਪਰ ਰਹੀ ਹੋਵੇਗੀ। ਥੋੜ੍ਹੇ ਜਾਂ ਬਹੁਤੇ ਸਭ ਹੀ ਠੰਡ, ਬਾਰਸ਼ ਤੇ ਬੇਆਰਾਮੀ ਦੀ ਲਪੇਟ ਵਿਚ ਆਏ ਹੋਣਗੇ। ਸਭ ਹੀ ਉਸ ਜਿਹੇ ਦੁਖ ਝੇਲ ਰਹੇ ਹੋਣਗੇ। ਆਖਰਕਾਰ ਜੋ ਮੌਤਾਂ ਉੱਥੇ ਹੋ ਰਹੀਆਂ ਹਨ, ਉਹ ਐਵੇਂ ਤਾਂ ਨਹੀਂ ਹੋ ਰਹੀਆਂ। ਜੋ ਘਰ ਜਾ ਕੇ ਮਰ ਰਹੇ ਹਨ, ਉਹ ਪਹਿਲਾਂ ਬਿਮਾਰ ਹੋਏ ਬਿਨਾ ਤਾਂ ਨਹੀਂ ਮਰ ਰਹੇ। ਇਸ ਲਈ ਉਨ੍ਹਾਂ ਦਾ ਜੋ ਦੁੱਖ ਹਰਿਆ ਜਾ ਸਕਦਾ ਹੈ, ਜਾਣਾ ਚਾਹੀਦਾ ਹੈ। ਜਿੱਥੇ ਹੋਰ ਲੰਗਰ ਲੱਗ ਰਹੇ ਹਨ, ਉੱਥੇ ਹੋਮਿਓਪੈਥੀ ਦਵਾਈਆਂ ਦਾ ਵੀ ਇਕ ਨਿਮਾਣਾ ਜਿਹਾ ਲੰਗਰ ਲੱਗਣਾ ਚਾਹੀਦਾ ਹੈ। ਚਾਹੇ ਅੱਧੀ ਦੁਨੀਆਂ ਇਸ ਪ੍ਰਣਾਲੀ ਦੀਆਂ ਦਵਾਈਆਂ ਨੂੰ ਫਜ਼ੂਲ ਦੀਆਂ 'ਮਿੱਠੀਆਂ ਗੋਲੀਆਂ' ਹੀ ਸਮਝਦੀ ਹੋਵੇ, ਸਮਝਦੀ ਰਹੇ। ਅੱਧੀ ਦੁਨੀਆਂ ਤਾਂ ਕਿਸਾਨ ਮਾਰੂ ਕਾਨੂੰਨਾਂ ਨੂੰ ਵੀ ਕਿਸਾਨ ਭਲਾਈ ਵਾਲੇ ਦੱਸ ਰਹੀ ਹੈ, ਫਿਰ ਕਿਹੜਾ ਕਿਸਾਨਾਂ ਨੇ ਉਨ੍ਹਾਂ ਨੂੰ ਠੀਕ ਮੰਨ ਕੇ ਧਰਨੇ ਚੁੱਕ ਲਏ ਹਨ। ਜੇ ਅੱਧੀ ਦੁਨੀਆਂ ਆਪਣੀ ਨਾਲਾਇਕੀ ਕਰਕੇ ਸੱਚ ਤੋਂ ਬੇਮੁਖ ਹੈ ਤਾਂ ਸੱਚ ਨੂੰ ਕੀ ਆਂਚ। ਜਿਵੇਂ ਕਿਸਾਨਾਂ ਨੂੰ ਕਾਨੂੰਨਾਂ ਦੀ ਅਸਲੀਅਤ ਪਤਾ ਹੈ, ਤਿਵੇਂ ਹੀ ਹੋਮਿਓਪੈਥੀ ਦੀ ਅਸਲੀਅਤ ਹੋਮਿਓਪੈਥਾਂ ਨੂੰ ਪਤਾ ਹੈ। ਸੋ ਮੈਂ ਕਰੀਬ ਅੱਧੀ ਦਰਜਨ ਜਰੂਰੀ ਦਵਾਈਆਂ ਦੀ ਇਕ ਵੀਡੀਓ ਯੂ-ਟਿਊਬ ਤੇ ਪਾਈ ਤਾਂ ਜੋ ਉਹ ਜੁਝਾਰੂ ਲੋਕ ਦੇਖ ਕੇ ਲਾਭ ਉਠਾ ਸਕਣ। ਇਹ ਵੀਡੀਓ ਹੁਣ ਵੀ ਮੇਰੀ ਚੈਨਲ 'ਤੇ ਪਿਆ ਹੈ। ਉਨ੍ਹਾਂ ਹੀ ਦਵਾਈਆਂ ਦਾ ਜ਼ਿਕਰ ਹੁਣ ਇੱਥੇ ਕਰ ਰਿਹਾ ਹਾਂ ਤਾਂ ਜੋ ਨਾ ਸਿਰਫ ਧਰਨਾਕਾਰੀ ਕਿਸਾਨ, ਸਗੋਂ ਦੂਜੇ ਲੋਕ ਵੀ ਇਨ੍ਹਾਂ ਨੂੰ ਵਰਤ ਕੇ ਸਿਹਤ ਸੁਖ ਪ੍ਰਾਪਤ ਸਕਣ।

**1. ਐਕੋਨਾਈਟ (Aconite Napellus):** ਡਾ. ਐਚ. ਸੀ. ਐਲਨ ਅਨੁਸਾਰ ਇਹ ਦਵਾਈ ਠੰਢ ਤੇ ਖੁਸ਼ਕ ਹਵਾ ਕਾਰਨ ਲੱਗੇ ਸਰਦੀ, ਜੁਕਾਮ, ਬੁਖਾਰ, ਦਰਦ, ਬੇਚੈਨੀ ਤੇ ਪਿਆਸ ਆਦਿ ਲਈ ਅਤਿਉੱਤਮ ਹੈ। ਇਸ ਵਿਚ ਡਰ, ਖਾਸ ਕਰ ਕੇ ਮੌਤ ਦਾ ਡਰ, ਸੜਕ ਪਾਰ ਕਰਨ ਦਾ ਡਰ, ਭੀੜ ਤੋਂ ਡਰ, ਬੰਦ ਥਾਂਵਾਂ ਦਾ ਡਰ ਆਦਿ ਦੀ ਭਰਮਾਰ ਹੁੰਦੀ ਹੈ। ਇਹ ਜ਼ੁਕਾਮ ਦੀ ਪਹਿਲੀ ਨਿਸ਼ਾਨੀ ਨਾਲ ਹੀ ਲੈਣੀ ਬਣਦੀ ਹੈ। ਠੰਡੀ ਹਵਾ ਤੇ ਧੂੜ ਵਿਚ ਸਾਰਾ ਦਿਨ ਘੁੰਮਣ ਉਪਰੰਤ ਸ਼ਾਮ ਵੇਲੇ ਥਕੇਵੇਂ ਦੀ ਹਾਲਤ ਵਿਚ ਹਰ ਕਿਸਾਨ ਨੂੰ ਇਸ ਦਵਾਈ ਦੀ ਇਕ ਖੁਰਾਕ ਲੈ ਲੈਣੀ ਚਾਹੀਦੀ ਹੈ। ਜਿੱਥੇ ਇਸ ਦਵਾਈ ਦੇ ਸੰਕੇਤ ਹੋਣ ਉੱਥੇ ਇਕੋ ਖੁਰਾਕ ਨਾਲ ਇਹ ਨਾ ਸਿਰਫ ਉਨ੍ਹਾਂ



ਸੰਕੇਤਾਂ ਨੂੰ ਠੀਕ ਕਰ ਦਿੰਦੀ ਹੈ, ਸਗੋਂ ਉਨ੍ਹਾਂ ਨੂੰ ਪੈਦਾ ਕਰਨ ਵਾਲੇ ਕਾਰਨਾਂ ਨੂੰ ਵੀ ਬੇਅਸਰ ਕਰਦੀ ਹੈ।

ਨਿਯਮਾਂ ਅਨੁਸਾਰ ਤਾਂ ਜੇ ਇਹ ਪਹਿਲੀ ਅਲਾਮਤ ਨਾਲ ਦੇ ਦਿੱਤੀ ਜਾਵੇ ਤਾਂ ਕਰੋਨਾ ਜਿਹੀ ਮਹਾਮਾਰੀ ਨੂੰ ਵੀ ਨੇੜੇ ਨਹੀਂ ਲੱਗਣ ਦੇ ਸਕਦੀ। ਜਿਨ੍ਹਾਂ ਦੇ ਸਿਰ ਵਿਚ ਇਸ ਮਹਾਂਮਾਰੀ ਦਾ ਡਾਹਢਾ ਡਰ ਵੜਿਆ ਹੋਇਆ ਹੈ, ਉਹ ਵੀ ਇਸ ਦੀ ਹਫਤਾਵਾਰ ਇਕ ਖੁਰਾਕ ਲੈ ਕੇ ਆਪਣੀ ਸ਼ਹਿਨਸ਼ਕਤੀ (Immunity) ਵਧਾ ਸਕਦੇ ਹਨ। ਜੇ ਕੋਈ ਪੁੱਛੇ ਕਿ ਕਿਹੜੀ ਇਕੋ ਇਕ ਅਜਿਹੀ ਹੋਮਿਓਪੈਥੀ ਦਵਾ ਹੈ, ਜੋ ਮਨੁੱਖ ਆਪਤਕਾਲ ਵਰਤੋਂ ਲਈ ਹਮੇਸ਼ਾ ਆਪਣੇ ਕੋਲ ਰੱਖੇ ਤਾਂ ਨਿਰਸੰਦੇਹ ਉਹ ਐਕੋਨਾਈਟ ਹੀ ਹੈ। ਅਰੰਭ ਵਿਚ ਹੀ ਲਈ ਤੀਹ ਪੋਟੈਂਸੀ ਦੀਆਂ ਚਾਰ ਗੋਲੀਆਂ ਦੀ ਇਕੋ ਖੁਰਾਕ ਉਸ ਦਾ ਹਰ ਵਬਾ ਤੋਂ ਬਚਾਉ ਕਰਨ ਲਈ ਕਾਫੀ ਹੈ।

**2. ਰੱਸ ਟਾਕਸ (Rhus Tox):** ਡਾ. ਵਿਲਿਅਮ ਬੋਰਿਕ ਅਨੁਸਾਰ ਇਹ ਦਵਾ ਮੋਚ ਪੈਣ, ਭਾਰ ਚੁੱਕਣ ਤੇ ਪਸੀਨੇ ਦੀ ਅਵਸਥਾ ਵਿਚ ਮੀਂਹ ਜਾਂ ਪਾਣੀ ਦੀ ਬੁਛਾੜ ਵਿਚ ਭਿੱਜਣ ਨਾਲ ਹੋਈ ਕਿਸੇ ਵੀ ਤਕਲੀਫ ਲਈ ਲੈਣੀ ਚਾਹੀਦੀ ਹੈ। ਪਸੀਨੇ ਦਾ ਰੁਕ ਜਾਣਾ, ਜੋੜਾਂ ਵਿਚ ਦਰਦ, ਪੱਠਿਆਂ ਦੀ ਖਿੱਚ; ਪਿੱਠ, ਖਾਸ ਕਰ ਮੋਢਿਆਂ ਵਿਚਾਲੇ ਤੇ ਗਰਦਨ ਵਿਚ ਬੰਨਵੀਂ ਪੀੜਾ, ਸਰੀਰ ਵਿਚ ਅੰਗੜਾਈਆਂ, ਬੇਚੈਨੀ, ਹੱਡ ਭੰਨਣੀ ਤੇ ਬੁਖਾਰ ਇਸ ਦੇ ਮੁੱਖ ਲੱਛਣ ਹਨ। ਇਸ ਦਾ ਮਰੀਜ ਹਿਲਜੁਲ ਕਰਦਾ ਤੇ ਕਸਮੇੜੇ ਮਾਰਦਾ ਰਹਿੰਦਾ ਹੈ। ਜੇ ਇਹ ਤਕਲੀਫਾਂ ਠੀਕ ਨਾ ਕੀਤੀਆ ਜਾਣ ਤਾਂ ਇਹ ਟਾਈਫਾਈਡ, ਗਠੀਆ ਤੇ ਦਿਲ ਦੇ ਰੋਗ ਜਿਹੇ ਭਿਆਨਕ ਰੋਗਾਂ ਵਿਚ ਤਬਦੀਲ ਹੋ ਸਕਦੀਆਂ ਹਨ। ਇਕ ਹਜ਼ਾਰ (1M) ਪੋਟੈਂਸੀ ਦੀ ਚਾਰ ਗੋਲੀਆਂ ਦੀ ਇਕ ਖੁਰਾਕ ਹੀ ਮਰੀਜ਼ ਦੇ ਮੂੰਹ ਵਿਚ ਖੁਰਨ ਤੋਂ ਪਹਿਲਾਂ ਉਸ ਨੂੰ ਪਸੀਨੇ ਨਾਲ ਤਰ ਕਰ ਦੇਵੇਗੀ ਤੇ ਉਪਰੋਕਤ ਸਭ ਤਕਲੀਫਾਂ ਨੂੰ ਛਾਂਈਂ ਮਾਂਈਂ ਕਰ ਦੇਵੇਗੀ। ਪੈਰਾਸੀਟਾਮੋਲ ਤੇ ਗੁੜ-ਜਵੈਣ ਦੇ ਕਾਹੜੇ ਇਸ ਦੇ ਸਾਹਮਣੇ ਕੁਝ ਵੀ ਨਹੀਂ। ਇਨ੍ਹਾਂ ਉਪਾਵਾਂ ਨਾਲ ਵਕਤੀ ਆਰਾਮ ਦਾ ਆਭਾਸ ਤਾਂ ਹੋ ਸਕਦਾ ਹੈ, ਪਰ ਪੱਕਾ ਇਲਾਜ ਨਹੀਂ ਹੋ ਸਕਦਾ। ਇਹ ਧਰਨੇ 'ਤੇ ਬੈਠੇ ਕਿਸਾਨ ਭਰਾਵਾਂ ਦੀ ਖਾਸ ਦਵਾਈ ਹੈ। ਉਹ ਇਸ ਨੂੰ ਪਾਣੀ ਦੀਆਂ ਬੁਛਾੜਾਂ ਲੱਗਣ, ਠੰਡੀ ਦਰੀਆਂ 'ਤੇ ਬੈਠਣ ਅਤੇ ਟਰਾਲੀ ਦੇ ਲੋਹੇ ਦੀ ਛੋਹ ਨਾਲ ਠੰਡੇ ਹੋਣ ਤੋਂ ਬਾਅਦ ਜਰੂਰ ਲੈਣ, ਸਹਾਈ ਹੋਵੇਗੀ।

**3. ਆਰਨੀਕਾ ਮੌਂਟ (Arnica Mont):** ਡਾ. ਜੇ. ਟੀ. ਕੈਂਟ ਅਨੁਸਾਰ ਇਹ ਦਵਾਈ ਕੁੱਟ ਮਾਰ ਤੇ ਗੁੱਝੀਆਂ ਸੱਟਾਂ ਕਾਰਨ ਪੈਦਾ ਹੋਈ ਸੋਜਿਸ਼ ਤੇ ਪੀੜਾ ਲਈ ਸਰਬਉੱਤਮ ਹੈ। ਇਨ੍ਹਾਂ ਸੱਟਾਂ ਦੇ ਮਰੀਜ਼ ਆਪਣੇ ਦੁਖਦੇ ਅੰਗਾਂ ਨੂੰ ਛੂਹਣ ਵੀ ਨਹੀਂ ਦਿੰਦੇ। ਘਣਘੋਰ ਦਰਦ ਕਾਰਨ ਮਰੀਜ਼ ਨੂੰ ਕਿਸੇ ਵੀ ਪਾਸੇ ਪੈਣ ਨਾਲ ਆਰਾਮ ਨਹੀਂ ਆਉਂਦਾ ਤੇ ਉਹ ਸਾਰੀ ਰਾਤ ਉਸਲ-ਵੱਟੇ ਲੈਂਦਾ ਰਹਿੰਦਾ ਹੈ। ਡੰਡੇ ਸੋਟੇ ਦੀ ਚੋਟ ਲੱਗਣ, ਫਰਸ਼ 'ਤੇ ਡਿੱਗਣ, ਛੋਟੇ-ਮੋਟੇ ਐਕਸੀਡੈਂਟਾਂ ਦੀ ਚਪੇਟ ਵਿਚ ਆਉਣ, ਸੋਜਿਸ਼ ਹੋਣ, ਨੀਲ ਪੈਣ ਆਦਿ ਦੀਆਂ ਨਵੀਆਂ ਘਟਨਾਵਾਂ ਵਿਚ ਇਹ 30ਵੀਂ ਪੋਟੈਂਸੀ ਦੀਆਂ ਦਿਨ ਦੀਆਂ ਤਿੰਨ-ਚਾਰ ਖੁਰਾਕਾਂ ਹੀ ਤੁਰੰਤ ਆਰਾਮ ਦਿੰਦੀਆਂ ਹਨ। ਜੇ ਇਹ ਦਵਾਈ ਨਾ ਦਿੱਤੀ ਜਾਵੇ ਤਾਂ ਇਹ ਸੱਟਾਂ ਸਰੀਰ ਵਿਚ ਪਏ ਚਿੱਬਾਂ ਵਾਂਗ ਹਮੇਸ਼ਾ ਰੜਕਦੀਆਂ ਰਹਿੰਦੀਆਂ ਹਨ। ਇਨ੍ਹਾਂ ਪੁਰਾਣੀਆਂ ਸੱਟਾਂ ਦੀ ਪੀੜਾ ਲਈ ਇਸ ਦਵਾਈ ਦੀ 1M ਪੋਟੈਂਸੀ ਦੀ ਇਕੋ ਖੁਰਾਕ ਕਾਫੀ ਹੈ। ਸਹੀ ਪੋਟੈਂਸੀ ਵਿਚ ਦਿੱਤਿਆਂ ਆਰਨੀਕਾ ਮੌਂਟ ਸਰੀਰਕ ਸੱਟਾਂ ਦੇ ਤੱਤਕਾਲੀ ਤੇ ਦੀਰਘਕਾਲੀ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਦੇ ਯੋਗ ਹੈ। ਜੇ ਕਿਸੇ ਨੂੰ ਕੋਈ ਪੁਰਾਣੀ ਚੋਟ ਲੱਗੀ ਹੋਈ ਹੈ ਤਾਂ ਉਹ ਅੱਜ ਹੀ ਇਸ ਦਵਾਈ ਨੂੰ ਯੋਗ ਪੋਟੈਂਸੀ ਵਿਚ ਸੇਵਨ ਕਰਨ ਦੀ ਸੋਚੇ।

**4. ਹਾਈਪੈਰੀਕਮ (Hypericum):** ਡਾ. ਹੈਰਿੰਗ ਅਨੁਸਾਰ ਇਹ ਦਵਾ ਸਿਰ, ਰੀੜ੍ਹ ਦੀ ਹੱਡੀ, ਅੱਖਾਂ, ਗੁਪਤ-ਅੰਗਾਂ, ਗਰਦਨ ਤੇ ਸੂਖਮ ਨਾੜਾਂ (Nerves) ਵਾਲੀਆਂ ਹੋਰ ਨਾਜ਼ੁਕ ਥਾਂਵਾਂ 'ਤੇ ਲੱਗੀਆਂ ਗੁੱਝੀਆਂ ਚੋਟਾਂ ਨੂੰ ਤੁਰੰਤ ਠੀਕ ਕਰਦੀ ਹੈ। ਇਹ ਤੇਜ਼ ਧਾਰ ਦੇ ਜਖਮਾਂ ਲਈ ਵੀ ਬਹੁਤ ਕਾਰਆਮਦ ਹੈ। ਬਲੇਡ, ਚਾਕੂ, ਤਲਵਾਰ, ਬਰਛੀ, ਆਰੀ ਆਦਿ ਨਾਲ ਹੋਣ ਵਾਲੇ ਜਖਮ, ਜਿੱਥੇ ਮਾਸ ਚੀਰਿਆ ਜਾਵੇ ਤੇ ਅੰਗ ਅੱਧਾ-ਪੱਚਧਾ ਕੱਟਿਆ ਗਿਆ ਹੋਵੇ, ਇਸ ਦੇ ਵਿਸ਼ੇਸ਼ ਪ੍ਰਭਾਵ ਵਿਚ ਆਉਂਦੇ ਹਨ। ਜਖਮ ਨੂੰ ਬਿਨਾ ਟਾਂਕੇ ਜੋੜਨ ਤੇ ਬਿਨਾ ਨਿਸ਼ਾਨ ਪਏ ਮਿਲਾਉਣ ਦਾ ਕੰਮ ਕਰਦੀ ਹੈ ਇਹ ਦਵਾਈ। ਅਜਿਹੀਆਂ ਕੱਟ-ਫੇਟ ਵਾਲੀਆਂ ਹਾਲਤਾਂ ਵਿਚ ਇਸ ਦੇ ਅਸਰ ਨੂੰ ਮਜਬੂਤ ਕਰਨ ਲਈ ਜਖਮ ਵਾਲੀ ਥਾਂ 'ਤੇ ਕੈਲੰਡੂਲਾ ਘੋਲ (Calendula Tincture) ਵੀ ਲਾਇਆ ਜਾਣਾ ਚਾਹੀਦਾ ਹੈ।

ਕੈਲੰਡੂਲਾ ਘੋਲ ਸੰਜੀਵਨੀ ਬੂਟੀ ਦਾ ਦੂਜਾ ਨਾਂ ਹੈ ਤੇ ਇਹ ਗੇਂਦੇ ਦੇ ਪੱਤਿਆਂ ਤੋਂ ਤਿਆਰ ਕੀਤਾ ਹੁੰਦਾ ਹੈ। ਇਸ ਦੇ ਲਾਉਣ ਬਾਅਦ ਲਗਦਾ ਹੈ ਕਿ ਜ਼ਖਮ ਕਦੇ ਹੋਇਆ ਹੀ ਨਹੀਂ। ਹੱਥ ਕੰਗਣ ਨੂੰ ਆਰਸੀ ਕੀ-ਜੋ ਨਾ ਮੰਨੇ, ਅਜ਼ਮਾ ਕੇ ਦੇਖ ਲਵੇ! ਪਰ ਹਾਈਪੈਰੀਕਮ ਜਖਮਾਂ ਕਾਰਨ ਹੋਣ ਵਾਲੀ ਟੈਟਨਸ ਨੂੰ ਵੀ ਰੋਕਦੀ ਹੈ ਤੇ ਜੇ ਹੋ ਜਾਵੇ ਤਾਂ ਪਹਿਲੀ ਖੁਰਾਕ ਨਾਲ ਹੀ ਖਤਮ ਕਰਦੀ ਹੈ। ਜੇ ਇਹ ਦਵਾਈ ਸ਼ੁਰੂ ਵਿਚ ਹੀ ਨਾ ਦਿੱਤੀ ਜਾਵੇ ਤਾਂ ਆਮ ਤੌਰ 'ਤੇ ਟੈਟਨਸ ਵਾਲੇ ਜਖਮਾਂ ਵਿਚ ਤੇਜ਼ ਪੀੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜੋ ਸੂਖਮ ਨਸਾਂ ਦੇ ਰਸਤੇ ਇੱਧਰ ਉੱਧਰ ਫੈਲਦੀਆਂ ਹਨ। ਸਰੀਰ ਦਰਦ ਭਰੀ ਬੇਚੈਨੀ ਨਾਲ ਜਕੜਿਆ ਜਾਂਦਾ ਹੈ। ਜਖਮ ਦੁਆਲੇ ਲਾਲ-ਨੀਲੀ ਭਾਅ ਫੈਲ ਜਾਂਦੀ ਹੈ ਤੇ ਇਸ ਨੂੰ ਬਹੁਤ ਗਰਮ ਸੇਕ ਦਿੰਦਿਆਂ ਆਰਾਮ ਆਉਂਦਾ ਹੈ। ਇਸ ਤੋਂ ਅੱਗੇ ਅਕੜਨ ਤੇ ਦੰਦਣਾਂ (Seizures) ਦਾ ਦੌਰ ਸ਼ੁਰੂ ਹੁੰਦਾ ਹੈ ਤੇ ਮਰੀਜ਼ ਟੇਢਾ ਹੋ ਕੇ ਮਰ ਜਾਂਦਾ ਹੈ। ਅਜਿਹੀ ਹਾਲਤ ਵਿਚ ਹਾਈਪੈਰੀਕਮ ਦੀ ਤੀਹਵੀਂ ਪੋਟੈਂਸੀ ਦੀਆਂ ਕੁਝ ਕੁ ਖੁਰਾਕਾਂ ਕੁਝ ਕੁਝ ਦੇਰ ਬਾਅਦ ਦੇਣ ਨਾਲ ਹੀ ਮਰੀਜ਼ ਮੌਤ ਦੇ ਮੂੰਹ ਵਿਚ ਜਾਣ ਤੋਂ ਬਚ ਸਕਦਾ ਹੈ। ਇਸ ਲਈ ਕਿਸਾਨ ਵੀਰ ਤੇ ਹੋਰ ਪੜ੍ਹਦੇ-ਸੁਣਦੇ ਭੈਣ-ਭਰਾ ਕਿਸੇ ਵੀ ਚੋਟ, ਫੱਟ, ਚੀਰ ਤੇ ਝਰੀਟ ਤੋਂ ਤੁਰੰਤ ਬਾਅਦ ਇਸ ਦਵਾਈ ਦੀ ਇਕ ਖੁਰਾਕ ਜਰੂਰ ਲੈਣ ਤਾਂ ਜੋ ਉਹ ਇਸ ਦੇ ਬੁਰੇ ਸਿੱਟਿਆਂ ਤੋਂ ਬੇਖੌਫ ਹੋ ਜਾਣ। ਜੇ ਕੋਈ ਟੈਟਨਸ ਦਾ ਟੀਕਾ ਵੀ ਲਵਾਉਣਾ ਚਾਹੇ, ਲਵਾ ਸਕਦਾ ਹੈ, ਪਰ ਇਸ ਦਾ ਹਾਈਪੈਰੀਕਮ ਤੇ ਕੋਈ ਅਸਰ ਨਹੀਂ।

**5. ਆਉਰਮ ਮੈੱਟ (Aurum Met):** ਅਜੋਕੇ ਯੁਗ ਵਿਚ ਜਿੰਨੀ ਲੋੜ ਕਿਸਾਨ ਭਰਾਵਾਂ ਨੂੰ ਇਸ ਦਵਾਈ ਦੀ ਹੈ, ਸਾਇਦ ਉਨੀ ਕਿਸੇ ਹੋਰ ਦੀ ਨਹੀਂ। ਡਾ. ਈ. ਬੀ. ਨੈਸ਼ ਅਨੁਸਾਰ ਇਹ ਦਵਾਈ ਉਨ੍ਹਾਂ ਨੂੰ ਦਿਓ, ਜੋ ਡਿਪਰੈਸ਼ਨ ਵਿਚ ਰਹਿੰਦੇ ਹਨ, ਮਾਯੂਸ ਰਹਿੰਦੇ ਹਨ ਤੇ ਸੋਚਦੇ ਹਨ ਕਿ ਇਹ ਸੰਸਾਰ ਉਨ੍ਹਾਂ ਦੇ ਰਹਿਣ ਲਈ ਨਹੀਂ ਬਣਿਆ। ਇਹ ਉਨ੍ਹਾਂ ਲਈ ਹੈ, ਜੋ ਇਸ ਜੱਗ ਤੋਂ ਛੇਤੀ ਹੀ ਉਪਰਾਮ ਹੋ ਜਾਂਦੇ ਹਨ, ਦੁਨਿਆਵੀ ਸੰਘਰਸ਼ ਦੀ ਸਮਰੱਥਾ ਖੋ ਬੈਠਦੇ ਹਨ ਤੇ ਮੌਤ ਦੀ ਗੋਦ ਵਿਚ ਜਾਣ ਨੂੰ ਬਿਹਤਰ ਸਮਝਦੇ ਹਨ। ਦੂਜੇ ਸ਼ਬਦਾਂ ਵਿਚ ਉਹ ਮਰਨਾ ਚਾਹੁੰਦੇ ਹਨ ਤੇ ਉਨ੍ਹਾਂ ਦੇ ਮਨਾਂ ਉਤੇ ਸਦਾ ਖੁਦਕੁਸ਼ੀ ਦਾ ਵਿਚਾਰ ਮੰਡਰਾਇਆ ਰਹਿੰਦਾ ਹੈ।

ਜੋ ਕਿਸਾਨ ਭਰਾ ਡਿਪਰੈਸ਼ਨ ਦੀ ਹਾਲਤ ਵਿਚ ਰਹਿੰਦੇ ਹਨ, ਮਨ 'ਤੇ ਭਾਰ ਰੱਖਦੇ ਹਨ ਤੇ ਜਿਨ੍ਹਾਂ ਨੇ ਖੁਦਕੁਸ਼ੀ ਬਾਰੇ ਇਕ ਵਾਰ ਵੀ ਸੋਚਿਆ ਹੈ, ਉਹ ਇਸ ਨੂੰ ਜਰੂਰ ਲੈਣ। ਜੋ ਲੋਕ ਕਿਸਾਨਾਂ ਵਿਚ ਆਤਮ-ਹੱਤਿਆ ਦੇ ਨਾਖੁਸ਼ਗਵਾਰ ਵਹਿਣ ਨੂੰ ਲੈ ਕੇ ਚਿੰਤਿਤ ਹਨ ਤੇ ਇਸ ਦਾ ਇਕੋ ਇਕ ਸਰਲ ਇਲਾਜ ਕਰਨਾ ਚਾਹੁੰਦੇ ਹਨ, ਉਹ ਬੇਕਾਰ ਝੂਰਨ ਦੀ ਥਾਂ ਇਸ ਦਵਾਈ ਵਲ ਧਿਆਨ ਦੇਣ। ਕਿਸਾਨ ਵੀਰ ਹੀ ਨਹੀਂ, ਖੁਦਕੁਸ਼ੀ ਦੀ ਸੋਚ ਵਾਲੇ ਹੋਰ ਨਰ-ਨਾਰੀ ਵੀ ਇਸ ਨੂੰ ਲੈ ਕੇ ਆਪਣੀਆਂ ਕੀਮਤੀ ਜਾਨਾਂ ਬਚਾ ਸਕਦੇ ਹਨ। ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਦੇ ਨਾਲ ਨਾਲ ਖੁਦਕੁਸ਼ੀ ਦੇ ਖਿਆਲ ਆਉਂਦੇ ਹਨ, ਉਹ ਇਸ ਦੀ ਇਕੋ ਖੁਰਾਕ ਨਾਲ ਦਿਲ ਦੀ ਬਿਮਾਰੀ ਤੋਂ ਰਾਹਤ ਪਾ ਸਕਦੇ ਹਨ। ਦੋ ਸੌਵੀਂ ਪੋਟੈਂਸੀ ਦੀ ਇਕੋ ਖੁਰਾਕ ਉਨ੍ਹਾਂ ਦੇ ਦਿਮਾਗ ਵਿਚੋਂ ਮਰਨ ਦਾ ਖਿਆਲ ਕੱਢ ਦੇਵੇਗੀ ਤੇ ਉਨ੍ਹਾਂ ਦੀ ਉਦਾਸੀ ਤੇ ਦਿਲ ਦੀ ਬਿਮਾਰੀ ਨੂੰ ਚੁਗ ਦੇਵੇਗੀ। ਅਜਿਹੇ ਮਰੀਜ਼ਾਂ ਨੂੰ ਲੋੜ ਅਨੁਸਾਰ ਮਹਾਵਾਰੀ ਜਾਂ ਸਾਲਾਨਾ ਖੁਰਾਕਾਂ ਦੇ ਕੇ ਸਦਾ ਲਈ ਤੰਦਰੁਸਤ ਬਣਾਇਆ ਜਾ ਸਕਦਾ ਹੈ।

**6.ਇੰਫਲੂਐਂਜ਼ੀਨਮ (Influenzinum):** ਇਹ ਦਵਾਈ 1919 ਦੇ ਇੰਫਲੂਐਂਜ਼ਾ ਵਾਇਰਸ, ਜੋ ਕੋਵਿਡ-2019 ਦੀ ਹੀ ਇਕ ਕਿਸਮ ਸੀ, ਤੋਂ ਤਿਆਰ ਕੀਤੀ ਹੋਈ ਹੋਮਿਓਪੈਥਿਕ ਨੋਜ਼ੋਡ (ਵੈਕਸੀਨ) ਹੈ। ਹੋਮਿਓਪੈਥਿਕ ਨੋਜ਼ੋਡ ਵਾਇਰਸ ਦੀ ਕਿਸਮ (Strain) ਤੋਂ ਉਪਰ ਉਠ ਕੇ ਕੰਮ ਕਰਦੀ ਹੈ, ਭਾਵ ਕਿਸਮ ਬਦਲਣ 'ਤੇ ਵੀ ਕੰਮ ਕਰਦੀ ਰਹਿੰਦੀ ਹੈ। ਅਮਰੀਕਾ ਦੇ ਐਫ. ਡੀ. ਏ. ਅਨੁਸਾਰ ਇੰਫਲੂਐਂਜ਼ੀਨਮ (Influenzinum) ਇੰਫਲੂਐਂਜ਼ਾ ਕਿਸਮ ਦੇ ਬੁਖਾਰ ਅਤੇ ਇਸ ਤੋਂ ਪੈਦਾ ਹੋਏ ਸਿਹਤ ਵਿਗਾੜਾਂ ਨੂੰ ਠੀਕ ਕਰਦੀ ਹੈ। ਇਸ ਦੀ ਦੋ ਸੌ ਪੋਟੈਂਸੀ ਦੀ ਹਫਤਾਵਾਰੀ ਖੁਰਾਕ ਲੈਂਦੇ ਰਹਿਣ ਨਾਲ ਇੰਫਲੂਐਂਜ਼ਾ ਅਥਵਾ ਕਰੋਨਾ ਜਿਹੀ ਮਹਾਮਾਰੀ ਨੇੜੇ ਨਹੀਂ ਲੱਗ ਸਕਦੀ। ਇਸ ਲਈ ਜਦੋਂ ਤੀਕ ਕਰੋਨਾ ਵੈਕਸੀਨ ਉਪਲਭਦ ਨਹੀਂ ਹੁੰਦੀ, ਉਦੋਂ ਤੀਕ ਹੋਰ ਉਪਾਵਾਂ ਦੇ ਨਾਲ ਨਾਲ

*(ਬਾਕੀ ਅਗਲੇ ਸਫੇ 'ਤੇ)*

# ਅਸੀਂ ਪੰਜਾਬੀ ਹੁੰਨੇ ਆਂ !

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਇਕਸੁਰ, ਇਕਸਾਰ ਤੇ ਇੱਕਤਾਰਤਾ ਵਿਚ ਬੱਝੇ। ਇਕ ਦੂਜੇ ਵਿਚ ਗੜੁੰਦ। ਪੰਜਾਬੀ ਰਹਿਤਲ ਵਿਚ ਜੰਮੇ-ਜਾਇਆਂ ਨੂੰ ਵਿਰਾਸਤ ਵਿਚ ਮਿਲੀ ਹੈ ਅਣਖ, ਅਦਬ ਤੇ ਅਰਦਾਸ। ਗੁੜ੍ਹਤੀ ਵਿਚ ਮਿਲਿਆ ਹੈ ਹੱਕ-ਨਿਆਂ ਲਈ ਅੜ ਜਾਣਾ, ਹਮਲਾਵਰਾਂ ਨੂੰ ਚਿੱਤ ਕਰਨਾ ਅਤੇ ਮਾਨਵੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣਾ।

ਪੰਜਾਬੀਆਂ ਦਾ ਮੂਲ-ਮੰਤਰ ਹੈ ਸਰਬੱਤ ਦਾ ਭਲਾ, ਜੋ ਇਨ੍ਹਾਂ ਨੂੰ ਆਪਣੇ ਗੁਰੂਆਂ, ਪੀਰਾਂ, ਫਕੀਰਾਂ, ਸੰਤਾਂ-ਮਹਾਤਮਾ, ਬਜੁਰਗਾਂ ਅਤੇ ਤਹਿਜ਼ੀਬੀ ਤਵਾਰੀਖ 'ਚੋਂ ਮਿਲਿਆ। ਇਤਿਹਾਸ ਨੂੰ ਸਿਰਜਣ ਵਾਲੇ ਪੰਜਾਬੀ ਮੁੜ੍ਹਕੇ ਨਾਲ ਮਿੱਟੀ 'ਤੇ ਕਿਸਮਤ ਰੇਖਾਵਾਂ ਲਿਖਦੇ। ਖੂਨ ਨਾਲ ਵਕਤ ਦੇ ਵਰਕਿਆਂ ਨੂੰ ਸੂਹੀ ਤਹਿਜ਼ੀਬ ਦਾ ਮਾਣ ਬਖਸ਼ਦੇ। 'ਸਵਾ ਲਾਖ ਸੇ ਏਕ ਲੜਾਊਂ' ਵਰਗੀ ਮਾਨਸਿਕ ਤਕੜਾਈ ਤੇ ਦਲੇਰੀ ਦੀ ਬਖਸ਼ਿਸ਼। ਇਨ੍ਹਾਂ ਦੇ ਹੀ ਹਿੱਸੇ ਆਇਆ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 1-216-556-2080**

ਕਿ ਭਾਈ ਘਨਈਆ ਜੀ ਦੇ ਰੂਪ ਵਿਚ ਜਖਮੀ ਦੁਸ਼ਮਣਾਂ ਦੀ ਮਰ੍ਹਮ ਪੱਟੀ ਕਰਨੀ ਤੇ ਪਾਣੀ ਵੀ ਪਿਲਾਉਣਾ। ਪੰਜਾਬੀਆਂ ਦੀ ਕਲਮ 'ਚੋਂ ਉਗੇ ਹਰਫ, ਸਮੇਂ ਦੇ ਹਾਕਮ ਨੂੰ ਉਨ੍ਹਾਂ ਦੀਆਂ ਕਮੀਨਗੀਆਂ ਦੇ ਰੂਬਰੂ ਵੀ ਕਰਦੇ ਅਤੇ ਕੌਮ ਦੀਆਂ ਕਦਰਾਂ-ਕੀਮਤਾਂ, ਆਉਣ ਵਾਲੀ ਨਸਲ ਦੇ ਨਾਮ ਕਰਦੇ।

ਪੰਜਾਬੀ ਮਾਨਸਿਕਤਾ, ਜੀਵਨ-ਸ਼ੈਲੀ, ਸਮਾਜਕ, ਪਰਿਵਾਰਕ ਤੇ ਕਿਰਤ ਸਭਿਆਚਾਰ ਨੂੰ ਸਮਝਣ ਲਈ ਬਹੁਮੁਖੀ ਧਾਰਾਵਾਂ ਅਤੇ ਡੂੰਘੀ ਸੋਚ ਦੀ ਲੋੜ। ਪੇਤਲੀ ਨਜ਼ਰ ਹਮੇਸ਼ਾ ਧੋਖਾ ਖਾਂਦੀ। ਬਹੁਤ ਡੂੰਘਿਆਂ ਨੇ ਇਨ੍ਹਾਂ ਦੀਆਂ ਰਮਜ਼ਾਂ, ਰਿਵਾਜ਼, ਰਵਾਇਤਾਂ, ਰੂਹ-ਰੰਗਤਾ, ਰੂਹ-ਰੇਜ਼ਤਾ ਅਤੇ ਰੂਹ-ਰਾਗਣੀ।

ਪੰਜਾਬੀ ਤੂਤ ਦੇ ਮੋਛੇ ਵਰਗੇ, ਜੋ ਕਦੇ ਟੁੱਟਦੇ, ਤਿੱੜਕਦੇ ਜਾਂ ਦੋਫਾੰਗ ਨਹੀਂ ਹੁੰਦੇ। ਇਹ ਤਾਂ ਦੇਗਾਂ ਵਿਚ ਉਬਾਲੇ ਜਾਂਦੇ, ਆਰਿਆਂ ਨਾਲ ਚੀਰੇ ਜਾ ਸਕਦੇ, ਚਰਖੜੀਆਂ 'ਤੇ ਚੜ੍ਹ ਜਾਂਦੇ, ਰੰਬੀਆਂ ਨਾਲ ਖੋਪਰੀਆਂ ਲੁਹਾ ਸਕਦੇ, ਬੰਦ-ਬੰਦ ਕਟਵਾ ਸਕਦੇ, ਨੀਹਾਂ ਵਿਚ ਚਿਣੇ ਜਾ ਸਕਦੇ, ਪਰ ਕਦੇ ਵੀ ਈਨ ਨਹੀਂ ਮੰਨਦੇ।

ਇਹ ਸਿਰਫ ਪੰਜਾਬੀ ਹੀ ਕਰ ਸਕਦੇ ਕਿ ਉਹ ਕਿਸੇ ਦੂਸਰੇ ਧਰਮ ਦੀ ਆਨ-ਸ਼ਾਨ ਲਈ ਕੁਰਬਾਨ ਹੋ ਸਕਦੇ। ਬੇਗਾਨੀਆਂ ਧੀਆਂ-ਭੈਣਾਂ ਨੂੰ ਅਗਵਾਕਾਰਾਂ ਕੋਲੋਂ ਛੁਡਾ, ਇੱਜਤ ਨਾਲ ਉਨ੍ਹਾਂ ਦੇ ਘਰ ਪਹੁੰਚਾਉਂਦੇ। ਅਜਿਹਾ ਕਿਰਦਾਰ, ਇਖਲਾਕ ਅਤੇ ਚਰਿੱਤਰ ਕਦੇ ਇਤਿਹਾਸ ਦੇ ਵਰਕਿਆਂ ਵਿਚ ਪੜ੍ਹੀਦਾ ਸੀ, ਪਰ ਹੁਣ ਸ਼ਾਖਸ਼ਾਤ ਨਜ਼ਰ ਆਉਂਦਾ। ਡੰਡੇ ਮਾਰਨ ਵਾਲੀ ਪੁਲਿਸ ਨੂੰ ਭੁੱਖਾ ਸਮਝ ਕੇ, ਲੰਗਰ ਛਕਾਉਣ ਦੀ ਪਿਰਤ ਹੈ ਪੰਜਾਬੀਆਂ ਦੀ।

ਇਹ ਐਲਾਨਨਾਮਾ ਵੀ ਪੰਜਾਬੀਆਂ ਦਾ ਹੈ, "ਦੇਹ ਸਿਵਾ ਬਰ ਮੋਹ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ, ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋ।"

ਪੰਜਾਬੀਆਂ ਨੂੰ ਸਮੁੱਚ ਵਿਚ ਸਮਝਣ ਲਈ ਜਰੂਰੀ ਹੈ, ਇਸ ਦੇ ਇਤਿਹਾਸ ਨੂੰ ਘੋਖਵੀਂ ਨਜ਼ਰ ਨਾਲ ਪੜ੍ਹਿਆ ਅਤੇ ਇਸ 'ਚ ਉਤਰਿਆ ਜਾਵੇ। ਬਹੁਤ ਕੁਝ ਹੁੰਦਾ ਏ ਜਿਹੜਾ ਧਾਰਮਿਕ ਗ੍ਰੰਥਾਂ, ਇਤਿਹਾਸਕ ਦਸਤਾਵੇਜ਼ਾਂ, ਪੀੜ੍ਹੀ-ਦਰ-ਪੀੜ੍ਹੀ ਚੱਲੀ ਆ ਰਹੀ ਪਿਰਤ ਅਤੇ ਮੌਖਿਕ ਇਤਿਹਾਸ ਵਿਚੋਂ ਸੁਣਨ ਅਤੇ ਸਮਝਣ ਦੀ ਲੋੜ ਹੁੰਦੀ।

ਪੰਜਾਬੀਆਂ ਨੂੰ ਜੇ ਬਹੁਤ ਪਿਛਾਂਹ ਜਾ ਕੇ ਨਾ ਵੀ ਸਮਝਣਾ ਹੋਵੇ ਤਾਂ ਬੀਤੇ ਦੀਆਂ ਕੁਝ ਕੁ ਘਟਨਾਵਾਂ ਵਿਚੋਂ ਇਨ੍ਹਾਂ ਦੀ ਮਾਨਵਤਾ ਪ੍ਰਤੀ ਲਗਨ, ਸੇਵਾ-ਭਾਵਨਾ, ਵੰਡਣ-ਛਕਣ ਦੀ ਰੀਤ ਅਤੇ ਲੰਗਰ ਪ੍ਰਥਾ ਦੀ ਸੁੱਚਤਮਤਾ ਤੇ ਉਚਤਮਤਾ ਵਿਚੋਂ ਪੜ੍ਹਿਆ ਜਾ ਸਕਦਾ। ਕਿਸੇ ਵੀ ਕੌਮ ਨੂੰ ਸਮਝਣ ਲਈ ਸਭ ਤੋਂ ਜਰੂਰੀ ਹੁੰਦਾ ਕਿ ਸਾਤਸਤੀ, ਮਹਾਂਮਾਰੀ ਜਾਂ ਮਨੁੱਖੀ ਤ੍ਰਾਸਦੀ ਦੇ ਦੌਰਾਨ ਉਸ ਕੌਮ ਦੀ ਕੀ ਪ੍ਰਤੀਕ੍ਰਿਆ ਸੀ? ਪੀੜਾ ਨੂੰ ਕਿਵੇਂ ਮਹਿਸੂਸ ਕੀਤਾ? ਉਸ ਨੇ ਕਿਹੜੇ ਰੂਪ ਵਿਚ ਮਾਨਵਤਾ ਦੀਆਂ ਅੱਖਾਂ 'ਚ ਆਏ ਹੰਝੂਆਂ ਨੂੰ ਪੂੰਝਿਆ? ਕੀ ਉਸ ਨੇ ਖੁਦ ਨੂੰ ਸੇਵਾ ਪ੍ਰਤੀ ਸਮਰਪਿਤ ਕੀਤਾ ਜਾਂ ਆਲੇ-ਦੁਆਲੇ ਰੁਲਦੇ ਚੀਥੜਿਆਂ ਨੂੰ ਦੇਖ ਕੇ ਬੇਨਿਆਜ਼ ਹੀ ਰਿਹਾ? ਯਾਦ ਰਹੇ, ਇਤਿਹਾਸ ਸਿਰਫ ਉਹ ਹੀ ਲਿਖਦੇ, ਜੋ ਇਤਿਹਾਸ ਲਿਖਣ ਦੇ ਕਾਬਲ ਹੁੰਦੇ ਅਤੇ ਉਨ੍ਹਾਂ ਕਰਕੇ ਹੀ ਬੀਤਿਆ ਕੱਲ੍ਹ ਅੱਜ ਲਈ ਪੂਜਣਯੋਗ ਹੁੰਦਾ ਤੇ ਰਾਹ-ਦਸੇਰਾ ਬਣ ਕੇ ਆਉਣ ਵਾਲੀਆਂ ਨਸਲਾਂ ਲਈ ਮਾਰਗ-ਦਰਸ਼ਨ ਕਰਦਾ।

ਪੰਜਾਬੀਆਂ ਦੀ ਸੰਵੇਦਨਾ ਨੂੰ ਨੇੜਿਉਂ ਦੇਖਣ ਲਈ ਕਰੋਨਾ ਕਾਲ ਦੌਰਾਨ ਪੰਜਾਬੀਆਂ ਵਲੋਂ ਕੀਤੀ ਸੇਵਾ-ਭਾਵਨਾ ਨੂੰ ਸਿਜਦਾ ਕਰਨ ਨੂੰ ਜੀਅ ਕਰਦਾ। ਭਾਵੇਂ ਉਹ ਤਾਲਾਬੰਦੀ ਦੌਰਾਨ ਦੇਸ਼-ਵਿਦੇਸ਼ ਵਿਚ ਭੁੱਖਿਆਂ ਲਈ ਲੰਗਰ ਲਾਉਣੇ ਹੋਣ। ਹਜ਼ਾਰਾਂ ਹੀ ਮਜ਼ਦੂਰਾਂ ਨੂੰ ਮਹਾਂਮਾਰੀ ਦੌਰਾਨ ਉਨ੍ਹਾਂ ਦੇ ਘਰ ਪਹੁੰਚਾਣ ਲਈ ਬੱਸਾਂ, ਰੇਲ-ਗੱਡੀਆਂ ਜਾਂ ਹਵਾਈ ਯਾਤਰਾ ਦਾ ਪ੍ਰਬੰਧ ਕਰਨਾ ਹੋਵੇ। ਲੋੜਵੰਦਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਹੋਣ ਜਾਂ ਆਪਣੀ ਜਾਨ ਜੋਖਮ ਵਿਚ ਪਾ ਕੇ, ਉਨ੍ਹਾਂ ਦੀਆਂ ਲਿੱਲਕੜੀਆਂ, ਲੇਰਾਂ ਤੇ ਸਿਸਕੀਆਂ ਉਤੇ ਆਸ ਤੇ ਉਮੀਦ ਦਾ ਚਿਰਾਗ ਜਗਾਉਣਾ ਹੋਵੇ। ਕਰੋਨਾ ਦੇ ਖੌਫ ਕਾਰਨ ਜਦ ਮਾਲਕਾਂ ਨੇ ਕਿਰਾਏਦਾਰ ਡਾਕਟਰਾਂ ਨੂੰ ਘਰੋਂ ਕੱਢਿਆ ਤਾਂ ਗੁਰਦੁਆਰੇ, ਉਨ੍ਹਾਂ ਲਈ ਰੈਣ-ਬਸੇਰੇ ਬਣ ਗਏ। ਵਿਦੇਸ਼ੀ ਸਰਕਾਰੀ ਤੰਤਰ ਨੇ ਇਸ ਔਖੀ ਘੜੀ ਵਿਚ ਸਿੱਖ ਭਾਈਚਾਰੇ ਨੂੰ ਹਾਕ ਮਾਰੀ ਤਾਂ ਉਨ੍ਹਾਂ ਨੇ ਇਸ ਹਾਕ ਦਾ ਹੁੰਗਾਰਾ ਦਰਿਆ-ਦਿਲੀ ਨਾਲ ਭਰਿਆ।

ਇਹ ਵੀ ਪੰਜਾਬੀਆਂ ਦੇ ਹੀ ਹਿੱਸੇ ਆਇਆ ਕਿ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਆਈ ਮਹਾਂਮਾਰੀ ਦੌਰਾਨ ਫਰੰਟ 'ਤੇ ਆ ਕੇ ਪੀੜਤਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਈ। ਖਾਲਸਾ ਏਡ ਵਰਗੀ ਸੰਸਥਾ ਹਰ ਦੁੱਖ ਦੀ ਘੜੀ ਵਿਚ ਹਾਜ਼ਰ-ਨਾਜ਼ਰ ਰਹਿੰਦੀ। ਭਾਵੇਂ ਉਹ ਸੀਰੀਆ ਜਾਂ ਇਰਾਕ ਵਿਚ ਜੰਗਬੰਦੀ ਵਿਚ ਘਿਰੇ ਸ਼ਰਨਾਰਥੀ ਹੋਣ; ਉੜੀਸਾ, ਦੱਖਣੀ ਭਾਰਤ, ਗੁਜਰਾਤ ਜਾਂ ਪੰਜਾਬ ਵਿਚ ਆਏ ਹੜ੍ਹ ਹੋਣ; ਮਿਆਂਮਾਰ ਦੇ ਬਾਰਡਰ 'ਤੇ ਘਿਰੇ ਰੋਹਿੰਗੇ ਮੁਸਲਮਾਨ ਹੋਣ ਜਾਂ ਕਿਸਾਨੀ ਸੰਘਰਸ਼ ਦੌਰਾਨ ਦਿੱਲੀ ਬਾਰਡਰ 'ਤੇ ਕਿਸਾਨਾਂ ਲਈ ਮੁਢਲੀਆਂ ਸਹੂਲਤਾਂ ਦਾ ਸੁਯੋਗ ਪ੍ਰਬੰਧ ਕਰਨਾ ਹੋਵੇ। ਇਹ ਤਾਂ ਵਰੋਸਾਏ ਹੀ ਦਾਨ ਕਰਨ, ਮਨੁੱਖਤਾ ਦੀਆਂ ਅੱਖਾਂ ਦਾ ਖਾਰਾ ਪਾਣੀ ਸੁਕਾਉਣ ਅਤੇ ਭੁੱਖੇ ਪਿਆਸਿਆਂ ਨੂੰ ਤ੍ਰਿਪਤ ਕਰਨ ਲਈ ਹਨ। ਪੰਜਾਬੀਆਂ ਨੂੰ ਪਤਾ ਹੈ ਕਿ ਦਾਨ ਦਿਤਿਆਂ ਧਨ ਨਹੀਂ ਘੱਟਦਾ ਅਤੇ ਦਾਨ ਨਾਲ ਚੱਲ ਰਹੇ ਕਾਰਜਾਂ ਵਿਚ ਕਦੇ ਖੜੋਤ ਨਹੀਂ ਆਉਂਦੀ।

ਪੰਜਾਬ ਸਦਾ ਗੁਰਾਂ ਦੇ ਨਾਮ 'ਤੇ ਜੀਂਦਾ। ਪੰਜਾਬੀਆਂ ਨੂੰ ਆਪਣੇ ਗੁਰੂਆਂ ਦੀਆਂ ਬਖਸ਼ਿਸ਼ਾਂ ਜਿੰਦ-ਜਾਨ ਤੋਂ ਵੀ ਪਿਆਰੀਆਂ। ਉਹ ਗੁਰੂਆਂ ਦੇ ਪੂਰਨਿਆਂ 'ਤੇ ਚੱਲਦੇ, ਜਾਨ ਦੀ ਪ੍ਰਵਾਹ ਨਹੀਂ ਕਰਦੇ। ਇਨ੍ਹਾਂ ਦੀ ਗੈਰਤ ਨੂੰ ਕਿਸੇ ਨੇ ਲਲਕਾਰਨ ਦੀ ਜੁਰਅਤ ਨਹੀਂ ਕੀਤੀ। ਆਪਣੇ ਅਸੂਲਾਂ 'ਤੇ ਜਿਉਣ ਦੀ ਦਮਦਾਰੀ ਨੇ ਕਿਰਸਾਨੀ ਸੰਘਰਸ਼ ਨੂੰ ਨਵੀਂ ਬੁਲੰਦੀ 'ਤੇ ਪਹੁੰਚਾ ਦਿੱਤਾ ਏ।

ਇਹ ਪੰਜਾਬੀ ਹੀ ਕਰ ਸਕਦੇ ਕਿ ਦੋ ਦਿਨਾਂ ਲਈ ਧਰਨੇ 'ਤੇ ਆਇਆਂ ਨੂੰ ਹੁਣ ਦਿੱਲੀ ਬਾਰਡਰ ਉਤੇ ਬੈਠਿਆਂ ਨੂੰ ਮਹੀਨੇ ਤੋਂ ਵੀ ਵੱਧ ਹੋ ਗਿਆ। ਨਹੀਂ ਕੋਈ ਸਹੂਲਤਾਂ ਦੀ ਘਾਟ। ਅੰਬਰ ਹੇਠ ਘਰ ਬਣਾ ਲਏ ਪੰਜਾਬੀਆਂ ਨੇ। ਚੱਲਦੇ ਨੇ ਦਿਨ ਰਾਤ ਲੰਗਰ, ਭਰੇ-ਭੰਡਾਰ, ਅਪਰ-ਆਪਾਰ ਅਤੇ ਨਹੀਂ ਕੋਈ ਪਾਰਾਵਾਰ। ਪੀਜੇ, ਪਿੰਨੀਆਂ, ਬਦਾਮਾਂ ਤੀਕ ਦੇ ਲੰਗਰ। ਇਹ ਪੰਜਾਬੀਆਂ ਦੀ ਖੁੱਲ੍ਹਦਿਲੀ ਤੇ ਦਾਨੀ ਸੁਭਾਅ ਕਰਕੇ ਹੀ ਹੈ। ਕੌਣ ਲਾਵੇਗਾ



ਹਿਸਾਬ ਇਨ੍ਹਾਂ ਦੀ ਫਿਰਾਖਦਿਲੀ ਤੇ ਦਰਿਆ-ਦਿਲੀ ਦਾ। ਇਹ ਸਭ ਕੁਝ ਲੁਟਾ ਕੇ ਆਪਣੀ ਪਿੱਠ ਨਹੀਂ ਲੱਗਣ ਦੇਣਗੇ। ਇਨ੍ਹਾਂ ਲਈ ਸਭ ਤੋਂ ਅਜ਼ੀਮ ਏ ਅਣਖ, ਅਦਬ ਅਤੇ ਆਪਣੀਆਂ ਸ਼ਰਤਾਂ 'ਤੇ ਜਿਉਣ ਦਾ ਜਜ਼ਬਾ। ਟੈਂਅ ਨਹੀਂ ਮੰਨਦੇ ਕਿਸੇ ਦੀ, ਪਿਆਰ ਨਾਲ ਭਾਵੇਂ ਜੋ ਮਰਜੀ ਕਰਵਾ ਲਓ ਤੇ ਲੈ ਲਓ ਸਭ ਕੁਝ। ਕੁਰਬਾਨ ਕਰ ਦਿੰਦੇ।

ਦਿੱਲੀ ਬਾਰਡਰ 'ਤੇ ਸੰਘਰਸ਼ ਦੌਰਾਨ ਪੰਜਾਬੀਆਂ ਵਲੋਂ ਤਾਰੀ ਜਾ ਰਹੀ ਆਰਥਕ ਕੀਮਤ ਦੇ ਅੰਦਾਜ਼ੇ ਲਈ ਹਿਸਾਬ ਦੇ ਅੰਕ ਵੀ ਛੋਟੇ ਪੈ ਜਾਣਗੇ। ਅੱਠ-ਦਸ ਲੱਖ ਪੰਜਾਬੀ ਇਸ ਧਰਨੇ ਵਿਚ ਸ਼ਾਮਲ ਨੇ। ਜੇ ਹਰੇਕ ਦੀ ਇਕ ਦਿਨ ਦੀ ਕਮਾਈ ਪੰਜ ਸੌ ਰੁਪਏ ਮੰਨੀਏ (ਮਜ਼ਦੂਰ ਦੀ ਦਿਹਾੜੀ ਦੇ ਬਰਾਬਰ) ਤਾਂ ਕੁਲ 40 ਕਰੋੜ ਰੋਜਾਨਾ ਬਣਦੀ ਹੈ ਅਤੇ ਇਕ ਮਹੀਨੇ ਦੇ 1200 ਕਰੋੜ ਰੁਪਏ। ਜੇ ਕੁਲ 50,000 ਟਰਾਲੀਆਂ ਹੋਣ ਅਤੇ ਇਥੇ ਪਹੁੰਚਣ ਲਈ 2000 ਦਾ ਡੀਜ਼ਲ ਲੱਗਾ ਹੋਵੇ ਤਾਂ ਇਥੇ ਆਉਣ ਵਿਚ 10 ਕਰੋੜ ਦਾ ਖਰਚ, ਤੇ ਟੁੱਟ-ਭੱਜ ਵੱਖਰੀ। ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਜਿਵੇਂ ਲੰਗਰ, ਟੈਂਟ, ਆਦਿ ਲਈ ਜੇ ਇਕ ਵਿਅਕਤੀ 'ਤੇ 300 ਰੁਪਏ ਵੀ ਖਰਚਾ ਆਵੇ ਤਾਂ ਇਹ ਰੋਜਾਨਾ 24 ਕਰੋੜ ਰੁਪਏ ਅਤੇ ਮਹੀਨੇ ਲਈ 720 ਕਰੋੜ ਰੁਪਏ ਬਣਦਾ। ਰੋਜ਼ਾਨਾ 4000-5000 ਕਾਰਾਂ ਟੈਂਪੂ ਟਰੈਕਟਰ ਖਾਣੇ ਦੀਆਂ ਵਸਤਾਂ ਲੈ ਕੇ ਆ ਰਹੇ। ਜੇ ਹਰੇਕ 'ਤੇ ਤੇਲ ਦਾ 2000 ਰੁਪਏ ਖਰਚ ਹੋਵੇ ਤਾਂ ਰੋਜ਼ਾਨਾ 60 ਲੱਖ ਦਾ ਖਰਚਾ। ਬਾਕੀ ਸਹੂਲਤਾਂ ਦੇ ਹੋਰ ਬਹੁਤ ਸਾਰੇ ਖਰਚੇ। ਇਹ ਸਾਰਾ ਖਰਚਾ ਪੰਜਾਬੀ ਆਪਣੇ ਸਿਰ 'ਤੇ ਜਰਦੇ, ਹੱਕ-ਸੱਚ ਦੀ ਲੜਾਈ ਲੜ ਰਹੇ ਨੇ। ਆਪਣਾ ਆਪ ਤੇ ਘਰ ਲੁਟਾ ਕੇ, ਜਿੱਤ ਦੇ ਝੰਡੇ ਗੱਡਣਾ ਸਿਰਫ ਪੰਜਾਬੀ ਹੀ ਕਰ ਸਕਦੇ।

ਇਹ ਕ੍ਰਿਸ਼ਮਾ ਵੀ ਪੰਜਾਬੀਆਂ ਨੇ ਹੀ ਕਰਨਾ ਸੀ ਕਿ ਨਸ਼ੱਈ, ਨਾਲਾਇਕ ਤੇ ਲਾਪ੍ਰਵਾਹ ਜਵਾਨੀ ਦਾ ਇਲਜ਼ਾਮ ਧੋਣ ਲਈ, ਸਮੁੱਚੇ ਨੌਜਵਾਨਾਂ ਨੇ ਬਜ਼ੁਰਗਾਂ ਦੀ ਰਹਿਨੁਮਾਈ 'ਚ ਸੰਘਰਸ਼ ਨੂੰ ਅਜਿਹੇ ਮੁਕਾਮ 'ਤੇ ਪਹੁੰਚਾ ਦਿੱਤਾ ਕਿ ਦੁਨੀਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਪੰਜਾਬੀ ਗਾਇਕੀ ਨਵੀਂ ਸੇਧ ਲੈ ਕੇ ਪੰਜਾਬੀਆਂ ਦੀ ਵੰਗਾਰ ਤੇ ਲਲਕਾਰ ਬਣੀ ਅਤੇ ਪੰਜਾਬੀ ਵਿਰਸੇ ਨੂੰ ਨਵੀਂ ਪਛਾਣ ਮਿਲੀ। ਕੇਹਾ ਗਜ਼ਬ ਏ ਕਿ ਹਰ ਰੋਜ਼ ਲੱਖਾਂ ਕਮਾਉਣ ਵਾਲੇ ਗਾਇਕਾਂ ਤੇ ਕਲਾਕਾਰਾਂ ਨੇ ਖੁਦ ਨੂੰ ਸੰਘਰਸ਼ ਦੇ ਲੇਖੇ ਲਾ, ਰਾਤ ਦੇ ਪਹਿਰੇਦਾਰ ਬਣ, ਜਾਗਦੇ ਰਹੋ ਦਾ ਹੋਕਰਾ ਬਣਾ ਲਿਆ।

ਪੰਜਾਬੀਆਂ ਦੇ ਜੋਸ਼ ਇਹ ਕੇਹਾ ਆਲਮ ਏ ਕਿ ਲਗਜ਼ਰੀ ਕਾਰਾਂ ਪਿੱਛੇ ਟਰਾਲੀਆਂ ਪਾ ਕੇ ਪੰਜਾਬੀਆਂ ਨੇ ਰਸਦਾਂ ਦੇ ਢੇਰ ਲਾ ਦਿੱਤੇ। ਧਰਨੇ ਦਾ ਕੇਹਾ ਚਾਅ ਕਿ ਕੋਈ ਮੋਟਰਸਾਈਕਲ ਨੂੰ ਘੜੁਕਾ ਬਣਾ ਕੇ ਸੇਵਾ ਕਰ ਰਿਹਾ, ਕੋਈ ਦੌੜ ਕੇ ਦਿੱਲੀ ਨੂੰ ਤੁਰ ਪਿਆ, ਕੋਈ ਟਰਾਈਸਾਈਕਲ 'ਤੇ ਵਾਹੋਦਾਹੀ ਜਾ ਰਿਹਾ। ਵਿਆਹ ਤੋਂ ਬਾਅਦ, ਰਾਂਗਲੇ ਦਿਨਾਂ ਦੀ ਸ਼ੁਰੂਆਤ ਜਦ ਕੋਈ ਧਰਨੇ ਤੋਂ ਕਰਦਾ ਤਾਂ ਉਸ ਦੇ ਮਨ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ। ਬਾਪ ਆਪਣੀ ਧੀ ਦੀ ਡੋਲੀ ਤੋਰਨ ਲਈ ਧਰਨੇ ਤੋਂ ਤੁਰਨ ਵੇਲੇ ਅੱਖਾਂ ਨਮ ਕਰਦਾ ਹੈ, ਕਿਉਂਕਿ ਉਸ ਨੂੰ ਲੱਗਦਾ ਹੈ ਕਿ ਸੰਘਰਸ਼ ਉਸ ਦੇ ਸਾਹਾਂ ਦਾ ਜਾਮਨ ਹੈ, ਜਦ ਕਿ ਅੰਦਰ ਨੂੰ ਤਾਂ ਬਾਅਦ 'ਚ ਵੀ ਮਿਲਿਆ ਜਾ ਸਕਦਾ।

ਇਹ ਦਾਨਾਈ ਵੀ ਪੰਜਾਬੀਆਂ ਦੇ ਹਿੱਸੇ ਹੀ ਆਈ ਕਿ ਵਿਦੇਸ਼ ਤੋਂ ਗਿਆ ਕੋਈ ਬਾਬਾ ਨੋਟਾਂ ਦਾ ਝੋਲਾ, ਤੁੱਛ ਭੇਟਾ ਵਜੋਂ ਅਰਪੱਤ ਕਰਦਾ। ਅਜ਼ਾਦੀ ਅੰਦੋਲਨ ਲਈ ਅਮਰੀਕਾ ਤੋਂ ਤੁਰੀ ਗਦਰ ਲਹਿਰ ਦੀ ਨਵੀਂ ਕਰਵਟ ਹੀ ਹੈ ਕਿ ਵਿਦੇਸ਼ਾਂ ਵਿਚ ਵੱਸੇ ਪੰਜਾਬੀਆਂ ਨੇ ਆਪਣੇ ਪੁਰਖਿਆਂ ਦੇ ਕਾਰਨਾਮਿਆਂ ਨੂੰ ਕਦੇ ਨਹੀਂ ਵਿਸਾਰਿਆ। ਪੰਜਾਬੀਆਂ ਵਿਚ ਲੈਣ ਨਾਲੋਂ ਹੱਥੋਂ ਕੁਝ ਦੇਣ ਦਾ ਹੌਸਲਾ ਅਤੇ ਨਿਮਰਤਾ ਨੇ ਇਕ ਅਲੋਕਾਰੀ ਪਛਾਣ ਸਿਰਜੀ ਹੈ।

ਇਹ ਪੰਜਾਬੀਆਂ ਦਾ ਹੀ ਕਰਮ ਏ ਕਿ ਉਹ ਜਿਥੇ ਵੀ ਜਾਂਦੇ ਨੇ, ਨਵਾਂ ਪੰਜਾਬ ਵਸਾ ਲੈਂਦੇ। ਦਿੱਲੀ ਦੇ ਬਾਰਡਰ 'ਤੇ ਲਾਇਆ ਧਰਨਾ ਹੀ ਤਾਂ ਹੈ, ਨਵਾਂ-ਨਿਵੇਕਲਾ ਵੱਸਿਆ ਪੰਜਾਬ। ਇਸ ਦੀ ਖੁਸ਼ਬੂ। ਅਮੀਰ ਪਰੰਪਰਾਵਾਂ ਦੀ ਪ੍ਰਦਰਸ਼ਨੀ। ਸਹਿਜ, ਸ਼ਾਂਤੀ, ਸਿਦਕ ਅਤੇ ਸਿਰੜ ਨਾਲ ਕੁਦਰਤ ਦੇ ਭਾਣੇ ਵਿਚ ਰਹਿੰਦਿਆਂ, ਹਾਕਮ ਨੂੰ ਕੁੰਭਕਰਨੀ ਨੀਂਦ ਵਿਚੋਂ ਜਗਾਉਣਾ, ਤੇ ਹੱਕ-ਸੱਚ ਦਾ ਪਰਚਮ ਲਹਿਰਾਉਣਾ। ਦੁਨੀਆਂ ਨੂੰ ਇਹ ਦਿਖਾਉਣਾ ਕਿ ਸੰਘਰਸ਼ ਇਸ ਤਰ੍ਹਾਂ ਵੀ ਲੜੇ ਜਾ ਸਕਦੇ। ਦਰਅਸਲ ਇਸ ਸੰਘਰਸ਼ ਨੇ ਬੀਤੇ ਇਤਿਹਾਸ ਨੂੰ ਪੁਨਰਸੰਜੀਵ ਕਰ ਦਿੱਤਾ। ਨਵੀਆਂ ਨਸਲਾਂ ਨੂੰ ਦਿਖਾ ਦਿੱਤਾ ਕਿ ਬਜ਼ੁਰਗਾਂ ਦੀਆਂ ਕੀਰਤੀਆਂ ਤੇ ਕੁਰਬਾਨੀਆਂ ਨੂੰ ਕਿਸ ਤਰ੍ਹਾਂ ਸਿਜਦਾ ਕੀਤਾ ਜਾ ਸਕਦਾ? ਜਦ ਇਹ ਪੰਜਾਬੀ ਜਿੱਤ ਤੋਂ ਬਾਅਦ ਆਪਣੇ ਘਰਾਂ ਨੂੰ ਪਰਤਣਗੇ ਤਾਂ ਬਹੁਤ ਯਾਦ ਆਵੇਗਾ। ਸੜਕਾਂ ਦੇ ਕੰਢਿਆਂ 'ਤੇ ਜਾਗਦਿਆਂ, ਬਿਤਾਈਆਂ ਰਾਤਾਂ। ਰਾਹਾਂ ਦੀਆਂ ਰੁਕਾਵਟਾਂ ਅਤੇ ਕੰਡਿਆਲੀਆਂ ਤਾਰਾਂ ਦੀ ਘੇਰਾਬੰਦੀ ਨੂੰ ਤੋੜਨ ਦਾ ਵਿਸਮਾਦ। ਮਨ ਦੀ ਮਸਤੀ ਨਾਲ ਫੱਕਰਤਾ ਨੂੰ ਹੰਢਾਉਣਾ, ਬਜ਼ੁਰਗਾਂ ਵਲੋਂ ਸੜਕਾਂ ਦੇ ਕੰਢਿਆਂ 'ਤੇ ਬੀਜੀਆਂ ਸਬਜ਼ੀਆਂ। ਬਹੁਤ ਯਾਦ ਕਰਨਗੇ ਆਲੇ-ਦੁਆਲੇ ਦੇ ਰਹਿਣ ਵਾਲੇ ਲੋਕ, ਜਿਨ੍ਹਾਂ ਨੂੰ ਪੰਜਾਬੀਆਂ ਦੀ ਸੰਗਤ ਅਤੇ ਸੁਹਬਤ ਮਾਣਨ ਦਾ ਸ਼ਰਫ ਹਾਸਲ ਹੋਇਆ। ਉਨ੍ਹਾਂ ਦੇ ਬੱਚਿਆਂ ਦੇ ਚੇਤਿਆਂ ਵਿਚ ਸਦਾ ਯਾਦ ਰਹੇਗੀ ਪੰਜਾਬੀ ਮਾਂ ਬੋਲੀ ਦੀ ਮਹਿਕ। ਪੰਜਾਬੀਆਂ ਦੀ ਸੇਵਾ ਭਾਵਨਾ। ਉਨ੍ਹਾਂ ਦੀਆਂ ਮੋਹਵੰਤੀਆਂ ਯਾਦਾਂ ਦਾ ਕਾਫਲਾ, ਬੱਚਿਆਂ ਦੇ ਸਮੁੱਚੇ ਜੀਵਨ ਦੇ ਨਾਲ ਨਾਲ ਹੀ ਤੁਰੇਗਾ। ਜਾਣ ਵੇਲੇ ਪੰਜਾਬੀ ਇਕ ਵਿਰਾਸਤ ਛੱਡ ਕੇ ਜਾਣਗੇ, ਜਿਸ ਨੇ ਕਈ ਪੀੜ੍ਹੀਆਂ ਤੱਕ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਪੰਜਾਬੀਆਂ ਦੇ ਮੋਹ ਭਰੇ ਵਰਤਾਰੇ ਦੀਆਂ ਮਿੱਠੀਆਂ ਯਾਦਾਂ ਨੂੰ ਸਾਂਭੀ ਰੱਖਣਾ। ਇਤਿਹਾਸ ਬਣਨਗੀਆਂ ਪੰਜਾਬੀਆਂ ਦੀਆਂ ਟਰਾਲੀਆਂ ਵਿਚ ਬਿਤਾਈਆਂ ਰਾਤਾਂ, ਗਿਲੇ ਸ਼ਿਕਵੇ ਭੁਲਾ ਕੇ ਭਾਈਚਾਰਕ ਸਾਂਝ ਦੀਆਂ ਪੀਡੀਆਂ ਤੰਦਾਂ, ਰੂਹ ਦੀ ਤਾਮੀਰਦਾਰੀ ਅਤੇ ਮੁਹੱਬਤ ਦਾ ਪੈਗਾਮਨਾਮਾ। ਇਹ ਸੜਕਾਂ, ਮੋੜ, ਚੌਰਸਤੇ ਅਤੇ ਘੇਰਾਬੰਦੀ, ਹਰੇਕ ਸ਼ਖਸ ਦੇ ਮਸਤਕ ਵਿਚ ਸਦੀਵੀ ਤੌਰ 'ਤੇ ਧਰੀ ਜਾਵੇਗੀ।

ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਦੀ ਰਗ ਰਗ ਵੱਸਦੀ ਸੁਪਨਿਆਂ ਦੀ ਪਰਵਾਜ਼, ਜਿਉਣ ਦਾ ਨਿਰਾਲਾ ਅੰਦਾਜ਼। ਉਨ੍ਹਾਂ ਦੇ ਸਾਹਾਂ ਵਿਚ ਧੜਕਦਾ ਏ ਦੇਸ਼-ਭਗਤੀ ਦਾ ਰਿਆਜ਼ ਅਤੇ ਕਲਮਾਂ ਨੂੰ ਏ ਪੰਜਾਬੀ ਹੋਣ 'ਤੇ ਨਾਜ਼; ਤਾਂ ਹੀ ਕਲਮ 'ਚੋਂ ਕਵਿਤਾ ਉਗਦੀ ਹੈ,

ਸੜਕ 'ਤੇ ਹੀ
ਨਿਆਂ-ਨਗਰੀ ਦਾ ਕੇਹਾ ਵਿਸਥਾਰ
ਸਜਿਆ ਏ ਲੋਕ-ਦਰਬਾਰ
ਮਹਿਮਾ ਏ ਅਪਰ-ਅਪਾਰ
ਕੇਹੀ ਰਹਿਮਤ-ਏ ਕਰਤਾਰ
ਕਿ ਹੋ ਗਿਆ
ਕਲਾਮਈ ਵਰਤਾਰਿਆਂ ਦਾ ਵਿਸਥਾਰ।

ਚਾਰੇ ਪਾਸੇ ਨਜ਼ਰ ਆਉਂਦੇ
ਝੁੰਡ ਹੀ ਝੁੰਡ
ਸਮੁੰਦਰਾਂ ਵਰਗੇ ਦਰਿਆਵਾਂ ਦੇ
ਅੰਬਰਾਂ ਵਰਗੀਆਂ ਮਾਂਵਾਂ ਦੇ
ਸੂਹੀਆਂ ਸੋਚ-ਸਭਾਵਾਂ ਦੇ
ਤੇ ਚੜ੍ਹਦੀਆਂ ਕਲਾਵਾਂ ਦੇ।

ਤਖਤ ਨੂੰ ਜਾਂਦੇ ਰਾਹਾਂ 'ਤੇ
ਕਾਰਵਾਂ ਹੀ ਕਾਰਵਾਂ
ਕਿਰਤੀਆਂ, ਕਿਰਸਾਨਾਂ ਦੇ
ਕਾਲਜੀਏਟ ਜਵਾਨਾਂ ਦੇ
ਜੋਸ਼ੀਲੇ ਇਨਸਾਨਾਂ ਦੇ
ਤੇ ਚੜ੍ਹਦੇ ਆਉਂਦੇ ਤੂਫਾਨਾਂ ਦੇ।

ਦਿੱਲੀ ਵੱਲ ਨੂੰ ਹੀ ਮੂੰਹ ਹੈ
ਕਾਰਾਂ ਦੀਆਂ ਕਤਾਰਾਂ ਦਾ
ਟਰੈਕਟਰਾਂ ਦੀਆਂ ਮੁਹਾਰਾਂ ਦਾ
ਸਾਈਕਲ ਅਸਵਾਰਾਂ ਦਾ
ਤੇ ਉਡਣੇ ਸਰਦਾਰਾਂ ਦਾ।

ਸਿਰਫ ਪੰਜਾਬੀ
ਪਾਉਂਦੇ ਕਾਰਾਂ ਮਗਰ ਟਰਾਲੀਆਂ
ਰੁਸ਼ਨਾਉਂਦੇ ਰਾਤਾਂ ਕਾਲੀਆਂ
ਪਾਲਦੇ ਖੁਆਬ-ਖਿਆਲੀਆਂ
ਤੇ ਗਰਮਾਉਂਦੇ ਰਾਤਾਂ ਸਿਆਲੀਆਂ।

ਜੀਂਦਾ ਰਹਿ ਪੰਜਾਬ ਸਿੰਹਾਂ!
ਇਹ ਕਰਤਾਰੀ ਵਰਤਾਰਾ ਤੇਰਾ ਹੀ ਹਾਸਲ
ਕਿਉਂਕਿ
ਤੂੰ 'ਕੱਲਾ ਹੁੰਦਾ ਵੀ ਅਨੇਕ ਏਂ
ਤੂੰ ਭੰਡਿਆ ਜਾਂਦਾ ਵੀ ਨੇਕ ਏਂ
ਦੱਬਿਆਂ ਕੁਚਲਿਆਂ ਲਈ ਟੇਕ ਏਂ
ਤੇ ਸਰਬੱਤ ਦੇ ਭਲੇ ਦੀ ਹੇਕ ਏਂ।

ਇਹ ਵੀ ਪੰਜਾਬੀ ਹੀ ਕਰ ਸਕਦੇ ਕਿ ਉਹ ਆਪਣੇ ਪਿੱਤਰੀ ਗਰਾਂ ਨੂੰ ਫਿਰ ਪਰਤਣ ਅਤੇ ਆਪਣੀਆਂ ਯਾਦਾਂ ਨੂੰ ਤਰੋ-ਤਾਜ਼ਾ ਕਰਨ ਲਈ ਵਾਰ ਵਾਰ ਪਰਤਦੇ ਰਹਿੰਦੇ। ਭਾਵੇਂ ਬਜ਼ੁਰਗਾਂ ਦਾ ਪਾਕਿਸਤਾਨ ਵਿਚ ਰਹਿ ਗਏ ਘਰਾਂ ਦੀ ਮਿੱਟੀ ਨੂੰ ਮੱਥੇ 'ਤੇ ਲਾਉਣਾ ਹੋਵੇ ਜਾਂ ਵਿਦੇਸ਼ਾਂ ਵਿਚ ਵੱਸਿਆਂ ਦਾ ਪੰਜਾਬ ਨੂੰ ਪਰਤਣਾ ਹੋਵੇ। ਹੁਣ ਭਵਿੱਖ 'ਚ ਪੰਜਾਬੀ ਵਾਰ ਵਾਰ ਸਿੰਘੂ, ਟਿਕਰੀ, ਗਾਜ਼ੀਪੁਰ, ਜੈਪੁਰ ਆਦਿ ਬਾਰਡਰਾਂ 'ਤੇ ਨਤਮਸਤਕ ਹੋਇਆ ਕਰਨਗੇ, ਕਿਉਂਕਿ ਇਹ ਵੀ ਪੰਜਾਬੀਆਂ ਦੀਆਂ ਕਰਮ-ਰੇਖਾਵਾਂ ਬਣ ਗਏ ਨੇ।

ਇਸੇ ਲਈ ਤਾਂ ਦੁਨੀਆਂ ਸਾਨੂੰ ਪੰਜਾਬੀ ਕਹਿੰਦੀ ਆ।

# ਹੋਮਿਓਪੈਥੀ: ਇਹ ਵੀ ਇਕ ਲੰਗਰ

*(ਪਿਛਲੇ ਸਫੇ ਦੀ ਬਾਕੀ)*

ਇਸ ਦੀ ਵਰਤੋਂ ਕਰ ਕੇ ਵੀ ਇਸ ਭਿਆਨਕ ਬਲਾ ਤੋਂ ਬਚਣਾ ਚਾਹੀਦਾ ਹੈ। ਇਸ ਬਾਰੇ ਆਪਣੇ ਹੋਮਿਓਪੈਥ ਜਾਂ ਸਥਾਨਕ ਡਾਕਟਰ ਦੀ ਸਲਾਹ ਲੈਣੀ ਜਰੂਰੀ ਹੈ।

ਉਪਰੋਕਤ ਦਵਾਈਆਂ ਪ੍ਰਤੀ ਦਿੱਤੇ ਇਹ ਤੱਥ ਕੋਈ ਜੁਮਲੇ ਨਹੀਂ। ਇਹ ਸੰਸਾਰ ਦੀ ਸਭ ਤੋਂ ਵੱਧ ਵਿਗਿਆਨਕ ਚਿਕਿਤਸਾ-ਪ੍ਰਣਾਲੀ ਹੋਮਿਓਪੈਥੀ ਦੇ ਅਜ਼ਮਾਏ ਹੋਏ ਸੱਚ ਹਨ। ਇਹ "ਲੋਹੇ ਨੂੰ ਲੋਹਾ ਕੱਟਦਾ ਹੈ" (Similia similibus curantur) ਦੇ ਅਟੱਲ ਸਿਧਾਂਤ 'ਤੇ ਕੰਮ ਕਰਦੇ ਹੋਏ ਪੜਤਾਲੇ ਤੱਥ ਹਨ, ਜੋ ਹੁਣ ਤੀਕ ਅਗਿਆਨ ਤੇ ਗਲਤਫਹਿਮੀਆਂ ਦੀ ਮਾਰੀ ਜਨਤਾ ਦੇ ਗਿਆਨ-ਧਿਆਨ ਤੋਂ ਦੂਰ ਰਹੇ ਹਨ। ਦੁਖਾਂ-ਦਰਦਾਂ ਦੇ ਸਤਾਏ ਕਿਸਾਨ ਵੀਰ ਤੇ ਹੋਰ ਭੈਣ-ਭਰਾ ਇਨ੍ਹਾਂ ਦਵਾਈਆਂ ਤੋਂ ਆਪਣੀ ਸਿਹਤ ਦਾ ਸਫਰ ਅੱਜ ਹੀ ਸ਼ੁਰੂ ਕਰ ਸਕਦੇ ਹਨ, ਪਰ ਇਹਤਿਆਤ ਲਈ ਇਹ ਜਰੂਰੀ ਹੈ ਕਿ ਹਰ ਇਕ ਭੈਣ ਭਾਈ ਦਵਾਈ ਲੈਣ ਤੋਂ ਪਹਿਲਾਂ ਇਸ ਆਮ ਜਾਣਕਾਰੀ ਨੂੰ ਆਪਣੇ ਹੋਮਿਓਪੈਥ ਨਾਲ ਸਲਾਹ ਕਰ ਕੇ ਪੱਕੀ ਕਰ ਲਵੇ, ਭਾਵ ਇਹ ਜਾਣਕਾਰੀ ਕੇਵਲ ਸਿੱਖਿਆ ਹਿੱਤ ਦਿੱਤੀ ਗਈ ਹੈ।

ਇਹ ਸਾਂਝੀ ਜਾਣਕਾਰੀ ਉਨ੍ਹਾਂ ਲਈ ਹੈ, ਜਿਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਹੋਮਿਓਪੈਥੀ ਕੀ ਕੁਝ ਕਰਨ ਦੇ ਸਮਰੱਥ ਹੈ, ਪਰ ਧਰਾਤਲ 'ਤੇ ਵਰਤੋਂ ਕਰਨ ਤੋਂ ਪਹਿਲਾਂ ਕਿਸੇ ਹੋਮਿਓਪੈਥ ਦੀ ਸਲਾਹ ਲੈਣੀ ਲਾਜ਼ਮੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਕੀ ਇਹ ਉਨ੍ਹਾਂ ਦੀ ਮੌਜੂਦਾ ਹਾਲਤ ਅਨੁਸਾਰ ਠੀਕ ਹਨ। ਭਾਵੇਂ ਹੋਮਿਓਪੈਥਿਕ ਹੀ ਸਹੀ, ਪਰ ਹਨ ਤਾਂ ਇਹ ਵੀ ਲਾਇਸੈਂਸ-ਸ਼ੁਦਾ ਦਵਾਈਆਂ ਹੀ, ਜੋ ਹਰ ਵਿਵਸਥਾ ਵਿਚ ਲਾਇਸੈਂਸੀ ਡਾਕਟਰਾਂ ਦੁਆਰਾ ਦਿੱਤੀਆਂ ਜਾਂਦੀਆਂ ਹਨ। ਇਸ ਲਈ ਲਓ ਭਾਵੇਂ ਕਿਤੋਂ ਵੀ, ਪਰ ਲਵੋ ਕਿਸੇ ਸਥਾਨਕ ਡਾਕਟਰ ਦੀ ਸਲਾਹ ਤੇ ਰਜ਼ਾਮੰਦੀ ਨਾਲ। ਉਨ੍ਹਾਂ ਦੀ ਸਲਾਹ ਪਿਛੋਂ ਹਰ ਭੈਣ-ਭਰਾ ਇਨ੍ਹਾਂ ਨੂੰ ਆਪਣੇ ਕੋਲ ਰੱਖ ਸਕਦਾ ਹੈ ਤੇ ਮੌਕੇ ਮੁਤਾਬਿਕ ਵਰਤ ਸਕਦਾ ਹੈ। ਮੇਰਾ ਭਰਾ ਵੀ ਜਦੋਂ ਹੁਣ ਧਰਨੇ 'ਤੇ ਜਾਵੇਗਾ, ਇਨ੍ਹਾਂ ਛੇ ਦਵਾਈਆਂ ਨੂੰ ਨਾਲ ਲੈ ਕੇ ਜਾਵੇਗਾ।

ਇਹ ਦਵਾਈਆਂ ਗੋਲੀਆਂ ਰੂਪ ਵਿਚ ਹਰ ਹੋਮਿਓਪੈਥਿਕ ਸਟੋਰ ਤੋਂ ਮਿਲਦੀਆਂ ਹਨ। ਕਿਤੋਂ ਨਾ ਮਿਲਣ ਤਾਂ ਐਮੇਜ਼ਾਨ ਤੋਂ ਵੀ ਆਰਡਰ ਕੀਤੀਆਂ ਜਾ ਸਕਦੀਆਂ ਹਨ। ਧਰਨਿਆਂ 'ਤੇ ਹਾਜ਼ਰ ਹੋਮਿਓਪੈਥ ਵੀ ਇਨ੍ਹਾਂ ਨੂੰ ਦੇ ਸਕਦੇ ਹਨ। ਜਿਥੇ ਅਜਿਹੇ ਹੋਮਿਓਪੈਥ ਧਰਨਿਆਂ 'ਤੇ ਜਾਂਦੇ ਹੋਣ, ਉਹ ਇਨ੍ਹਾਂ ਦਾ ਮੁਫਤ ਲੰਗਰ ਵੀ ਲਾ ਸਕਦੇ ਹਨ। ਇਹ ਦਵਾਈਆਂ ਕੁਦਰਤ ਦੀ ਅਮੁੱਲ ਦਾਤ ਵਾਂਗ ਹਨ। ਇਸ ਲਈ ਲੋੜ ਪੈਣ 'ਤੇ ਇਨ੍ਹਾਂ ਨੂੰ ਅਮੁੱਲ ਵਰਤਾਇਆ ਵੀ ਜਾ ਸਕਦਾ ਹੈ।

# ਕਿਸਾਨੀ ਅੰਦੋਲਨ ਦੀਆਂ ਪ੍ਰਾਪਤੀਆਂ, ਸੰਭਾਵਨਾਵਾਂ ਤੇ ਵਿਲੱਖਣਤਾਵਾਂ



ਨਿਰੰਜਣ ਬੋਹਾ, ਮਾਨਸਾ
ਫੋਨ: 91-89682-82700

ਪੰਜਾਬ ਖੇਤਰ ਵਿਚ ਸਮੇਂ ਸਮੇਂ ਚਲੀਆਂ ਸਥਾਪਤੀ ਵਿਰੋਧੀ ਤੇ ਲੋਕ ਪੱਖੀ ਲਹਿਰਾਂ ਨੇ ਇਸ ਖੇਤਰ ਦੀ ਜੰਗਜੂ ਤੇ ਜੁਝਾਰੂ ਪਛਾਣ ਸਥਾਪਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਨ੍ਹਾਂ ਲਹਿਰਾਂ ਕਾਰਨ ਹੀ ਇਸ ਖੇਤਰ ਦੇ ਲੋਕਾਂ ਦੀ ਸਿਆਸੀ ਚੇਤਨਾ ਐਨੀ ਵਿਕਸਿਤ ਹੈ ਕਿ ਪੂੰਜੀਵਾਦੀ ਸੱਤਾ ਪ੍ਰਬੰਧ ਨੂੰ ਦੇਸ਼ ਦੇ ਹੋਰ ਖੇਤਰਾਂ ਦੇ ਮੁਕਾਬਲੇ ਵਿਚ ਇੱਥੇ ਕਾਰਪੋਰੇਟ ਜਗਤ ਨੂੰ ਲਾਭ ਪਹੁੰਚਾਉਣ ਵਾਲੀਆਂ ਨੀਤੀਆਂ ਲਾਗੂ ਕਰਨ ਵਿਚ ਵਧੇਰੇ ਮੁਸ਼ਕਿਲ ਪੇਸ਼ ਆਉਂਦੀ ਹੈ ਤੇ ਕਈ ਵਾਰ ਇਹ ਨੀਤੀਆਂ ਲਾਗੂ ਕਰਨ ਲਈ ਵਿਸ਼ੇਸ਼ ਰਣਨੀਤੀ ਵੀ ਤਿਆਰ ਕਰਨੀ ਪੈਂਦੀ ਹੈ। ਜੇ ਅਸੀਂ ਪੰਜਾਬ ਦੇ ਇਤਿਹਾਸ 'ਤੇ ਝਾਤ ਮਾਰਦੇ ਹਾਂ ਤਾਂ ਸਾਨੂੰ ਮਾਣ ਹੁੰਦਾ ਹੈ ਕਿ ਭਾਰਤ ਦੇ ਹੋਰਨਾਂ ਸੂਬਿਆਂ ਦੇ ਮੁਕਾਬਲੇ ਪੰਜਾਬ ਤੇ ਪੱਛਮੀ ਬੰਗਾਲ ਦੇ ਲੋਕਾਂ ਅੰਦਰ ਲੋਕ ਪੱਖੀ ਸਿਆਸੀ ਚੇਤਨਾ ਦਾ ਪਸਾਰ ਵੱਧ ਰਿਹਾ ਹੈ। ਭਾਰਤ ਦੀ ਖੜਗ ਭੁਜਾ ਹੋਣ ਕਾਰਨ ਵਿਦੇਸ਼ੀ ਹਮਲਿਆਂ ਦਾ ਸਭ ਤੋਂ ਵੱਧ ਸਾਹਮਣਾ ਵੀ ਪੰਜਾਬ ਨੂੰ ਹੀ ਕਰਨਾ ਪਿਆ ਹੈ ਤੇ ਦੇਸ਼ ਦੀ ਆਜ਼ਾਦੀ ਦੇ ਨਾਂ 'ਤੇ ਹੋਏ ਦੁਨੀਆਂ ਦੇ ਸਭ ਤੋਂ ਵੱਡੇ ਮਨੁੱਖੀ ਕਤਲੇਆਮ ਦਾ ਸੰਤਾਪ ਵੀ ਇਸ ਖੇਤਰ ਦੇ ਲੋਕਾਂ ਨੂੰ ਹੀ ਭੋਗਣਾ ਪਿਆ ਹੈ। ਇਸ ਲਈ ਇੱਥੋਂ ਦੇ ਲੋਕਾਂ ਦੇ ਸੁਭਾਅ ਦੀ ਤਾਸੀਰ ਸੁਭਾਵਿਕ ਤੌਰ 'ਤੇ ਹੀ ਕੁਝ ਗਰਮ ਹੈ ਤੇ ਲੋਕਾਂ ਦੇ ਇਸੇ ਸੁਭਾਅ ਅਨੁਸਾਰ ਇਸ ਖੇਤਰ ਦੀ ਸਿਆਸੀ ਚੇਤਨਾ ਵੀ ਆਪਣਾ ਨਿਵੇਕਲਾ ਜੁਝਾਰੂ ਖਾਸਾ ਰੱਖਦੀ ਹੈ। ਇਹ ਖੇਤਰ ਮੁੱਢ ਤੋਂ ਹੀ ਲੋਕ ਘੋਲਾਂ ਦੇ ਅਗਵਾਨੂੰ ਰਹੇ ਯੋਧਿਆਂ ਦੀ ਕਰਮ ਭੂਮੀ ਰਿਹਾ ਹੈ।

ਪੰਜਾਬ ਖੇਤਰ ਦੇ ਲੋਕਾਂ ਦੀ ਵਿਕਸਿਤ ਸਿਆਸੀ ਚੇਤਨਾ ਕਾਰਨ ਹੀ ਅੰਗਰੇਜ਼ ਸਾਮਰਾਜ ਸਾਰੇ ਭਾਰਤ 'ਤੇ ਕਬਜ਼ਾ ਕਰਨ ਤੋਂ ਬਾਅਦ ਹੀ ਪੰਜਾਬ ਨੂੰ ਆਪਣੇ ਵਿਚ ਸ਼ਾਮਿਲ ਕਰਨ ਵਿਚ ਕਾਮਯਾਬ ਹੋ ਸਕਿਆ ਸੀ। ਪੰਜਾਬ ਵਿਚ ਹਰ ਦੋ-ਤਿੰਨ ਦਹਾਕਿਆਂ ਬਾਅਦ ਲੋਕ ਚੇਤਨਾ ਨੂੰ ਪ੍ਰਚੰਡ ਕਰਨ ਵਾਲੀ ਕੋਈ ਨਾ ਕੋਈ ਲਹਿਰ ਜਾਂ ਅੰਦੋਲਨ ਪੈਦਾ ਹੁੰਦਾ ਹੀ ਰਹਿੰਦਾ ਹੈ। ਇਸ ਖੇਤਰ ਦੇ ਲੋਕਾਂ ਨੂੰ ਸਰਬੰਸ ਦਾਨੀ ਸੰਗਰਾਮੀ ਯੋਧੇ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਹਾਸਿਲ ਹੈ ਤੇ ਇਸ ਖੇਤਰ ਨਾਲ ਸਬੰਧਿਤ ਬਜ਼ੁਰਗਾਂ ਨੇ ਗੁਰਦੁਆਰਾ ਸੁਧਾਰ ਲਹਿਰ, ਕੂਕਾ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਮੁਜ਼ਾਰਾ ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਲਹਿਰ, ਗਦਰ ਲਹਿਰ, ਪਰਜਾ ਮੰਡਲ ਲਹਿਰ, ਨਕਸਲਵਾੜੀ ਲਹਿਰ ਤੇ ਸੰਨ 1984 ਦੀ ਖਾੜਕੂ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ। ਪੰਜਾਬ ਵਿਚ ਪੈਦਾ ਹੋਈ ਹਰ ਲਹਿਰ ਦਾ ਭਾਵੇਂ ਆਪਣਾ ਵੱਖਰਾ ਇਤਿਹਾਸ ਹੈ ਤੇ ਇਨ੍ਹਾਂ ਦੇ ਪੈਦਾ ਹੋਣ ਦੇ ਕਾਰਨ ਵੀ ਵੱਖੋ ਵੱਖਰੇ ਹਨ, ਪਰ ਇਹ ਲਹਿਰਾਂ ਆਪਣੇ ਖਾਤਮੇ ਤੋਂ ਬਾਅਦ ਵੀ ਲੋਕ ਮਨਾਂ ਵਿਚ ਜਿਉਂਦੀਆਂ ਹਨ। ਇਸੇ ਕਰਕੇ ਇਸ ਖੇਤਰ ਵਿਚ ਪੈਦਾ ਹੋਣ ਵਾਲੀ ਹਰ ਨਵੀਂ ਲਹਿਰ ਅੰਦੋਲਨ ਇਨ੍ਹਾਂ ਪਿਛੋਕੜੀ ਲਹਿਰਾਂ ਤੋਂ ਵਿਚਾਰਧਾਰਕ ਊਰਜਾ ਵੀ ਲੈਂਦਾ ਹੈ ਤੇ ਪੂਰਵਲੇ ਸੰਘਰਸ਼ੀ ਯੋਧਿਆਂ ਦੇ ਤਜਰਬਿਆਂ ਤੋਂ ਲਾਭ ਵੀ ਉਠਾਉਂਦਾ ਹੈ।

ਮੌਜੂਦਾ ਸਮੇਂ ਦੇ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਏ ਤੇ ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚੇ ਕਿਸਾਨ ਅੰਦੋਲਨ ਨੇ ਵੀ ਪੰਜਾਬ ਦੀਆਂ ਵਿਰਸਾਗਤ ਸੰਘਰਸ਼ੀ ਲਹਿਰਾਂ ਤੋਂ ਬਹੁਤ ਕੁਝ ਹਾਸਲ ਵੀ ਕੀਤਾ ਹੈ ਅਤੇ ਆਪਣੀਆਂ ਬਹੁਤ ਸਾਰੀਆਂ ਮੌਲਿਕ ਵਿਸ਼ੇਸ਼ਤਾਈਆਂ, ਵਿਲੱਖਣਤਾਵਾਂ ਤੇ ਸੰਭਾਵਨਾਵਾਂ ਨੂੰ ਵੀ ਉਜਾਗਰ ਕੀਤਾ ਹੈ। ਇਹ ਕਿਸਾਨੀ ਅੰਦੋਲਨ ਭਾਵੇਂ ਪੰਜਾਬ ਦੇ ਹੱਦ ਬੰਨ੍ਹੇ ਟੱਪ ਕੇ ਦੇਸ਼ ਵਿਆਪੀ ਅੰਦੋਲਨ ਦਾ ਰੂਪ ਧਾਰਨ ਕਰ ਚੁਕਾ ਹੈ, ਪਰ ਪੰਜਾਬ ਖੇਤਰ ਦੀ ਜੰਗਜੂ ਤੇ ਜੁਝਾਰੂ ਖਾਸੇ ਵਾਲੀ ਪਛਾਣ ਕਾਰਨ ਇਸ ਦੀ ਮੁੱਖ ਅਗਵਾਈ ਅਜੇ ਪੰਜਾਬ ਕੋਲ ਹੀ ਹੈ। ਸੰਸਾਰ ਦੇ ਬਹੁਤ ਸਾਰੇ ਮਨੁੱਖੀ ਸੰਗਠਨਾਂ ਦੀਆਂ ਅਵਾਜ਼ਾਂ ਇਸ ਅੰਦੋਲਨ ਦੇ ਹੱਕ ਵਿਚ ਉੱਠਣ ਕਾਰਨ ਕਾਰਪੋਰੇਟ ਪੱਖੀ ਸੱਤਾ ਪ੍ਰਬੰਧ ਨੂੰ ਪੜਾਅ ਵਾਰ ਕਿਸਾਨਾਂ ਦੇ ਇਸ ਅੰਦੋਲਨ ਅੱਗੇ ਝੁੱਕਣਾ ਵੀ ਪੈ ਰਿਹਾ ਹੈ ਤੇ ਇਹ ਗੱਲ ਵੀ ਸਵੀਕਾਰਨੀ ਪਈ ਹੈ ਕਿ ਕਿਸਾਨੀ ਹਿੱਤਾ ਨੂੰ ਦਰ-ਕਿਨਾਰ ਕਰਕੇ ਤਿੰਨ ਖੇਤੀਬਾੜੀ ਕਾਨੂੰਨ ਉਨ੍ਹਾਂ ਕਾਰਪੋਰੇਟ ਜਗਤ ਨੂੰ ਹੋਰ ਮਜਬੂਤ ਕਰਨ ਲਈ ਹੀ ਬਣਾਏ ਹਨ। ਭਾਵੇਂ ਇਸ ਅੰਦੋਲਨ ਨੂੰ ਸਾਰੇ ਦੇਸ਼ ਦੇ ਕਿਸਾਨਾਂ ਤੇ ਇਨਸਾਫ-ਪਸੰਦ ਲੋਕਾਂ ਦਾ ਸਮਰਥਨ ਹਾਸਿਲ ਹੈ, ਪਰ ਫਿਰ ਵੀ ਸਾਰੇ ਦੇਸ਼ ਵਿਚ ਇਹੀ ਸੰਦੇਸ਼ ਗਿਆ ਹੈ ਕਿ ਜੇ ਕੋਈ ਖੇਤਰ ਕੇਂਦਰ ਦੀਆਂ ਫਾਂਸੀਵਾਦੀ ਤੇ ਕਾਰਪੋਰੇਟ ਪੱਖੀ ਨੀਤੀਆਂ ਦਾ ਕੋਈ ਡੱਟ ਕੇ ਮੁਕਾਬਲਾ ਕਰ ਸਕਦਾ ਤਾਂ ਉਹ ਪੰਜਾਬ ਖੇਤਰ ਹੀ ਹੈ।

ਕਿਸੇ ਵੀ ਵੱਡੇ ਅੰਦੋਲਨ ਨੂੰ ਸਫਲਤਾ ਯਕ ਦਮ ਤੇ ਇੱਕੋ ਵੇਲੇ ਨਹੀਂ ਮਿਲ ਜਾਂਦੀ ਸਗੋਂ ਇਹ ਸਫਲਤਾ ਬਹੁ-ਪੜਾਵੀ ਤੇ ਬਹੁ-ਪਰਤੀ ਹੁੰਦੀ ਹੈ। ਇਸੇ ਤਰ੍ਹਾਂ ਕਿਸੇ ਸੰਘਰਸ਼ ਦੀ ਮੁੱਖ ਜਿੱਤ ਨਾਲ ਕੁਝ ਉਪ ਤੇ ਸਹਾਇਕ ਜਿੱਤਾਂ ਵੀ ਜੁੜੀਆਂ ਹੁੰਦੀਆਂ ਹਨ। ਜੇ ਮੌਜੂਦਾ ਕਿਸਾਨ ਸੰਘਰਸ਼ ਦੀਆਂ ਇਨ੍ਹਾਂ ਉਪ ਜਿੱਤਾਂ ਵੱਲ ਨਜ਼ਰ ਮਾਰੀਏ ਤਾਂ ਅੰਕੜੇ ਦੱਸਦੇ ਹਨ ਕਿ ਜਦੋਂ ਦਾ ਕਿਸਾਨੀ ਅੰਦੋਲਨ ਸ਼ੁਰੂ ਹੋਇਆ ਹੈ, ਉਦੋਂ ਦਾ ਪੰਜਾਬ ਵਿਚ ਕਿਸਾਨੀ ਖੁਦਕੁਸ਼ੀਆਂ ਦਾ ਰੁਝਾਨ ਵੀ ਬਹੁਤ ਤੇਜੀ ਨਾਲ ਘਟਿਆ ਹੈ। ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਪੰਜਾਬੀ ਅਖਬਾਰਾਂ ਆਪਣੇ ਮੁੱਖ ਪੰਨੇ 'ਤੇ ਕਿਸਾਨੀ ਖੁਦਕੁਸ਼ੀਆਂ ਦੀ ਖਬਰ ਛਾਪਣ ਲਈ ਥਾਂ ਰਾਖਵੀਂ ਰੱਖਦੀਆਂ ਸਨ ਤੇ ਕਈ ਵਾਰ ਇੱਕਠੀਆਂ ਦੋ-ਤਿੰਨ ਖਬਰਾਂ ਵੀ ਕਿਸਾਨੀ ਮੌਤ ਦੇ ਕੀਰਨੇ ਪਾਉਂਦੀਆਂ ਵਿਖਾਈ ਦੇ ਜਾਂਦੀਆਂ ਸਨ। ਇਹ ਅੰਦੋਲਨ ਸ਼ੁਰੂ ਹੋਣ ਤੋਂ ਬਾਅਦ ਕਿਸਾਨੀ ਸੋਚ ਵਿਚ ਢਾਹੂ ਤੇ ਨਿਰਾਸ਼ ਬਿਰਤੀਆਂ ਤੋਂ ਲਗਭਗ ਛੁਟਕਾਰਾ ਪਾ ਕੇ ਸੰਘਰਸ਼ ਦੇ ਰਾਹ ਪੈ ਗਈ ਹੈ। ਹੁਣ ਅਖਬਾਰਾਂ ਦੇ ਮੁੱਖ ਪੰਨੇ 'ਤੇ ਖੁਦਕੁਸ਼ੀਆਂ ਦੀਆਂ ਖਬਰਾਂ ਦੀ ਥਾਂ ਉਨ੍ਹਾਂ ਦੇ ਸੰਘਰਸ਼, ਸਿਦਕ ਤੇ ਹੌਸਲੇ ਦੀਆਂ ਖਬਰਾਂ ਛਪਦੀਆਂ ਹਨ। ਅਖਬਾਰਾਂ ਵੱਲੋਂ ਕਿਸਾਨੀ ਖੁਦਕੁਸ਼ੀਆਂ ਲਈ ਰੱਖੀ ਰਾਖਵੀਂ ਥਾਂ ਵੀ ਹੁਣ ਉਨ੍ਹਾਂ ਦੀਆਂ ਸੰਘਰਸ਼ੀ ਸਰਗਰਮੀਆਂ ਨੂੰ ਮਿਲਣ ਲੱਗ ਪਈ ਹੈ। ਇਸ ਤਰ੍ਹਾਂ ਕਿਸਾਨੀ ਅੰਦੋਲਨ ਨੇ ਖੁਦਕੁਸ਼ੀ ਦੇ ਰਾਹ ਪੈ ਸਕਦੇ ਥੁੜ੍ਹੇ-ਟੁੱਟੇ ਕਿਸਾਨਾਂ ਅੰਦਰ ਆਸ ਦੀ ਨਵੀਂ ਉਮੀਦ ਪੈਦਾ ਕੀਤੀ ਹੈ। ਭਾਵੇਂ ਕਿਸਾਨੀ ਸੰਘਰਸ਼ ਦੌਰਾਨ ਵੀ ਕੁਝ ਕੀਮਤੀ ਜਾਨਾਂ ਵੱਖ ਵੱਖ ਕਾਰਨਾਂ ਕਰਕੇ ਗਈਆਂ ਹਨ, ਪਰ ਇਨ੍ਹਾਂ ਨੂੰ ਸ਼ਹੀਦੀ ਦਰਜ਼ਾ ਹਾਸਿਲ ਹੈ। ਕਹਿ ਸਕਦੇ ਹਾਂ ਕਿ ਇਸ ਅੰਦੋਲਨ ਨੇ ਭੰਗ ਦੇ ਭਾੜੇ ਜਾ ਸਕਦੀਆਂ ਕਈ ਕੀਮਤੀ ਜਾਨਾਂ ਨੂੰ ਵੀ ਬਚਾਇਆ ਹੈ।

ਇਹ ਸੰਘਰਸ਼ ਭਾਵੇਂ ਅਜੇ ਸਾਡੇ ਇੱਛਤ ਮੁਕਾਮ 'ਤੇ ਨਹੀਂ ਪੁੱਜਾ ਪਰ ਇਸ ਆਪਣੀ ਪੜਾਅ ਵਾਰ ਜਿੱਤ ਦੇ ਬਹੁਤ ਸਾਰੇ ਟੀਚੇ ਹਾਸਿਲ ਕਰ ਲਏ ਹਨ। ਕਿਸਾਨੀ ਸੋਚ ਨੂੰ ਸੰਘਰਸ਼ੀ ਦਿਸ਼ਾ ਦੇਣੀ ਤੇ ਉਸ ਨੂੰ ਭਵਿੱਖ ਲਈ ਆਸਵੰਦ ਬਣਾਉਣਾ ਇਸ ਸੰਘਰਸ਼ ਦੀ ਅਜਿਹੀ ਵੱਡੀ ਜਿੱਤ ਹੈ, ਜਿਸ ਦੇ ਨਤੀਜੇ ਬਹੁਤ ਦੂਰ ਅੰਦੇਸ਼ੀ ਸਾਬਤ ਹੋਣਗੇ। ਕਿਸਾਨ ਹੁਣ ਖੁਦਕੁਸ਼ੀਆਂ ਵਾਲੇ ਪਾਸਿਉਂ ਮੁੜ ਕੇ ਅਜਿਹੇ ਦਬਾਉ ਸਮੂਹ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ, ਜਿਹੜੇ ਸਮੇਂ ਦੀਆਂ ਸਰਕਾਰਾਂ 'ਤੇ ਦਬਾਉ ਬਣਾ ਕੇ ਉਨ੍ਹਾਂ ਨੂੰ ਮਜਬੂਰ ਕਰ ਸਕਦਾ ਹੈ ਕਿ ਉਹ ਆਪਣੀਆਂ ਆਰਥਕ ਨੀਤੀਆਂ ਦੀ ਵਿਉਂਤਬੰਦੀ ਇਸ ਤਰ੍ਹਾਂ ਕਰਨ ਕਿ ਕਿਸੇ ਵੀ ਕਿਸਾਨ ਮਜਦੂਰ ਜਾਂ ਛੋਟੇ ਦੁਕਾਨਦਾਰ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਹੀ ਨਾ ਹੋਣਾ ਪਵੇ। ਸਾਂਈਂ ਬੁਲ੍ਹੇ ਸ਼ਾਹ ਆਖਦੇ ਹਨ, "ਬੁਲ੍ਹਿਆ ਮਨ ਦਾ ਕੀ ਸਮਝਾਉਣਾ, ਏਧਰੋਂ ਪੁੱਟਣਾ ਉਧਰ ਲਾਉਣਾ।" ਕਿਸਾਨੀ ਅੰਦੋਲਨ ਤੋਂ ਪ੍ਰਾਪਤ ਹੋਣ ਵਾਲੀ ਸੰਘਰਸ਼ੀ ਊਰਜਾ ਸੱਚਮੁਚ ਕਿਸਾਨੀ ਮਨ ਨੂੰ ਇੱਧਰੋਂ ਪੁੱਟ ਕੇ ਉੱਧਰ ਲਾਉਣ ਵਾਲੀ ਸਾਬਿਤ ਹੋਈ ਹੈ। ਕਿਸਾਨੀ ਅੰਦੋਲਨ ਦੀ ਇਹ ਪ੍ਰਾਪਤੀ ਵਕਤੀ ਹੀ ਸਾਬਿਤ ਨਾ ਹੋਵੇ ਇਸ ਲਈ ਕਿਸਾਨ ਜੱਥੇਬੰਦੀਆਂ ਨੂੰ ਕਿਸਾਨੀ ਹਿੱਤਾਂ ਲਈ ਕੀਤੇ ਜਾਣ ਵਾਲੇ ਪ੍ਰਚਾਰ ਦੀ ਭਵਿੱਖਤ ਵਿਉਂਤਬੰਦੀ ਇਸ ਤਰ੍ਹਾਂ ਨਾਲ ਕਰਨੀ ਪਵੇਗੀ ਕਿ ਕਿਸਾਨੀ ਖੁਦਕੁਸ਼ੀ ਬਾਰੇ ਸੋਚਣ ਦੀ ਥਾਂ ਜੀਵਨ ਸੰਘਰਸ਼ ਦੀ ਸੋਚ ਨੂੰ ਆਪਣੀ ਮਾਨਸਿਕਤਾ ਦਾ ਸਥਾਈ ਹਿੱਸਾ ਬਣਾ ਲਵੇ।

ਕਿਸਾਨੀ ਅੰਦੋਲਨ ਨਾਲ ਪੰਜਾਬ ਦੀ ਰਾਜਨੀਤੀ ਵਿਚ ਵੀ ਬਹੁਤ ਸਾਰੀਆਂ ਸਕਾਰਾਤਮਕ ਤਬਦੀਲੀਆਂ ਆਉਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਪਿਛਲੇ ਸਮੇਂ ਦੌਰਾਨ ਮਹਿੰਗਾਈ, ਬੇਰੁਜ਼ਗਾਰੀ, ਬੇਕਾਰੀ, ਭ੍ਰਿਸ਼ਟਾਚਾਰ, ਸਿਆਸੀ ਕੁਨਬਾਪ੍ਰਸਤੀ, ਭਾਈ ਭਤੀਜਾਵਾਦ ਅਰਾਜਕਤਾ, ਨਸ਼ਿਆਂ ਦੇ ਹੜ੍ਹ ਤੇ ਕਿਸਾਨੀ ਖੁਦਕੁਸ਼ੀਆਂ ਵਿਚ ਇਸ ਕਦਰ ਵਾਧਾ ਹੋਇਆ ਹੈ ਕਿ ਪੰਜਾਬ ਦੇ ਲੋਕਾਂ ਨੂੰ ਇਹ ਅਹਿਸਾਸ ਤੀਬਰਤਾ ਨਾਲ ਹੋਣ ਲੱਗਾ ਕਿ ਦੇਸ਼ ਦਾ ਮੌਜੂਦਾ ਰਾਜਨੀਤਕ ਪ੍ਰਬੰਧ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰੱਖਦਾ। ਲੋਕ ਇਹ ਵੀ ਮਹਿਸੂਸ ਕਰਨ ਲੱਗ ਪਏ ਸਨ ਕਿ ਮੌਜੂਦਾ ਸੱਤਾ ਪ੍ਰਬੰਧ ਨੂੰ ਦੇਸ਼ ਦੇ ਅਵਾਮ ਦੀ ਭਲਾਈ ਨਾਲੋਂ ਕਾਰਪੋਰੇਟ ਜਗਤ ਦੀ ਭਲਾਈ ਦਾ ਵੱਧ ਫਿਕਰ ਹੈ। ਲੋਕਾਂ ਇਹ ਵੀ ਜਾਣ ਲਿਆ ਕਿ ਸੱਤਾ ਪ੍ਰਬੰਧ ਕਾਰਪੋਰੇਟ ਜਗਤ ਦੇ ਪੈਸੇ ਨਾਲ ਆਪਣੀਆਂ ਸੱਤਾ ਦੀਆਂ ਕੁਰਸੀਆਂ ਪੱਖੀਆਂ ਕਰਨ ਦੇ ਰਾਹ ਪੈ ਗਿਆ ਹੈ ਤੇ ਉਸ ਨੂੰ ਹੁਣ ਲੋਕਾਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਰਿਹਾ।

ਅਜਿਹੀ ਹਾਲਤ ਵਿਚ ਮੁੱਖ ਸਿਆਸੀ ਪਾਰਟੀਆਂ ਤੋਂ ਮੋਹ ਭੰਗਤਾ ਦੀ ਸਥਿਤੀ ਪੈਦਾ ਹੋਣ 'ਤੇ ਪੰਜਾਬ ਦੇ ਕੁਝ ਲੋਕਾਂ ਨੇ ਆਮ ਆਦਮੀ ਪਾਰਟੀ 'ਤੇ ਆਸ ਰੱਖੀ ਸੀ ਕਿ ਉਹ ਅਵਾਮ ਪੱਖੀ ਸੋਚ ਅਪਨਾਵੇਗੀ, ਪਰ ਜਦੋਂ ਇਹ ਪਾਰਟੀ ਵੀ ਕੁਰਸੀ ਵੰਡ ਦੇ ਆਪਸੀ ਕਲੇਸ਼ ਵਿਚ ਉਲਝ ਕੇ ਰਹਿ ਗਈ ਤਾਂ ਪੰਜਾਬ ਦੇ ਲੋਕਾਂ ਦੀ ਸਿਆਸੀ ਮੋਹ ਭੰਗਤਾ ਆਪਣੇ ਸਿਖਰ 'ਤੇ ਪਹੁੰਚ ਗਈ। ਸਿਆਸੀ ਪਾਰਟੀਆਂ ਦੇ ਕੁਝ ਭਗਤ ਕਿਸਮ ਦੇ ਲੋਕਾਂ ਨੂੰ ਛੱਡ ਕੇ ਪੰਜਾਬ ਦੀ ਆਮ ਜਨਤਾ ਇਹ ਸੋਚਣ ਤੇ ਮਹਿਸੂਸ ਕਰਨ ਲੱਗ ਪਈ ਕਿ ਸਾਰੀਆਂ ਸਿਆਸੀ ਪਾਰਟੀਆਂ ਦੇ ਤਾਰ ਕਾਰਪੋਰੇਟ ਜਗਤ ਨਾਲ ਜੁੜੇ ਹੋਏ ਹੁੰਦੇ ਹਨ ਤੇ ਇਨ੍ਹਾਂ ਤੋਂ ਆਪਣੀ ਭਲਾਈ ਦੀ ਆਸ ਰੱਖਣਾ ਆਪਣੇ ਆਪ ਨੂੰ ਧੋਖਾ ਦੇਣਾ ਹੈ। ਇਸ ਤਰ੍ਹਾਂ ਪੰਜਾਬ ਦੇ ਲੋਕਾਂ ਅੰਦਰ ਪੈਦਾ ਹੋਈ ਸਿਆਸੀ ਮੋਹ ਭੰਗਤਾ ਨੇ ਵੀ ਕਿਸਾਨੀ ਸੰਘਰਸ਼ ਦੇ ਉਭਾਰ ਵਿਚ ਵੱਡਾ ਯੋਗਦਾਨ ਪਾਇਆ ਹੈ।

ਕਾਰਪੋਰੇਟ ਜਗਤ ਸਿਰਫ ਅੰਬਾਨੀਆਂ-ਅਡਾਨੀਆਂ ਤੀਕ ਹੀ ਸੀਮਤ ਨਹੀਂ ਤੇ ਨਾ ਹੀ ਸਿਰਫ ਭਾਰਤ ਦੀ ਕਿਸਾਨੀ ਹੀ ਆਪਣੀ ਜ਼ਮੀਨ ਇਸ ਦੇ ਹੱਥਾਂ ਵਿਚ ਜਾਣ ਤੋਂ ਬਚਾਉਣ ਦੀ ਲੜਾਈ ਲੜ ਰਹੀ ਹੈ। ਇਸ ਵੇਲੇ ਦੁਨੀਆਂ ਭਰ ਦੇ ਕਾਰਪੋਰੇਟ ਇੱਕਠੇ ਹਨ ਤੇ ਉਨ੍ਹਾਂ ਦੀ ਅੱਖ ਸਾਰੀ ਦੁਨੀਆਂ ਦੀ ਵਾਹੀਯੋਗ ਜ਼ਮੀਨ 'ਤੇ ਟਿੱਕੀ ਹੋਈ ਹੈ। ਇਸ ਲਈ ਸੰਕੇਤਕ ਤੌਰ 'ਤੇ ਪੰਜਾਬ ਤੇ ਹਰਿਆਣੇ ਦੇ ਕਿਸਾਨ ਸਾਰੀ ਦੁਨੀਆਂ ਦੇ ਕਿਸਾਨਾਂ ਦੀ ਲੜਾਈ ਲੜ ਰਹੇ ਹਨ। ਸੰਸਾਰ ਬੈਂਕ ਦੇ ਪ੍ਰਭਾਵ ਅਧੀਨ ਜਦੋਂ ਸਾਰੇ ਮੁਲਕਾਂ ਵਿਚ ਪੜਾਅ ਦਰ ਪੜਾਅ ਕਿਸਾਨ ਵਿਰੋਧੀ ਕਾਨੂੰਨ ਬਣਾਏ ਜਾ ਰਹੇ ਹਨ ਅਤੇ ਵੱਖ ਵੱਖ ਮੁਲਕਾਂ ਵਿਚ ਕਿਸਾਨ ਹਾਰ ਰਿਹਾ ਹੈ ਤਾਂ ਕਿਸਾਨੀ ਹਾਰ ਦਾ ਇਹ ਸਿਲਸਲਾ ਰੋਕਣ ਲਈ ਪੰਜਾਬ ਦੇ ਲੋਕਾਂ ਨੇ ਪਹਿਲਕਦਮੀ ਹੀ ਨਹੀਂ ਕੀਤੀ, ਸਗੋਂ ਉਹ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੇ ਖਿਲਾਫ ਕਰੋ ਜਾਂ ਮਰੋ ਦੀ ਭਾਵਨਾ ਨਾਲ ਹਿੱਕ ਡਾਹ ਕੇ ਵੀ ਖਲੋਤੇ ਹਨ।

ਭਾਰਤ ਸਰਕਾਰ ਵੱਲੋਂ ਮਨਾਏ ਜਾਣ ਵਾਲੇ ਗਣਤੰਤਰ ਸਮਾਰੋਹ ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਮੁੱਖ ਮਹਿਮਾਨ ਵਜੋਂ ਭਾਰਤ ਸਰਕਾਰ ਦਾ ਸੱਦਾ ਕਬੂਲਣ ਤੋਂ ਬਾਅਦ ਨਾਂਹ ਕਰਨ ਦੇ ਮਾਮਲੇ ਵਿਚ ਭਾਰਤ ਸਰਕਾਰ ਕਰੋਨਾ ਸਮੇਤ ਕਿੰਨੇ ਹੀ ਬਹਾਨੇ ਬਣਾਵੇ, ਪਰ ਹਕੀਕਤ ਇਹੋ ਹੈ, ਪ੍ਰਧਾਨ ਮੰਤਰੀ ਬੋਰਿਸ 'ਤੇ ਆਪਣੇ ਕਿਸਾਨੀ ਪਿੱਛੋਕੜ ਰੱਖਦੇ ਭਾਰਤੀਆਂ ਤੇ ਪਾਰਲੀਮੈਂਟ ਵਿਚ ਪਹੁੰਚੇ ਸਿੱਖ ਮੈਂਬਰਾਂ ਦਾ ਦਬਾਉ ਹੈ ਕਿ ਉਹ ਕਿਸਾਨੀ ਹਿੱਤਾਂ ਨਾਲ ਖਿਲਵਾੜ ਕਰ ਰਹੀ ਭਾਰਤ ਸਰਕਾਰ ਦਾ ਸੱਦਾ ਨਾ ਕਬੂਲੇ। ਇਸ ਤਰ੍ਹਾਂ ਇਹ ਪੰਜਾਬ ਦੀ ਲੋਕ ਪੱਖੀ ਅੰਦੋਲਨਾਂ ਲਈ ਉਪਜਾਊ ਧਰਤੀ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਵੇਖਦਿਆਂ ਹੀ ਵੇਖਦਿਆਂ ਪਹਿਲਾਂ ਕੌਮੀ ਤੇ ਫਿਰ ਕੌਮਾਂਤਰੀ ਰੂਪ ਧਾਰ ਗਿਆ ਹੈ। ਇਸ ਵੇਲੇ ਦੁਨੀਆਂ ਭਰ ਦੇ ਕਿਸਾਨ ਤੇ ਇਨਸਾਫ-ਪਸੰਦ ਲੋਕ ਇਸ ਅੰਦੋਲਨ ਨੂੰ ਆਸ ਦੀ ਨਜ਼ਰ ਨਾਲ ਵੇਖ ਰਹੇ ਹਨ ਤੇ ਇਸ ਦੀ ਸਫਲਤਾ ਲਈ ਦੁਆ ਹੀ ਨਹੀਂ, ਸਗੋਂ ਨੈਤਿਕ ਮਦਦ ਵੀ ਕਰ ਰਹੇ ਹਨ।

ਮੌਜੂਦਾ ਕਿਸਾਨ ਅੰਦੋਲਨ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਇਹ ਸਬਕ ਦਿੱਤਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਧਾਰਮਿਕ ਤੌਰ 'ਤੇ ਭਾਵੁਕ ਕਰਕੇ ਹੁਣ ਸਿਆਸੀ ਰੋਟੀਆਂ ਸੇਕਣ ਦਾ ਕੰਮ ਉਨ੍ਹਾਂ ਲਈ ਅਸਾਨ ਨਹੀਂ ਰਿਹਾ। ਸਿਆਸੀ ਪਾਰਟੀਆਂ ਨੂੰ ਇਹ ਵੀ ਪਤਾ ਲੱਗ ਗਿਆ ਹੈ ਕਿ ਪੰਜਾਬ ਦੇ ਲੋਕਾਂ ਨੂੰ ਹੁਣ ਵਧੇਰੇ ਸਮਾਂ ਲਾਰਿਆਂ ਵਿਚ ਵੀ ਨਹੀਂ ਰੱਖਿਆ ਜਾ ਸਕਦਾ ਹੈ। ਕਿਸਾਨੀ ਸੰਘਰਸ਼ ਦੌਰਾਨ ਸਿਆਸੀ ਆਗੂਆਂ ਦਾ ਹੋਣ ਵਾਲਾ ਵਿਰੋਧ ਇਹ ਵੀ ਸੰਕੇਤ ਦਿੰਦਾ ਹੈ ਕਿ ਜੇ ਸਿਆਸੀ ਲੋਕਾਂ ਨੇ ਆਪਣੀ ਸਿਆਸਤ ਦੀਆਂ ਪੁਰਾਣੀਆਂ ਚਾਲਾਂ ਨੂੰ ਫਿਰ ਤੋਂ ਅਜ਼ਮਾਉਣ ਦੀ ਕੋਸ਼ਿਸ਼ ਕੀਤੀ ਤਾਂ ਇਹ ਗੱਲ ਉਨ੍ਹਾਂ ਨੂੰ ਮਹਿੰਗੀ ਵੀ ਪੈ ਸਕਦੀ ਹੈ। ਇਸ ਅੰਦੋਲਨ ਦੇ ਨੇ ਸੱਤਾ ਪੱਖ ਨਾਲ ਜੁੜੇ ਸਾਰੇ ਸਿਆਸਤਦਾਨਾਂ ਵਿਚ ਇਹ ਡਰ ਜ਼ਰੂਰ ਪੈਦਾ ਕੀਤਾ ਹੈ ਕਿ ਲੋਕ ਭਾਵਨਾਵਾਂ ਦੀ ਅਣਦੇਖੀ ਕਰਕੇ ਉਹ ਵਧੇਰੇ ਸਮਾਂ ਸੱਤਾ 'ਤੇ ਕਾਬਜ਼ ਨਹੀਂ ਰਹਿ ਸਕਦੇ ਤੇ ਉਨ੍ਹਾਂ ਨੂੰ ਨਾ ਚਾਹੁੰਦੇ ਹੋਏ ਵੀ ਆਪਣੀਆ ਸਿਆਸੀ ਨੀਤੀਆਂ ਨੂੰ ਲੋਕ ਮੁਖੀ ਬਣਾਉਣਾ ਹੀ ਪਵੇਗਾ। ਇਸ ਅੰਦੋਲਨ ਨੇ ਇਕ ਨਵੀਂ ਲੋਕ ਧਾਰਨਾਂ ਦੀ ਸਥਾਪਨਾ ਕੀਤੀ ਹੈ ਕਿ ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਵਿਚ ਕਾਰਪੋਰੇਟ ਜਗਤ ਦੇ ਹੱਕ ਵਿਚ ਬਣਾਏ ਕਾਨੂੰਨ ਹੁਣ ਸਿਰਫ ਰਾਸ਼ਟਰਪਤੀ ਜਾਂ ਰਾਜਪਾਲ ਦੇ ਦਸਤਖਤਾਂ ਨਾਲ ਹੀ ਪਾਸ ਨਹੀਂ ਮੰਨੇ ਜਾਣਗੇ, ਸਗੋਂ ਇਨ੍ਹਾਂ ਨੂੰ ਲਾਗੂ ਕਰਨ ਲਈ ਉਨ੍ਹਾਂ ਲੋਕਾਂ ਦੀ ਸਹਿਮਤੀ ਵੀ ਜ਼ਰੂਰੀ ਹੈ, ਜਿਨ੍ਹਾਂ ਨੂੰ ਇਹ ਪ੍ਰਭਾਵਿਤ ਕਰਦੇ ਹਨ।

ਪਿਛਲੇ ਸਮੇਂ ਦੌਰਾਨ ਪੰਜਾਬ ਦੀਆਂ ਤਿੰਨੇ ਮੁੱਖ ਸਿਆਸੀ ਪਾਰਟੀਆਂ ਨੇ ਕਾਰਪੋਰੇਟ ਜਗਤ ਨਾਲ ਆਪਣੀ ਲੁੱਕਵੀਂ ਸਾਂਝ ਦੇ ਚਲਦਿਆਂ ਕਈ ਅਜਿਹੀਆਂ ਗਲਤੀਆਂ ਤੇ ਚਲਾਕੀਆਂ ਕੀਤੀਆਂ ਹਨ, ਜਿਹੜੀਆਂ ਕਿਸਾਨੀ ਹਿੱਤਾਂ ਦੇ ਬਿਲਕੁਲ ਵਿਰੋਧ ਵਿਚ ਭੁਗਤਦੀਆਂ ਹਨ। ਇਸ ਲਈ ਇਹ ਸਿਆਸੀ ਪਾਰਟੀਆਂ ਇਸ ਵੇਲੇ ਆਪਣੇ ਗੁਆਚੇ ਵਿਸ਼ਵਾਸ ਦੀ ਪੂਰਤੀ ਲਈ ਅੱਕੀ ਪਲਾਹੀਂ ਹੱਥ ਮਾਰ ਰਹੀਆਂ ਹਨ। ਇਸ ਵੇਲੇ ਪੰਜਾਬ ਦੀ ਹਰ ਹਰ ਸਿਆਸੀ ਪਾਰਟੀ ਆਪਣੇ ਆਪ ਨੂੰ ਕਿਸਾਨਾਂ ਦਾ ਸੱਚਾ ਹਮਦਰਦ ਤੇ ਦੂਸਰੀਆਂ ਪਾਰਟੀਆ ਨੂੰ ਡਰਾਮੇਬਾਜ ਸਾਬਿਤ ਕਰਨ ਦੀ ਖੇਡ ਖੇਡ ਰਹੀ ਹੈ।

ਇਸ ਅੰਦੋਲਨ ਨੇ ਪੰਜਾਬ ਵਿਚ ਸਾਰੇ ਵਰਗਾਂ ਤੇ ਸਾਰੇ ਫਿਰਕਿਆਂ ਵਿਚਕਾਰ ਆਪ ਮੁਹਾਰੀ ਏਕਤਾ ਤੇ ਸਾਂਝ ਦਾ ਮਾਹੌਲ ਸਿਰਜ ਦਿੱਤਾ ਹੈ। ਕਿਸਾਨੀ ਅੰਦੋਲਨ ਨੇ ਫਿਰਕੂ ਸਿਆਸਤ ਨੂੰ ਵੀ ਪੰਜਾਬ ਵਿਚ ਕਰਾਰੀ ਹਾਰ ਦਿੱਤੀ ਹੈ। ਇਸ ਨਾਲ ਸਿਰਫ ਪੰਜਾਬ ਵਿਚ ਆਪਸੀ ਭਾਈਚਾਰੇ ਦਾ ਨਵਾਂ ਮਾਹੌਲ ਹੀ ਨਹੀਂ ਸਿਰਜਿਆ ਗਿਆ ਸਗੋਂ ਭੱਜੀਆਂ ਬਾਂਹਾਂ ਗਲ ਨੂੰ ਆਉਣ ਦੀ ਕਹਾਵਤ ਨੂੰ ਸਹੀ ਸਾਬਿਤ ਕਰਦਿਆਂ ਮਨੋ-ਮਨੋ ਦੂਰੀਆਂ ਬਣਾਈ ਬੈਠੇ ਪੰਜਾਬ ਤੇ ਹਰਿਆਣੇ ਦੇ ਲੋਕਾਂ ਵਿਚ ਵੀ ਫਿਰ ਤੋਂ ਨਿੱਘੀਆਂ ਗਲਵੱਖੜੀਆਂ ਪਈਆਂ ਹਨ। ਮੋਦੀ ਸਰਕਾਰ ਲਈ ਰਾਸ਼ਟਰਵਾਦ ਦੇ ਅਰਥ ਸਾਰੇ ਦੇਸ਼ ਨੂੰ ਭਗਵੇਂ ਰੰਗ ਵਿਚ ਰੰਗਣਾ ਹੋ ਸਕਦੇ ਹਨ, ਪਰ ਕਿਸਾਨੀ ਸੰਘਰਸ਼ ਨੇ ਇਸ ਦੇ ਮੁਕਾਬਲੇ ਦਾ ਇਕ ਨਵਾਂ ਰਾਸ਼ਟਰਵਾਦ ਸਿਰਜ ਦਿੱਤਾ ਹੈ, ਜੋ ਸਹੀ ਸਹੀ ਅਰਥਾਂ ਵਿਚ ਅਨੇਕਤਾ ਵਿਚ ਏਕਤਾ ਦਾ ਆਦਰਸ਼ਕ ਨਮੂਨਾ ਹੈ। ਜੇ ਅੱਜ ਦੇਸ਼ ਵਿਚ ਕਿਤੇ ਅਸਲ ਰਾਸ਼ਟਰਵਾਦ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਦਿੱਲੀ ਦੇ ਸਿੰਘੂ ਜਾਂ ਟਿਕਰੀ ਬਾਰਡਰ ਤੇ ਕੀਤੇ ਜਾ ਸਕਦੇ ਹਨ, ਜਿੱਥੇ ਦੇਸ਼ ਦੇ ਸਾਰੇ ਫਿਰਕਿਆਂ ਤੇ ਸਾਰੀਆਂ ਕੌਮਾਂ ਦੇ ਲੋਕ ਮੋਦੀ ਦੇ ਨਫਰਤੀ ਰਾਸ਼ਟਰਵਾਦ ਖਿਲਾਫ ਸਾਂਝੀ ਲੜਾਈ ਲੜ ਰਹੇ ਹਨ।

ਵੱਖ ਵੱਖ ਵਿਚਾਰਧਾਰਾਵਾਂ ਅਤੇ ਕੰਮ ਕਰਨ ਦੇ ਵੱਖੋ ਵੱਖਰੇ ਢੰਗ ਤਰੀਕੇ ਅਪਨਾਉਂਦੀਆ ਆ ਰਹੀਆਂ ਕਿਸਾਨ ਜਥੇਬੰਦੀਆਂ ਜਦੋਂ ਆਪਣੇ ਸਾਰੇ ਵਖਰੇਵਿਆਂ ਨੂੰ ਇਕ ਪਾਸੇ ਰੱਖ ਕੇ ਆਪਣੇ ਸਾਂਝੇ ਦੁਸ਼ਮਣ ਦੇ ਮੁਕਾਬਲੇ ਲਈ ਇਕ ਪਲੇਟ ਫਾਰਮ ਤੇ ਇੱਕਠੀਆਂ ਹੋ ਗਈਆਂ ਤਾਂ ਫਿਰ ਹੋਰ ਲੋਕਾਂ ਨੂੰ ਵੀ ਇਸ ਮੁੱਦੇ 'ਤੇ ਇੱਕਠੇ ਹੋਣ ਲਈ ਤਕੜਾ ਆਧਾਰ ਮਿਲ ਗਿਆ। ਇਸ ਅੰਦੋਲਨ ਦੇ ਜ਼ਰੀਏ ਪੰਜਾਬ ਦੇ ਦੋ ਮੁੱਖ ਫਿਰਕਿਆਂ ਵਿਚਕਾਰ ਪੰਜਾਬੀਅਤ ਦੇ ਨਾਂ 'ਤੇ ਹੋਈ ਏਕਤਾ ਪੰਜਾਬੀਆਂ ਨੂੰ ਆਪਸ ਵਿਚ ਲੜਾਉਂਦੀਆਂ ਰਹੀਆਂ ਫਿਰਕੂ ਤਾਕਤਾਂ ਦੀ ਵੱਡੀ ਹਾਰ ਹੈ।

ਇਸ ਅੰਦੋਲਨ ਦੀ ਇਕ ਵੱਡੀ ਪ੍ਰਾਪਤੀ ਇਹ ਵੀ ਰਹਿ ਹੈ ਕਿ ਇਸ ਪੰਜਾਬ ਦੇ ਜੋਸ਼ ਤੇ ਹੋਸ਼ ਵਿਚ ਇਕ ਅਜਿਹਾ ਸਤੁੰਲਨ ਪੈਦਾ ਕੀਤਾ ਹੈ ਜਿਸ ਤੋਂ ਪੰਜਾਬ ਦੇ ਭਵਿੱਖ ਦੇ ਲੋਕ ਅੰਦੋਲਨ ਵੀ ਅਗਵਾਈ ਲੈਂਦੇ ਰਹਿਣਗੇ। ਪੰਜਾਬ ਦੇ ਜੋਸ਼ ਦੇ ਪ੍ਰਤੀਕ ਨੌਜਵਾਨਾਂ ਵੱਲੋਂ ਪਹਿਲੀ ਵਾਰ ਹੋਸ਼ ਦੇ ਪ੍ਰਤੀਕ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਕਬੂਲੀ ਗਈ ਹੈ ਤਾਂ ਇਸ ਦੇ ਬਹੁਤ ਹੀ ਸਾਰਥਿਕ ਸਿੱਟੇ ਉਭਰ ਕੇ ਆਏ ਹਨ। ਪੰਜਾਬ ਦੇ ਨੌਜਵਾਨਾਂ ਬਾਰੇ ਇਹ ਧਾਰਨਾ ਰਹੀ ਹੈ ਕਿ ਇਹ ਵਧੇਰੇ ਜੁਸ਼ੀਲੇ ਹੋਣ ਕਰਕੇ ਕਿਸੇ ਦੀ ਅਗਵਾਈ ਨਹੀਂ ਕਬੂਲਦੇ, ਜ਼ਾਬਤੇ ਵਿਚ ਨਹੀਂ ਰਹਿੰਦੇ ਤੇ ਛੇਤੀ ਹੀ ਮਾਰ ਕੁਟਾਈ ਤੇ ਤੋੜ ਭੰਨ ਤੇ ਉਤਰ ਆਉਂਦੇ ਹਨ; ਪਰ ਇਸ ਅੰਦੋਲਨ ਨੇ ਸਿੱਧ ਕਰ ਦਿੱਤਾ ਹੈ ਕਿ ਜੇ ਪੰਜਾਬ ਦੇ ਨੌਜਵਾਨਾਂ ਨੂੰ ਠੀਕ ਅਗਵਾਈ ਤੇ ਠੀਕ ਟੀਚਾ ਮਿਲੇ ਤਾਂ ਉਹ ਦੇਸ਼ ਹੀ ਨਹੀਂ, ਦੁਨੀਆਂ ਦੇ ਕਿਸੇ ਵੀ ਹਿੱਸੇ ਦੇ ਨੌਜਵਾਨਾਂ ਦੇ ਮੁਕਾਬਲੇ ਵਿਚ ਵੱਧ ਅਨੁਸ਼ਾਸਿਤ ਰਹਿ ਸਕਦੇ ਹਨ। ਇਸ ਅੰਦੋਲਨ ਵਿਚ ਨੌਜਵਾਨਾਂ ਦੀ ਭੂਮਿਕਾ ਦੁਨੀਆਂ ਵਿਚ ਇਕ ਵੱਡੀ ਮਿਸਾਲ ਬਣ ਕੇ ਉਭਰੀ ਹੈ।

ਕੋਈ ਵੀ ਵੱਡਾ ਤੇ ਫੈਸਲਾਕੁੰਨ ਸੰਘਰਸ਼ ਜੁਆਨੀ ਦੀ ਸਰਗਰਮ ਸਮੂਲੀਅਤ ਤੋਂ ਬਿਨਾ ਨਹੀਂ ਲੜਿਆ ਜਾ ਸਕਦਾ। ਜੁਆਨੀ ਆਪਣੇ ਆਪ ਵਿਚ ਇਕ ਸਿਰਜਣਾਤਮਕ ਸ਼ਕਤੀ ਹੈ। ਸਾਡੇ ਦੇਸ਼ ਦੀਆਂ ਸਰਕਾਰਾਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਇਸ ਸ਼ਕਤੀ ਨੂੰ ਕਦੇ ਵੀ ਅਜਿਹੀ ਸਿਰਜਣਾਤਮਕ ਦਿਸ਼ਾ ਨਾ ਮਿਲੇ, ਜੋ ਉਸ ਨੂੰ ਸੱਤਾ ਪ੍ਰਬੰਧ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਸ ਤੋਂ ਸੁਆਲ ਪੁੱਛਣ ਦੀ ਦਲੇਰੀ ਪੈਦਾ ਕਰ ਸਕਦੀ ਹੋਵੇ। ਸਿਆਸੀ ਪਾਰਟੀਆਂ ਨੇ ਹਮੇਸ਼ਾ ਨੌਜਵਾਨਾਂ ਨੂੰ ਆਪਣੇ ਪਿਛਲੱਗੂ ਤੇ ਬੂਥ ਕੈਪਚਰ ਬਣਾਉਣ ਦੀ ਹੀ ਕੋਸ਼ਿਸ਼ ਕੀਤੀ ਹੈ, ਪਰ ਇਸ ਕਿਸਾਨੀ ਅੰਦੋਲਨ ਨੇ ਨੌਜਵਾਨਾਂ ਅੰਦਰ ਛੁਪੀ ਸਿਰਜਣਾਤਮਕ ਸ਼ਕਤੀ

*(ਬਾਕੀ ਅਗਲੇ ਸਫੇ 'ਤੇ)*




***ਸਾਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਦੇਸ਼ ਦੇ ਸੱਤਾ ਪ੍ਰਬੰਧ 'ਤੇ ਕਾਬਜ਼ ਰਹੀਆਂ ਸਰਕਾਰਾਂ ਨੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸੀਮਤ ਕਰਕੇ ਕੁਝ ਸਮੇਂ ਲਈ ਨੌਜਾਵਾਨਾਂ ਦੀ ਸੋਚ ਵਿਚ ਇਸ ਤਰ੍ਹਾਂ ਦੀ ਨਿਰਾਸ਼ਾ ਪੈਦਾ ਕਰ ਦਿੱਤੀ ਸੀ ਕਿ ਉਨ੍ਹਾਂ ਦਾ ਇੱਕ ਸੀਮਤ ਹਿੱਸਾ ਨਸ਼ਿਆਂ ਰਾਹੀਂ ਵਕਤੀ ਮਾਨਸਿਕ ਰਾਹਤ ਤਲਾਸ਼ ਕਰਨ ਦੇ ਰਾਹ ਪੈ ਗਿਆ ਸੀ, ਪਰ ਕਿਸਾਨੀ ਸੰਘਰਸ਼ ਸ਼ੁਰੂ ਹੋਣ 'ਤੇ ਉਸ ਹਿੱਸੇ ਦੀ ਸੋਚ ਵਿਚ ਵੀ ਇਕ ਦਮ ਸਕਾਰਾਤਮਕ ਤਬਦੀਲੀ ਆਈ ਹੈ ਤੇ ਉਹ ਆਪਣੇ ਮੱਥੇ 'ਤੇ ਲੱਗਾ ਨਸ਼ੇੜੀ ਹੋਣ ਦਾ ਧੱਬਾ ਧੋਣ ਅਤੇ ਆਪਣਾ ਗੁਆਚਿਆ ਵਿਸ਼ਵਾਸ ਬਹਾਲ ਕਰਨ ਲਈ ਸੰਘਰਸ਼ ਵਿਚ ਕੁੱਦ ਪਏ ਹਨ।***

# ਕੈਨੇਡਾ ਵਿਚ ਛੋਟੀ ਕਿਸਾਨੀ ਕਿਵੇਂ ਖਤਮ ਹੋਈ...

ਭਾਰਤ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਹੁਣ ਪੂਰੀ ਦੁਨੀਆ ਵਿਚ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ। ਕਿਸਾਨ ਆਪਣੀ ਹੋਂਦ ਅਤੇ ਖੇਤ ਬਚਾਉਣ ਲਈ ਕਈ ਮਹੀਨਿਆਂ ਤੋਂ ਸੰਘਰਸ਼ ਦੇ ਰਾਹ ਪਏ ਹੋਏ ਹਨ। ਕਿਸਾਨਾਂ ਦੀ ਅਗਵਾਈ ਕਰ ਰਹੀਆਂ ਲੋਕ ਪੱਖੀ ਕਿਸਾਨ ਜਥੇਬੰਦੀਆਂ ਬਹੁਤ ਸਮੇਂ ਤੋਂ ਲੋਕਾਂ ਨੂੰ ਲਾਮਬੰਦ ਹੋ ਕੇ ਇਨ੍ਹਾਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੇ ਮੈਦਾਨ ਵਿਚ ਆਉਣ

**ਰਜਿੰਦਰ ਸਿੰਘ ਸੇਖੋਂ**
ਵਿੰਨੀਪੈੱਗ (ਕੈਨੇਡਾ)
ਫੋਨ: 204-990-8015

ਦਾ ਹੋਕਾ ਦੇ ਰਹੀਆਂ ਸਨ ਤੇ ਕਾਮਯਾਬ ਵੀ ਰਹੀਆਂ। ਪੂਰੀ ਦੁਨੀਆ ਵਿਚ ਬੈਠੇ ਭਾਰਤੀ ਵੀ ਇਸ ਸੰਘਰਸ਼ ਵਿਚ ਪੂਰਾ ਯੋਗਦਾਨ ਪਾ ਰਹੇ ਹਨ। ਇਹੋ ਜਿਹੇ ਹੀ ਕਾਨੂੰਨ ਕੈਨੇਡਾ ਵਰਗੇ ਮੁਲਕ ਵਿਚ ਵੀ ਬਣੇ ਸਨ ਤੇ ਇਨ੍ਹਾਂ ਕਾਨੂੰਨਾਂ ਦਾ ਕੈਨੇਡਾ ਦੀ ਛੋਟੀ ਕਿਸਾਨੀ 'ਤੇ ਕੀ ਅਸਰ ਹੋਇਆ, ਇਸ ਬਾਰੇ ਜੋ ਤੱਥ ਸਾਹਮਣੇ ਆਏ, ਉਹ ਹੈਰਾਨ ਕਰਨ ਵਾਲੇ ਹਨ; ਭਾਵੇਂ ਕੈਨੇਡਾ ਵਿਚ ਇਹ ਕਾਨੂੰਨ ਆਉਣ ਤੋਂ ਪਹਿਲਾਂ ਵੀ ਛੋਟੀ ਕਿਸਾਨੀ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਸੀ। ਫਿਰ ਵੀ ਹਾਰਪਰ ਦੀ ਸਰਕਾਰ ਨੇ ਆਪਣੇ ਅਮੀਰ ਆਕਾਵਾਂ ਨੂੰ ਖੁਸ਼ ਕਰਨ ਅਤੇ ਛੋਟੇ ਕਿਸਾਨਾਂ ਨੂੰ ਖਤਮ ਕਰਨ ਲਈ ਬਿੱਲ-18 ਲੈ ਆਂਦਾ। ਹੇਠਾਂ ਪੇਸ਼ ਕੀਤੇ ਅੰਕੜੇ ਹੈਰਾਨ ਕਰ ਦੇਣ ਵਾਲੇ ਹਨ:

1) ਕੈਨੇਡਾ ਵਿਚ ਸਭ ਤੋਂ ਜ਼ਿਆਦਾ ਕਣਕ ਦੀ ਖੇਤੀ ਹੁੰਦੀ ਹੈ ਤੇ ਕਿਸਾਨਾਂ ਨੂੰ ਕਣਕ ਦਾ ਵਾਜਿਬ ਮੁੱਲ ਦਿਵਾਉਣ ਵਾਸਤੇ ਇਥੇ 'ਕੈਨੇਡਾ ਕਣਕ ਬੋਰਡ' ਸੰਸਥਾ ਹੁੰਦੀ ਸੀ, ਜੋ ਫਸਲਾਂ ਦੇ ਘਟੋ-ਘੱਟ ਸਮਰਥਨ ਮੁੱਲ ਤੈਅ ਕਰਦੀ ਸੀ।

2) ਹਾਰਪਰ ਸਰਕਾਰ ਨੇ ਪਹਿਲੀ ਅਗਸਤ 2012 ਨੂੰ ਬਿੱਲ ਪਾਸ ਕਰ ਕੇ ਕਣਕ ਬੋਰਡ ਦਾ ਖੁੱਲ੍ਹੀ ਮੰਡੀ ਤਹਿਤ ਨਿੱਜੀਕਰਨ ਕਰ ਦਿੱਤਾ ਅਤੇ ਉਸ ਤੋਂ ਬਾਅਦ ਕੈਨੇਡਾ ਦੀ ਛੋਟੀ ਕਿਸਾਨੀ ਖਤਮ ਹੋਣੀ ਸ਼ੁਰੂ ਹੋ ਗਈ।

3) 15 ਅਪਰੈਲ 2015 ਨੂੰ 'ਬੰਜ ਲਿਮਿਟਡ' ਨਾਮ ਦੀ ਕੰਪਨੀ ਨੇ ਕੈਨੇਡਾ ਕਣਕ ਬੋਰਡ ਦੀ 51% ਮਾਲਕੀ ਹਾਸਲ ਕਰ ਲਈ।




4) ਸਰਕਾਰੀ ਅੰਕੜਿਆਂ ਅਨੁਸਾਰ 1991 ਤੋਂ ਲੈ ਕੇ 2019 ਤੱਕ ਖੇਤੀ ਕਰਨ ਵਾਲੇ ਕਿਸਾਨ 390,875 ਤੋਂ ਘੱਟ ਕੇ 29,325 ਰਹਿ ਗਏ; ਹਾਲਾਂਕਿ ਖੇਤੀ ਕਰਨ ਵਾਲੀ ਜ਼ਮੀਨ ਵਿਚ ਵਾਧਾ ਹੋਇਆ ਪਰ ਕਿਸਾਨਾਂ ਦੀ ਗਿਣਤੀ ਘਟੀ ਕਿਉਂਕਿ ਛੋਟੀ ਕਿਸਾਨੀ ਖਤਮ ਹੋ ਗਈ ਅਤੇ ਵੱਡੀਆਂ ਕੰਪਨੀਆਂ ਨੇ ਖੇਤੀ ਉਪਰ ਆਪਣਾ ਕਬਜ਼ਾ ਕਾਇਮ ਕਰ ਲਿਆ।

5) ਜੋ ਛੋਟੇ ਕਿਸਾਨ ਸਨ, ਉਨ੍ਹਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਵੱਡੀਆਂ ਕੰਪਨੀਆਂ ਨੇ ਖਰੀਦ ਲਈ ਪਰ ਉਨ੍ਹਾਂ ਦੀ ਮਸ਼ੀਨਰੀ ਅਤੇ ਸੰਦ ਨਹੀਂ ਖਰੀਦੇ ਕਿਉਂਕਿ ਉਹ ਵੱਡੀਆਂ ਕੰਪਨੀਆਂ ਦੇ ਕਿਸੇ ਕੰਮ ਦੇ ਨਹੀਂ ਸਨ ਅਤੇ ਛੋਟੇ ਕਿਸਾਨਾਂ ਦੀ ਉਹ ਮਸ਼ੀਨਰੀ ਤੇ ਸੰਦ ਅੱਜ ਸੜਕਾਂ ਕਿਨਾਰੇ ਖਾਲੀ ਥਾਵਾਂ 'ਤੇ ਖੜ੍ਹੇ ਆਮ ਨਜ਼ਰ ਆਉਂਦੇ ਹਨ ਤੇ ਗਲ-ਸੜ ਰਹੇ ਹਨ।

6) ਛੋਟੇ ਖੇਤਾਂ ਦੇ ਮਾਲਕ ਕਿਸਾਨ ਅੱਜ ਆਪਣੇ ਹੀ ਖੇਤਾਂ ਵਿਚ ਦਿਹਾੜੀ ਕਰਨ ਲਈ ਮਜਬੂਰ ਹਨ ਅਤੇ ਵੱਡੀਆਂ ਕੰਪਨੀਆਂ ਦੇ ਵੱਡੇ ਵੱਡੇ ਟਰੈਕਟਰ, ਕੰਬਾਈਨਾਂ ਅਤੇ ਟਰੱਕ ਚਲਾ ਕੇ ਪਰਿਵਾਰ ਪਾਲ ਰਹੇ ਹਨ; ਬਾਕੀ ਸ਼ਹਿਰਾਂ ਵਿਚ ਜਾ ਕੇ ਫੈਕਟਰੀਆਂ ਵਿਚ ਮਜ਼ਦੂਰੀ ਕਰਨ ਜਾ ਲੱਗੇ ਹਨ। ਵੱਡੀਆਂ ਕੰਪਨੀਆਂ ਦਿਨੋ-ਦਿਨ ਵੱਡੀਆਂ ਹੋ ਰਹੀਆਂ ਹਨ ਤੇ ਛੋਟੀ ਕਿਸਾਨੀ ਲਗਭਗ ਖਤਮ ਹੋ ਚੁੱਕੀ ਹੈ।

7) ਇਹੀ ਹਾਲ ਡੇਅਰੀ ਫਾਰਮਿੰਗ ਅਤੇ ਮੁਰਗੀ ਪਾਲਣ ਵਾਲੇ ਕਿਸਾਨਾਂ ਦਾ ਹੈ।

8) ਮੌਨਸੈਂਟੋ, ਏ.ਜੀ.ਟੀ. ਫੂਡਜ਼, ਸ਼ੌਪਸਨਜ਼, ਰਿਚਰਡਸਨਜ਼, ਬਿੱਗ ਲੇਨ ਐਂਗਸ, ਕਾਰਗਿਲ ਵਰਗੀਆਂ ਵੱਡੀਆਂ ਕੰਪਨੀਆਂ ਲੱਖਾਂ ਕਿੱਲਿਆਂ ਦੀ ਖੇਤੀ ਕਰ ਰਹੀਆਂ ਹਨ।

9) ਇਕੱਲੀ ਖੇਤੀ ਹੀ ਨਹੀਂ, ਟਰੱਕਿੰਗ ਇੰਡਸਟਰੀ ਦਾ ਵੀ ਇਹੋ ਹਾਲ ਹੈ। ਹਰ ਦਿਨ ਵੱਡੀਆਂ ਕੰਪਨੀਆਂ ਛੋਟੀਆਂ ਕੰਪਨੀਆਂ ਨੂੰ ਨਿਗਲ ਰਹੀਆਂ ਨੇ। ਮੁਲੇਨ ਗਰੁੱਪ, ਏ.ਟੀ.ਐਸ. ਬਿਸੋਨ ਅਤੇ ਟਰਾਂਸ ਐਕਸ. ਵਰਗੀਆਂ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਕਾਰੋਬਾਰ ਵਿਚ ਟਿਕਣਾ ਅਸੰਭਵ ਕਰ ਦਿੱਤਾ ਹੈ। ਕੰਪਨੀਆਂ ਨੇ ਆਪਣੇ ਟਰੱਕ ਲੈਣੇ ਵੀ ਲਗਭਗ ਬੰਦ ਕਰ ਦਿੱਤੇ ਹਨ। ਲੋਕ (ਮਾਲਕ ਅਪਰੇਟਰ) ਆਪਣੇ ਟਰੱਕ ਲੈ ਕੇ ਇਨ੍ਹਾਂ ਕੋਲ ਦਿਹਾੜੀ ਕਰਨ ਜਾਂਦੇ ਹਨ। ਇਥੇ ਕੁਝ ਸਰਕਾਰੀ ਅੰਕੜੇਆਂ ਦਿੱਤੇ ਜਾ ਰਹੇ ਹਨ। ਇਨ੍ਹਾਂ ਅੰਕੜਿਆਂ ਵਿਚ 1951 ਅਤੇ 2016 ਵਿਚ ਪਸ਼ੂਆਂ ਦੀ ਗਿਣਤੀ ਦਾ ਮੁਕਾਬਲਾ ਕੀਤਾ ਗਿਆ ਹੈ। ਇਨ੍ਹਾਂ 'ਤੇ ਝਾਤ ਮਾਰਨ ਨਾਲ ਬਹੁਤ ਸਾਰੇ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ:

Canadian Livestock, 1951 to 2016 (from Statistics Canada[42])

| Type | Unit of Measure | 1951 | 2016 |
|---|---|---|---|
| Cattle and calves | Number of cattle farms | 452,480 | 75,307 |
| | Number of animals | 8,370,991 | 12,530,730 |
| | Average number of animals per farm | 17 | 166 |
| Number of animals | 4,915,987 | 14,091,503 | |
| Average number of animals per farm | 14 | 1,677 | |
| Horses | Number of horse farms | 451,647 | 39,164 |
| | Number of animals | 1,306,634 | 291,561 |
| | Average number of animals per farm | 3 | 7 |
| Sheep and lambs | Number of sheep farms | 62,566 | 9,390 |
| | Number of animals | 1,478,737 | 1,054,260 |
| | Average number of animals per farm | 24 | 112 |
| Chickens | Number of chicken farms | 427,317 | 23,910 |
| | Number of animals | 64,615,025 | 145,519,566 |
| | Average number of animals per farm | 151 | 6,086 |

1951 ਵਿਚ ਕੈਨਡਾ ਵਿਚ ਸਾਢੇ ਚਾਰ ਲੱਖ (4,52,480) ਪਸ਼ੂ ਫਾਰਮ ਸਨ ਜੋ 2016 ਵਿਚ ਘਟ ਕੇ ਸਿਰਫ 75 ਹਜ਼ਾਰ (75,307) ਰਹਿ ਗਏ। ਇਨ੍ਹਾਂ ਫਾਰਮਾਂ ਵਿਚ 1951 ਵਿਚ ਪਸ਼ੂਆਂ ਦੀ ਗਿਣਤੀ ਪੌਣੇ 84 ਲੱਖ (83,70,991) ਸੀ ਜੋ 2016 ਵਿਚ ਸਾਢੇ 12 ਲੱਖ ਰਹਿ ਗਏ। 1951 ਵਿਚ ਇਕ ਫਾਰਨ ਵਿਚ ਔਸਤਨ 17 ਪਸ਼ੂ ਸਨ ਜੋ 2016 ਵਿਚ ਔਸਤਨ 166 ਸਨ।

# ਕਿਸਾਨੀ ਅੰਦੋਲਨ ਦੀਆਂ ਪ੍ਰਾਪਤੀਆਂ, ਸੰਭਾਵਨਾਵਾਂ ਤੇ ਵਿਲੱਖਣਤਾਵਾਂ

*(ਪਿਛਲੇ ਸਫੇ ਦੀ ਬਾਕੀ)*

ਨੂੰ ਪਛਾਣਿਆ ਵੀ ਹੈ ਤੇ ਸਹੀ ਦਿਸ਼ਾ ਦੇ ਕੇ ਇਸ ਸ਼ਕਤੀ ਦੀ ਸੁਚੇਤ ਵਰਤੋਂ ਵੀ ਕੀਤੀ ਹੈ। ਇਸ ਸੰਘਰਸ਼ ਨੇ ਪੰਜਾਬ ਦੇ ਨੌਜਵਾਨਾਂ ਅੰਦਰ ਅਜਿਹਾ ਵਿਸ਼ਵਾਸ ਪੈਦਾ ਕੀਤਾ ਹੈ ਕਿ ਜਿੱਤ ਦੇ ਨਿਸ਼ਾਨ ਬਣਾਉਣ ਵਾਲਾ ਝੰਡਾ ਫੜ੍ਹ ਕੇ ਤੁਰੇ ਨੌ ਜਵਾਨਾਂ ਨੇ ਮੋਦੀ ਸਰਕਾਰ ਵਿਰੁੱਧ ਲੜੀ ਜਾ ਰਹੀ ਲੜਾਈ ਨੂੰ ਆਪਣੇ ਸਵੈਮਾਣ ਨੂੰ ਬਰਕਾਰਾਰ ਰੱਖਣ ਦੀ ਲੜਾਈ ਬਣਾ ਲਿਆ ਹੈ।

ਪੰਜਾਬ ਦੇ ਨੌਜਵਾਨਾਂ ਦੇ 80 ਫੀਸਦੀ ਨੌਜਵਾਨਾਂ ਨੂੰ ਨਸ਼ੇੜੀ ਕਹਿ ਕੇ ਬਦਨਾਮ ਕਰਨ ਵਾਲਿਆਂ ਨੂੰ ਹੁਣ ਮੋੜਵੇਂ ਸੁਆਲ ਹੋਣ ਲੱਗ ਪਏ ਹਨ ਕਿ ਜੇ ਪੰਜਾਬ ਦੇ ਬਹੁ-ਗਿਣਤੀ ਨੌਜਵਾਨ ਨਸ਼ਿਆਂ ਵਿਚ ਡੁਬ ਚੁੱਕੇ ਨੇ ਤਾਂ ਫਿਰ ਦਿੱਲੀ ਦੇ ਟਿਕਰੀ ਤੇ ਸਿੰਘੂ ਬਾਰਡਰ 'ਤੇ ਸੰਘਰਸ਼ ਕਰ ਰਹੇ ਨੌਜਵਾਨ ਕਿਹੜੇ ਖਿਤੇ ਵਿਚੋਂ ਆਏ ਹਨ। ਸਾਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਦੇਸ਼ ਦੇ ਸੱਤਾ ਪ੍ਰਬੰਧ 'ਤੇ ਕਾਬਜ਼ ਰਹੀਆਂ ਸਰਕਾਰਾਂ ਨੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸੀਮਤ ਕਰਕੇ ਕੁਝ ਸਮੇਂ ਲਈ ਨੌਜਾਵਾਨਾਂ ਦੀ ਸੋਚ ਵਿਚ ਇਸ ਤਰ੍ਹਾਂ ਦੀ ਨਿਰਾਸ਼ਾ ਪੈਦਾ ਕਰ ਦਿੱਤੀ ਸੀ ਕਿ ਉਨ੍ਹਾਂ ਦਾ ਇੱਕ ਸੀਮਤ ਹਿੱਸਾ ਨਸ਼ਿਆਂ ਰਾਹੀਂ ਵਕਤੀ ਮਾਨਸਿਕ ਰਾਹਤ ਤਲਾਸ਼ ਕਰਨ ਦੇ ਰਾਹ ਪੈ ਗਿਆ ਸੀ, ਪਰ ਕਿਸਾਨੀ ਸੰਘਰਸ਼ ਸ਼ੁਰੂ ਹੋਣ 'ਤੇ ਉਸ ਹਿੱਸੇ ਦੀ ਸੋਚ ਵਿਚ ਵੀ ਇਕ ਦਮ ਸਕਾਰਾਤਮਕ ਤਬਦੀਲੀ ਆਈ ਹੈ ਤੇ ਉਹ ਆਪਣੇ ਮੱਥੇ 'ਤੇ ਲੱਗਾ ਨਸ਼ੇੜੀ ਹੋਣ ਦਾ ਧੱਬਾ ਧੋਣ ਅਤੇ ਆਪਣਾ ਗੁਆਚਿਆ ਵਿਸ਼ਵਾਸ ਬਹਾਲ ਕਰਨ ਲਈ ਸੰਘਰਸ਼ ਵਿਚ ਕੁੱਦ ਪਏ ਹਨ।

ਕਿਸਾਨੀ ਅੰਦੋਲਨ ਨੇ ਪੰਜਾਬ ਦੇ ਅਸਲ ਤੇ ਲੋਕ ਪੱਖੀ ਸਭਿਆਚਾਰ ਦੀ ਪੁਨਰ ਉਸਾਰੀ ਕਰਨ ਦੇ ਸਬੰਧ ਵਿਚ ਵੀ ਬਹੁਤ ਸਕਾਰਾਤਮਕ ਭੂਮਿਕਾ ਨਿਭਾਈ ਹੈ। ਇਸ ਅੰਦੋਲਨ ਨੇ ਲੱਚਰ ਤੇ ਅਸ਼ਲੀਲ ਗਾਇਕੀ ਦੇ ਵਹਿਣ ਨੂੰ ਹੁਣ ਅਜਿਹੀ ਠੱਲ੍ਹ ਲਾ ਦਿੱਤੀ ਹੈ ਕਿ ਹਰ ਪੰਜਾਬ ਵਾਸੀ ਦੀ ਜ਼ੁਬਾਨ 'ਤੇ ਕਿਸਾਨੀ ਪੱਖ ਨੂੰ ਮਜਬੂਤ ਕਰਦੇ ਗੀਤ ਥਿਰਕਣ ਲੱਗ ਪਏ ਹਨ। ਇਸ ਨਵਾਂ ਰੁਝਾਨ ਇਸ ਹੱਦ ਤੱਕ ਵਿਕਸਿਤ ਹੋ ਗਿਆ ਹੈ ਕਿ ਵਿਆਹ ਸ਼ਾਦੀਆਂ ਤੇ ਹੋਰ ਖੁਸ਼ੀ ਦੇ ਮੌਕਿਆਂ 'ਤੇ ਵੀ ਕਿਸਾਨੀ ਸੰਘਰਸ਼ ਦੇ ਹੀ ਗੀਤ ਗਾਏ ਜਾਣ ਲੱਗ ਪਏ ਹਨ।

ਇਹ ਭਾਰਤੀ ਸਿਆਸਤ ਨਾਲ ਜੁੜਿਆ ਕੌੜਾ ਸੱਚ ਹੈ ਕਿ ਇਸ ਦੇਸ਼ ਦੀਆਂ ਸਰਕਾਰਾਂ ਭਾਵੇ ਪ੍ਰਤੱਖ ਤੌਰ 'ਤੇ ਆਮ ਵੋਟਰਾਂ ਰਾਹੀਂ ਚੁਣੀਆਂ ਜਾਂਦੀਆਂ ਹਨ, ਪਰ ਕਿਸੇ ਵੀ ਸਿਆਸੀ ਪਾਰਟੀ ਨੂੰ ਸੱਤਾਧਾਰੀ ਬਣਾਉਣ ਲਈ ਕਾਰਪੋਰੇਟ ਜਗਤ ਦੇ ਪੈਸੇ ਦੀ ਅਹਿਮ ਭੂਮਿਕਾ ਹੁੰਦੀ ਹੈ। ਕਾਰਪੋਰੇਟ ਜਗਤ ਅਤੇ ਸਿਆਸੀ ਪਾਰਟੀਆਂ ਦੀ ਚਿਰਾਂ ਤੋਂ ਚਲਦੀ ਭਾਈਵਾਲੀ ਕਾਰਨ ਚੋਣਾਂ ਐਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਕੋਈ ਵੀ ਸਰਕਾਰ ਕਾਰਪੋਰੇਟ ਦੀ ਮਦਦ ਲਏ ਬਿਨਾ ਹੋਂਦ ਵਿਚ ਆ ਹੀ ਨਹੀਂ ਸਕਦੀ। ਇਹ ਪਹਿਲੀ ਵਾਰ ਹੋਇਆ ਹੈ ਕਿ ਲੋਕਾਂ ਨੇ ਮੋਦੀ ਸਰਕਾਰ ਦੇ ਨਾਲ ਨਾਲ ਇਸ ਦੇ ਸਰਪ੍ਰਸਤ ਅੰਬਾਨੀ ਤੇ ਅਡਾਨੀ ਨੂੰ ਵੀ ਆਪਣੇ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ। ਕਿਸਾਨੀ ਅੰਦੋਲਨ ਦੇ ਬਹਾਨੇ ਲੋਕਾਂ ਵੱਲੋਂ ਆਪਣੇ ਅਸਲ ਦੁਸ਼ਮਣ ਦੀ ਪਛਾਣ ਕਰ ਲੈਣੀ ਵੀ ਇਸ ਸੰਘਰਸ਼ ਦੀ ਅਹਿਮ ਪ੍ਰਾਪਤੀ ਹੈ।

ਅੰਦੋਲਨ ਅਜੇ ਜਾਰੀ ਹੈ, ਇਸ ਲਈ ਇਸ ਦੀ ਅੰਤਿਮ ਜਿੱਤ ਤੋਂ ਪਹਿਲਾਂ ਹੋਣ ਵਾਲੀਆਂ ਉਪ ਤੇ ਸਹਾਇਕ ਜਿੱਤਾਂ ਦਾ ਸਿਲਸਲਾ ਵੀ ਜਾਰੀ ਹੈ। ਇਹ ਸੰਘਰਸ਼ ਸਿਰਫ ਪੰਜਾਬ ਵਿਚ ਹੀ ਨਹੀਂ, ਸਗੋਂ ਸਾਰੇ ਦੇਸ਼ ਵਿਚ ਨਵੀਆਂ ਰਾਜਨੀਤਕ, ਆਰਥਿਕ ਸਮਾਜਿਕ ਤੇ ਸਭਿਆਚਾਰਕ ਤਬਦੀਲੀਆਂ ਲਿਆਉਣ ਦਾ ਜ਼ਰੀਆ ਬਣੇਗਾ।

# ਖਬਰਦਾਰ! ਹੋਸ਼ਿਆਰ!! ਜਾਗਦੇ ਰਹਿਣਾ ਜੀ!!!

ਅੱਜ ਦਿੱਲੀ ਦੇ ਸਾਰੇ ਰਾਹਾਂ 'ਤੇ ਹੀ ਸ਼ਾਂਤਮਈ ਕਿਸਾਨ ਸੰਘਰਸ਼ ਆਪਣੀਆਂ ਸਿਖਰਾਂ 'ਤੇ ਹੈ ਅਤੇ ਕਰੀਬ ਡੇਢ ਮਹੀਨੇ ਤੋਂ ਦੇਸ਼ ਦੇ ਹਰ ਕੋਨੇ, ਹਰ ਪ੍ਰਾਂਤ ਵਿਚੋਂ ਆਏ ਕਿਸਾਨ ਇਕ ਪਰਿਵਾਰ ਵਾਂਗ ਮਿਲ-ਬੈਠ ਕੇ ਬੇਹੱਦ ਸ਼ਾਂਤਮਈ ਤਰੀਕੇ ਨਾਲ ਆਪਣੇ ਹੱਕ ਵਾਪਸ ਮੰਗ ਰਹੇ ਹਨ; ਕੋਈ ਧਮਕੀ ਨਹੀਂ, ਕੋਈ ਝਗੜਾ ਨਹੀਂ; ਬੱਸ ਇੱਕੋ ਇੱਕ ਮੰਗ ਹੈ ਕਿ ਮੁਲਕ ਦੀ ਸਰਕਾਰ ਸਾਥੋਂ ਜਬਰੀ ਖੋਹੇ ਗਏ ਸਾਡੇ ਹੱਕ ਸਾਨੂੰ ਵਾਪਸ ਕਰ ਦੇਵੇ ਤਾਂ ਅਸੀਂ ਆਪਣੇ ਆਪਣੇ ਘਰਾਂ ਨੂੰ ਚਲੇ ਜਾਵਾਂਗੇ।

ਇਥੇ ਕੁਝ ਗੱਲਾਂ ਵਿਚਾਰਨਯੋਗ ਹਨ।

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਮੋਦੀ ਪਿਛਲੇ 6 ਸਾਲਾਂ ਤੋਂ ਮੁਲਕ ਦਾ ਪਰਾਈ ਮਨਿਸਟਰ ਚਲਿਆ ਆ ਰਿਹਾ ਹੈ ਅਤੇ ਚਾਰ ਸਾਲ ਉਸਦੇ ਅਜੇ ਹੋਰ ਵੀ ਪਏ ਹਨ, ਜਦ ਤੋਂ ਉਸਨੇ ਹਕੂਮਤ ਸੰਭਾਲ਼ੀ ਹੈ ਕੁਝ ਕੁ ਪੂੰਜੀਪਤੀਆਂ ਨੂੰ ਛਡ ਕੇ ਦੇਸ਼ ਦਾ ਹਰ ਵਰਗ ਤਰਾਸ ਤਰਾਸ ਕਰ ਰਿਹਾ ਹੈ, ਪਿਛਲੇ 74 ਸਾਲਾ ਵਿਚ ਜਿੰਨੇ ਮਾੜੇ ਕੰਮ ਨਹੀਂ ਸੀ ਹੋਏ ਉਸ ਤੋਂ ਕਿਤੇ ਵੱਧ ਏਸ ਦੁਸ਼ਟ ਆਤਮਾ ਨੇ ੬ ਸਾਲਾਂ ਵਿਚ ਕਰਕੇ ਦੇਸ਼ ਦਾ ਰੱਜਕੇ ਉਜਾੜਾ ਕੀਤਾ ਹੈ,

ਹੁਣ ਗੱਲ ਕਰੀਏ ਆਪਣੇ ਪੰਜਾਬ ਦੀ ਤਾਂ ਮੋਦੀ ਨਾਲੋਂ ਹਜ਼ਾਰਾਂ ਗੁਣਾ ਵੱਧ ਬੇਈਮਾਨ ਇਕ ਟੱਬਰ ਪੰਜਾਬ ਕੋਲ ਵੀ ਹੈ, ਜਦ ਤੋਂ ਮੋਦੀ ਤਖਤ 'ਤੇ ਬੈਠਾ ਹੈ, ਉਹ ਟੱਬਰ ਵੀ ਮੋਦੀ ਦੇ ਨਾਲ ਹੀ ਹੈ। ਉਹ ਟੱਬਰ ਐਸਾ ਹੈ, ਜਿਸ ਦੇ ਹੱਥ ਵਿਚ ਸਮੁੱਚੀ ਸਿੱਖ ਕੌਮ ਦੀ ਕਿਸਮਤ ਦੀ ਚਾਬੀ ਹੈ, ਅਤੇ ਸਾਡੇ ਪਿੰਡਾਂ ਵਿਚ ਵੱਸਣ ਵਾਲੇ ਬਹੁ ਗਿਣਤੀ ਲੋਕ ਤਾਂ ਅਜੇ ਵੀ ਓਸੇ ਟੱਬਰ ਨੂੰ ਹੀ ਗ੍ਰੰਥ ਤੇ ਪੰਥ ਸਮਝ ਕੇ ਮੱਥੇ ਟੇਕੀ ਜਾ ਰਹੇ ਹਨ। ਜੇ ਉਨ੍ਹਾਂ ਲੋਕਾਂ ਨੂੰ ਕੋਈ ਇਨ੍ਹਾਂ ਲੋਟੂਆਂ ਬਾਰੇ ਦੱਸਣਾ ਚਾਹਵੇ ਤਾਂ ਅੱਗਿਉਂ ਕੋਈ ਸੁਣਨ ਨੂੰ ਤਿਆਰ ਨਹੀਂ। ਖੈਰ! ਪਿਛਲੇ ਸਮੇਂ ਤੋਂ ਉਸ ਟੱਬਰ ਦੇ ਰਾਜ ਭਾਗ ਦੀਆਂ ਨੀਂਹਾਂ ਵੀ ਹਿੱਲੀਆਂ ਪਈਆਂ ਹਨ ਅਤੇ ਉਹ ਵੀ ਆਪਣੇ ਬਚਾਉ ਲਈ ਹਰ ਹਰਬਾ ਵਰਤ ਕੇ ਆਪਣਾ ਵਿਗੜਿਆ ਚਿਹਰਾ-ਮੋਹਰਾ ਬਚਾਉਣ ਦੀ ਕੋਸ਼ਿਸ਼ ਵਿਚ ਦਿਨ-ਰਾਤ ਇਕ ਕਰੀ ਬੈਠਾ ਹੈ।

ਪਰ ਦੂਜੇ ਪਾਸੇ ਦੇਖਿਆ ਜਾਵੇ ਤਾਂ ਉਹ ਪਰਿਵਾਰ ਕਿਸਮਤ ਦਾ ਵੀ ਧਨੀ ਹੈ, ਕਿਉਂਕਿ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਤੋਂ ਲੈ ਕੇ ਹਰ ਇਤਿਹਾਸਕ ਅਸਥਾਨ ਦੇ ਨਾਲ ਨਾਲ ਹਰ ਗੁਰੂ ਘਰ 'ਤੇ ਉਨ੍ਹਾਂ ਦਾ ਕਬਜ਼ਾ ਹੈ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ-ਦੋਵੇਂ ਸੰਸਥਾਵਾਂ ਉਸ ਟੱਬਰ ਦੀ ਜੇਬ ਵਿਚ ਹਨ। ਇਸ ਟੱਬਰ ਦਾ ਵਡੇਰਾ ਤਾਂ ਚਾਰ ਪੰਜ ਵਾਰ ਪੰਜਾਬ ਦਾ ਮੁੱਖ ਮੰਤਰੀ ਵੀ ਰਹਿ ਚੁਕਾ ਹੈ ਅਤੇ ਸ਼ਾਇਦ ਪੰਜਵੀਂ ਵਾਰੀ ਦੀ ਵੀ ਉਡੀਕ ਕਰ ਰਿਹਾ ਹੈ।

ਇਕ ਪਾਸੇ ਦੇਸ਼ ਦੇ ਕਿਸਾਨ ਯੋਧੇ ਜੋ ਆਪਣੇ ਘਰ ਬਾਰ ਤੇ ਪਰਿਵਾਰ ਛੱਡ ਆਪਣੇ ਹੱਕਾਂ ਦੀ ਲੜਾਈ ਲੜਨ ਲਈ ਸੜਕਾਂ 'ਤੇ ਬੈਠੇ ਹਨ, ਦੂਜੇ ਪਾਸੇ ਸੱਤਾ ਦੇ ਨਸ਼ੇ ਵਿਚ ਅੰਨਾ ਹੋਇਆ ਮੋਦੀ ਤੇ ਉਹਦੇ ਮਾਲਕ ਅੰਬਾਨੀ-ਅਡਾਨੀ ਵਰਗੇ ਬੇਫਿਕਰ ਹੋ ਐਸ਼ਾਂ ਕਰ ਰਹੇ ਹਨ ਤੇ ਸੋਚ ਰਹੇ ਹਨ ਇਹ ਮੁੱਠੀ ਭਰ ਗਰੀਬ ਕਿਸਾਨ ਸਾਡਾ ਕੀ ਵਿਗਾੜ ਲੈਣਗੇ, ਪਰ ਮੇਰੇ ਸਤਿਗੁਰੂ ਤਾਂ ਪਏ ਆਖਦੇ ਨੇ, "ਕੀੜਾ ਥਾਪ ਦੇਇ ਪਾਤਸਾਹੀ ਲਸ਼ਕਰ ਕਰੇ ਸੁਆਹ॥"

ਜਦ ਨਿੱਕੇ ਹੁੰਦਿਆਂ ਕੌਡੇ ਰਾਕਸ਼ ਵਾਲੀ ਸਾਖੀ ਪੜ੍ਹਨੀ ਜਾਂ ਉਸ ਵੇਲੇ ਦੇ ਵੱਡ ਆਕਾਰੀ ਕੈਲੰਡਰਾਂ 'ਤੇ ਕੌਡੇ ਦੇ ਸਿਰ 'ਤੇ ਸਿੰਗ ਦੇਖਣੇ ਤਾਂ ਪਿਤਾ ਜੀ ਨੂੰ ਪੁੱਛਣਾ ਕਿ ਕੀ ਹਰਣਾਕਸ਼ ਅਤੇ ਰਾਵਣ ਦੇ ਸਿਰ 'ਤੇ ਵੀ ਸਿੰਗ ਸਨ? ਕੀ ਰਾਕਸ਼ਸ਼ ਬੰਦੇ ਨਹੀਂ ਹੁੰਦੇ? ਤਾਂ ਉਨ੍ਹਾਂ ਨੇ ਆਖਣਾ, ਹੁੰਦੇ ਤਾਂ ਪੁੱਤਰਾ ਬੰਦੇ ਹੀ ਹਨ, ਪਰ ਉਹ ਆਪਣੇ ਜੀਵਨ ਵਿਚ ਬੁਰਾਈਆਂ ਕਰਦੇ ਕਰਦੇ ਹੀ ਬੇਈਮਾਨ, ਸ਼ੈਤਾਨ, ਹੈਵਾਨ ਅਤੇ ਰਾਕਸ਼ਸ਼ ਬਣ ਜਾਂਦੇ ਹਨ, "ਕਰਤੂਤ ਪਸੂ ਕੀ ਮਾਨਸ ਜਾਤਿ॥"

ਅੱਜ ਅਸੀਂ ਆਪਣੇ ਜੀਵਨ ਵਿਚ ਵੀ ਬੰਦਿਆਂ ਵਰਗੇ ਕਈ ਰਾਕਸ਼ਸ਼ ਸਾਖਯਾਤ ਦੇਖ ਰਹੇ ਹਾਂ। ਸੰਸਾਰ ਦੇ ਸੱਭ ਤੋਂ ਵੱਧ ਤਾਕਤਵਰ ਮੁਲਕ ਦੇ (ਸਾਬਕਾ) ਰਾਸ਼ਟਰਪਤੀ ਟਰੰਪ ਦੀ ਕਾਰਗੁਜ਼ਾਰੀ ਵੀ ਦੁਨੀਆਂ ਦੇਖ ਚੁਕੀ ਹੈ, ਸਿੰਗ ਓਹਦੇ ਸਿਰ 'ਤੇ ਵੀ ਹੈ ਨਹੀਂ। ਸਿੰਗ ਤਾਂ ਮੋਦੀ ਦੇ ਸਿਰ 'ਤੇ ਵੀ ਨਹੀਂ, ਪਰ...! ਬੇਈਮਾਨ ਵੀ ਹੈ, ਸ਼ੈਤਾਨ ਵੀ ਹੈ, ਹੈਵਾਨ ਵੀ ਹੈ ਅਤੇ ਜਿਉਂਦਾ ਜਾਗਦਾ ਰਾਕਸ਼ਸ਼ ਵੀ ਹੈ।

ਸਰਕਾਰ ਨੂੰ ਗਰੀਬ ਕਿਰਤੀਆਂ ਕਿਸਾਨਾਂ ਨਾਲ ਕੀ? ਦੂਜੇ ਪਾਸੇ ਦੇਸ਼ ਭਰ 'ਚੋਂ ਅਣਗਿਣਤ ਜਥੇਬੰਦੀਆਂ ਅਤੇ ਸੰਸਥਾਵਾਂ ਵੀ ਕਿਰਸਾਣੀ ਦੇ ਹੱਕ ਵਿਚ ਸੜਕਾਂ 'ਤੇ ਆਈਆਂ ਬੈਠੀਆਂ ਹਨ। ਇਥੋਂ ਤੱਕ ਕਿ ਦੇਸ਼ ਭਰ ਦੇ ਨਾਮਵਰ ਡਾਕਟਰ ਅਤੇ ਨਰਸਾਂ ਵੀ ਸੜਕਾਂ 'ਤੇ ਰੁਲਦੇ ਗਰੀਬਾਂ ਦੀ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ। ਦੇਸ਼ ਭਰ ਦੇ ਨਾਮੀ ਗਰਾਮੀ ਵਕੀਲ ਵੀ ਕਿਸਾਨਾਂ ਦੇ ਹੱਕ 'ਚ ਆਏ ਬੈਠੇ ਹਨ।


ਭਾਰਤੀ ਜਨਤਾ ਪਾਰਟੀ ਅਤੇ ਕੁਝ ਕੁ ਹੱਠ ਧਰਮੀ ਕੱਟੜ ਲੋਕਾਂ ਨੂੰ ਛੱਡ ਕੇ ਹਰ ਇਨਸਾਨ ਇਸ ਸੰਘਰਸ਼ ਦੀ ਹਮਾਇਤ ਕਰ ਰਿਹਾ ਹੈ। ਸੰਸਾਰ ਦੇ ਹਰ ਮੁਲਕ ਦੀ ਜਨਤਾ ਅਤੇ ਸਰਕਾਰਾਂ ਵਿਚ ਇਸ ਸੰਘਰਸ਼ ਦੀ ਚਰਚਾ ਜ਼ੋਰਾਂ 'ਤੇ ਹੋ ਰਹੀ ਹੈ, ਸੁਪਰੀਮ ਕੋਰਟ ਵੀ ਚਿੰਤਾਤੁਰ ਹੈ, ਪਰ ਸਰਕਾਰ ਦੀ ਨੀਂਦ ਜਿਉਂ ਦੀ ਤਿਉਂ ਬਰਕਰਾਰ ਹੈ।

ਪਰ ਸਦਕੇ ਜਾਈਏ ਉਨ੍ਹਾਂ ਸ਼ੇਰਾਂ ਦੇ, ਜੋ ਅਸਹਿ ਅਤੇ ਅਕਹਿ ਤਕਲੀਫਾਂ ਵਿਚ ਵੀ ਡਟੇ ਪਏ ਹਨ ਅਤੇ ਸਟੇਜਾਂ ਤੋਂ ਵਾਰ ਵਾਰ ਹੱਥ ਜੋੜ ਜੋੜ ਕੇ ਅਪੀਲਾਂ ਕਰ ਰਹੇ ਹਨ, ਅਪਣੇ ਦੇਸ਼ ਦੇ ਨੌਜਵਾਨ ਵਰਗ ਨੂੰ ਕਿ ਸ਼ਾਂਤਮਈ ਮਾਹੌਲ ਨੂੰ ਬਣਾ ਕੇ ਕਿਵੇਂ ਰੱਖਣਾ ਹੈ, ਰਾਤਾਂ ਨੂੰ ਜਾਗਣਾ ਹੈ ਅਤੇ ਪਹਿਰੇ ਦੇਣੇ ਹਨ। ਦੁਸ਼ਮਣ ਬੇਈਮਾਨ ਹੈ ਅਤੇ ਬਹੁਤ ਚਾਲਾਕ ਵੀ ਹੈ, ਉਹ ਸੜਕਾਂ 'ਤੇ ਬੈਠੀ ਭੋਲੀ ਭਾਲੀ ਜਨਤਾ ਨਾਲ ਕੋਈ ਵੀ ਛਲ ਕਪਟ ਕਰ ਸਕਦਾ ਹੈ। ਸਾਡਾ ਮਿਸ਼ਨ ਹੈ, ਆਪਣੇ ਹੱਕ ਵਾਪਸ ਲੈਣਾ; ਉਹ ਹੁਣ ਲੈ ਕੇ ਹੀ ਮੁੜਾਂਗੇ!

ਜੋ ਰੱਬ ਦੀ ਰਹਿਮਤ ਹੋਈ ਹੈ, ਉਹ ਦੇਖ ਕੇ ਸ਼ੁਕਰਾਨੇ ਵਿਚ ਸਿਰ ਝੁਕ ਜਾਂਦਾ ਹੈ ਕਿ ਅੱਜ ਸਾਰੇ ਦੇਸ਼ ਦਾ ਕਿਸਾਨ ਜਾਂ ਮਜ਼ਦੂਰ ਹੀ ਨਹੀਂ, ਆਮ ਲੋਕ ਵੀ ਇਕ ਪਰਿਵਾਰ ਬਣ ਕੇ ਜੁੜ ਬੈਠੇ ਹਨ। ਜਦ ਲੋਕ ਇਕ ਮੰਚ ਤੇ ਇਕ ਝੰਡੇ ਥੱਲੇ ਆ ਜਾਣ ਤਾਂ ਸਰਕਾਰਾਂ ਦੇ ਬਾਕੀ ਦਿਨ ਗਿਣਤੀ ਦੇ ਹੀ ਹੁੰਦੇ ਹਨ।

ਬੇਨਤੀ ਹੈ, ਸੰਘਰਸ਼ ਵਿਚ ਜੁੜ ਬੈਠੇ ਹਰ ਜੀਵ ਨੂੰ ਕਿ ਆਪਣੇ ਚਾਰ-ਚੁਫੇਰੇ ਨਜ਼ਰ ਰੱਖੋ ਅਤੇ ਗੱਦਾਰਾਂ ਦੀ ਪਛਾਣ ਵੀ ਰੱਖੋ, ਉਹ ਵੀ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਨੇੜੇ ਤੇੜੇ ਹੀ ਹਨ। ਅਣਗਿਣਤ ਮੋਦੀ ਅਤੇ ਬਾਦਲ ਵੀ ਭੇਸ ਵਟਾ ਵਟਾ ਕੇ ਤੁਹਾਡੇ ਕੋਲ ਪਹੁੰਚ ਸਕਦੇ ਹਨ। ਖਬਰਦਾਰ! ਹੋਸ਼ਿਆਰ!! ਜਾਗਦੇ ਰਹਿਣਾ ਜੀ!!!

# ਤਿੰਨ ਘੰਟੀਆਂ ਦੀ ਆਵਾਜ਼ ਅਤੇ ਘੋਲ ਦੀ ਟੁਣਕਾਰ



**ਕਲਾ ਪਰਿਕਰਮਾ**

ਰੰਗਮੰਚ ਦੀ ਪਰੰਪਰਾ ਹੈ ਕਿ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਘੰਟੀ ਵਜਾਈ ਜਾਂਦੀ ਹੈ; ਤਿੰਨ ਵਾਰ! ਕੁਝ ਬਹੁਤ ਪ੍ਰਸਿੱਧ ਅਤੇ ਸਥਾਪਤ ਰੰਗਮੰਚ ਭਵਨਾ ਵਿਚ ਵੱਡ-ਆਕਾਰੀ ਘੰਟੇ ਲੱਗੇ ਹੁੰਦੇ ਸਨ ਜਿਨ੍ਹਾਂ ਨੂੰ ਨਾਟਕ ਤੋਂ ਪਹਿਲਾਂ ਤਿੰਨ ਵਾਰ ਵਜਾਉਣਾ ਬਾਕਾਇਦਾ ਰਸਮ ਹੁੰਦੀ ਸੀ। ਫਿਰ ਇਹ ਘੰਟੀ ਬਿਜਲਈ ਹੋ ਗਈ ਪਰ ਵੱਜਦੀ ਜ਼ਰੂਰ ਰਹੀ। ਲਗਭਗ ਨਾਟਕ ਦੀ ਪੇਸ਼ਕਾਰੀ ਤੋਂ ਦਸ ਮਿੰਟ ਪਹਿਲਾਂ ਘੰਟੀ




**ਡਾ. ਸਾਹਿਬ ਸਿੰਘ**
**ਫੋਨ: +91-98880-11096**


ਖਵਕਦੀ। ਉਹ ਦਰਸ਼ਕ ਜੋ ਅਜੇ ਬਾਹਰ ਖੜ੍ਹੇ ਜਾਂ ਬੈਠੇ ਆਪਸੀ ਗੁਫਤਗੂ ਵਿਚ ਮਸਰੂਫ ਹੁੰਦੇ, ਉਨ੍ਹਾਂ ਨੂੰ ਪਤਾ ਲੱਗ ਜਾਂਦਾ ਕਿ ਅੰਦਰ ਜਾ ਕੇ ਕੁਰਸੀਆਂ 'ਤੇ ਬੈਠਣ ਦਾ ਵਕਤ ਆ ਗਿਆ ਹੈ। ਪੰਜ ਕੁ ਮਿੰਟ ਬਾਅਦ ਫਿਰ ਘੰਟੀ ਵੱਜਦੀ, ਇਹ ਇਸ਼ਾਰਾ ਹੁੰਦੀ ਕਿ ਹੁਣ ਪੇਸ਼ਕਾਰੀ ਦਾ ਵਕਤ ਬਹੁਤ ਨਜ਼ਦੀਕ ਆ ਗਿਆ ਹੈ ਤੇ ਦਰਸ਼ਕ ਆਪੋ ਆਪਣੀਆਂ ਕੁਰਸੀਆਂ 'ਤੇ ਟਿਕ ਕੇ ਬਹਿ ਜਾਣ। ਇਸ ਤੋਂ ਬਾਅਦ ਹੌਲੀ-ਹੌਲੀ ਹਾਲ ਦੀਆਂ ਰੋਸ਼ਨੀਆਂ ਬੁਝਣ ਲੱਗਦੀਆਂ ਤੇ ਚਾਰੇ ਪਾਸੇ ਪਸਰੇ ਹਨੇਰੇ 'ਚ ਦਿਲ ਦਿਮਾਗ ਦੀ ਬੱਤੀ ਜਗ ਉਠਦੀ। ਇਹ ਵੇਲਾ ਹੁੰਦਾ ਜਦੋਂ ਦਰਸ਼ਕ ਆਪਣੀ ਉਤਸੁਕਤਾ ਨੂੰ ਵਧਦੀ ਹੋਈ ਮਹਿਸੂਸ ਕਰਦਾ ਅਤੇ ਸਾਹਮਣੇ ਆਉਣ ਵਾਲੀ ਪੇਸ਼ਕਾਰੀ ਲਈ ਉਤਾਵਲਾ ਹੋਣ ਲੱਗਦਾ। ਫਿਰ ਤੀਜੀ ਘੰਟੀ ਖੜਕਦੀ। ਇਸ ਦੀ ਆਵਾਜ਼ ਵੀ ਪਹਿਲਾਂ ਵੱਜੀਆਂ ਦੋ ਘੰਟੀਆਂ ਬਰਾਬਰ ਹੀ ਹੁੰਦੀ ਪਰ ਇਸ ਦੀ ਧੁਨੀ ਵੱਖਰਾ ਪ੍ਰਭਾਵ ਸਿਰਜਦੀ। ਹਰ ਅੱਖ ਪਰਦੇ ਵੱਲ ਕੇਂਦਰਿਤ ਹੋ ਜਾਂਦੀ। ਹਾਲ ਅੰਦਰ ਬੈਠੇ ਸਾਰੇ ਸਰੀਰ ਸਾਵਧਾਨ ਹੋ ਜਾਂਦੇ। ਦਿਮਾਗ ਤੇਜ਼ੀ ਨਾਲ ਚੱਲਣ ਲੱਗਦਾ ਤੇ ਦਿਲ ਧੜਕਦਾ ਹੋਇਆ ਮਹਿਸੂਸ ਹੁੰਦਾ। ਪਰਦਾ ਉੱਠਦਾ, ਰੋਸ਼ਨੀ ਹੁੰਦੀ ਤੇ ਰੰਗਮੰਚ ਉਜਾਗਰ ਹੁੰਦਾ। ਤੀਜੀ ਘੰਟੀ ਤੋਂ ਬਾਅਦ 'ਅਸਲ' ਸਾਹਮਣੇ ਆਉਂਦਾ।

ਇਨ੍ਹਾਂ ਤਿੰਨ ਘੰਟੀਆਂ ਦਾ ਅਸਰ 'ਪਰਦੇ ਦੇ ਉਸ ਪਾਰ' ਕੁਝ ਨਿਵੇਕਲੇ ਢੰਗ ਨਾਲ ਨਜ਼ਰੀਂ ਪੈਂਦਾ। ਆਪਣੇ ਕਿਰਦਾਰ ਦਾ ਚੋਲਾ ਪਾਈ ਬੈਠੇ ਅਦਾਕਾਰ ਲਈ ਪਹਿਲੀ ਘੰਟੀ ਇਕ ਤਾੜਨਾ ਸਮਾਨ ਹੁੰਦੀ ਹੈ। ਇਕ ਅਦਾਕਾਰ ਲਈ ਪਹਿਲੀ ਘੰਟੀ ਦੀ ਟੁਣਕਾਰ ਅਜਿਹਾ ਪ੍ਰਭਾਵ ਲੈ ਕੇ ਆਉਂਦੀ ਹੈ ਜਿਸ ਬਾਰੇ ਨਿਰਦੇਸ਼ਕ ਨੇ ਉਸ ਨੂੰ ਸਮਝਾਇਆ ਤਾਂ ਹੁੰਦਾ ਹੈ ਪਰ ਇੰਨੀ ਸ਼ਿੱਦਤ ਨਾਲ ਉਸ ਨੇ ਮਹਿਸੂਸ ਨਹੀਂ ਕੀਤਾ ਹੁੰਦਾ। ਪਹਿਲੀ ਘੰਟੀ ਜ਼ਿੰਮੇਵਾਰੀ ਦਾ ਅਹਿਸਾਸ ਲੈ ਕੇ ਆਉਂਦੀ ਹੈ। ਦੂਜੀ ਘੰਟੀ ਦੀ ਆਵਾਜ਼ ਦ੍ਰਿੜ੍ਹ ਨਿਸ਼ਚੇ ਵੱਲ ਲੈ ਕੇ ਜਾਂਦੀ ਹੈ। ਮਨ ਪਕਿਆਈ ਵੱਲ ਵਧਦਾ ਹੈ, ਵਾਧੂ ਗੁੰਝਲਾਂ ਕਿਰਨ ਲੱਗਦੀਆਂ ਹਨ। ਖੂਨ ਦਾ ਦੌਰਾ ਤੇਜ਼ ਤੇ ਦਿਮਾਗ ਦੀ ਸਥਿਰਤਾ ਕਾਇਮ ਹੋਣ ਲੱਗਦੀ ਹੈ ਪਰ ਅੱਵਲ ਆਉਣ ਦੀ ਤੀਬਰਤਾ ਕਿਤੇ ਨਾ ਕਿਤੇ ਅੰਦਰ ਹੀ ਅੰਦਰ ਤੀਜੀ ਘੰਟੀ ਦਾ ਇੰਤਜ਼ਾਰ ਕਰਨ ਲੱਗਦੀ ਹੈ। ਤੀਜੀ ਘੰਟੀ ਵੱਜਦਿਆਂ ਹੀ ਅਦਾਕਾਰ ਮੰਚ ਵੱਲ ਕਿਸੇ ਯੋਧੇ ਵਾਂਗ ਵਧਦਾ ਹੈ। ਹੁਣ ਸੋਚਣ ਵਿਚਾਰਨ, ਪਿੱਛੇ ਹਟਣ ਦੀ ਅਵਸਥਾ ਤੋਂ ਉਹ ਪਾਰ ਜਾ ਚੁੱਕਾ ਹੁੰਦਾ ਹੈ। ਹੁਣ ਪ੍ਰੀਖਿਆ ਹੀ ਪ੍ਰੀਖਿਆ ਹੈ। ਸਾਰਾ ਦਾਰੋਮਦਾਰ ਉਸ ਦੀ ਪੇਸ਼ਕਾਰੀ 'ਤੇ ਹੈ, ਨਿਰਦੇਸ਼ਕ ਦੀ ਨਿਰਦੇਸ਼ਨਾ ਨੂੰ ਹੁਣ ਉਸ ਨੇ ਅਸਲੀ ਜਾਮਾ ਪਹਿਨਾਉਣਾ ਹੈ। ਤੀਜੀ ਘੰਟੀ



ਸ਼ਾਇਦ ਜ਼ਿਆਦਾ ਯਾਦ ਰਹਿੰਦੀ ਹੈ ਪਰ ਅਸਲ ਕਾਰਨਾਮਾ ਤਾਂ ਪਹਿਲੀਆਂ ਦੋ ਘੰਟੀਆਂ ਕਰ ਚੁੱਕੀਆਂ ਹੁੰਦੀਆਂ ਹਨ।

ਸੰਗਰਾਮ ਵੀ ਇਵੇਂ ਹੀ ਲੜੇ ਜਾਂਦੇ ਹਨ। ਅੰਦੋਲਨ ਅੰਦਰ ਜੂਝਦੇ ਜੁਝਾਰੂ ਵੀ ਲੰਮੀ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਤੀਜੀ ਘੰਟੀ ਤਕ ਪਹੁੰਚਦੇ ਹਨ। ਕੋਈ ਐਵੇਂ ਨਹੀਂ ਹੁਕਮਰਾਨ ਦੇ ਹੰਕਾਰੀ ਰੱਥ ਨੂੰ ਰੋਕ ਲੈਂਦਾ, ਕੋਈ ਐਵੇਂ ਨਹੀਂ ਪਾਣੀ ਦੀਆਂ ਬੁਛਾੜਾਂ ਦਾ ਮੂੰਹ ਮੋੜ ਦਿੰਦਾ, ਕੋਈ ਐਵੇਂ ਨਹੀਂ ਕੜਾਕੇ ਦੀ ਠੰਢ ਵਿਚ ਟਰਾਲੀ ਨੂੰ ਆਪਣਾ ਘਰ ਬਣਾ ਲੈਂਦਾ। ਦਰਸ਼ਕ ਦੇ ਮੂੰਹੋਂ ਬੜੀ ਵਾਰ ਸੁਣਿਆ ਹੈ ਕਿ ਫਲਾਣਾ ਅਦਾਕਾਰ ਅੰਦਰ ਤਕ ਖੁੱਭਿਆ ਪਿਆ ਸੀ, ਫਲਾਣਾ ਅਜੇ ਉਪਰ ਉਪਰ ਤੁਰਿਆ ਫਿਰਦਾ ਸੀ। ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ 'ਰੰਗਮੰਚ' ਦੇ ਨਾਇਕ ਵੱਡੀ ਗਿਣਤੀ ਵਿਚ ਅੰਦਰ ਤਕ ਖੁੱਭੇ ਹੋਏ ਹਨ। ਇਸੇ ਲਈ ਵਰ੍ਹਦਾ ਮੀਂਹ ਉਨ੍ਹਾਂ ਦੇ ਚਿਹਰੇ ਦੇ ਹਾਵ ਭਾਵ ਬਦਲਣ ਦੀ ਹਿਮਾਕਤ ਨਹੀਂ ਕਰ ਸਕਦਾ। ਨਾਟਕ ਵਿਚ ਖਲਨਾਇਕ ਦਾ ਕਿਰਦਾਰ ਬਹੁਤੀ ਵਾਰ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ, ਅਦਾਕਾਰ ਨੂੰ ਉਹ ਕਿਰਦਾਰ ਨਿਭਾਉਂਦਿਆਂ ਮਜ਼ਾ ਵੀ ਜ਼ਿਆਦਾ ਆਉਂਦਾ ਹੈ ਪਰ ਦਰਸ਼ਕ ਦੇ ਦਿਲ 'ਚ ਧੁਰ ਅੰਦਰ ਕਿਤੇ ਨਾਇਕ ਦੀ ਜਿੱਤ ਦੇਖਣ ਦੀ ਇੱਛਾ ਬਿਰਾਜਮਾਨ ਹੁੰਦੀ ਹੈ। ਉਹ ਖਲਨਾਇਕ ਦੀ ਚੜ੍ਹਤ ਵਿਚੋਂ ਵੀ ਨਾਇਕ ਦੀ ਬੁਲੰਦੀ ਦੇਖ ਰਿਹਾ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਇਹ ਜੋ ਮਾਂਹ ਦੇ ਆਟੇ ਵਾਂਗ ਆਕੜਿਆ ਹੋਇਆ ਹੈ, ਇਸ ਨੇ ਕਿਸੇ ਨਾ ਕਿਸੇ ਦ੍ਰਿਸ਼ 'ਚ ਕੜੱਕ ਕਰ ਕੇ ਟੁੱਟਣਾ ਵੀ ਜ਼ਰੂਰ ਹੈ! ਕਿਉਂ? ਕਿਉਂਕਿ ਮੋਰਚੇ ਦਾ ਨਾਇਕ ਦੋ ਘੰਟੀਆਂ ਦੀ ਗੂੰਜ ਆਪਣੇ ਅੰਦਰ ਵਸਾ ਕੇ ਆਇਆ ਹੁੰਦਾ ਹੈ। ਖਰਗੋਸ਼ ਅਸਲ 'ਚ ਤੀਜੀ ਘੰਟੀ ਤੋਂ ਬਾਅਦ ਹੀ ਦੌੜਨਾ ਆਰੰਭ ਕਰਦਾ ਹੈ ਪਰ ਕੱਛੂ ਤਾਂ ਪਹਿਲੀ ਘੰਟੀ ਤੋਂ ਵੀ ਕਿਤੇ ਪਹਿਲਾਂ ਦੌੜਨਾ ਸ਼ੁਰੂ ਕਰ ਚੁੱਕਾ ਹੁੰਦਾ ਹੈ। ਖਰਗੋਸ਼ ਕਦੇ ਜਿੱਤ ਨਹੀਂ ਸਕਦਾ। ਰੰਗਮੰਚ ਇਹ ਆਸ ਲੈ ਕੇ ਹਾਜ਼ਰ ਹੁੰਦਾ ਹੈ।

ਅੱਜ ਸਾਰਾ ਅਵਾਮ ਤੀਜੀ ਘੰਟੀ ਦੀ ਉਡੀਕ ਕਰ ਰਿਹਾ ਹੈ। ਉਹ ਕਦੇ-ਕਦੇ ਕਿਸੇ ਤੇਜ਼ ਭੱਜਦੇ ਖਰਗੋਸ਼ 'ਤੇ ਆਸਾਂ ਲਾ ਬੈਠਦਾ ਹੈ, ਫਿਰ ਸੰਭਲਦਾ ਹੈ! ਸਿਮਰਤੀ 'ਚ ਉਹ ਦ੍ਰਿਸ਼ ਲੈ ਕੇ ਆਉਂਦਾ ਹੈ ਜਿਸ ਦ੍ਰਿਸ਼ ਅੰਦਰ ਖੁਦਕੁਸ਼ੀਆਂ ਦੀ ਰੁੱਤ ਖਿੜ ਉੱਠੀ ਸੀ। ਉਹਨੂੰ ਚੇਤੇ ਆਉਂਦਾ ਹੈ ਕਿ ਪਹਿਲੀ ਘੰਟੀ ਕਦੋਂ ਵੱਜੀ ਸੀ! ਜਦੋਂ ਹਰੀਆਂ ਭਰੀਆਂ ਜ਼ਮੀਨਾਂ ਵਾਲਾ ਗੋਬਿੰਦਪੁਰਾ ਅਗਲਿਆਂ ਕੰਕਰੀਟ 'ਚ ਬਦਲਣ ਲਈ ਹੱਲਾ ਬੋਲਿਆ ਸੀ ਤਾਂ ਖੇਤਾਂ ਦੇ ਪੁੱਤ ਜਾਗ ਪਏ ਸਨ। ਉਨ੍ਹਾਂ ਪਹਿਲੀ ਘੰਟੀ ਦੀ ਆਵਾਜ਼ ਉਦੋਂ ਹੀ ਸੁਣ ਲਈ ਸੀ ਜਦੋਂ ਲੱਸੀ ਸ਼ਰਬਤ ਦਾ ਬਦਲ ਕੋਕਾ ਪੈਪਸੀ ਬਣਨ ਲੱਗੀ ਸੀ। ਉਹ ਲੜੇ, ਅਦਾਕਾਰੀ ਦਾ ਅਭਿਆਸ ਕੀਤਾ, ਸਾਲਾਂਬੱਧੀ! ਇਸੇ ਲਈ ਜਦੋਂ ਤਿੰਨ ਕਾਨੂੰਨਾਂ ਦੇ ਰੂਪ 'ਚ ਦੂਜੀ ਘੰਟੀ ਖੜਕੀ ਤਾਂ ਉਹ ਤਿਆਰ ਸਨ। ਕਾਰਪੋਰੇਟ ਤੋਂ ਪਰਦਾ ਉੱਠਣ ਦਾ ਉਨ੍ਹਾਂ ਇੰਤਜ਼ਾਰ ਨਾ ਕੀਤਾ ਤੇ ਤੀਜੀ ਘੰਟੀ ਤੋਂ ਪਹਿਲਾਂ ਹੀ ਪਰਦਾ ਚੁੱਕ ਦਿੱਤਾ।

ਕੁਝ ਕਲਾਕਾਰ 'ਗੁਸਤਾਖ' ਵੀ ਤਾਂ ਹੁੰਦੇ ਹਨ। ਇਹ ਵਕਤ 'ਜ਼ਿਹਨੀ ਗੁਸਤਾਖੀ' ਦਾ ਹੈ। ਭਗਤ ਸਿੰਘ ਅਗਰ 'ਜ਼ਿਹਨੀ ਗੁਸਤਾਖ' ਨਾ ਹੁੰਦਾ ਤਾਂ ਅਸੈਂਬਲੀ ਵਿਚ ਅਸਲ ਬੰਬ ਸੁੱਟ ਦਿੰਦਾ ਤੇ ਸਾਡੇ ਪੱਲੇ ਸਦੀਆਂ ਦੀ ਨਮੋਸ਼ੀ ਪਾ ਜਾਂਦਾ। ਅੱਜ ਮੇਰੀ ਮਿੱਟੀ ਦੇ ਵਸਨੀਕਾਂ ਨੇ 'ਅੜੀਅਲ ਮਿੱਟੀ' ਦੀ ਹਿੱਕ 'ਤੇ ਭਰਵਾਂ ਬੰਬ ਸੁੱਟਿਆ ਹੈ। ਹੁਣ ਦਰਸ਼ਕ ਤੀਜੀ ਘੰਟੀ ਦੀ ਆਵਾਜ਼ ਸੁਣਨ ਲਈ ਪੱਬਾਂ ਭਾਰ ਹੋਇਆ ਪਿਆ। ਅਦਾਕਾਰ ਤਜਰਬੇਕਾਰ ਹਨ, ਸੰਵੇਦਨਸ਼ੀਲ ਹਨ, ਪ੍ਰਤੀਬੱਧ ਹਨ, ਨਿਪੁੰਨ ਹਨ, ਤੀਜੀ ਘੰਟੀ ਖੜਕਾਉਣ ਲਈ ਸੱਟ 'ਜਚਾ ਕੇ' ਮਾਰਨਗੇ। ਤੀਜੀ ਘੰਟੀ ਅਵੱਸ਼ ਖੜਕੇਗੀ! ਇੰਤਜ਼ਾਰ ਕਰੋ ਤੇ ਹਨੇਰ ਚੌਗਿਰਦੇ 'ਚ ਦਿਲ ਦਿਮਾਗ ਦੀ ਬੱਤੀ ਬਾਲ ਕੇ ਰੱਖੋ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਜਨਵਰੀ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-466



*ਬਾਬਿਆਂ ਦੀ ਅੱਖ ਵਿਚੋਂ ਲੰਘਿਆ ਜ਼ਮਾਨਾ ਦੇਖ,*
*ਦੇਖ ਜ਼ਰਾ ਦੇਖ ਰਤਾ ਠਹਿਰ ਕੇ ਜਵਾਨਾ ਦੇਖ।*
*ਆਉਂਦੀਆਂ ਮੁਸੀਬਤਾਂ ਤੇ ਔਕੜਾਂ ਬਥੇਰੀਆਂ,*
*ਗਾਉਂਦੇ ਸਦਾ ਰਹੇ ਹਾਂ ਜਿੱਤ ਦਾ ਤਰਾਨਾ ਦੇਖ।*

### ਕੈਪਸ਼ਨ ਮੁਕਾਬਲਾ-464




ਕਿਸਾਨ ਹੱਕਾਂ ਦੀ ਜੰਗ ਸਿਖਰਾਂ 'ਤੇ,
ਸਵਾਮੀਨਾਥਨ ਸਾਡੀ ਹਾਮੀ ਭਰ ਗਏ।
ਅੰਤਾਂ ਦੀ ਠੰਢ, ਪਾਣੀ ਦੀਆਂ ਬੁਛਾੜਾਂ,
ਜਾਲਮ ਸਭ ਹੱਦਾਂ ਪਾਰ ਕਰ ਗਏ।
ਪੋਹ ਦਾ ਮਹੀਨਾ, ਸ਼ਹੀਦੀ ਹਫਤਾ,
ਸਰਹਿੰਦ ਚੇਤੇ ਕਰ ਸਭ ਕੁਝ ਜਰ ਗਏ।
ਆਰ-ਪਾਰ ਦੀ ਹੁਣ ਹੋਣੀ ਟੱਕਰ,
ਲੋਟੂ ਅੰਦਰੋਂ ਅੰਦਰੀ ਡਰ ਗਏ।
*-ਗੁਰਦੇਵ ਸਿੰਘ ਢਪਾਲੀ*
*ਗੁਰੂ ਤੇਗ ਬਹਾਦਰ ਨਗਰ, ਬਠਿੰਡਾ।*

---

ਮਿਸ਼ਰੀ ਵਾਂਗ ਮਿਠਾਸਾਂ ਘੋਲਦੀਆਂ,
ਬਲਦਾਂ ਗਲ ਟੱਲੀਆਂ ਬੋਲਦੀਆਂ
ਆਪ ਤਸਵੀਰਾਂ ਬੋਲਦੀਆਂ।
ਜੱਟ ਬੋਲੇ ਸ਼ਾਵਾ ਅਸ਼ਕੇ,
ਹੱਥ ਫੜ ਹੱਲ ਨੂੰ ਕੱਸ ਕੇ,
ਪੈਰਾਂ ਦੀਆਂ ਤਲੀਆਂ,
ਖੇਤਾਂ ਵਿਚ ਡਲੀਆ ਭੋਰਦੀਆਂ,
ਆਪ ਤਸਵੀਰਾਂ ਬੋਲਦੀਆਂ।
ਬਲਦ ਸ਼ਿੰਗਾਰੇ, ਲੱਗਣ ਪਿਆਰੇ,
ਖੇਤਾਂ ਦੇ ਰਾਜੇ, ਕਦੇ ਨਾ ਹਾਰੇ,
ਚੀਰ ਧਰਤੀ ਨੂੰ ਪਾ ਕੇ ਦਾਣੇ,
ਉੱਪਰੋਂ ਮਿੱਟੀ ਜੋੜਦੀਆਂ,
ਆਪ ਤਸਵੀਰਾਂ ਬੋਲਦੀਆਂ।
*-ਮਨਿੰਦਰ ਸਿੰਘ*
*ਫੋਨ: 91-97793-90233*

---

ਖਾਲੀ ਹੱਥ, ਘਰ ਪੱਕੇ ਪਾ ਕੇ,
ਬਹਿ ਗਏ ਦਿੱਲੀਏ ਦਰ ਤੇਰੇ ਆ ਕੇ।
ਕਾਲੇ ਕਾਨੂੰਨ ਨੇ ਰੱਦ ਕਰਵਾਉਣੇ,
ਹਿੱਲਾਂਗੇ ਸਵਾਮੀਨਾਥਨ ਦੀ
ਗੱਲ ਮੰਨਵਾ ਕੇ।
ਲੋਕ ਲਹਿਰ ਬਣ ਗਈ ਹੁਣ ਤਾਂ,
ਮੁੜਨਾ ਲੋਕਤੰਤਰ ਦਾ ਪਾਠ ਪੜ੍ਹਾ ਕੇ।
*-ਦਵਿੰਦਰ ਕੌਰ*

---

ਸਾਡੇ ਹੱਕ ਵਿਚ ਬਹੁਤ ਖੜ੍ਹੇ ਹਨ
ਅਸੀਂ ਹਾਂ ਹਿੰਮਤਾਂ ਵਾਲੇ।
ਸਾਡਾ ਮੋਰਚਾ ਸਭ ਦਾ ਸਾਂਝਾ
ਸਾਡੇ ਨਾਲ ਨੇ ਸਾਰੇ ਚੱਲਣ ਵਾਲੇ।
-ਇੰਦਰਜੀਤ ਮੰਗਾ
ਪਿਟਸਬਰਗ, ਕੈਲੀਫੋਰਨੀਆ।

---

ਇਤਿਹਾਸਕ ਕਿਸਾਨੀ ਅੰਦੋਲਨ ਚੱਲ ਰਿਹਾ
ਸ਼ਬਦ-ਗੁਰੂ ਦੀ
ਸਿੱਖਿਆ 'ਤੇ ਅਮਲਾਂ ਨਾਲ।
ਸੱਚੀ ਇਮਾਨਦਾਰ ਆਗੂਆਂ ਦੀ ਅਗਵਾਈ
ਜ਼ਾਬਤਾ ਆਮ ਕਿਸਾਨਾਂ ਦਾ ਕਮਾਲੋਂ ਕਮਾਲ
ਸਵਾਮੀਨਾਥਨ ਰਿਪੋਰਟ ਦੀ ਯਾਦ ਦਿਵਾਉਂਦਾ
ਮਾਡਲ ਬੈਲਾਂ ਦਾ, ਵਿਰਾਸਤ ਦੀ ਸੰਭਾਲ।
ਸਿਆਸੀ ਲੋਕਾਂ ਤੇ ਕਾਰਪੋਰੇਟਾਂ ਦੀ ਦੇਸ਼ ਨੂੰ
ਗਿਰਵੀ ਕਰਨ ਦੀ
ਕੌਣ ਸਮਝੇ ਲੂੰਬੜ-ਚਾਲ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਤੁਰਦੇ ਜਦ ਕਾਫਲੇ ਹੱਕਾਂ ਲਈ
ਨਹੀਂ ਹਜੂਮ ਨੂੰ ਕੋਈ ਰੋਕ ਸਕਦਾ।
ਕਹਿਣੀ ਤੇ ਕਰਨੀ, ਕਿਵੇਂ ਹੱਕ ਲੈਣਾ,
ਰਾਹ ਆਪੇ ਸਹੀ ਸੇਧੇ ਤੁਰ ਪੈਂਦਾ।
ਦੂਣਾ, ਚੌਣਾ ਸੰਘਰਸ਼ ਦਾ ਦਾਇਰਾ
ਸੰਗਲ ਦੀ ਹਰ ਕੜੀ ਵਾਂਗ
ਪੀਡਾ ਹੋ ਰਿਹਾ।
ਹੱਕ ਮੰਗਦੇ ਦੁਨੀਆਂ ਭਰ ਦੇ
ਮਿਹਨਤਕਸ਼ਾਂ ਲਈ
ਲੜਨ ਦਾ ਸਹੀ ਰਾਹ ਪੱਧਰਾ ਹੋ ਰਿਹਾ।
ਜਥੇਬੰਦਤਾ ਵਾਂਗ ਹੈ ਇੱਕ ਛਤਰੀ
ਜੋ ਇਸ ਵਿਚ ਮੋਰੀਆ ਨਹੀਂ ਹੋਣ ਦਿੰਦੀ।
*-ਦਰਸ਼ਨਪਾਲ ਦੋਸਾਂਝ*

# ਸਿੰਗਾਪੁਰ ਵਾਲੇ ਵਿਦਰੋਹ ਦੀ ਦਾਸਤਾਨ

*ਸਿੰਗਾਪੁਰ ਵਾਲਾ ਗਦਰ 15 ਫਰਵਰੀ 1915 ਨੂੰ ਸ਼ੁਰੂ ਹੋਇਆ ਅਤੇ ਕਰੀਬ 7 ਦਿਨ ਚੱਲਿਆ। ਇਸ ਗਦਰ ਵਿਚ ਸ਼ਹਾਦਤਾਂ ਦੇਣ ਵਾਲੇ 5ਵੀਂ ਲਾਈਟ ਇਨਫੈਂਟਰੀ ਦੇ 163 ਫੌਜੀ ਗੁੜਗਾਉਂ, ਰੋਹਤਕ, ਹਿਸਾਰ, ਕਰਨਾਲ ਆਦਿ ਦੇ ਪਿੰਡਾਂ ਦੇ ਸਨ। ਇਹ ਇਲਾਕੇ ਅੱਜ ਕੱਲ੍ਹ ਦੇ ਹਰਿਆਣਾ ਸੂਬੇ ਵਿਚ ਪੈਂਦੇ ਹਨ, ਜਿਥੇ ਹੁਣ ਕਿਸਾਨ ਸੰਘਰਸ਼ ਚੱਲ ਰਿਹਾ ਹੈ ਅਤੇ ਇਥੋਂ ਦੇ ਲੋਕ ਇਕ ਵਾਰ ਫਿਰ ਅੰਦੋਲਨ ਵਿਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। -ਸੰਪਾਦਕ*

ਅੱਜ ਦਾ ਹਰਿਆਣਾ ਕਦੇ ਪੰਜਾਬ ਦਾ ਹਿੱਸਾ ਹੁੰਦਾ ਸੀ। ਇੱਥੋਂ ਦੇ ਪ੍ਰਸਿੱਧ ਕੇਂਦਰ ਗੁੜਗਾਉਂ, ਹਿਸਾਰ, ਰੋਹਤਕ, ਕਰਨਾਲ ਤੇ ਜੀਂਦ ਸਨ ਜਿੱਥੇ ਅੱਜ ਕੱਲ੍ਹ ਕਿਸਾਨ ਅੰਦੋਲਨ ਨੇ ਆਪਣੇ ਪੈਰ ਜਮਾਏ ਹੋਏ ਹਨ। ਜਿੱਥੇ ਇਸ ਨੇ ਆਪਣੇ ਹੱਕ ਤੇ ਸੱਚ ਦੀ ਜੱਦੋ-ਜਹਿਦ ਨੂੰ ਜ਼ਬਤ ਵਿਚ ਅਤੇ ਅਮਨ ਨਾਲ ਚਲਾਉਂਦਿਆਂ ਹੰਕਾਰੀ ਸੱਤਾਧਾਰੀਆਂ ਦੀ ਆਕੜ ਭੰਨੀ ਹੈ, ਉਥੇ ਹਿੰਦੋਸਤਾਨ ਦੇ ਕਿਸਾਨਾਂ ਅਤੇ ਕਿਰਤੀਆਂ ਦੀ ਹਮਾਇਤ ਪ੍ਰਾਪਤ ਕਰ ਲਈ ਹੈ।

ਹਰਿਆਣਾ ਦੇ ਕਿਸਾਨਾਂ ਅਤੇ ਕਿਰਤੀਆਂ ਨੇ ਮੋਢੇ ਨਾਲ ਮੋਢਾ ਡਾਹ ਕੇ ਪੰਜਾਬ ਦੇ ਕਿਸਾਨਾਂ ਨਾਲ ਛੋਟੇ ਭਰਾ ਵਾਲਾ ਕਿਰਦਾਰ ਬਾਖੂਬੀ ਨਿਭਾਇਆ ਹੈ ਅਤੇ ਸੰਘਰਸ਼ ਨੂੰ ਤਾਕਤ ਦੇ ਕੇ ਇੱਥੋਂ ਦੀ ਵਿਰਾਸਤ ਨੂੰ ਜਿਊਂਦਾ ਕੀਤਾ ਹੈ। ਇਹ ਵਿਰਾਸਤ 1857 ਦੇ



**ਚਰੰਜੀ ਲਾਲ ਕੰਗਣੀਵਾਲ**
**ਫੋਨ: +91-97806-02066**

ਆਜ਼ਾਦੀ ਸੰਗਰਾਮ ਵਿਚ ਰਾਉ ਤੁਲਾ ਰਾਮ ਅਤੇ ਹੁਕਮ ਚੰਦ ਜਿਹੇ ਨਾਇਕਾਂ ਸਮੇਤ ਹਰਿਆਣਵੀ ਲੋਕਾਂ ਦੀ ਭਾਗੀਦਾਰੀ ਤੇ ਦਿੱਤੀਆਂ ਸ਼ਹਾਦਤਾਂ ਦੀ ਹੈ। ਅੰਗਰੇਜ਼ ਸਾਮਰਾਜੀਆਂ ਖਿਲਾਫ ਹੋਈ ਇਸ ਗਹਿ-ਗੱਚ ਜੰਗ ਵਿਚ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ। ਇਸੇ ਵਿਰਾਸਤ ਦਾ ਅਗਲਾ ਪੜਾਅ ਗਦਰ ਲਹਿਰ (1914-15) ਸਮੇਂ ਸਿੰਗਾਪੁਰ ਵਿਚ ਹੋਈ ਬਗਾਵਤ ਸੀ ਜਿਸ ਵਿਚ ਸ਼ਹਾਦਤਾਂ ਦੇਣ ਵਾਲੇ 5ਵੀਂ ਲਾਈਟ ਇਨਫੈਂਟਰੀ ਦੇ 163 ਫੌਜੀ ਗੁੜਗਾਉਂ, ਰੋਹਤਕ, ਹਿਸਾਰ, ਕਰਨਾਲ ਆਦਿ ਦੇ ਪਿੰਡਾਂ ਦੇ ਸਨ। ਦੇਸ਼ ਵੰਡ ਨੇ ਇਸ ਵਿਰਾਸਤ ਨੂੰ ਲੋਕਾਂ ਦੇ ਅਵਚੇਤਨ ਵਿਚੋਂ ਵਿਸਾਰ ਦਿੱਤਾ ਸੀ।

ਇਹ ਬਟਾਲੀਅਨ 1803 ਵਿਚ ਬਣੀ ਸੀ ਅਤੇ ਇਸ ਨੇ ਮਿਆਂਮਾਰ ਅਤੇ ਅਫਗਾਨਿਸਤਾਨ ਵਿਚ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ। 10 ਅਕਤੂਬਰ 1914 ਨੂੰ ਇਸ ਨੂੰ ਸਿੰਗਾਪੁਰ ਭੇਜਿਆ ਗਿਆ। ਇਸ ਵਿਚ ਮੁੱਖ ਤੌਰ 'ਤੇ ਮੁਸਲਮਾਨ ਭਾਈਚਾਰੇ ਦੀਆਂ ਰੰਘੜ ਅਤੇ ਪਠਾਣ ਬਿਰਾਦਰੀਆਂ ਦੇ ਸਿਪਾਹੀ ਸਨ। 27 ਜਨਵਰੀ 1915 ਨੂੰ ਬਟਾਲੀਅਨ ਦੇ ਕਮਾਂਡਰ ਕਰਨਲ ਮਾਰਟਿਨ ਨੇ ਦੱਸਿਆ ਕਿ ਬਟਾਲੀਅਨ ਨੂੰ ਹਾਂਗਕਾਂਗ ਭੇਜਿਆ ਜਾਵੇਗਾ। ਇਹ ਖਬਰਾਂ ਅਤੇ ਅਫਵਾਹਾਂ ਵੀ ਫੈਲੀਆਂ ਕਿ ਬਟਾਲੀਅਨ ਨੂੰ ਪਹਿਲੀ ਆਲਮੀ ਜੰਗ ਵਿਚ ਲੜਨ ਲਈ ਯੂਰਪ ਜਾਂ ਤੁਰਕੀ ਭੇਜਿਆ ਜਾਵੇਗਾ। ਇਸ ਤੋਂ ਸਿਪਾਹੀਆਂ ਦੇ ਜਜ਼ਬੇ ਭੜਕਣੇ ਸ਼ੁਰੂ ਹੋਏ। 15 ਫਰਵਰੀ ਨੂੰ ਬਟਾਲੀਅਨ ਨੂੰ ਬਾਹਰ ਭੇਜਣ ਲਈ ਅਲਵਿਦਾ ਪਰੇਡ ਹੋਈ ਅਤੇ ਨਾਲ ਹੀ ਬਗਾਵਤ ਭੜਕ ਗਈ।

5ਵੀਂ ਬਟਾਲੀਅਨ ਦੇ ਕਮਾਂਡਰ ਕਰਨਲ ਮਾਰਟਿਨ ਨੇ ਮੇਜਰ ਜਨਰਲ ਡੀ. ਰੇਡੋਹਟ ਨੂੰ ਜੋ ਆਪਣੇ ਬੰਗਲੇ ਵਿਚ ਸੀ, ਫੋਨ ਕੀਤਾ ਅਤੇ ਬਗਾਵਤ ਬਾਰੇ ਦੱਸਿਆ। ਜਨਰਲ ਰੇਡੋਹਟ ਨੇ ਗਵਰਨਰ ਆਰਥਰ ਯੰਗ ਨੂੰ ਸੰਦੇਸ਼ ਭੇਜਿਆ ਅਤੇ ਆਪਣੀ ਪਤਨੀ ਨੂੰ ਜਰਮਨ ਬੰਦੀ ਕੈਂਪ ਦੇ ਕਮਾਂਡਰ ਨੂੰ ਟੈਲੀਫੋਨ ਕਰਨ ਲਈ ਕਹਿ ਕੇ ਆਪ ਸਿੰਗਾਪੁਰ ਲਈ ਚੱਲ ਪਿਆ। ਜਨਰਲ ਦੀ ਪਤਨੀ ਨੂੰ ਫੋਨ ਕਰਦਿਆਂ ਗੋਲੀ ਦੀ ਆਵਾਜ਼ ਸੁਣਾਈ ਦਿੱਤੀ। ਇਸੇ ਗੋਲੀ ਨੇ ਲੈਫਟੀਨੈਂਟ ਮਿੰਟਗੁਮਰੀ ਜਿਹੜਾ ਫੋਨ ਸੁਣ ਰਿਹਾ ਸੀ, ਨੂੰ ਖਤਮ ਕਰ ਦਿੱਤਾ। ਕੈਂਪ ਵਿਚ ਖਬਰ ਪਹੁੰਚਣ ਤੋਂ ਪਹਿਲਾਂ ਹੀ ਬਾਗੀਆਂ ਨੇ ਹਮਲਾ ਕਰ ਕੇ ਕੈਂਪ ਕਮਾਂਡਰ, ਤਿੰਨ ਅਧਿਕਾਰੀ, ਸੱਤ ਐਨ.ਜੀ.ਓਜ਼ ਤੇ ਹੋਰ ਮੌਤ ਦੇ ਘਾਟ ਉਤਾਰ ਦਿੱਤੇ। ਇਸ ਵਿਚ ਇਕ ਜਰਮਨ ਤੇ ਇਕ ਜੌਹਰ ਨਿਵਾਸੀ ਵੀ ਸ਼ਾਮਿਲ ਸਨ।

ਦੂਜੀ ਟੋਲੀ ਨੇ ਕਰਨਲ ਦੇ ਬੰਗਲੇ ਨੂੰ ਘੇਰ ਲਿਆ। ਸਾਰੀ ਰਾਤ ਦੋਹਾਂ ਪਾਸਿਆਂ ਤੋਂ ਗੋਲੀਬਾਰੀ ਹੁੰਦੀ ਰਹੀ। ਕੋਈ ਨਤੀਜਾ ਨਾ ਨਿਕਲਿਆ। ਤੀਜੀ ਟੋਲੀ ਜਿਹੜੀ ਸਿੰਗਾਪੁਰ ਸੜਕ ਵੱਲ ਗਈ, ਨੇ ਰਾਹ ਵਿਚ ਆਏ ਯੂਰਪੀਆਂ ਨੂੰ ਮਾਰ-ਮੁਕਾਇਆ, ਬਾਗੀਆਂ ਦੀ ਟੋਲੀ ਸੈਂਟਰਲ ਪੁਲਿਸ



*ਸਿੰਗਾਪੁਰ ਦੇ ਬਾਗੀਆਂ ਨੂੰ ਗੋਲੀ ਮਾਰਨ ਦਾ ਹੌਲਨਾਕ ਦ੍ਰਿਸ਼।*

ਸਟੇਸ਼ਨ ਪੁੱਜੀ। 16 ਫਰਵਰੀ ਨੂੰ ਸੂਰਜ ਛੁਪਣ ਤੱਕ ਸ਼ਹਿਰ ਦੇ ਚਾਰੇ ਪਾਸੇ ਬਗਾਵਤ ਦੀ ਖਬਰ ਫੈਲ ਗਈ ਸੀ।

ਬਗਾਵਤ ਨੂੰ ਕਾਬੂ ਕਰਨ ਲਈ ਗਵਰਨਰ ਜਨਰਲ ਰੇਡੋਹਟ ਨੇ 5ਵੀਂ ਇਨਫੈਂਟਰੀ ਦੇ ਕਰਨਲ ਕਮਾਂਡਿੰਗ ਬਰੋਨਲੋ ਨਾਲ ਸਲਾਹ ਕਰ ਕੇ ਕਾਰਵਾਈ ਕੀਤੀ। ਇਕ ਫਰਾਂਸੀਸੀ ਅਤੇ ਇਕ ਜਪਾਨੀ ਜੰਗੀ ਜਹਾਜ਼ ਨੂੰ ਜਿਹੜੇ ਸਿੰਗਾਪੁਰ ਨੇੜੇ ਖੜ੍ਹੇ ਸਨ, ਸਿਪਾਹੀਆਂ ਨੂੰ ਧਰਤੀ 'ਤੇ ਉਤਾਰਨ ਲਈ ਹੁਕਮ ਕੀਤੇ ਗਏ ਅਤੇ ਬਾਗੀਆਂ ਉਪਰ ਰਾਤ ਸਮੇਂ ਹਮਲਾ ਕਰਨ ਦੀ ਯੋਜਨਾ ਬਣਾ ਕੇ ਵਲੰਟੀਅਰ ਕੋਰ ਅਤੇ ਪੁਲਿਸ ਨੂੰ ਹਥਿਆਰਬੰਦ ਕੀਤਾ ਗਿਆ। ਜੌਹਰ ਰਿਆਸਤ ਦੇ ਸੁਲਤਾਨ ਨੂੰ ਵੀ ਬੁਲਾਇਆ ਗਿਆ ਜੋ ਆਪਣੇ ਡੇਢ ਸੌ ਸਿਪਾਹੀਆਂ ਨਾਲ ਸ਼ਾਮ ਨੂੰ ਪੁੱਜ ਗਿਆ ਸੀ। ਸਵੇਰ ਹੁੰਦੇ ਸਾਰ ਬਾਗੀਆਂ ਦੀਆਂ ਬੈਰਕਾਂ ਉਤੇ ਹਮਲਾ ਕੀਤਾ ਗਿਆ।

17 ਫਰਵਰੀ ਨੂੰ ਅੰਗਰੇਜ਼ੀ ਜੰਗੀ ਜਹਾਜ਼ ਐਡਮਿਰਲ ਹੁਗਜ਼ਰਟ ਦੀ ਨਿਗਰਾਨੀ ਹੇਠ, ਜਿਸ ਉਪਰ 179 ਬਰਤਾਨਵੀ ਜਲ ਸੈਨਿਕ, 76 ਜਾਪਾਨੀ ਫੌਜੀ ਤੇ ਦੋ ਮਸ਼ੀਨ ਗੰਨਾਂ ਸਨ, ਕੰਢੇ ਉਤੇ ਉਤਾਰ ਦਿੱਤੇ ਗਏ ਜਿਨ੍ਹਾਂ ਨੇ ਇਕੱਲੇ-ਦੁਕੱਲੇ ਗਦਰੀਆਂ ਨੂੰ ਘੇਰੇ ਵਿਚ ਲੈ ਲਿਆ ਸੀ। 17 ਫਰਵਰੀ ਸ਼ਾਮ ਤੱਕ 400 ਤੋਂ ਵਧੇਰੇ ਬਾਗੀ ਭੁੱਖ-ਪਿਆਸ ਨਾਲ ਥੱਕ-ਟੁੱਟ ਚੁੱਕੇ ਕਾਬੂ ਆ ਚੁੱਕੇ ਸਨ। 18 ਫਰਵਰੀ ਸ਼ਾਮ ਤੱਕ ਸਾਰੀ ਸਥਿਤੀ ਪੂਰਨ ਤੌਰ 'ਤੇ ਕਾਬੂ ਹੇਠ ਆ ਗਈ ਅਤੇ ਸਿਵਾਏ ਜੰਗਲ ਵਿਚ ਪਨਾਹ ਲੈਣ ਵਾਲੇ ਬਾਗੀਆਂ ਤੋਂ ਸਾਰੇ ਬਾਗੀ ਕਾਬੂ ਵਿਚ ਕੀਤੇ ਗਏ। ਸਿੰਗਾਪੁਰ ਦੇ ਇਸ ਗਦਰ ਵਿਚ ਅੱਠ ਯੂਰਪੀ ਅਧਿਕਾਰੀ, 9 ਸਿਪਾਹੀ ਅਤੇ 16 ਸ਼ਹਿਰੀ ਮਾਰੇ ਗਏ।

ਦਹਿਸ਼ਤ ਪਾਉਣ ਲਈ 5 ਬਾਗੀ ਫੌਜੀਆਂ ਨੂੰ 22 ਮਾਰਚ ਨੂੰ ਲੋਕਾਂ ਸਾਹਮਣੇ ਗੋਲੀਆਂ ਨਾਲ ਸ਼ਹੀਦ ਕੀਤਾ ਗਿਆ। ਕਾਬੂ ਵਿਚ ਲਏ ਬਾਗੀਆਂ ਦਾ 23 ਫਰਵਰੀ ਨੂੰ ਕੋਰਟ ਮਾਰਸ਼ਲ ਹੋਇਆ। ਤਿੰਨਾਂ ਦਿਨਾਂ ਪਿੱਛੋਂ 32 ਹੋਰ ਬਾਗੀਆਂ ਨੂੰ 15 ਹਜ਼ਾਰ ਲੋਕਾਂ ਸਾਹਮਣੇ ਗੋਲੀਆਂ ਨਾਲ ਮੌਤ ਦੇ ਘਾਟ ਉਤਾਰਿਆ ਗਿਆ। 16 ਨੂੰ ਉਮਰ ਕੈਦ ਦੀ ਸਜ਼ਾ, ਬਾਕੀਆਂ ਨੂੰ 20 ਸਾਲ ਤੋਂ 9 ਮਹੀਨੇ ਤਕ ਕੈਦ ਦੀ ਸਜ਼ਾ ਸੁਣਾਈ ਗਈ।

ਇਸ ਸਬੰਧ 'ਚ ਭਾਈ ਭਗਵਾਨ ਸਿੰਘ ਲਿਖਦੇ ਹਨ: "1857 ਦੇ ਵਾਂਗ ਇਨ੍ਹਾਂ ਫੌਜੀਆਂ ਦਾ ਕੋਈ ਕੇਂਦਰ ਨਹੀਂ ਸੀ। ਇਹ ਇਕ ਦੂਜੇ ਤੋਂ ਅਗਲੀ ਕਾਰਵਾਈ ਕਰਨ ਲਈ ਪੁੱਛ ਰਹੇ ਸਨ। ਜਿੱਥੇ ਵਿਦਰੋਹ ਹੁੰਦਾ ਏ, ਸਭ ਤੋਂ ਪਹਿਲਾਂ ਦੋ ਚੀਜ਼ਾਂ 'ਤੇ ਕਾਬੂ ਕਰਨਾ ਚਾਹੀਦਾ ਹੈ; ਇਕ ਤਾਂ ਕਮਿਊਨੀਕੇਸ਼ਨ, ਟੈਲੀਫੋਨ ਸੈਂਟਰ, ਟੈਲੀਗ੍ਰਾਫ ਸੈਂਟਰ ਅਤੇ ਵਾਇਰਲੈੱਸ ਸੈਂਟਰ, ਦੂਸਰਾ ਹਥਿਆਰਾਂ ਦੀ ਜਗ੍ਹਾ ਤੇ ਫੌਜ; ਲੇਕਿਨ ਜਿਹੜਾ ਕਿਲ੍ਹਾ ਸੀ, ਉਨ੍ਹਾਂ ਦੇ ਹੱਥ ਨਾ ਆਇਆ। ਕਮਿਊਨੀਕੇਸ਼ਨ 'ਤੇ ਕਬਜ਼ਾ ਨਾ ਹੋ ਸਕਿਆ। ਇਹਦਾ ਨਤੀਜਾ ਨਿਕਲਿਆ ਕਿ ਅੰਗਰੇਜ਼ਾਂ ਨੇ ਵਾਇਰਲੈੱਸ ਭੇਜ ਕੇ ਜਪਾਨੀਆਂ ਦੇ ਜਿਹੜੇ ਜਹਾਜ਼ ਸਨ, ਉਨ੍ਹਾਂ ਸਾਰਿਆਂ ਨੂੰ ਬੁਲਾ ਕੇ ਸਿੰਗਾਪੁਰ ਉਤਾਰਿਆ। ਉਨ੍ਹਾਂ ਜਾਪਾਨੀਆਂ ਨੇ ਲੜ ਕੇ ਸਾਡੇ ਇਨਕਲਾਬੀਆਂ ਨੂੰ ਮਾਰਿਆ; ਕਿਉਂਕਿ ਐਂਗਲੋ-ਜਪਾਨੀ ਟ੍ਰੀਟੀ ਅਨੁਸਾਰ, ਜਿੱਥੇ ਅੰਗਰੇਜ਼ਾਂ ਨੂੰ ਜ਼ਰੂਰਤ ਪੈਂਦੀ, ਜਾਂ ਪੈਣੀ ਸੀ, ਉਹ ਜਪਾਨ ਤੋਂ ਮਦਦ ਲੈ ਸਕਦੇ ਸਨ। ਉਹ ਆਪਣੀਆਂ ਫੌਜਾਂ ਨੂੰ ਹਿੰਦੋਸਤਾਨ ਵਿਚੋਂ ਕੱਢ ਕੇ ਹਿੰਦੋਸਤਾਨ ਨੂੰ ਖਤਰੇ ਵਿਚ ਨਹੀਂ ਸਨ ਪਾ ਸਕਦੇ, ਇਸ ਵਾਸਤੇ ਉਨ੍ਹਾਂ ਨੇ ਜਾਪਾਨ ਨੂੰ ਅਪੀਲ ਕੀਤੀ ਜਿਸ ਨੇ ਉਨ੍ਹਾਂ ਨੂੰ ਵੱਡੇ ਖਤਰੇ ਤੋਂ ਬਚਾਇਆ।"

ਸਿੰਗਾਪੁਰ ਦੀ ਰਿਆਸਤ ਜੌਹਰ ਦੇ ਸੁਲਤਾਨ ਦੇ ਫੌਜੀਆਂ ਨੇ ਜੰਗਲ ਵਿਚ ਛੁਪੇ ਬਾਗੀਆਂ ਨੂੰ ਫੜ ਕੇ ਲੋਕਾਂ ਸਾਹਮਣੇ ਚੋਲੀਆਂ ਮਾਰੀਆਂ। ਸਿੰਗਾਪੁਰ ਦੀ ਫੌਜੀ ਬਗਾਵਤ ਸਬਬੀ ਨਹੀਂ ਹੋਈ। ਇਹ ਇਨਕਲਾਬੀ ਪ੍ਰਚਾਰ ਦਾ ਸਿੱਟਾ ਸੀ ਜਿਸ ਦੇ ਬੀਜ ਗਦਰ ਪਾਰਟੀ ਨੇ ਬੀਜੇ ਸਨ। ਆਈਸ ਮੌਂਗਰ ਅਤੇ ਸਲੈਟਰੀ ਵੱਲੋਂ ਸਿੰਗਾਪੁਰ ਦੀ ਬਗਾਵਤ ਬਾਰੇ ਕੀਤਾ ਖੁਲਾਸਾ ਅਸਪਸ਼ਟ ਹੈ। ਉਨ੍ਹਾਂ ਦਾ ਇਸ਼ਾਰਾ ਭਾਈ ਸੰਤੋਖ ਸਿੰਘ ਅਤੇ ਭਾਈ ਭਗਵਾਨ ਸਿੰਘ ਵੱਲ ਹੈ ਜਿਹੜੇ ਉਸ ਸਮੇਂ ਪੂਰਬੀ ਦੇਸ਼ਾਂ ਵਿਚ ਪਾਰਟੀ ਦੀਆਂ ਜ਼ਿੰਮੇਵਾਰੀਆਂ ਵਿਚ ਮਸਰੂਫ ਸਨ। ਉਨ੍ਹਾਂ ਦਾ ਇਹ ਕਹਿਣਾ ਸਪਸ਼ਟ ਹੈ ਕਿ ਇਹ ਗਦਰ 'ਖ਼ਿਲਾਫਤ' ਅਤੇ 'ਗਦਰ ਲਹਿਰ' ਦੇ ਪ੍ਰਭਾਵ ਸਦਕਾ ਹੋਇਆ। ਗਿਆਨੀ ਭਗਵਾਨ ਸਿੰਘ ਨੇ ਲਿਖਿਆ: "ਸਿੰਗਾਪੁਰ ਦਾ ਗਦਰ 15 ਫਰਵਰੀ 1915 ਨੂੰ ਸ਼ੁਰੂ ਹੋਇਆ ਸੀ। ਮੈਂ ਫਿਲਪਾਈਨ ਵਿਚ ਨਿਰਾਸ਼ ਹੋ ਕੇ ਹਥਿਆਰ, ਪੈਸੇ ਲੱਭਦਾ ਫਿਰਦਾ ਫੜਿਆ ਜਾ ਚੁੱਕਾ ਸਾਂ। ਮੈਨੂੰ ਪਤਾ ਸੀ ਕਿ ਫਲਾਣੀ ਫਲਾਣੀ ਤਾਰੀਕ ਨੂੰ ਸਿੰਗਾਪੁਰ ਵਿਚ ਗਦਰ ਹੋਣ ਵਾਲਾ ਏ ਪਰ ਰਸਤੇ ਵਿਚ ਫੜੇ ਜਾਣ ਕਰ ਕੇ ਮੈਂ ਉਨ੍ਹਾਂ ਨਾਲ ਸੰਪਰਕ ਨਹੀਂ ਕਰ ਸਕਿਆ। ਤਿੰਨ ਦਿਨ ਤੱਕ ਸਿੰਗਾਪੁਰ ਵਿਚ ਵਿਦਰੋਹ ਹੁੰਦਾ ਰਿਹਾ। ਫੌਜੀ ਬਾਗੀ ਹੋ ਗਏ। ਤਿੰਨ ਦਿਨ ਤੱਕ ਸਿੰਗਾਪੁਰ ਵਿਚ ਕੋਈ ਯੂਰਪੀ ਆਦਮੀ ਲੱਭਦਾ ਨਹੀਂ ਸੀ। ਜਿਹੜੇ ਲੱਭੇ, ਉਸ ਨੂੰ ਫੜ ਲੈਣ, ਉਸ ਨੂੰ ਪੁੱਛਣ, 'ਤੂੰ ਕੌਣ ਹੈ?' ਜੋ ਕਹਿ ਦੇਵੇ, 'ਮੈਂ ਅਮਰੀਕਨ ਹਾਂ' ਜਾਂ 'ਡੱਚ ਹਾਂ' ਜਾਂ ਕੋਈ ਹੋਰ ਹਾਂ, ਉਸ ਨੂੰ ਛੱਡ ਦੇਣ; ਅਗਰ ਉਹ ਕਹਿ ਦੇਵੇ ਕਿ 'ਮੈਂ ਅੰਗਰੇਜ਼ ਹਾਂ' ਤਾਂ ਉਸ ਨੂੰ ਮਾਰ ਦਿੰਦੇ ਸੀ। ਤਿੰਨ ਦਿਨ ਤੱਕ ਆਪਣਾ ਝੰਡਾ ਝੁੱਲਦਾ ਰਿਹਾ ਸਾਰੇ। ਇੰਨੀ ਕਸਰ ਰਹਿ ਗਈ ਕਿ ਲੀਡਰਾਂ ਕੋਲੋਂ ਜੋ ਚੀਜ਼ਾਂ ਹੋਣੀਆਂ ਚਾਹੀਦੀਆਂ ਸਨ, ਉਹ ਨਹੀਂ ਹੋਈਆਂ। ਉਸ ਦੀ ਵਜ੍ਹਾ ਇਹ ਸੀ ਕਿ ਕਿਸੇ ਨੂੰ ਤਜਰਬਾ ਨਹੀਂ ਸੀ। ਉਥੇ ਇੰਤਜ਼ਾਰ ਹੋ ਰਿਹਾ ਸੀ ਲੀਡਰਾਂ ਦਾ ਕਿ ਉਹ ਆ ਕੇ ਦਿਸ਼ਾ-ਨਿਰਦੇਸ਼ ਦੇਣਗੇ। ਮੇਰੇ ਫੜੇ ਜਾਣ ਕਰ ਕੇ ਮੈਨੂੰ ਜਿਹੜੀ ਥੋੜ੍ਹੀ ਬਹੁਤ ਅਕਲ ਸੀ, ਉਹ ਵੀ ਉਨ੍ਹਾਂ ਨੂੰ ਮੁਹੱਈਆ ਨਾ ਹੋ ਸਕੀ।"

### ਸੂਬੇਦਾਰ ਡੰਡੇ ਖਾਨ ਦੀ ਮਸਾਲੀ ਸ਼ਹਾਦਤ

ਗੁੜਗਾਓਂ ਦੇ ਪਿੰਡ ਬਾਜ਼ਪੁਰ ਦਾ ਜਮਾਂਦਾਰ ਡੰਡੇ ਖਾਨ 5ਵੀਂ ਇਨਫੈਂਟਰੀ ਵਿਚ ਸੂਬੇਦਾਰ ਸੀ ਉਸ ਨੂੰ ਜਿਸ ਤਰ੍ਹਾਂ ਮੌਤ ਦਾ ਸਾਹਮਣਾ ਕਰਨਾ ਪਿਆ, ਉਹ ਲਾਸਾਨੀ ਹੈ। ਇਸ ਮੌਤ ਬਾਰੇ ਸ਼ਾਹੀ ਰਾਸ਼ਟਰਮੰਡਲ ਦਾ ਮੈਂਬਰ 'ਡਿਸਕਨ' ਜੋ ਮੌਕੇ 'ਤੇ ਮੌਜੂਦ ਸੀ, ਨੇ ਕਿਹਾ, "ਉਸ ਨੂੰ ਗਿੱਟਿਆਂ ਤੋਂ ਲੈ ਕੇ ਉਪਰ ਤੱਕ ਛੇ ਸੰਗਲਾਂ ਨਾਲ ਬੰਨ੍ਹਿਆ ਹੋਇਆ ਸੀ। ਇਹ ਜਮਾਂਦਾਰ ਬੜਾ ਉਚਾ ਲੰਮਾ ਤੇ ਮੋਟਾ ਦਰਸ਼ਨੀ ਜਵਾਨ ਸੀ। ਸ਼ਰੋਪਸ਼ਾਇਰ ਰਜਮੈਂਟ ਦੇ ਸਿਪਾਹੀ ਉਸ ਦਾ ਭਾਰ ਛੇ ਮਣ ਦੇ ਕਰੀਬ ਦੱਸਦੇ ਸਨ। ਉਸ ਨੂੰ ਛੇ ਸੱਤ ਸਿਪਾਹੀ ਫੜੀ ਕੋਠੀਉਂ ਬਾਹਰ ਕੱਢਦੇ ਹੁੰਦੇ ਸਨ। ਕੋਰਟ ਮਾਰਸ਼ਲ ਨੇ ਉਸ ਨੂੰ ਗੋਲੀ ਮਾਰਨ ਦਾ ਹੁਕਮ ਦਿੱਤਾ। ਉਸ ਨੂੰ ਗੋਲੀ ਮਾਰਨ ਲਈ ਮੁਕੱਰਰ ਗੋਰਿਆਂ ਦੀ ਟੋਲੀ ਉਸ ਦੇ ਨੇੜੇ ਬਲੂੰਗੜਿਆਂ ਵਾਂਗ ਲਗਦੀ ਸੀ ਜਿਨ੍ਹਾਂ ਨੂੰ ਉਸ ਵੱਲ ਦੇਖਿਆਂ ਕੰਬਣੀ ਛਿੜਦੀ ਸੀ। ਘਬਰਾਹਟ ਦੇਖ ਕੇ ਮੇਜਰ ਨੇ ਸਾਰੀ ਪਲਟਨ ਨੂੰ ਵੰਗਾਰਿਆ ਕਿ ਕੋਈ ਹੈ ਜੋ ਇਸ ਜਮਾਂਦਾਰ ਨੂੰ ਗੋਲੀ ਮਾਰੇ। ਕੁਝ ਹੰਢੇ ਹੋਏ ਬੁੱਢੇ ਸਿਪਾਹੀ ਅੱਗੇ ਆਏ ਜਿਨ੍ਹਾਂ ਉਸ ਨੂੰ ਗੋਲੀਆਂ ਮਾਰੀਆਂ ਪਰ ਉਹ ਮਰਿਆ ਨਾ। ਆਖਰ ਮੇਜਰ ਨੇ ਅੱਗੇ ਹੋ ਕੇ ਪਿਸਤੌਲ ਉਸ ਦੇ ਦਿਲ ਉਪਰ ਰੱਖ ਕੇ ਚਲਾਇਆ। ਜਮਾਂਦਾਰ ਡਿੱਗ ਪਿਆ ਪਰ ਖਤਮ ਨਾ ਹੋਇਆ।

ਉਸ ਨੂੰ ਦਸ ਗੋਲੀਆਂ ਲੱਗ ਚੁੱਕੀਆਂ ਸਨ। ਅੰਤ ਮੇਜਰ ਬੂਟਾਂ ਸਣੇ ਉਸ ਦੀ ਛਾਤੀ ਉਤੇ ਚੜ੍ਹ ਗਿਆ ਅਤੇ ਬੂਟਾਂ ਦੀਆਂ ਅੱਡੀਆਂ ਮਾਰ-ਮਾਰ ਉਸ ਦੇ ਫੇਫੜਿਆਂ ਵਿਚੋਂ ਹਵਾ ਕੱਢੀ, ਤਦ ਜਾ ਕੇ ਉਸ ਦੇ ਪ੍ਰਾਣ ਨਿਕਲੇ। ਆਜ਼ਾਦੀ ਦੀ ਖਾਤਰ ਇਹ ਜ਼ੁਲਮ ਗਦਰੀ ਇਨਕਲਾਬੀਆਂ ਨੂੰ ਆਮ ਹੀ ਸਹਿਣੇ ਪਏ। ਦੇਸ਼ ਦੇ ਉਨ੍ਹਾਂ ਹਾਕਮਾਂ ਜਾਂ ਢੰਡੋਰਚੀਆਂ ਲਈ ਇਹ ਸ਼ੀਸ਼ਾ ਹੈ ਜੋ ਅੱਜ ਤੱਕ ਇਹ ਢੰਡੋਰਾ ਪਿੱਟਦੇ ਰਹੇ ਕਿ ਆਜ਼ਾਦੀ ਬਿਨਾਂ ਕਿਸੇ ਖੂਨ-ਖਰਾਬੇ ਦੇ, ਸ਼ਾਂਤਮਈ ਸੱਤਿਆ ਗ੍ਰਹਿਆਂ ਕਰ ਕੇ ਪ੍ਰਾਪਤ ਹੋਈ ਹੈ।

### ਕਾਸਮ ਅਲੀ ਮਨਸੂਰ ਤੇ ਸੂਬੇਦਾਰ ਡੰਡੇ ਖਾਨ

ਸਿੰਗਾਪੁਰ ਦੀ ਬਗਾਵਤ ਦੇ ਸਬੰਧ ਵਿਚ ਦੋਹਾਂ ਦੀਆਂ ਹੋਈਆਂ ਸ਼ਹਾਦਤਾਂ ਬੜੀਆਂ ਮਾਣਮੱਤੀਆਂ ਹਨ। ਕਾਸਮ ਅਲੀ ਮਨਸੂਰ ਸੂਰਤ ਸ਼ਹਿਰ ਦਾ ਮਸ਼ਹੂਰ ਵਪਾਰੀ ਸੀ ਜਿਹੜਾ 1884-85 ਵਿਚ ਸਿੰਗਾਪੁਰ ਆਇਆ ਸੀ। ਇਸ ਨੇ ਬੰਬਈ ਅਤੇ 1913 ਨੂੰ ਮੁੜ ਸਿੰਗਾਪੁਰ ਵਿਚ ਖਿਲਾਫਤ ਦਾ ਬਹੁਤ ਪ੍ਰਚਾਰ ਕੀਤਾ। ਉਸ ਨੇ ਆਪਣੇ ਪੁੱਤਰ ਨੂੰ ਰੰਗੂਨ ਤੋਂ 28 ਦਸੰਬਰ 1914 ਨੂੰ ਚਿੱਠੀ ਲਿਖੀ ਜਿਸ ਵਿਚ ਲਿਖਿਆ ਸੀ- "ਮਲਾਇਆ ਰਿਆਸਤੀ ਗਾਈਡ ਨਾਂ ਦੀ ਮੁਸਲਮਾਨ ਪਲਟਨ ਗਦਰ ਕਰ ਕੇ ਤੁਰਕੀ ਨਾਲ ਰਲਣ ਵਾਸਤੇ ਤਿਆਰ ਹੈ ਤੇ ਕੌਂਸਲ ਪਾਸੋਂ ਮੰਗ ਕੀਤੀ ਗਈ ਸੀ ਕਿ ਇਸ ਪਲਟਨ ਨੂੰ ਲੈ ਜਾਣ ਵਾਸਤੇ ਇਕ ਤੁਰਕੀ ਜੰਗੀ ਜਹਾਜ਼ ਸਿੰਗਾਪੁਰ ਮੰਗਵਾ ਦੇਵੇ।"

ਇਹ ਚਿੱਠੀ ਅੰਗਰੇਜ਼ਾਂ ਦੇ ਹੱਥ ਲੱਗ ਗਈ ਜਿਸ ਤੋਂ ਪਤਾ ਲੱਗ ਜਾਣ 'ਤੇ ਇਸ ਪਲਟਨ ਨੂੰ ਸਿੰਗਾਪੁਰ ਤੋਂ ਪੀਨਾਂਗ ਬਦਲ ਦਿੱਤਾ ਗਿਆ। ਮਨਸੂਰ ਅਲੀ ਦੇ ਸਿੰਗਾਪੁਰ ਤੇ ਰੰਗੂਨ ਵਿਚ ਬੜੇ ਵੱਡੇ ਕਾਰੋਬਾਰੀ ਅੱਡੇ ਸਨ। ਅੰਗਰੇਜ਼ੀ ਹਕੂਮਤ ਵਿਰੁਧ ਸਾਜ਼ਿਸ਼ ਦੇ ਜੁਰਮ ਵਿਚ ਗ੍ਰਿਫਤਾਰ ਕਰ ਕੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਬਰਤਾਨਵੀ ਰਾਜ ਦੇ ਜ਼ੁਲਮ ਜਿਹੜੇ ਇਨ੍ਹਾਂ ਬਾਗੀ ਫੌਜੀਆਂ ਉਤੇ ਕੀਤੇ ਗਏ, ਉਹ ਲੂੰ-ਕੰਡੇ ਖੜ੍ਹੇ ਕਰਦੇ ਹਨ। ਇਸ ਵਾਰਦਾਤ ਦਾ ਇਹ ਵਿਆਖਿਆਕਾਰ ਉਨ੍ਹਾਂ ਨਿਗਰਾਨਾਂ ਵਿਚੋਂ ਇਕ ਸੀ ਜਿਹੜੇ ਭਾਈ ਬਲਵੰਤ ਸਿੰਘ ਖੁਰਦਪੁਰੀ ਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਕੇ ਹਿੰਦੋਸਤਾਨ ਲਿਜਾ ਰਹੇ ਸਨ।

ਅਜੋਕੇ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਕਿਸਾਨੀ ਸੰਘਰਸ਼ ਨੇ ਇਨਸਾਫਪਸੰਦ ਤੇ ਜਮਹੂਰੀਅਤ ਪਸੰਦ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਕਿਸਾਨਾਂ ਨੇ ਬਹੁਕੌਮੀ ਕੰਪਨੀਆਂ ਅਤੇ ਪੂੰਜੀਪਤੀ ਘਰਾਣਿਆਂ ਦੇ ਇਸ਼ਾਰਿਆਂ 'ਤੇ ਕੇਂਦਰੀ ਸਰਕਾਰ ਦੀਆਂ ਮਾਰੂ ਨੀਤੀਆਂ ਨੂੰ ਨਕੇਲ ਪਾਉਣ ਲਈ ਦਿੱਲੀ ਨੂੰ ਘੇਰਾ ਪਾ ਕੇ ਆਪਣੇ ਸੰਘਰਸ਼ ਨੂੰ ਲੋਕ ਸੰਘਰਸ਼ ਦਾ ਰੂਪ ਦੇ ਦਿੱਤਾ ਹੈ। ਵਾਹੀਕਾਰਾਂ ਦੇ ਮਸੀਹਾ ਚੌਧਰੀ ਛੋਟੂ ਰਾਮ ਦੀ ਜਨਮ ਭੂਮੀ ਹਰਿਆਣਾ ਦੀ ਸ਼ਾਨਾਮੱਤੀ ਵਿਰਾਸਤ ਵਿਚੋਂ ਹੀ ਮੌਜੂਦਾ ਸੰਘਰਸ਼ ਦੇ ਬੀਜ ਪੁੰਗਰੇ ਹਨ ਜੋ ਪੰਜਾਬ ਦੇ ਕਿਸਾਨੀ ਸੰਘਰਸ਼ ਨਾਲ ਇਕਮਿਕ ਹੋ ਕੇ ਬੁਲੰਦੀ 'ਤੇ ਪਹੁੰਚਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

*ਬਗਾਵਤ ਨੂੰ ਕਾਬੂ ਕਰਨ ਲਈ ਗਵਰਨਰ ਜਨਰਲ ਰੇਡੋਹਟ ਨੇ 5ਵੀਂ ਇਨਫੈਂਟਰੀ ਦੇ ਕਰਨਲ ਕਮਾਂਡਿੰਗ ਬਰੋਨਲੋ ਨਾਲ ਸਲਾਹ ਕਰ ਕੇ ਕਾਰਵਾਈ ਕੀਤੀ। ਇਕ ਫਰਾਂਸੀਸੀ ਅਤੇ ਇਕ ਜਪਾਨੀ ਜੰਗੀ ਜਹਾਜ਼ ਨੂੰ ਜਿਹੜੇ ਸਿੰਗਾਪੁਰ ਨੇੜੇ ਖੜ੍ਹੇ ਸਨ, ਸਿਪਾਹੀਆਂ ਨੂੰ ਧਰਤੀ 'ਤੇ ਉਤਾਰਨ ਲਈ ਹੁਕਮ ਕੀਤੇ ਗਏ ਅਤੇ ਬਾਗੀਆਂ ਉਪਰ ਰਾਤ ਸਮੇਂ ਹਮਲਾ ਕਰਨ ਦੀ ਯੋਜਨਾ ਬਣਾ ਕੇ ਵਲੰਟੀਅਰ ਕੋਰ ਅਤੇ ਪੁਲਿਸ ਨੂੰ ਹਥਿਆਰਬੰਦ ਕੀਤਾ ਗਿਆ। ਜੌਹਰ ਰਿਆਸਤ ਦੇ ਸੁਲਤਾਨ ਨੂੰ ਵੀ ਬੁਲਾਇਆ ਗਿਆ ਜੋ ਆਪਣੇ ਡੇਢ ਸੌ ਸਿਪਾਹੀਆਂ ਨਾਲ ਸ਼ਾਮ ਨੂੰ ਪੁੱਜ ਗਿਆ ਸੀ। ਸਵੇਰ ਹੁੰਦੇ ਸਾਰ ਬਾਗੀਆਂ ਦੀਆਂ ਬੈਰਕਾਂ ਉਤੇ ਹਮਲਾ ਕੀਤਾ ਗਿਆ। 17 ਫਰਵਰੀ ਨੂੰ ਅੰਗਰੇਜ਼ੀ ਜੰਗੀ ਜਹਾਜ਼ ਐਡਮਿਰਲ ਹੁਗਜ਼ਰਟ ਦੀ ਨਿਗਰਾਨੀ ਹੇਠ, ਜਿਸ ਉਪਰ 179 ਬਰਤਾਨਵੀ ਜਲ ਸੈਨਿਕ, 76 ਜਾਪਾਨੀ ਫੌਜੀ ਤੇ ਦੋ ਮਸ਼ੀਨ ਗੰਨਾਂ ਸਨ, ਕੰਢੇ ਉਤੇ ਉਤਾਰ ਦਿੱਤੇ ਗਏ ਜਿਨ੍ਹਾਂ ਨੇ ਇਕੱਲੇ-ਦੁਕੱਲੇ ਗਦਰੀਆਂ ਨੂੰ ਘੇਰੇ ਵਿਚ ਲੈ ਲਿਆ ਸੀ। 17 ਫਰਵਰੀ ਸ਼ਾਮ ਤੱਕ 400 ਤੋਂ ਵਧੇਰੇ ਬਾਗੀ ਭੁੱਖ-ਪਿਆਸ ਨਾਲ ਥੱਕ-ਟੁੱਟ ਚੁੱਕੇ ਕਾਬੂ ਆ ਚੁੱਕੇ ਸਨ। 18 ਫਰਵਰੀ ਸ਼ਾਮ ਤੱਕ ਸਾਰੀ ਸਥਿਤੀ ਪੂਰਨ ਤੌਰ 'ਤੇ ਕਾਬੂ ਹੇਠ ਆ ਗਈ ਅਤੇ ਸਿਵਾਏ ਜੰਗਲ ਵਿਚ ਪਨਾਹ ਲੈਣ ਵਾਲੇ ਬਾਗੀਆਂ ਤੋਂ ਸਾਰੇ ਬਾਗੀ ਕਾਬੂ ਵਿਚ ਕੀਤੇ ਗਏ।*

### ਅਮਰੀਕਾ ਦੇ 46ਵੇਂ ਪ੍ਰਧਾਨ ਜੋਅ ਬਾਇਡਨ ਦੇ ਉਦਘਾਟਨੀ ਅਵਸਰ 'ਤੇ

# ਕਰੋਨਾ ਮਾਰ ਦੇ ਹੇਠਾਂ: ਸੂਈ ਨੱਕੇ 'ਚੋਂ ਲੰਘੀ ਅਮਰੀਕੀ ਜਮਹੂਰੀਅਤ

ਕੋਵਿਡ-19 ਸੰਕਟ ਦਾ ਅਧਿਐਨ ਅਸੀਂ ਇਸ ਮਾਡਲ ਅਧੀਨ ਕਰ ਰਹੇ ਹਾਂ ਕਿ ਨਵੀਂ ਕਰੋਨਾ ਵਾਇਰਸ ਦੇ ਨਾਲ, ਕੁਦਰਤ ਨੇ ਵਿਸ਼ਵ ਨੂੰ ਇਕ ਪ੍ਰਯੋਗਸ਼ਾਲਾ ਵਿਚ ਬਦਲ ਦਿੱਤਾ; ਆਧੁਨਿਕ ਯੁੱਗ ਵਿਚ ਮਨੁੱਖ ਦੀ ਤਰਕ, ਵਿਗਿਆਨ ਤੇ ਮਾਨਵਵਾਦ ਪ੍ਰਤੀ ਵਚਨਬੱਧਤਾ ਦੀ ਪਰਖ ਕਰਨ ਲਈ। ਪ੍ਰਬੋਧਨ ਲਹਿਰ ਦੇ ਤਿੰਨ ਮੂਲ ਆਦਰਸ਼-ਤਰਕ, ਵਿਗਿਆਨ ਤੇ ਮਾਨਵਵਾਦ ਨੇ ਆਧੁਨਿਕ ਯੁੱਗ ਲਿਆਂਦਾ ਸੀ। ਇਸ ਵਿਆਪਕ ਪ੍ਰਯੋਗ ਦੇ ਗਲੋਬਲ ਪੈਮਾਨੇ 'ਤੇ, ਕੁਦਰਤ ਮਨੁੱਖ ਨੂੰ ਪੁੱਛਦੀ ਹੈ:

1. ਕੀ ਤੁਸੀਂ ਮੇਰੀਆਂ ਚੀਜ਼ਾਂ ਦੀ ਕਦਰ ਕਰਦੇ ਹੋ, ਭਾਵ ਉਨ੍ਹਾਂ ਨਾਲ ਮੇਰੇ ਸਿਧਾਂਤਾਂ ਅਨੁਸਾਰ ਸਲੂਕ ਕਰ ਰਹੇ ਹੋ? ਮਿਸਾਲ ਵਜੋਂ, ਕਰੋਨਾ ਨਾਲ ਇਹਦੇ ਵਿਗਿਆਨਕ ਸੱਚ ਦੇ ਆਧਾਰ 'ਤੇ ਨਜਿੱਠਦੇ ਹੋ ਜਾਂ ਨਹੀ?



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

2. ਵਾਇਰਸ ਨਾਲ ਨਜਿੱਠਣ ਵੇਲੇ, ਕੀ ਤੁਸੀਂ ਆਮ ਵਿਗਿਆਨਕ ਸੂਝ ਤੇ ਤਰਕ ਦੀ ਵਰਤੋਂ ਕਰ ਰਹੇ ਹੋ, ਨਾ ਕਿ ਆਪਣੇ ਧਾਰਮਿਕ ਜਾਂ ਹੋਰ ਵਿਸ਼ਵਾਸਾਂ ਦੀ?

3. ਕੀ ਤੁਸੀਂ ਮਾਨਵਵਾਦ ਦੇ ਤਰੀਕਿਆਂ ਨਾਲ ਇਸ ਵਾਇਰਸ ਨਾਲ ਲੜ ਰਹੇ ਹੋ, ਅਰਥਾਤ ਸਮਾਜਿਕ ਤਾਲਮੇਲ ਨਾਲ? ਮਿਸਾਲ ਵਜੋਂ, ਨਕਾਬ (ਮਸਕ) ਪਹਿਨਣਾ ਤੁਹਾਡੇ ਆਸ-ਪਾਸ ਦੇ ਲੋਕਾਂ ਨੂੰ ਤੁਹਾਡੇ ਸੰਭਾਵਿਤ ਵਿਸ਼ਾਣੂਆਂ ਤੋਂ ਸੁਰੱਖਿਅਤ ਰੱਖਦਾ ਹੈ; ਇਸ ਲਈ ਜੇ ਸਾਰੇ ਮਾਸਕ ਪਹਿਨਦੇ ਹੋ, ਤਾਂ ਇਕ ਦੂਜੇ ਦੀ ਵਾਇਰਸ ਤੋਂ ਰੱਖਿਆ ਕਰਦੇ ਹੋ।

ਜੇ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 'ਹਾਂ' ਵਿਚ ਹੈ, ਤੁਸੀਂ ਠੀਕ ਹੋ; ਜਵਾਬ 'ਨਹੀਂ' ਵਿਚ ਹੈ, ਤਾਂ ਤੁਸੀਂ ਵਾਇਰਸ ਨੂੰ ਮਹਾਮਾਰੀ ਬਣਾਉਣ ਵਿਚ ਯੋਗਦਾਨ ਪਾ ਰਹੇ ਹੋ।

ਸ਼ੁਰੂ ਤੋਂ ਹੀ ਕੋਵਿਡ-19 ਵਿਸ਼ਾਣੂ ਦੀ ਸੱਚਾਈ ਜਾਣਨ ਦੇ ਬਾਵਜੂਦ, ਟਰੰਪ ਇਸ ਨੂੰ ਆਮ ਫਲੂ ਦੀ ਤਰ੍ਹਾ ਕਹਿ ਕੇ ਅਣਡਿਠ ਕਰਦਾ ਹੋਇਆ ਇਸ ਨੂੰ ਫੈਲਣ ਤੋਂ ਰੋਕਣ ਦੇ ਸਾਰੇ ਉਪਾਵਾਂ ਦਾ ਵਿਰੋਧ ਕਰਦਾ ਰਿਹਾ, ਜਿਵੇਂ ਕਿ ਨਕਾਬ, ਸਮਾਜਕ ਦੂਰੀ ਅਤੇ ਟੈਸਟਿੰਗ; ਇੰਜ ਲਾਗਾਂ ਅਤੇ ਮੌਤਾਂ ਨੂੰ ਵਧਣ ਦਿੱਤਾ। ਇਸ ਕਾਰਨ 2020 ਦੀਆਂ ਅਮਰੀਕੀ ਚੋਣਾਂ ਨੂੰ ਪਹੁੰਚਦਿਆ, ਕੋਵਿਡ-19 ਭਿਆਨਕ ਮਹਾਮਾਰੀ ਬਣ ਕੇ ਅਮਰੀਕੀ ਜੀਵਨ ਨੂੰ ਪ੍ਰਭਾਵਿਤ ਕਰ ਚੁੱਕੀ ਸੀ ਕਿ ਟਰੰਪ ਦੀ ਪ੍ਰਚਾਰ (ਪ੍ਰਾਪੇਗੰਡਾ) ਮਸ਼ੀਨਰੀ ਲਈ ਵੀ ਵਾਇਰਸ ਸੰਕਟ ਨੂੰ ਚੋਣਾਂ ਤੋਂ ਵੱਖ ਕਰਨਾ ਅਸੰਭਵ ਹੋ ਗਿਆ। ਮਿਸਾਲ ਵਜੋਂ, ਏ. ਬੀ. ਸੀ. ਨਿਊਜ਼/ਵਾਸ਼ਿੰਗਟਨ ਪੋਸਟ ਦੇ 11 ਅਕਤੂਬਰ 2020 ਨੂੰ ਜਾਰੀ ਪੋਲ ਨਤੀਜਿਆਂ ਅਨੁਸਾਰ, ਰਜਿਸਟਰਡ ਵੋਟਰਾਂ ਵਿਚੋਂ ਦੋ ਤਿਹਾਈ ਨੇ ਕਿਹਾ ਕਿ ਟਰੰਪ ਵਾਇਰਸ ਵਿਰੁੱਧ ਸਾਵਧਾਨੀ ਵਰਤਣ ਵਿਚ ਅਸਫਲ ਰਿਹਾ, 62 ਫੀਸਦੀ ਨੂੰ ਵਾਇਰਸ ਬਾਰੇ ਟਰੰਪ ਦੇ ਕਹੇ ਉੱਤੇ ਭਰੋਸਾ ਨਹੀਂ ਸੀ ਅਤੇ ਅਮਰੀਕਾ ਵਿਚ ਵਾਇਰਸ ਦੀ ਆਮਦ ਦੇ ਅੱਠ ਮਹੀਨੇ ਬਾਅਦ ਵੀ ਕੇਵਲ 21 ਪ੍ਰਤੀਸ਼ਤ ਨੇ ਕਿਹਾ ਕਿ ਇਹ ਨਿਯੰਤਰਣ (ਕੰਟਰੋਲ) ਵਿਚ ਹੈ। ਬਹੁ-ਗਿਣਤੀ ਵੋਟਰਾਂ ਲਈ ਵਾਈਰਸ ਚੋਣਾਂ ਵਿਚ ਮੁੱਖ ਮੁੱਦਾ ਸੀ।

**ਟਰੰਪ ਦੀ ਸੱਤਾ ਨੂੰ ਚੰਬੜੇ ਰਹਿਣ ਦੀ ਯੋਜਨਾ:** ਕੋਵਿਡ-19 ਪ੍ਰਤੀ ਟਰੰਪ ਦੇ ਰਵੱਈਏ ਕਾਰਨ, ਡੈਮੋਕਰੈਟਿਕ ਵੋਟਰ ਵਾਇਰਸ ਨੂੰ ਰਿਪਬਲੀਕਨ ਵੋਟਰਾਂ ਨਾਲੋਂ ਵੱਧ ਗੰਭੀਰਤਾ ਨਾਲ ਲੈਂਦੇ ਸਨ ਅਤੇ ਇਸ ਦੇ ਫੈਲਣ ਦੇ ਵਿਰੁੱਧ ਵਿਗਿਆਨਕ ਉਪਾਵਾਂ ਦੀ ਵਰਤੋਂ ਕਰਦੇ ਸਨ। ਇਸ ਕਰਕੇ, ਇਹ ਭਵਿੱਖਵਾਣੀ ਕੀਤੀ ਜਾ ਸਕਦੀ ਸੀ ਕਿ ਰਿਪਬਲਿਕਨਾਂ ਨਾਲੋਂ ਵਧੇਰੇ ਡੈਮੋਕਰੈਟਿਕ ਵੋਟਰ, ਚੋਣ ਦਿਨ ਦੀ ਭੀੜ ਤੋਂ ਬਚਣ ਲਈ ਡਾਕ-ਵੋਟਿੰਗ ਦੀ ਵਰਤੋਂ ਕਰਨਗੇ। ਇਸ ਜਾਣਦੇ ਹੋਏ ਟਰੰਪ ਨੇ 2020 ਦੀਅ ਗਰਮੀਆਂ ਵਿਚ ਸੱਤਾ ਨਾਲ ਚੰਬੜੇ ਰਹਿਣ ਦੀ ਯੋਜਨਾ ਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ, ਜੋ 30 ਜੁਲਾਈ ਨੂੰ ਕੋਵਿਡ-19 ਦਾ ਬਹਾਨਾ ਕਰਕੇ ਚੋਣ ਨੂੰ ਮੁਲਤਵੀ ਕਰਨ ਲਈ ਟਰੰਪ ਦੇ ਸੁਝਾਅ ਨਾਲ ਸ਼ੁਰੂ ਹੋਈਆਂ। ਇੰਜ ਅਮਰੀਕਾ ਦੇ ਇਤਿਹਾਸ ਵਿਚ ਕਦੇ ਨਹੀਂ ਹੋਇਆ; ਦੋਹਾਂ-ਰਿਪਬਲੀਕਨਾਂ ਅਤੇ ਡੈਮੋਕਰੈਟਾਂ ਨੇ ਇਸ ਵਿਚਾਰ ਨੂੰ ਖਾਰਜ ਕਰ ਦਿੱਤਾ। ਉਂਜ ਵੀ ਅਮਰੀਕੀ ਪ੍ਰਧਾਨ ਕੋਲ ਚੋਣ ਮਿਤੀ ਮੁਲਤਵੀ ਕਰਨ ਦਾ ਅਧਿਕਾਰ ਨਹੀਂ ਹੈ। ਇੱਥੋਂ ਤਕ ਕਿ ਰੂੜ੍ਹੀਵਾਦੀ ਰਸਾਲੇ 'ਨੈਸ਼ਨਲ ਰਿਵਿਊ' ਦੇ ਸੰਪਾਦਕਾਂ ਨੇ ਵੀ ਇਸ ਨੂੰ "ਇਕ ਨਾ ਕਹਿਣੇ ਯੋਗ ਭੜਕਾਊ ਤੇ ਬੇਤੁਕੀ ਵਿਚਾਰ" ਕਿਹਾ ਤੇ ਇਹ "ਅਮਰੀਕਾ ਦੇ ਕਿਸੇ ਪ੍ਰਧਾਨ ਦੁਆਰਾ ਵਿਚਾਰੇ ਇਹ ਸੋਚਣ ਦੇ ਵੀ ਯੋਗ ਨਹੀਂ।"

ਇਸ ਗੱਲ ਦਾ ਕੋਈ ਸਬੂਤ ਨਹੀਂ ਸੀ ਕਿ ਮੇਲ-ਇਨ (ਡਾਕ) ਵੋਟਿੰਗ ਅਸੁਰੱਖਿਅਤ, ਗਲਤ ਜਾਂ ਧੋਖਾਧੜੀ ਸੀ ਜਾਂ ਹੁੰਦੀ ਹੈ। ਪੋਲਾਂ ਅਨੁਸਾਰ ਮਹਾਮਾਰੀ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦੋ ਤਿਹਾਈ ਵੋਟਰਾਂ ਨੇ ਮੇਲ-ਇਨ ਵੋਟਿੰਗ ਦੀ ਵੱਧੋ-ਵੱਧ ਉਪਲਬਧਤਾ ਦੇ ਪ੍ਰਬੰਧ ਕਰਨ ਦਾ ਸਮਰਥਨ ਕੀਤਾ। ਮੇਲ-ਇਨ ਵੋਟਿੰਗ ਨੂੰ ਧੋਖਾਧੜੀ ਕਹਿਣਾ ਟਰੰਪ ਦੀ ਚੋਣ ਮੁਹਿੰਮ ਦੀ ਯੋਜਨਾ ਦਾ ਹਿੱਸਾ ਸੀ। ਟਰੰਪ ਨੇ 15 ਸਤੰਬਰ ਨੂੰ ਨੇਵਾਡਾ ਸੂਬੇ ਦੀ ਰੈਲੀ ਵਿਚ ਦਾਅਵਾ ਕੀਤਾ ਕਿ ਡੈਮੋਕਰੈਟ ਚੋਣਾਂ ਵਿਚ ਧਾਂਦਲੀ ਮਚਾ ਰਹੇ ਸਨ, "ਕਿਉਂਕਿ ਇਹ ਹੀ ਇੱਕੋ-ਇੱਕ ਰਸਤਾ ਹੈ, ਜਿਸ ਰਾਹੀਂ ਉਹ ਜਿੱਤ ਪ੍ਰਾਪਤ ਕਰ ਸਕਦੇ ਨੇ।"

ਜਦੋਂ ਟਰੰਪ ਚੋਣ-ਧਾਂਦਲੀ ਦੀ ਮੁਹਿੰਮ ਚਲਾ ਰਿਹਾ ਸੀ, ਉਸ ਨੇ ਪਹਿਲਾਂ ਹੀ ਆਪਣੇ ਇਕ ਦੁੱਮ-ਛੱਲੇ ਲੂਯਿਸ ਡੀ. ਜੋਆਏ ਨੂੰ ਯੂ. ਐਸ. ਡਾਕ ਸੇਵਾ ਦੇ ਪੋਸਟ ਮਾਸਟਰ ਵਜੋਂ ਨਿਯੁਕਤ ਕਰ ਦਿੱਤਾ ਸੀ, ਚੋਣ-ਧਾਂਦਲੀ ਮਚਾਉਣ ਲਈ, ਜੋ ਨਵੇਂ ਪੋਸਟ ਮਾਸਟਰ ਦੀਆਂ ਕਰਤੂਤਾਂ ਤੋਂ ਸਪੱਸ਼ਟ ਹੋ ਗਿਆ। ਉਦਾਹਰਣ ਵਜੋਂ, ਜੂਨ ਵਿਚ ਅਹੁਦਾ ਸੰਭਾਲਣ ਪਿਛੋਂ ਜੋਆਏ ਨੇ ਡਾਕ ਸੇਵਾ ਵਿਚ ਭਾਰੀ ਤਬਦੀਲੀਆਂ ਲਾਗੂ ਕੀਤੀਆਂ, ਕੋਵਿਡ-19 ਦੇ ਬਹਾਨੇ ਬਣਾ ਕੇ, ਜਿਨ੍ਹਾਂ ਕਰਕੇ ਡਾਕ ਵੰਡਣ ਵਿਚ ਦੇਰੀ ਹੋਰ ਲੱਗੀ। ਸਪਸ਼ਟ ਸੀ ਕਿ ਇਸ ਸਭ ਦਾ ਨਿਸ਼ਾਨਾ ਸੀ ਡਾਕ-ਵੋਟਾਂ ਨੂੰ ਲੇਟ ਕਰਨਾ ਤਾਂ ਜੋ ਉਹ ਗਿਣੀਆਂ ਨਾ ਜਾ ਸਕਣ। ਵਿਸਕਾਨਸਿਨ ਅਤੇ ਮਿਸ਼ੀਗਨ ਵਿਚ ਬਹੁਤ ਸਾਰੇ ਵੋਟਰਾਂ ਨੂੰ ਡਾਕ ਬੈਲਟ ਮਿਲੇ ਹੀ ਨਹੀਂ।

ਇਸ ਚੋਣ-ਧਾਂਦਲੀ ਦੀਆਂ ਕੋਸ਼ਿਸ਼ਾਂ ਚੋਣਾਂ ਦੇ ਦਿਨ ਤੱਕ ਗਈਆਂ। ਡਾਕ ਸੇਵਾ ਦੇ ਅੰਕੜਿਆਂ ਤੋਂ ਪਤਾ ਚੱਲਿਆ ਕਿ ਚੋਣ ਦਿਨ ਮੰਗਲਵਾਰ ਤੋਂ ਪਹਿਲੇ ਐਤਵਾਰ ਤੱਕ, ਕਰੀਬ 300,000 ਬੈਲਟ, ਜੋ ਮੇਲ ਪ੍ਰਾਸੈਸਿੰਗ ਲਈ ਪ੍ਰਾਪਤ ਹੋਏ ਸਨ, ਨੂੰ ਚੋਣ ਅਧਿਕਾਰੀਆਂ ਦੇ ਸਪੁਰਦ ਨਹੀਂ ਕੀਤਾ ਗਿਆ ਸੀ। ਇਸ ਲਈ ਵੋਟ ਫਾਰਵਰਡ, ਐਨ.ਏ.ਏ.ਸੀ.ਪੀ., ਤੇ ਲਾਤੀਨੀ ਭਾਈਚਾਰੇ ਦੇ ਵਕੀਲਾਂ ਸਮੇਤ ਕਈ ਗਰੁੱਪਾਂ ਨੇ ਮੁਕੱਦਮੇ ਦਾਇਰ ਕੀਤੇ। ਇੱਕ ਫੈਡਰਲ ਜੱਜ ਐਮਮੇਟ ਸੂਲੀਵਾਨ ਨੇ 3 ਨਵੰਬਰ, ਯਾਨਿ ਚੋਣ ਦਿਨ ਨੂੰ ਵਾਸ਼ਿੰਗਟਨ ਡੀ.ਸੀ. ਵਿਚ ਯੂ.ਐੱਸ. ਡਾਕ ਸੇਵਾਵਾਂ ਨੂੰ ਪੂਰਾ ਤਾਣ ਲਾ ਕੇ ਡਾਕ-ਵੋਟ ਜਲਦੀ ਤੋਂ ਜਲਦੀ ਵੇਲੇ ਸਿਰ ਪਹੁੰਚਾਉਣ ਦੇ ਆਦੇਸ਼ ਦਿੱਤੇ, ਤਾਂ ਜੋ ਉਨ੍ਹਾਂ ਦੀ ਗਿਣਤੀ ਹੋ ਸਕੇ। ਇਹ ਆਦੇਸ਼ ਪੈਨਸਿਲਵੇਨੀਆ, ਮਿਸ਼ੀਗਨ, ਜਾਰਜੀਆ, ਟੈਕਸਸ, ਫਲੋਰਿਡਾ ਅਤੇ ਐਰੀਜ਼ੋਨਾ ਸੂਬਿਆਂ ਵਿਚ ਲਾਗੂ ਹੁੰਦੇ ਸਨ, ਜਿਥੇ ਚੋਣਾਂ ਵਿਚ ਟਰੰਪ ਅਤੇ ਜੋਅ ਬਾਇਡਨ ਵਿਚਾਲੇ ਸਿਰ-ਭਿੜਵਾਂ ਮੁਕਾਬਲਾ ਸੀ।

**ਟਰੰਪ ਪ੍ਰਧਾਨਗੀ ਦਾ ਭੋਗ ਪਾਇਆਂ ਜਮਹੂਰੀਅਤ ਨੇ:** 9 ਨਵੰਬਰ ਨੂੰ ਸਵੇਰੇ 11:30 ਵਜੇ ਦੇ ਕਰੀਬ ਐਸੋਸੀਏਟਡ ਪ੍ਰੈਸ ਦੁਆਰਾ ਬਾਇਡਨ ਨੂੰ ਪੈਨਸਿਲਵੇਨੀਆ ਸੂਬੇ ਵਿਚ ਜੇਤੂ ਕਰਾਰ ਦੇਣ ਨਾਲ ਬਾਇਡਨ ਦੀਆਂ ਇਲੈਕਟੋਰਲ ਕਾਲਜ ਵੋਟਾਂ ਦੀ ਗਿਣਤੀ 270 'ਤੇ ਪਹੁੰਚ ਗਈ, ਜੋ ਟਰੰਪ ਨੂੰ ਹਰਾਉਣ ਲਈ ਕਾਫੀ ਸੀ। ਲੋਕਾਂ ਦੇ ਨੱਚਦਿਆਂ ਸੜਕਾਂ 'ਤੇ ਉਤਰਨ ਦਾ ਕਾਰਨ ਸਿਰਫ ਬਾਇਡਨ ਵਲੋਂ ਟਰੰਪ ਨੂੰ ਹਰਾਉਣ ਨਾਲੋਂ ਕਿਤੇ ਵੱਡਾ ਸੀ:



ਰਾਸ਼ਟਰਪਤੀ ਜੋਅ ਬਾਇਡਨ

ਮਸਲਨ ਰੂੜ੍ਹੀ ਉੱਪਰ ਤਰਕ ਦੀ, ਖੜਯੰਤਰਾਂ ਉੱਪਰ ਵਿਗਿਆਨ ਦੀ, ਨਸਲਵਾਦ ਉੱਪਰ ਮਾਨਵਵਾਦ ਦੀ, ਝੂਠ ਉੱਪਰ ਸੱਚ ਦੀ ਅਤੇ ਤਾਨਾਸ਼ਾਹੀ ਪ੍ਰਵਿਰਤੀਆਂ ਉੱਪਰ ਜਮਹੂਰੀਅਤ ਦੀ ਜਿੱਤ।

ਸਾਬਕਾ ਰਾਜਨੀਤਿਕ ਨੀਤੀਵਾਨ ਤੇ ਟਿੱਪਣੀਕਾਰ ਅਨਾ ਨੈਵਰੋ-ਕਾਰਡੇਨਸ ਨੇ ਟਵੀਟ ਕੀਤਾ, "ਅਮਰੀਕਾ ਦੇ ਸੀਨੇ ਤੋਂ ਇੱਕ ਭਾਰ ਚੁੱਕਿਆ ਗਿਆ ਹੈ।" ਇਸੇ ਤਰ੍ਹਾਂ, ਇੱਕ ਅਫਰੀਕਨ ਅਮਰੀਕੀ ਤੇ ਸੀ.ਐੱਨ.ਐੱਨ. ਟਿੱਪਣੀਕਾਰ ਵੈਨ ਜੋਨਸ ਦੀਆਂ ਭਾਵਨਾਵਾਂ ਦਾ ਕੜ ਟੁੱਟ ਗਿਆ, ਜਦੋਂ ਉਹ ਟੀ. ਵੀ. 'ਤੇ ਰੋ ਪਿਆ।

ਨੱਚਦੇ, ਜੈਕਾਰਿਆਂ ਵਿਚ ਗਾਉਂਦੇ ਹੋਏ ਗਲੀਆਂ ਵਿਚ ਉੱਤਰੇ ਉਨ੍ਹਾਂ ਲੋਕਾਂ ਵਿਚ ਉਹ ਲੋਕ ਵੀ ਸਨ, ਜੋ ਆਪਣੀਆਂ ਅਵਾਜ਼ਾਂ ਤੇ ਬੈਨਰਾਂ ਨਾਲ ਜਾਰਜ ਫਲਾਇਡ ਦੇ ਕਤਲ ਦਾ ਵਿਰੋਧ ਕਰਨ ਇਨ੍ਹਾਂ ਹੀ ਗਲੀਆਂ ਵਿਚ ਨਿੱਕਲੇ ਸਨ, "ਮੈਂ ਸਾਹ ਨਹੀਂ ਲੈ ਸਕਦਾ"; ਉਹ ਹੁਣ ਆਸ ਵਿਚ ਸਾਹ ਲੈਂਦੇ ਨਿਕਲੇ। ਇਸ ਵਾਰ ਦੇ ਬੈਨਰਾਂ ਵਿਚੋਂ ਇਕ ਕਹਿ ਰਿਹਾ ਸੀ, "ਅਸੀਂ ਉਸ ਨੂੰ ਵੋਟ ਨਾਲ ਦਬੋਚ ਲਿਆ"; "ਉਸ ਨੂੰ" ਦਾ ਭਾਵ ਟਰੰਪ ਨੂੰ।

ਟੀ. ਵੀ. ਨੈਟਵਰਕਾਂ ਦੁਆਰਾ ਪ੍ਰਸਾਰਿਤ ਕੀਤੇ ਜਾ ਰਹੇ ਪ੍ਰਮੁੱਖ ਅਮਰੀਕੀ ਸ਼ਹਿਰਾਂ ਦੀਆਂ ਗਲੀਆਂ ਵਿਚ ਜਸ਼ਨਾਂ ਦੇ ਦ੍ਰਿਸ਼ਾਂ ਉੱਪਰ ਟਿੱਪਣੀ ਕਰਦਿਆਂ, ਟੀ. ਵੀ. 'ਤੇ ਕੋਈ ਕਹਿ ਰਿਹਾ ਸੀ, "ਅਜਿਹਾ ਲਗਦਾ ਹੈ ਜਿਵੇਂ ਕਿਸੇ ਤਾਨਾਸ਼ਾਹ ਦਾ ਤਖਤਾ ਪਲਟ ਗਿਆ ਹੋਵੇ।" ਕੋਈ ਹੋਰ ਕਹਿ ਰਿਹਾ ਸੀ ਕਿ ਹੁਣ ਹਰ ਰੋਜ਼ ਅਸਾਨੂੰ ਵ੍ਹਾਈਟ ਹਾਊਸ ਵਿਚੋਂ ਵਿਗਿਆਨ ਵਿਰੋਧੀ, ਪਰਵਾਸੀਆਂ ਵਿਰੋਧੀ, ਨਸਲਵਾਦੀ ਅਵਾਜ਼ਾਂ ਨਹੀਂ ਸੁਣਨੀਆਂ ਪੈਣਗੀਆਂ।

"ਮੈਂ ਸਾਰੇ ਅਮਰੀਕੀਆਂ ਦਾ ਪ੍ਰਧਾਨ ਹੋਵਾਂਗਾ-ਭਾਵੇਂ ਤੁਸੀਂ ਮੈਨੂੰ ਵੋਟ ਦਿੱਤੀ ਸੀ ਜਾਂ ਨਹੀਂ, ਮੈਂ ਉਸ ਵਿਸ਼ਵਾਸ ਨੂੰ ਕਾਇਮ ਰੱਖਾਂਗਾ, ਜੋ ਤੁਸੀਂ ਮੇਰੇ 'ਤੇ ਕੀਤਾ ਹੈ।", ਬਾਇਡਨ ਨੇ ਟੀ. ਵੀ. ਨੈਟਵਰਕਾਂ 'ਤੇ ਆਪਣੀ ਜਿੱਤ ਦੀ ਪੁਸ਼ਟੀ ਹੋਣ ਤੋਂ ਤੁਰੰਤ ਬਾਅਦ ਟਵੀਟ ਕੀਤਾ। ਅਮਰੀਕੀਆਂ ਨੇ ਚੋਣਾਂ ਦੁਆਰਾ ਸਾਂਝੀਆਂ ਕਦਰਾਂ ਕੀਮਤਾਂ ਦੀ ਪੁਸ਼ਟੀ ਕੀਤੀ ਅਤੇ ਟਰੰਪ ਪ੍ਰਧਾਨਗੀ ਦੇ ਹੋਰ ਦੋਸ਼ਾਂ ਦੇ ਨਾਲ ਨਾਲ ਅਸਮਰਥਤਾ, ਅਯੋਗਤਾ, ਝੂਠ ਤੇ ਭ੍ਰਿਸ਼ਟਾਚਾਰ ਦਾ ਖੰਡਨ ਕੀਤਾ।

**ਆਸਰਾ ਝੂਠ ਦਾ:** ਚੋਣ ਨਤੀਜਿਆਂ ਤੋਂ ਇਨਕਾਰ ਕਰੋ, ਕਰੋਨਾ ਮਹਾਮਾਰੀ ਵਾਂਗ ਹੀ। ਜਿਵੇਂ ਅਮਰੀਕਾ ਕੋਵਿਡ-19 ਕੇਸਾਂ, ਮੌਤਾਂ ਤੇ ਹਸਪਤਾਲਾਂ ਵਿਚ ਭਰਤੀ ਦੀ ਗਜਬਜਨਕ ਨਵੀਂ ਲਹਿਰ ਅਤੇ ਮੈਡੀਕਲ ਸਾਜ਼ੋਸਮਾਨ ਦੀ ਲਗਾਤਾਰ ਘਾਟ ਦਾ ਸਾਹਮਣਾ ਕਰ ਰਿਹਾ ਸੀ, ਵਿਗਿਆਨੀ ਤੇ ਜਨਤਕ ਸਿਹਤ ਮਾਹਰ ਘਾਤਕ ਸਰਦ ਰੁੱਤ ਦੀ ਭਵਿੱਖਵਾਣੀ ਕਰ ਰਹੇ ਸਨ। ਜਿਵੇਂ ਟਰੰਪ ਕੋਵਿਡ-19 ਤੋਂ ਪਾਸਾ ਵੱਟਦਾ ਆ ਰਿਹਾ ਸੀ, ਉਵੇਂ ਹੀ ਝੂਠ ਦੇ ਆਸਰੇ ਉਸ ਨੇ ਪ੍ਰਧਾਨਗੀ ਚੋਣ ਨਤੀਜਿਆਂ ਨੂੰ ਵੀ ਨਕਾਰਨਾ ਸ਼ੁਰੂ ਕਰ ਦਿੱਤਾ। ਅਮਰੀਕਾ ਦੇ ਪਹਿਲੇ ਪ੍ਰਧਾਨ ਜਾਰਜ ਵਾਸ਼ਿੰਗਟਨ ਤੋਂ ਹੁਣ ਤੱਕ ਮੌਜੂਦਾ ਪ੍ਰਧਾਨ ਤੋਂ ਅਗਲੇ, ਭਾਵ ਨਵ ਚੁਣੇ ਪ੍ਰਧਾਨ ਤੱਕ ਸ਼ਾਂਤਮਈ ਸੱਤਾ-ਤਬਦੀਲੀ ਦੀ ਇੱਕ ਸ਼ਾਨਦਾਰ ਅਮਰੀਕੀ ਜਮਹੂਰੀ ਪਰੰਪਰਾ ਰਹੀ ਹੈ। ਟਰੰਪ ਨੇ ਇਸ ਮਹਾਨ ਅਮਰੀਕੀ ਜਮਹੂਰੀ ਨਿਯਮ ਨੂੰ ਤੋੜਨ ਦਾ ਰਾਹ ਵੀ ਅਪਨਾ ਲਿਆ।

ਚੱਲ ਰਹੇ ਕਰੋਨਾ ਸਿਹਤ ਸੰਕਟ ਨਾ ਨਜਿੱਠਣ ਦੀ ਥਾਂ ਟਰੰਪ ਚੋਣ ਨਤੀਜਿਆਂ ਅਤੇ ਇਨ੍ਹਾਂ ਨੂੰ ਉਲਟਾਉਣ ਦੀ ਮੁਹਿੰਮ 'ਤੇ ਹੀ ਕੇਂਦ੍ਰਤ ਰਿਹਾ। ਇਸ ਲਈ ਉਸ ਨੇ ਤੇ ਉਸ ਦੀ ਚੋਣ ਮੁਹਿੰਮ ਨੇ 'ਵਿਆਪਕ ਚੋਣ-ਫਰੇਬ' ਦਾ ਝੂਠ ਤੇ ਖੜਯੰਤਰ-ਮੱਤ ਫੈਲਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਫੇਸਬੁੱਕ 'ਤੇ ਵੀ ਚੋਟੀ ਦੀਆਂ ਖਬਰਾਂ ਵਿਚ ਰੂੜ੍ਹੀਵਾਦੀਆਂ ਵਲੋਂ ਚੋਣ 'ਬੇਨਿਯਮੀਆਂ' ਅਤੇ 'ਧੋਖਾਧੜੀ' ਦੇ ਦਾਅਵਿਆਂ ਦਾ ਦਬਦਬਾ ਸੀ, ਪਰ 'ਕਰੌਡ ਟੈਂਗਲ' ਦੇ ਅੰਕੜਿਆਂ (ਡੇਟਾ) ਵਿਚ ਇਨ੍ਹਾਂ ਦਾਅਵਿਆਂ ਦਾ ਸਮਰਥਨ ਕਰਦੇ ਕੋਈ ਸਬੂਤ ਨਹੀਂ ਸਨ। ਟਰੰਪ ਤੇ ਉਸ ਦੀ ਚੋਣ ਮੁਹਿੰਮ ਅਜਿਹੀਆਂ ਕਰਤੂਤਾਂ ਵਿਚ ਇਕੱਲੇ ਨਹੀਂ ਸਨ। ਰੂੜ੍ਹੀਵਾਦੀ ਰੇਡੀਓ ਨੈਟਵਰਕ, ਦਿ ਫੌਕਸ ਨਿਊਜ਼ ਟੀ. ਵੀ. ਨੈਟਵਰਕ, ਖੜਯੰਤਰ-ਮੱਤ ਧਾਰਕ ਤੇ ਸੰਗਠਨ ਅਤੇ ਵ੍ਹਾਈਟ ਸੁਪਰੀਮੈਟਿਸਟ ਤੇ ਉਨ੍ਹਾਂ ਦੀਆਂ ਸੰਸਥਾਵਾਂ ਅਮਰੀਕੀ ਜਮਹੂਰੀਅਤ ਉੱਤੇ ਇਨ੍ਹਾਂ ਹਮਲਿਆਂ ਵਿਚ ਹਿੱਸਾ ਲੈਣ ਵਾਲੀਆਂ ਤਾਕਤਾਂ ਵਿਚ ਸ਼ਾਮਲ ਸਨ। ਰਿਪਬਲੀਕਨ ਪਾਰਟੀ ਦਾ ਇੱਕ ਹਿੱਸਾ ਇਸ ਵਿਚ ਸਰਗਰਮੀ ਨਾਲ ਹਿੱਸਾ ਲੈ ਰਿਹਾ ਸੀ ਅਤੇ ਬਾਕੀ ਦੇ ਇਨ੍ਹਾਂ ਕਰਤੂਤਾਂ ਵਿਰੁੱਧ ਨਾ ਬੋਲ ਕੇ ਇਨ੍ਹਾਂ ਦੇ ਭਾਗੀਦਾਰ ਬਣ ਰਹੇ ਸਨ।

ਅਮਰੀਕੀ ਜਮਹੂਰੀਅਤ ਖਿਲਾਫ ਇਸ ਪ੍ਰਚਾਰ ਮੁਹਿੰਮ ਦੇ ਨਾਲ ਨਾਲ ਟਰੰਪ ਨੇ ਆਉਣ ਵਾਲੇ ਬਾਇਡਨ ਪ੍ਰਸ਼ਾਸਨ ਲਈ ਅੰਤਰਕਾਲੀ ਤਬਦੀਲੀ ਪ੍ਰਕਿਰਿਆ ਨੂੰ ਰੋਕਣਾ ਜਾਰੀ ਰੱਖਿਆ। ਟਰੰਪ ਜਮਹੂਰੀਅਤ ਦੇ ਨਾਲ ਨਾਲ ਕੌਮੀ ਸੁਰੱਖਿਆ ਲਈ ਵੀ ਖਤਰਾ ਬਣਿਆ ਰਿਹਾ, ਲੁਭਾਊ ਲਹਿਰ ਦੇ ਇੱਕ ਹੋਰ ਲੱਛਣ ਦਾ ਪ੍ਰਦਰਸ਼ਨ ਕਰਦਾ ਹੋਇਆ ਕਿ ਇਹ ਭਾਵੇਂ ਵਿਸ਼ਵ ਦੀ ਥਾਂ ਕੌਮ ਨੂੰ ਤਰਜੀਹ ਦਿੰਦੀ ਹੈ, ਪਰ ਨਿੱਜੀ ਹਿੱਤਾਂ ਤੋਂ ਕੌਮ ਦੇ ਹਿੱਤ ਕੁਰਬਾਨ ਸਕਦੀ ਹੈ।

**ਵਿਆਪਕ ਚੋਣ ਫਰੇਬਾਂ ਬਾਰੇ ਟਰੰਪ ਦੇ ਦਾਅਵੇ ਕੂੜੇ ਨਿਕਲੇ:** ਪੱਤਰਕਾਰਾਂ ਵਲੋਂ ਤੱਥਾਂ ਦੀ ਛਾਣਬੀਣ ਅਤੇ ਅਦਾਲਤੀ ਜਾਂਚ-ਪੜਤਾਲ ਦੌਰਾਨ ਟਰੰਪ ਦੇ ਖੋਖਲੇ ਵਿਆਪਕ ਚੋਣ-ਫਰੇਬ ਦੋਸ਼ਾਂ ਦੀ ਇਕ ਇਕ ਕਰਕੇ ਫੂਕ ਨਿੱਕਲ ਗਈ। ਚੋਣ ਧੋਖਾਧੜੀ ਦਾ ਦੋਸ਼ ਲਾਉਣ ਵਾਲੇ ਮੁਕੱਦਮਿਆਂ ਵਿਚ ਟਰੰਪ ਦੇ ਸਮਰਥਕਾਂ ਨੇ ਅਦਾਲਤ ਵਿਚ ਉਹ ਦੱਸਿਆ, ਜੋ ਉਨ੍ਹਾਂ ਨੇ ਕਥਿਤ ਤੌਰ 'ਤੇ ਦੇਖਿਆ, ਸੁਣਿਆ ਤੇ ਸ਼ੱਕ ਕੀਤਾ ਸੀ। ਉਨ੍ਹਾਂ ਦੇ ਬਹੁਤ ਸਾਰੇ ਇਲਜ਼ਾਮ ਪੜਤਾਲ ਨਾਲ ਚਕਨਾ ਚੂਰ ਹੋ ਗਏ। 13 ਨਵੰਬਰ 2020 ਤੱਕ ਭਾਵ ਚੋਣਾਂ ਤੋਂ ਬਾਅਦ ਸਿਰਫ 10 ਦਿਨਾਂ ਦੇ ਅੰਦਰ ਹੀ ਟਰੰਪ ਤੇ ਉਹਦੀ ਚੋਣ-ਮੁਹਿੰਮ ਅਦਾਲਤਾਂ ਦੀ ਵਰਤੋਂ ਦੁਆਰਾ ਚੁਣੇ ਗਏ ਪ੍ਰਧਾਨ ਬਾਇਡਨ ਦੀ ਜਿੱਤ ਨੂੰ ਲੇਟ ਕਰਨ ਜਾਂ ਰੋਕਣ ਦੀਆਂ ਕੋਸ਼ਿਸ਼ਾਂ ਵਿਚ ਕਈ ਚੋਣ ਮੁਕੱਦਮੇ ਹਾਰ ਚੁੱਕੇ ਸਨ-ਪੈਨਸਿਲਵੇਨੀਆ, ਮਿਸ਼ੀਗਨ ਅਤੇ ਐਰੀਜ਼ੋਨਾ ਸੂਬਿਆਂ ਦੇ ਕੇਸਾਂ ਸਮੇਤ। ਮਿਸਾਲ ਵਜੋਂ, ਡਿਟਰਾਇਟ (ਮਿਸ਼ੀਗਨ) ਦੀ ਤਹਿਸੀਲ ਵੇਨ ਵਿਚ ਇੱਕ ਜੱਜ ਨੇ ਵੋਟਾਂ ਦੇ ਤਸਦੀਕੀਕਰਨ ਨੂੰ ਰੋਕਣ ਦੀ ਰਿਪਬਲੀਕਨ ਕੋਸ਼ਿਸ਼ ਨੂੰ ਰੱਦ ਕਰ ਦਿੱਤਾ।

13 ਨਵੰਬਰ ਨੇ ਇਹ ਖਬਰ ਵੀ ਲਿਆਂਦੀ ਕਿ ਅਮਰੀਕਾ ਦੇ ਸੰਘੀ ਅਤੇ ਰਾਜ ਦੇ ਚੋਣ ਅਧਿਕਾਰੀਆਂ ਦੇ ਗੱਠਜੋੜ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਪ੍ਰਧਾਨਗੀ ਚੋਣਾਂ ਦੌਰਾਨ ਵੋਟਾਂ ਵਿਚ ਅਦਲਾ-ਬਦਲੀ ਜਾਂ ਹੇਰਾ-ਫੇਰੀ ਕੀਤੀ ਗਈ ਸੀ। ਉਨ੍ਹਾਂ ਨੇ ਟਰੰਪ, ਉਸ ਦੀ ਮੁਹਿੰਮ ਅਤੇ ਉਨ੍ਹਾਂ ਦੇ ਬਹੁਤ ਸਾਰੇ ਸਮਰਥਕਾਂ ਦੁਆਰਾ ਕੀਤੇ ਗਏ 'ਵੱਡੇ ਪੱਧਰ 'ਤੇ ਧੋਖਾਧੜੀ' ਦੇ ਨਾਕਾਮ ਦਾਅਵਿਆਂ ਨੂੰ ਵੀ ਰੱਦ ਕਰ ਦਿੱਤਾ। ਚੋਣ ਧੋਖਾਧੜੀ ਦੇ ਬਹੁਤ ਸਾਰੇ ਚਕਾਚੌਂਧ ਦੋਸ਼, ਜੋ ਟਰੰਪ ਜਾਂ ਉਹਦੀ ਚੋਣ-ਮੁਹਿੰਮ ਜਨਤਕ ਤੌਰ 'ਤੇ ਲਾ ਰਹੀ ਸੀ, ਉਹ ਮੁਕੱਦਮਿਆਂ ਵਿਚ ਸ਼ਾਮਲ ਕਰਨ ਦੀ ਹਿੰਮਤ ਨਹੀਂ ਸਨ ਕਰ ਰਹੇ, ਕਿਉਂਕਿ ਉਹ ਇਤਨੇ ਅਜੀਬੋ-ਗਰੀਬ ਸਨ ਕਿ ਅਦਾਲਤ ਵਿਚ ਪੇਸ਼ ਕਰਨ ਯੋਗ ਨਹੀਂ ਸਨ। 23 ਨਵੰਬਰ 2020 ਨੂੰ ਪੈਨਸਿਲਵੇਨੀਆ ਸੁਪਰੀਮ ਕੋਰਟ ਨੇ ਟਰੰਪ ਦੀ ਮੁਹਿੰਮ ਦੁਆਰਾ ਦਾਇਰ ਕੀਤੇ ਪੰਜ ਮੁਕੱਦਮਿਆਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ ਦਾ ਉਦੇਸ਼ ਸੀ ਤਕਨੀਕੀ ਸਰੋਕਾਰਾਂ ਦੇ ਮੱਦੇਨਜ਼ਰ ਵੋਟਾਂ ਨੂੰ ਅਯੋਗ ਬਣਾਉਣਾ। ਦੂਸਰੇ ਸੂਬਿਆਂ ਵਿਚ ਵੀ ਟਰੰਪ ਦੇ ਮੁਕੱਦਮਿਆਂ ਐਸਾ ਹੀ ਹਸ਼ਰ ਹੋਇਆ।

ਮਿਸ਼ੀਗਨ ਸੂਬੇ ਵਲੋਂ 23 ਨਵੰਬਰ ਨੂੰ ਬਾਇਡਨ ਦੇ ਵਿਜੇਤਾ ਹੋਣ ਵੀ ਤਸਦੀਕ ਪਿਛੋਂ

*(ਬਾਕੀ ਅਗਲੇ ਸਫੇ 'ਤੇ)*



***ਚੱਲ ਰਹੇ ਕਰੋਨਾ ਸਿਹਤ ਸੰਕਟ ਨਾਲ ਨਜਿੱਠਣ ਦੀ ਥਾਂ ਟਰੰਪ ਚੋਣ ਨਤੀਜਿਆਂ ਅਤੇ ਇਨ੍ਹਾਂ ਨੂੰ ਉਲਟਾਉਣ ਦੀ ਮੁਹਿੰਮ 'ਤੇ ਹੀ ਕੇਂਦ੍ਰਤ ਰਿਹਾ। ਇਸ ਲਈ ਉਸ ਨੇ ਤੇ ਉਸ ਦੀ ਚੋਣ ਮੁਹਿੰਮ ਨੇ 'ਵਿਆਪਕ ਚੋਣ-ਫਰੇਬ' ਦਾ ਝੂਠ ਤੇ ਖੜਯੰਤਰ-ਮੱਤ ਫੈਲਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਫੇਸਬੁੱਕ 'ਤੇ ਵੀ ਚੋਟੀ ਦੀਆਂ ਖਬਰਾਂ ਵਿਚ ਰੂੜ੍ਹੀਵਾਦੀਆਂ ਵਲੋਂ ਚੋਣ 'ਬੇਨਿਯਮੀਆਂ' ਅਤੇ 'ਧੋਖਾਧੜੀ' ਦੇ ਦਾਅਵਿਆਂ ਦਾ ਦਬਦਬਾ ਸੀ, ਪਰ 'ਕਰੌਡ ਟੈਂਗਲ' ਦੇ ਅੰਕੜਿਆਂ (ਡੇਟਾ) ਵਿਚ ਇਨ੍ਹਾਂ ਦਾਅਵਿਆਂ ਦਾ ਸਮਰਥਨ ਕਰਦੇ ਕੋਈ ਸਬੂਤ ਨਹੀਂ ਸਨ।***

# ਕਰੋਨਾ ਮਾਰ ਦੇ ਹੇਠਾਂ: ਸੂਈ ਨੱਕੇ 'ਚੋਂ ਲੰਘੀ ਅਮਰੀਕੀ ਜਮਹੂਰੀਅਤ

*(ਪਿਛਲੇ ਸਫੇ ਦੀ ਬਾਕੀ)*

ਸਪਸ਼ਟ ਸੰਕੇਤਾਂ ਨੂੰ ਦੇਖਦਿਆਂ ਕਿ ਟਰੰਪ ਚੋਣਾਂ ਨਤੀਜਿਆਂ ਨੂੰ ਉਲਟਾਉਣ ਵਿਚ ਅਸਫਲ ਰਿਹਾ ਸੀ, ਜਨਰਲ ਸਰਵਿਸਜ਼ ਐਡਮਨਿਸਟਰੇਸ਼ਨ ਨੇ 24 ਨਵੰਬਰ ਨੂੰ ਚੁਣੇ ਪ੍ਰਧਾਨ ਜੋਅ ਬਾਇਡਨ ਨੂੰ ਰਸਮੀ ਤਬਦੀਲੀ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਅਧਿਕਾਰ ਦਿੱਤਾ। ਪ੍ਰਸ਼ਾਸਕ ਐਮਿਲੀ ਮਰਫੀ ਨੇ ਜੋਅ ਬਾਇਡਨ ਨੂੰ ਲਿਖੇ ਪੱਤਰ ਵਿਚ ਡੋਨਲਡ ਟਰੰਪ ਦੀ ਹਾਰ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਟਰੰਪ ਪ੍ਰਸ਼ਾਸਨ ਰਸਮੀ ਤਬਦੀਲੀ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਤਿਆਰ ਹੈ। ਫਿਰ ਵੀ ਟਰੰਪ ਨੇ ਚੋਣਾਂ ਨੂੰ ਉਲਟਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਅਤੇ ਵੱਖ-ਵੱਖ ਵਿਭਾਗਾਂ ਵਿਚ ਉਹਦੇ ਨਿਯੁਕਤ ਰਾਜਨੀਤਿਕ ਅਧਿਕਾਰੀ ਇਸ ਤਬਦੀਲੀ ਨੂੰ ਰੋਕਣ ਜਾਂ ਇਹਦੇ ਵਿਚ ਵਿਘਨ ਪਾਉਣ ਤੇ ਇਹਨੂੰ ਅਸਫਲ ਜਾਂ ਅਧੂਰੀ ਬਣਾਉਣ ਲਈ ਸਰਗਰਮ ਰਹੇ।

**ਟਰੰਪ ਦੀ ਆਪਣੀ ਸਰਕਾਰ ਚੋਣ ਧੋਖਾਧੜੀ ਬਾਰੇ ਕੀ ਕਹਿ ਰਹੀ ਸੀ:** ਦਰਜਨਾਂ ਰਾਜਾਂ ਵਿਚ ਦੋਹਾਂ ਰਾਜਨੀਤਿਕ ਪਾਰਟੀਆਂ ਦੀ ਨੁਮਾਇੰਦਗੀ ਕਰਨ ਵਾਲੇ ਚੋਣ ਅਧਿਕਾਰੀਆਂ ਨੇ ਵਾਰ ਵਾਰ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਿਆ ਕਿ ਪ੍ਰਧਾਨਗੀ ਚੋਣ ਨਤੀਜੇ ਵਿਚ ਭੂਮਿਕਾ ਨਿਭਾਉਣ ਯੋਗ ਵਿਆਪਕ ਧੋਖਾਧੜੀ ਜਾਂ ਹੋਰ ਬੇਨਿਯਮੀਆਂ ਹੋਈਆਂ। ਇਹ ਬਿਆਨ ਸਿੱਧਾ ਚੋਣਾਂ ਦੇ ਇਸ ਮੂਲ ਸ੍ਰੋਤ ਦੇ ਮੂੰਹੋਂ ਆਪਣੇ ਆਪ ਵਿਚ ਟਰੰਪ ਦੇ ਕੂੜੇ ਚੋਣ-ਫਰੇਬਾਂ ਦੇ ਮੂੰਹ 'ਤੇ ਕਰਾਰੀ ਚਪੇੜ ਸੀ। ਹੋਮਲੈਂਡ ਸਿਕਿਉਰਿਟੀ ਦੇ ਇੱਕ ਸੀਨੀਅਰ ਅਧਿਕਾਰੀ ਦੀ ਅਗਵਾਈ ਵਿਚ ਇੱਕ ਚੋਣ ਸੁਰੱਖਿਆ ਟੀਮ ਨੇ 12 ਨਵੰਬਰ ਨੂੰ ਇੱਕ ਪ੍ਰੈਸ ਬਿਆਨ ਵਿਚ ਜ਼ੋਰ ਦੇ ਕੇ ਕਿਹਾ, "2020 ਦੀਆਂ ਚੋਣਾਂ ਅਮਰੀਕੀ ਇਤਿਹਾਸ ਵਿਚ ਸਭ ਤੋਂ ਸੁਰੱਖਿਅਤ ਸਨ।" ਇਸ ਪ੍ਰੈਸ ਵਿਚ ਪ੍ਰਗਟ ਤੱਥ ਟਰੰਪ ਦੇ 'ਵਿਆਪਕ ਚੋਣ ਧੋਖਾਧੜੀ' ਦੇ ਝੂਠਾਂ ਨਾਲ ਟਕਰਾ ਗਏ। ਨਤੀਜੇ ਵਜੋਂ 18 ਨਵੰਬਰ ਨੂੰ ਟਰੰਪ ਨੇ ਸਾਈਬਰ ਸੁਰੱਖਿਆ ਤੇ ਬੁਨਿਆਦੀ ਸੁਰੱਖਿਆ ਏਜੰਸੀ ਦੇ ਡਾਇਰੈਕਟਰ ਕ੍ਰਿਸ ਕ੍ਰੇਬਜ਼ ਨੂੰ ਬਰਖਾਸਤ ਕਰ ਦਿੱਤਾ, ਇਸ ਪ੍ਰੈਸ ਰਿਲੀਜ਼ ਦੀ ਸਮਗਰੀ ਦਾ ਹਵਾਲਾ ਦਿੰਦਿਆਂ।

ਅਟਾਰਨੀ ਜਨਰਲ ਵਿਲੀਅਮ ਬਾਰ ਵ੍ਹਾਈਟ ਹਾਊਸ ਤੋਂ ਸੁਤੰਤਰ ਰਹਿਣ ਦੇ ਨਿਆਂ ਵਿਭਾਗ ਦੇ ਸਾਰੇ ਨਿਯਮਾਂ ਨੂੰ ਤੋੜਦਿਆਂ ਆਪਣੇ ਕਾਰਜਕਾਲ ਦੌਰਾਨ ਟਰੰਪ ਦਾ ਪਾਣੀ ਭਰਦਾ ਰਿਹਾ, ਜਿਵੇਂ ਉਹ ਟਰੰਪ ਦਾ ਨਿੱਜੀ ਵਕੀਲ ਹੋਵੇ। ਪਹਿਲੀ ਦਸੰਬਰ 2020 ਨੂੰ ਐਸੋਸੀਏਟਡ ਪ੍ਰੈਸ ਨਾਲ ਇੱਕ ਇੰਟਰਵਿਊ ਵਿਚ ਬਾਰ ਨੇ ਕਿਹਾ ਕਿ ਨਿਆਂ ਵਿਭਾਗ ਨੂੰ 'ਵਿਆਪਕ ਧੋਖਾਧੜੀ' ਦੇ ਦੋਸ਼ਾਂ ਦਾ ਸਮਰਥਨ ਕਰਦਿਆਂ ਕੋਈ ਸਬੂਤ ਨਹੀਂ ਮਿਲੇ, ਜੋ ਪ੍ਰਧਾਨਗੀ ਚੋਣਾਂ ਦੇ ਨਤੀਜੇ ਨੂੰ ਬਦਲ ਸਕਦੇ ਹੋਣ। ਉਸ ਨੇ ਮੰਨਿਆ ਕਿ ਜਸਟਿਸ ਵਿਭਾਗ ਅਤੇ ਹੋਮਲੈਂਡ ਸਿਕਿਉਰਿਟੀ ਵਿਭਾਗ-ਦੋਹਾਂ ਨੇ ਚੋਣ-ਧੋਖਾਧੜੀ ਦੇ ਦਾਅਵਿਆਂ 'ਤੇ ਪੜਤਾਲ ਕੀਤੀ ਹੈ, ਪਰ ਕੁਝ ਹੱਥ ਨਹੀਂ ਲੱਗਿਆ। ਬਾਰ ਦੇ ਬੋਲੇ ਤੱਥ ਟਰੰਪ ਦੇ 'ਚੋਣ ਧੋਖਾਧੜੀ' ਝੂਠਾਂ ਨਾਲ ਟਕਰਾ ਗਏ, ਤੇ ਬਾਰ ਨੂੰ ਵੀ ਆਪਣੀ ਨੌਕਰੀ ਤੋਂ ਹੱਥ ਧੋਣੇ ਪਏ।

**ਟਰੰਪ ਪ੍ਰਧਾਨਗੀ ਦੇ ਕੱਫਣ ਵਿਚ ਆਖਰੀ ਕਿੱਲ ਠੁਕੇ:** ਚੋਣ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਇਲੈਕਟੋਰਲ ਕਾਲਜ ਦੀ ਬੈਠਕ ਤੋਂ ਕੁਝ ਦਿਨ ਪਹਿਲਾਂ ਟਰੰਪ ਦੁਆਰਾ ਅਸਿੱਧੇ ਤੌਰ 'ਤੇ ਚੋਣ ਨਤੀਜਿਆਂ ਨੂੰ ਉਲਟਾਉਣ ਲਈ ਆਖਰੀ ਗੰਭੀਰ ਕਾਨੂੰਨੀ ਕੋਸ਼ਿਸ਼ ਵਜੋਂ ਟੈਕਸਸ ਸੂਬੇ ਨੇ ਯੂ. ਐਸ. ਸੁਪਰੀਮ ਕੋਰਟ ਨੂੰ ਕਿਹਾ ਕਿ ਉਹ ਜਾਰਜੀਆ, ਮਿਸ਼ੀਗਨ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਨੂੰ ਬਾਇਡਨ ਵਾਸਤੇ ਇਲੈਕਟੋਰਲ ਕਾਲਜ ਦੀਆਂ ਵੋਟਾਂ ਪਾਉਣ ਤੋਂ ਰੋਕੇ। ਇਸ ਬੇਤੁਕੇ ਲਾਅ ਸੂਟ ਵਿਚ, ਟੈਕਸਸ ਦੇ ਅਟਾਰਨੀ ਜਨਰਲ ਨੇ ਦਾਅਵਾ ਕੀਤਾ ਕਿ ਇਨ੍ਹਾਂ ਚਾਰ ਸੂਬਿਆਂ ਨੇ ਕਰੋਨਾਵਾਇਰਸ ਮਹਾਮਾਰੀ ਦਾ ਬਹਾਨਾ ਲਾਉਂਦਿਆਂ ਚੋਣ ਨਿਯਮਾਂ ਨੂੰ ਬਦਲ ਕੇ ਡਾਕ-ਵੋਟਿੰਗ ਦਾ ਜੋ ਬਹੁਤ ਵੱਡਾ ਵਿਸਥਾਰ ਕੀਤਾ, ਉਹ ਸੰਵਿਧਾਨ ਦੀ ਉਲੰਘਣਾ ਸੀ। ਇਕ ਇਤਿਹਾਸਕ, ਕਈ ਨਜ਼ਰੇ ਸ਼ਰਮਨਾਕ, ਹਰਕਤ ਵਿਚ ਕਾਂਗਰਸ ਦੇ 126 ਰਿਪਬਲੀਕਨ ਨੁਮਾਇੰਦਿਆਂ ਦੀ ਬਹੁ-ਗਿਣਤੀ ਨੇ ਉਸ ਮੁਕੱਦਮੇ ਦੀ ਹਮਾਇਤ ਵਿਚ ਸੁਪਰੀਮ ਕੋਰਟ ਨੂੰ ਭੇਜੇ ਇਕ ਐਮਿਕਸ ਸੰਖੇਪ (ਸਲਾਹਕਾਰੀ ਨੋਟ) 'ਤੇ ਦਸਤਖਤ ਕੀਤੇ। ਮੁਕੱਦਮਾ, ਇੱਕ ਜਾਅਲੀ ਦਾਅਵੇ 'ਤੇ ਅਧਾਰਤ, ਅਸਲ ਵਿਚ ਜੋਅ ਬਾਇਡਨ ਦੀ ਜਿੱਤ ਨੂੰ ਖਤਮ ਕਰਨ ਲਈ ਕਹਿ ਰਿਹਾ ਸੀ, ਉਸੇ ਚੋਣ ਵਿਚ ਜਿਸ ਨੇ ਉਨ੍ਹਾਂ ਨੂੰ ਵੀ ਜਿੱਤ ਬਖਸ਼ੀ ਸੀ। ਤਰਕ ਨੂੰ ਦੂਰੋਂ ਸਲਾਮ।

11 ਦਸੰਬਰ 2020 ਨੂੰ ਸੁਪਰੀਮ ਕੋਰਟ ਨੇ ਟਰੰਪ ਪ੍ਰਧਾਨਗੀ ਦੇ ਕੱਫਣ ਵਿਚ ਸਭ ਤੋਂ ਵੱਡਾ ਕਿੱਲ ਠੋਕ ਦਿੱਤਾ, ਇਨ੍ਹਾਂ 4 ਅਹਿਮ ਰਾਜਾਂ ਦੇ ਚੋਣ ਨਤੀਜਿਆਂ ਨੂੰ ਰੋਕਣ ਤੋਂ ਇਨਕਾਰ ਕਰਦਿਆਂ, ਜਿਸ ਦੀ ਮੁਕੱਦਮੇ ਵਿਚ ਮੰਗ ਕੀਤੀ ਗਈ ਸੀ। ਅਦਾਲਤ ਨੇ ਹੋਰ ਸਾਰੇ ਸਬੰਧਤ ਦਾਅਵਿਆਂ ਨੂੰ ਵੀ ਖਾਰਜ ਕਰ ਦਿੱਤਾ। ਬਹੁਤੇ ਰਿਪੋਰਟਰ ਅਤੇ ਚਿੰਤਕ ਇਸ ਗੱਲ ਨਾਲ ਸਹਿਮਤ ਨੇ ਕਿ ਟਰੰਪ ਵਲੋਂ ਚੋਣਾਂ ਉਲਟਾਉਣ ਦੀਆਂ ਕੋਸ਼ਿਸ਼ਾਂ ਵਿਚ ਬਹੁ ਗਿਣਤੀ ਰਿਪਬਲੀਕਨਾਂ ਦੀ ਸ਼ਮੂਲੀਅਤ ਨਾਲ ਅਮਰੀਕਾ ਦੇ ਇਤਿਹਾਸ ਵਿਚ ਬੇਮਿਸਾਲ ਸੀ।

ਅਮਰੀਕਾ ਦੀ ਪ੍ਰਧਾਨਗੀ ਚੋਣ ਪ੍ਰਕਿਰਿਆ ਦੇ ਇਕ ਹਿੱਸੇ ਵਜੋਂ, ਇਲੈਕਟੋਰਲ ਕਾਲਜ ਨੇ 14 ਦਸੰਬਰ ਵਾਲੀ ਮੀਟਿੰਗ ਵਿਚ ਜੋਅ ਬਾਇਡਨ ਦੀ ਡੋਨਾਲਡ ਟਰੰਪ ਉੱਤੇ ਫੈਸਲਾਕੁਨ ਜਿੱਤ ਦੀ ਪੁਸ਼ਟੀ ਕੀਤੀ। ਇਲੈਕਟੋਰਲ ਕਾਲਜ ਵਿਚ ਆਪਣੀ ਜਿੱਤ ਦੇ ਨਾਲ ਨਾਲ ਬਾਇਡਨ ਨੇ ਟਰੰਪ ਨੂੰ ਕੁੱਲ ਲੋਕ-ਵੋਟਾਂ ਵਿਚ ਵੀ 70 ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ। ਉਸ ਦਿਨ ਸ਼ਾਮ ਦੇ ਆਪਣੇ ਭਾਸ਼ਣ ਦੌਰਾਨ ਬਾਇਡਨ ਨੇ 81 ਮਿਲੀਅਨ ਲੋਕ-ਵੋਟਾਂ ਦੇ ਰਿਕਾਰਡ ਨੂੰ ਦਰਸਾਉਂਦਿਆਂ ਕਿਹਾ, "ਇੱਕ ਵਾਰ ਫਿਰ ਅਮਰੀਕਾ ਵਿਚ, ਕਾਨੂੰਨ ਦੇ ਰਾਜ, ਸਾਡੇ ਸੰਵਿਧਾਨ ਅਤੇ ਲੋਕਾਂ ਦੀ ਇੱਛਾ ਦੀ ਜਿੱਤ ਹੋਈ ਹੈ। ਧੱਕੀ, ਧਮਕਾਈ, ਪਰਖ 'ਚ ਪਾਈ ਸਾਡੀ ਜਮਹੂਰੀਅਤ ਲਚਕੀਲੀ, ਸੱਚੀ, ਤੇ ਮਜ਼ਬੂਤ ਸਾਬਤ ਹੋਈ ਹੈ।"

ਇਹ ਕੈਸੀ ਸਹਿਜ-ਘਟਨਾ ਸੀ, ਉਸੇ ਦਿਨ ਹੀ ਕੋਵਿਡ ਵੈਕਸੀਨ ਦੇ ਟੀਕੇ ਅਮਰੀਕਾ ਦੀ ਬਾਹਾਂ ਵਿਚ ਲੱਗਣੇ ਸ਼ੁਰੂ ਹੋਏ! ਟੀਕੇ ਲੱਗਣ ਦੀ ਪਹਿਲੀ ਕਤਾਰ ਵਿਚ ਆਉਂਦੇ, ਦੇਸ਼ ਭਰ ਦੇ 'ਸਿਹਤ ਦੇਖਭਾਲ' ਕਰਮਚਾਰੀਆਂ ਨੇ ਸ਼ਾਟ ਲੈਣ ਲਈ ਬਾਂਹਾਂ ਉਪਰਲੇ ਸਲੀਵ ਉਤਾਂਹ ਨੂੰ ਚੁੱਕੇ। ਆਖਰਕਾਰ, ਹੌਲੀ ਹੌਲੀ ਪਰ ਨਿਸ਼ਚਿਤ ਤੌਰ ਤੇ, ਅਮਰੀਕਾ ਦੀ ਤੰਦਰੁਸਤੀ ਵਾਪਸ ਆ ਰਹੀ ਸੀ, ਵਾਇਰਸ ਤੇ ਰਾਜਨੀਤਿਕ-ਦੋਵੇਂ ਮੋਰਚਿਆਂ 'ਤੇ। ਇਸ ਤਰ੍ਹਾਂ ਸੋਮਵਾਰ, 14 ਦਸੰਬਰ 2020 ਅਮਰੀਕੀ ਇਤਿਹਾਸ ਦਾ ਇੱਕ ਖਾਸ ਦਿਨ ਬਣ ਗਿਆ। ਵਿਗਿਆਨ, ਤਰਕ, ਮਾਨਵਵਾਦ ਅਤੇ ਉਨ੍ਹਾਂ ਦੀ ਜਾਈ ਜਮਹੂਰੀਅਤ ਜਿੱਤ ਹੋਈ ਅਤੇ ਅਮਰੀਕਾ ਦੀ 'ਤੰਦਰੁਸਤੀ ਵਾਪਸ ਆ ਰਹੀ ਹੈ' ਦਾ ਸੰਦੇਸ਼ ਦੇਸ਼ ਭਰ ਵਿਚ ਫੈਲ ਗਿਆ।

ਟਰੰਪ ਦੀ ਅਗਵਾਈ ਹੇਠ ਲੁਭਾਊ ਲਹਿਰ ਦੇ ਜਮਹੂਰੀਅਤ ਉੱਤੇ ਹਮਲੇ ਅਜੇ ਖਤਮ ਨਹੀਂ ਹੋਏ ਸਨ। ਲੁਭਾਊ ਲਹਿਰ ਦੇ ਇਹ ਹੋਰ ਲੱਛਣ ਦਾ ਪ੍ਰਦਰਸ਼ਨ ਕਰਨਾ ਅਜੇ ਬਾਕੀ ਸੀ: ਹਮਲਾਵਰ ਢੰਗ ਨਾਲ ਪ੍ਰਬੋਧਨ ਦੇ ਆਦਰਸ਼ਾਂ ਦਾ ਤੇ ਉਨ੍ਹਾਂ ਦੀ ਜਾਈ ਜਮਹੂਰੀਅਤ ਦਾ ਖੰਡਨ।

**ਅਮਰੀਕੀ ਜਮਹੂਰੀਅਤ 'ਤੇ ਟਰੰਪ ਦਾ ਬੇਹਿਤਾਸ਼ਾ ਹਮਲਾ:** 14 ਦਸੰਬਰ ਨੂੰ ਇਲੈਕਟੋਰਲ ਕਾਲਜ ਦੁਆਰਾ ਜੋਅ ਬਾਇਡਨ ਦੀ ਜਿੱਤ ਦੀ ਪੁਸ਼ਟੀ ਹੋਣ ਤੋਂ ਬਾਅਦ, ਪਹਿਲਾਂ ਹੀ ਯੂ. ਐਸ. ਸੁਪਰੀਮ ਕੋਰਟ ਵਿਚ ਕੇਸ ਹਾਰ ਚੁੱਕੇ ਟਰੰਪ ਨੇ ਆਪਣੀ ਚੋਣ-ਹਾਰ ਨੂੰ ਉਲਟਾਉਣ ਲਈ ਆਪਣੀ ਅਗਲੀ ਚਾਲ ਦੇਸ਼ ਦੇ ਕੈਲੰਡਰ ਉੱਤੇ ਪਾ ਕੇ, 19 ਦਸੰਬਰ ਨੂੰ ਆਪਣੇ ਟਵੀਟ ਰਾਹੀਂ ਇਸ ਦਾ ਦੁਨੀਆਂ ਦੇ ਸਾਹਮਣੇ ਐਲਾਨ ਕੀਤਾ, "ਵੱਡਾ ਰੋਸ (Protest) 6 ਜਨਵਰੀ ਨੂੰ ਡੀ. ਸੀ. ਵਿਚ। ਉਥੇ ਜਾਓ, ਇਹ ਬੜਾ ਖਰੂਦੀ (Wild) ਹੋਏਗਾ!" ਉਸ ਦਿਨ ਨੂੰ ਹੱਲਾਸ਼ੇਰੀ ਦੇਣ ਵਾਲੇ ਉਸ ਦੇ ਕਈ ਟਵੀਟ ਆਏ। ਟਰੰਪ ਦੇ ਕਹਿਣ 'ਤੇ, ਜਦੋਂ ਉਹਦੇ ਸਮਰਥਕ ਵਾਸ਼ਿੰਗਟਨ ਵਿਚ ਆਣ ਪ੍ਰਗਟ ਹੋਏ, ਤਾਂ ਉਹ ਵੀ ਉਨ੍ਹਾਂ ਲਈ ਉੱਥੇ ਸੀ। ਬੁੱਧਵਾਰ, 6 ਜਨਵਰੀ ਨੂੰ ਸਵੇਰੇ ਵ੍ਹਾਈਟ ਹਾਊਸ ਦੇ ਨਜ਼ਦੀਕ ਕੀਤੀ ਗਈ 'ਖਰੂਦੀ' ਰੈਲੀ ਵਿਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਉਨ੍ਹਾਂ ਨੂੰ 'ਕੈਪੀਟਲ ਹਿੱਲ' ਨੂੰ ਜਾਣ ਦਾ ਨਿਰਦੇਸ਼ ਦਿੱਤਾ, "...ਅਤੇ ਇਸ ਤੋਂ ਬਾਅਦ, ਅਸੀਂ ਤੁਰਨ ਜਾ ਰਹੇ ਹਾਂ। ਮੈਂ ਤੁਹਾਡੇ ਨਾਲ ਤੁਰਾਂਗਾ, ਅਸੀਂ ਜਾਵਾਂਗੇ...ਰਾਜਧਾਨੀ ਨੂੰ।" ਅਤੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਉਥੇ ਜਾ ਕੇ ਕੀ ਕਰਨਾ ਹੈ, "...ਕਿਉਂਕਿ ਤੁਸੀਂ ਕਦੇ ਵੀ ਕਮਜ਼ੋਰੀ ਨਾਲ ਆਪਣੇ ਦੇਸ਼ ਨੂੰ ਵਾਪਸ ਨਹੀਂ ਲੈ ਸਕਦੇ। ਇਸ ਲਈ ਤੁਹਾਨੂੰ ਤਾਕਤ ਦਿਖਾਉਣੀ ਪਵੇਗੀ ਅਤੇ ਤੁਹਾਨੂੰ ਤਾਕਤਵਰ ਹੋਣਾ ਪਵੇਗਾ।" ਫਿਰ ਟਰੰਪ ਨੇ ਭੀੜ ਨੂੰ ਭੜਕਾਉਂਦੇ ਹੋਏ ਚੋਣ-ਝੂਠ ਦੁਹਰਾਉਂਦਿਆਂ ਨਾਲ ਕਿਹਾ ਕਿ ਚੋਣ ਵਿਚ 'ਕੱਟੜਪੰਥੀ ਡੈਮੋਕਰੈਟਾਂ' ਅਤੇ 'ਜਾਅਲੀ ਮੀਡੀਆ' ਨੇ 'ਧਾਂਦਲੀ' ਮਚਾਈ ਸੀ। ਉਸ ਨੇ ਉਨ੍ਹਾਂ ਨੂੰ ਕਿਹਾ, "ਨਰਕ ਵਾਂਗ ਲੜੋ (Fight like hell)"

ਟਰੰਪ ਦੇ ਬੋਲਣ ਤੋਂ ਪਹਿਲਾਂ ਉਸ ਦੇ ਵਕੀਲ ਰੂਡੀ ਜੂਲਿਆਨੀ ਨੇ "ਬਾਜ਼ੂਆਂ ਦੇ ਜ਼ੋਰ ਮੁੱਕਦਮਾ ਲੜਨ" ਲਈ ਭੀੜ ਨੂੰ ਉਕਸਾਇਆ ਅਤੇ ਟਰੰਪ ਦੇ ਛੋਕਰੇ ਡੋਨਾਲਡ ਟਰੰਪ ਜੂਨੀਅਰ ਨੇ ਟਰੰਪ ਦੇ ਵਿਰੋਧੀਆਂ ਨੂੰ ਧਮਕੀ ਦਿੱਤੀ, "ਅਸੀਂ ਤੁਹਾਡੇ ਲਈ ਆ ਰਹੇ ਹਾਂ।" ਰੈਲੀ ਵਿਚ ਸਮਰਥਕਾਂ ਨੂੰ ਇਹ ਦੱਸਣ ਤੋਂ ਬਾਅਦ ਕਿ ਉਹ ਉਨ੍ਹਾਂ ਦੇ ਨਾਲ ਚੱਲੇਗਾ, ਟਰੰਪ ਵ੍ਹਾਈਟ ਹਾਊਸ ਨੂੰ ਚਲੇ ਗਿਆ ਅਤੇ ਆਪਣੇ ਸਮਰਥਕਾਂ ਦੁਆਰਾ ਰਾਜਧਾਨੀ ਵਿਖੇ ਹਿੰਸਕ ਰਾਜਪਲਟੇ ਦੀ ਕੋਸ਼ਿਸ਼ ਨੂੰ ਵਾਪਰਦਿਆਂ ਉਸ ਟੀ. ਵੀ. 'ਤੇ ਦੇਖਿਆ। ਰੈਲੀ ਵਿਚ ਭੜਕਾਈ ਹੋਈ ਭੀੜ ਨੇ ਕੈਪੀਟਲ ਹਿੱਲ ਵੱਲ ਕੂਚ ਕੀਤਾ, ਜਿਥੇ ਕਾਂਗਰਸ ਇਕ ਸੰਯੁਕਤ ਸੈਸ਼ਨ ਵਿਚ ਜੁੜੀ ਹੋਈ ਸੀ। ਉਪ ਪ੍ਰਧਾਨ ਮਾਈਕ ਪੈਂਸ ਅਤੇ ਹਾਊਸ ਸਪੀਕਰ ਨੈਨਸੀ ਪਲੋਸੀ ਦੀ ਪ੍ਰਧਾਨਗੀ ਹੇਠ, ਚੋਣ ਜੇਤੂ ਜੋਅ ਬਾਇਡਨ ਨੂੰ ਅਮਰੀਕਾ ਦੇ 46ਵੇਂ ਪ੍ਰਧਾਨ ਵਜੋਂ ਤਸਦੀਕ ਕਰਨ ਲਈ। ਭੀੜ ਉਥੇ ਸੀ ਕਾਂਗਰਸ ਨੂੰ ਮਜਬੂਰ ਕਰਨ ਲਈ ਕਿ ਉਹ ਬਾਇਡਨ ਦੀ ਕਾਨੂੰਨੀ ਤੇ ਜਮਹੂਰੀ ਜਿੱਤ ਨੂੰ ਰੱਦ ਕਰੇ।

ਇਸ ਭੀੜ ਵਿਚੋਂ ਉੱਠਿਆ ਹੁੱਲੜਬਾਜ਼ ਗਿਰੋਹ ਕੈਪੀਟਲ ਦੇ ਪੂਰਬ ਵਾਲੇ ਪਾਸੇ ਦੀਆਂ ਪੌੜੀਆਂ 'ਤੇ ਬੈਰੀਕੇਡਾਂ ਨੂੰ ਤੋੜਦਾ ਉੱਪਰ ਚੜ੍ਹ ਗਿਆ, ਬਾਅਦ ਦੁਪਹਿਰ 2:15 ਵਜੇ, ਪੂਰਬੀ ਸਮੇਂ ਦੇ ਹਿਸਾਬ ਨਾਲ। ਫਿਰ, ਦੰਗੇਬਾਜ, ਜਿਨ੍ਹਾਂ ਵਿਚੋਂ ਕਈ ਸ਼ਸਤਰੀ ਵਰਦੀਆਂ ਵਿਚ ਸਨ, ਖਿੜਕੀਆਂ ਤੇ ਦਰਵਾਜੇ ਤੋੜਦੇ ਹੋਏ ਕੈਪੀਟਲ ਇਮਾਰਤ ਵਿਚ ਦਾਖਲ ਹੋ ਗਏ ਅਤੇ ਕਈ ਘੰਟਿਆਂ ਤਕ ਇਮਾਰਤ ਦੇ ਕੁਝ ਹਿੱਸਿਆਂ 'ਤੇ ਕਬਜ਼ਾ ਕਰ ਕੇ ਤੋੜ-ਭੰਨ ਤੇ ਲੁੱਟਮਾਰ ਕੀਤੀ। ਉਹ ਹੇਕਾਂ ਲਾ ਤੇ ਚਾਂਗਰਾਂ ਮਾਰ ਰਹੇ ਸਨ ਉਸ ਝੂਠ ਤੂਫਾਨ ਦੀਆਂ, ਜੋ ਟਰੰਪ ਅਤੇ ਉਸ ਦੀ ਮੁਹਿੰਮ ਨੇ ਲੰਬੇ ਸਮੇਂ ਤੋਂ ਉਨ੍ਹਾਂ ਦੇ ਸਿਰਾਂ ਵਿਚ ਕੁੱਟ ਕੁੱਟ ਕੇ ਭਰਿਆ ਸੀ, ਜਿਵੇਂ ਟਰੰਪ ਚੋਣ ਦਾ ਅਸਲ ਵਿਜੇਤਾ ਸੀ। ਦੰਗੇਬਾਜ ਦਰ-ਬ-ਦਰ ਗਏ, ਕਾਲੇ ਅਮਰੀਕੀਆਂ ਦੀ ਗੁਲਾਮੀ ਦੇ ਪ੍ਰਤੀਕ ਕਨਫੈਡਰੇਟ ਝੰਡੇ ਲਹਿਰਾਉਂਦੇ ਹੋਏ ਅਤੇ ਸੈਨੇਟਰਾਂ ਤੇ ਨੈਨੀ ਪਲੋਸੀ ਸਮੇਤ ਸੰਸਦ ਮੈਂਬਰਾਂ ਦੇ ਦਫਤਰਾਂ ਨੂੰ ਲੁੱਟਿਆ।

ਟਰੰਪ ਪਿਛਲੇ ਕਈ ਦਿਨ ਤੋਂ ਉਪ ਪ੍ਰਧਾਨ ਮਾਈਕ ਪੈਂਸ ਉੱਤੇ ਦਬਾਅ ਪਾ ਰਿਹਾ ਸੀ ਜਨਤਕ ਤੌਰ 'ਤੇ ਇਹ ਸੁਝਾਅ ਦੇ ਕੇ ਕਿ ਉਸ ਵਲੋਂ ਬਾਇਡਨ ਦੀ ਜਿੱਤ ਨੂੰ ਰੱਦ ਕਰ ਦੇਣਾ ਚਾਹੀਦਾ ਹੈ, ਇਸ ਤੱਥ ਦੇ ਮੱਦੇਨਜ਼ਰ ਵੀ ਕਿ ਪੈਂਸ ਕੋਲ ਇਹ ਕੰਮ ਕਰਨ ਲਈ ਕੋਈ ਸੰਵਿਧਾਨਕ ਸ਼ਕਤੀ ਨਹੀਂ ਸੀ। ਇਸ ਲਈ ਜਦੋਂ ਟੀ. ਵੀ. ਦੇਖਦੇ ਟਰੰਪ ਨੇ 2:24 ਵਜੇ ਟਵੀਟ ਕੀਤਾ ਕਿ ਪੈਂਸ ਵਿਚ "ਉਹ ਕਰਨ ਦੀ ਹਿੰਮਤ ਨਹੀਂ ਸੀ ਜੋ ਕਰਨਾ ਚਾਹੀਦਾ ਸੀ", ਤਾਂ ਟਰੰਪ ਦੇ ਪੈਰੋਕਾਰਾਂ ਨੇ ਅੱਤ ਸੱਜ-ਪਿਛਾਕੜ ਸੋਸ਼ਲ ਮੀਡੀਆ ਉੱਪਰ ਪੈਂਸ ਦਾ ਸ਼ਿਕਾਰ ਕਰਨ ਦੇ ਸੱਦੇ ਦੇਣੇ ਸ਼ੁਰੂ ਕੀਤੇ। ਰਾਜਧਾਨੀ ਅੰਦਰ ਘੁੰਮ ਰਹੇ ਦੰਗੇਕਾਰ ਇਹ ਕਹਿਣ ਲੱਗੇ, "ਪੈਂਸ ਕਿੱਥੇ ਹੈ?" ਅਤੇ "ਮਾਈਕ ਪੈਂਸ ਨੂੰ ਲੱਭੋ!" ਬਾਹਰ, ਭੀੜ ਜੈਕਾਰੇ ਮਾਰਨ ਲੱਗੀ, "ਮਾਈਕ ਪੈਂਸ ਨੂੰ ਫਾਹੇ ਲਾਓ!"

ਸਦਨ ਦੀ ਸਪੀਕਰ ਨੈਨਸੀ ਪਲੋਸੀ ਅਤੇ ਸੈਨੇਟ ਘੱਟਗਿਣਤੀ ਦੇ ਨੇਤਾ ਚੱਕ ਸ਼ੂਮਰ ਨੇ ਸ਼ਾਮ 3:50 ਵਜੇ ਦੇ ਲਗਭਗ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਟਰੰਪ ਨੂੰ ਕਿਹਾ, "ਮੰਗ ਕਰੋ ਕਿ ਸਾਰੇ ਪ੍ਰਦਰਸ਼ਨਕਾਰੀ ਯੂ.ਐਸ. ਕੈਪੀਟਲ ਅਤੇ ਕੈਪੀਟਲ ਥਾਂ ਨੂੰ ਤੁਰੰਤ ਛੱਡਣ।" ਸ਼ਾਮ 4:06 ਵਜੇ ਚੁਣੇ ਗਏ ਪ੍ਰਧਾਨ ਬਾਇਡਨ ਨੇ ਦੰਗੀਆਂ ਨੂੰ ਜਮਹੂਰੀਅਤ ਉੱਤੇ 'ਬੇਮਿਸਾਲ ਹਮਲਾ' ਕਰਾਰ ਦਿੱਤਾ ਅਤੇ ਉਨ੍ਹਾਂ 'ਤੇ 'ਬਗਾਵਤ' ਦਾ ਲੇਬਲ ਲਾਉਂਦਿਆਂ ਰਾਸ਼ਟਰੀ ਟੈਲੀਵਿਜ਼ਨ ਉੱਤੇ ਜਾ ਕੇ ਟਰੰਪ ਨੂੰ 'ਇਸ ਘੇਰਾਬੰਦੀ ਨੂੰ ਖਤਮ' ਕਰਵਾਉਣ ਦੀ ਅਪੀਲ ਕੀਤੀ। ਇਸ ਅਤੇ ਵ੍ਹਾਈਟ ਹਾਊਸ ਦੇ ਅੰਦਰੂਨੀ ਦੇ ਦਬਾਅ ਨਾਲ, ਟਰੰਪ ਨੇ ਦੰਗਿਆਂ ਨੂੰ ਸਥਿਤੀ ਦੀ ਗੰਭੀਰ ਨੂੰ ਘਟਾਉਂਦੇ ਹੋਇਆ ਇੱਕ ਵੀਡੀਓ ਟਵੀਟ ਕੀਤਾ, ਜਿਸ ਵਿਚ ਉਹਨੇ ਨੇ ਚੋਣ ਧੋਖਾਧੜੀ ਦੇ ਦਾਅਵਿਆਂ ਨੂੰ ਦੁਹਰਾਉਂਦਿਆਂ ਆਪਣੇ ਪੈਰੋਕਾਰਾਂ ਦੀ ਪ੍ਰਸ਼ੰਸਾ ਕੀਤੀ, "ਇਹ ਇੱਕ ਧੋਖਾਧੜੀ ਚੋਣ ਸੀ, ਪਰ ਅਸੀਂ ਇਨ੍ਹਾਂ ਲੋਕਾਂ ਦੇ ਹੱਥ ਨਹੀਂ ਖੇਡ ਸਕਦੇ। ਅਸੀਂ ਸ਼ਾਂਤੀ ਲੈਣੀ ਹੈ। ਸੋ, ਘਰ ਜਾਓ। ਅਸੀਂ ਤੁਹਾਨੂੰ ਪਿਆਰ ਕਰਦੇ ਹਾਂ। ਤੁਸੀਂ ਬਹੁਤ ਖਾਸ ਹੋ।" ਉਸ ਨੇ ਉਨ੍ਹਾਂ ਨਾਲ ਹਮਦਰਦੀ ਵੀ ਪ੍ਰਗਟ ਕੀਤੀ, "ਮੈਂ ਤੁਹਾਡੇ ਦਰਦ ਨੂੰ ਜਾਣਦਾ ਹਾਂ। ਮੈਨੂੰ ਪਤਾ ਹੈ ਕਿ ਤੁਸੀਂ ਪੀੜਿਤ ਹੋ। ਸਾਡੀ ਇੱਕ ਚੋਣ ਹੋਈ ਸੀ, ਜੋ ਸਾਡੇ ਤੋਂ ਚੁਰਾ ਲਈ ਗਈ ਸੀ।" ਉਸ ਨੇ ਵਾਪਰੀ ਹਿੰਸਾ ਦੀ ਕੋਈ ਨਿੰਦਾ ਨਹੀਂ ਕੀਤੀ।


ਇਨ੍ਹਾਂ ਦੰਗਿਆਂ ਦੌਰਾਨ ਪਾਈਪ ਬੰਬ ਹੋਣ ਦੇ ਸ਼ੱਕ ਵਾਲੇ ਦੋ ਯੰਤਰ ਲੱਭੇ ਗਏ, ਇੱਕ ਰਿਪਬਲੀਕਨ ਨੈਸ਼ਨਲ ਕਮੇਟੀ ਦੇ ਦਫਤਰ ਨੇੜਿਓਂ ਅਤੇ ਦੂਜਾ ਡੈਮੋਕਰੈਟਿਕ ਨੈਸ਼ਨਲ ਕਮੇਟੀ ਦੇ ਹੈੱਡਕੁਆਰਟਰ ਵਿਖੇ ਇੱਕ ਝਾੜੀ ਦੇ ਹੇਠੋਂ। ਟਰੰਪ ਦੀ ਆਪਣੀ ਹੀ ਰਿਪਬਲੀਕਨ ਪਾਰਟੀ ਕਾਂਗਰਸ ਮੈਂਬਰ ਲਿਜ਼ ਚੇਨੀ ਦੇ ਸ਼ਬਦਾਂ ਵਿਚ, "ਅਮਰੀਕਾ ਦੇ ਪ੍ਰਧਾਨ ਨੇ ਇਸ ਉਪਦ੍ਰਵੀ ਭੀੜ ਨੂੰ ਬੁਲਾਇਆ, ਇਕੱਠਿਆਂ ਕੀਤਾ ਅਤੇ ਭੀੜ ਵਿਚ ਇਸ ਹਮਲੇ ਦੀ ਲਾਟ ਬਾਲੀ। ਉਸ ਪਿਛੋਂ ਜੋ ਵੀ ਹੋਇਆ, ਉਹ ਉਸ ਦਾ ਕਰਨਾ ਸੀ। ਪ੍ਰਧਾਨ ਤੋਂ ਬਗੈਰ ਇਹ ਸਭ ਕੁਝ ਨਹੀਂ ਹੋਣਾ ਸੀ...ਅਮਰੀਕਾ ਦੇ ਕਿਸੇ ਵੀ ਪ੍ਰਧਾਨ ਵਲੋਂ ਪ੍ਰਧਾਨਗੀ ਦੇ ਦਫਤਰ ਅਤੇ ਸੰਵਿਧਾਨ ਪ੍ਰਤੀ ਚੁੱਕ ਸਹੁੰ ਨਾਲ ਇਸ ਤੋਂ ਵੱਡਾ ਧੋਖਾ ਕਦੇ ਨਹੀਂ ਹੋਇਆ।"

ਇਸ ਸਭ ਲਈ, ਅਮਰੀਕੀ ਰਾਜਧਾਨੀ 'ਤੇ ਹਮਲੇ ਦੇ ਇਕ ਹਫਤੇ ਬਾਅਦ ਹੀ, ਅਮਰੀਕੀ ਕਾਂਗਰਸ ਦੇ ਸੰਸਦ ਨੇ 13 ਜਨਵਰੀ ਨੂੰ ਡੋਨਾਲਡ ਟਰੰਪ ਨੂੰ ਦੂਜੀ ਵਾਰ ਮਹਾਂਦੋਸ਼ੀ ਐਲਾਨ ਕੇ ਅਮਰੀਕਾ ਦਾ ਪਹਿਲਾ ਪ੍ਰਧਾਨ ਬਣਾ ਦਿੱਤਾ, ਜੋ ਇਕ ਤੋਂ ਵੱਧ ਵਾਰ ਮਹਾਂਦੋਸ਼ੀ ਹੋਇਆ ਹੋਵੇ।

ਸਿੱਟੇ: 2020 ਦੀਆਂ ਅਮਰੀਕੀ ਚੋਣਾਂ ਅਤੇ ਕੋਵਿਡ-19 ਸੰਕਟ ਇੱਕ ਦੂਜੇ ਨਾਲ ਅਟੁੱਟ ਤਰ੍ਹਾਂ ਜੁੜੇ ਹੋਏ ਸਨ। ਸੁਚੇਤ ਜਾਂ ਅਚੇਤ ਤੌਰ 'ਤੇ ਦੋਵੇਂ ਹੀ ਪ੍ਰਬੋਧਨ (Enlightenment) ਅਤੇ ਉਲਟ-ਪ੍ਰਬੋਧਨ ਸ਼ਕਤੀਆਂ ਵਿਚਕਾਰ ਲੜਾਈ ਦਾ ਮੈਦਾਨ ਬਣ ਗਏ। ਚੋਣਾਂ ਤੇ ਕੋਵਿਡ-19 ਸੰਕਟ ਦੇ ਗੱਠਜੋੜ ਨੇ ਟਰੰਪ ਦੀ ਅਗਵਾਈ ਹੇਠ ਲੁਭਾਊ (Populist) ਲਹਿਰ ਦੀਆਂ ਉਲਟ ਪ੍ਰਬੋਧਨ ਵਿਸ਼ੇਸ਼ਤਾਵਾਂ ਨੂੰ ਕ੍ਰਿਸਟਲਾਈਜ਼ ਕਰ ਕੇ ਧੁੱਪ ਵਾਂਗ ਨੰਗਿਆਂ ਕਰ ਦਿੱਤਾ: ਤਰਕ-ਵਿਰੋਧੀ, ਵਿਗਿਆਨ-ਵਿਰੋਧੀ ਤੇ ਮਾਨਵਵਾਦ-ਵਿਰੋਧੀ; ਜਦ ਕਿ ਤਰਕ, ਵਿਗਿਆਨ ਤੇ ਮਾਨਵਵਾਦ ਪ੍ਰਬੋਧਨ ਲਹਿਰ ਦੇ ਮੁੱਖ ਆਦਰਸ਼ ਸਨ।

ਜਿਵੇਂ ਸਟੀਵਨ ਪਿੰਕਰ ਨੇ ਆਪਣੀ ਪੁਸਤਕ 'ਇਨਲਾਈਟਨਮੈਂਟ ਨਾਓ' ਵਿਚ ਦਰਸਾਇਆ ਹੈ, ਲੁਭਾਊ ਲਹਿਰ ਜਿਸ ਅੱਖੜਤਾ ਤੇ ਹਮਲਾਵਰ ਢੰਗ ਨਾਲ ਪ੍ਰਬੋਧਨ ਦੇ ਆਦਰਸ਼ਾਂ ਦਾ ਖੰਡਨ ਤੇ ਉਨ੍ਹਾਂ ਨੂੰ ਭੰਗ ਕਰਦੀ ਹੈ, ਉਸ ਤੋਂ ਕਿਤੇ ਘੱਟ ਜੋਸ਼ ਤੇ ਜ਼ੋਰ ਨਾਲ ਪ੍ਰਬੋਧਨ ਸ਼ਕਤੀਆਂ ਉਨ੍ਹਾਂ ਆਦਰਸ਼ਾਂ ਦੀ ਰਾਖੀ ਕਰਦੀਆਂ ਨੇ। ਇਸ ਤੱਥ ਨੂੰ ਇਸ ਸੱਚਾਈ ਨਾਲ ਮਿਲਾ ਲਵੋ ਕਿ ਵ੍ਹਾਈਟ ਹਾਊਸ ਤੇ ਯੂ. ਐਸ. ਸੈਨੇਟ ਉੱਤੇ ਕੰਟਰੋਲ ਰੱਖਣ ਕਾਰਨ ਲੁਭਾਊ ਲਹਿਰ ਕੋਲ ਅਮਰੀਕੀ ਸਰਕਾਰ ਦੀ ਤਾਕਤ ਸੀ, ਜੋ ਉਸਵਨੇ ਬੇਸ਼ਰਮੀ ਤੇ ਬੇਮਿਸਾਲ ਢੰਗ ਨਾਲ ਝੂਠ ਅਤੇ ਖੜਯੰਤਰੀ ਕੂੜ-ਕਵਾੜ ਫੈਲਾਉਣ ਲਈ ਵਰਤੀ; ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੋਵਿਡ-19 ਸੰਕਟ ਤੋਂ ਬਿਨਾ ਟਰੰਪ ਦੀ ਚੋਣ-ਜਿੱਤ ਸੰਭਾਵਨਾ ਬਹੁਤ ਜ਼ਿਆਦਾ ਸੀ। ਟਰੰਪ ਦੀ ਹਾਰ ਤੋਂ ਬਾਅਦ ਟਰੰਪ, ਉਸ ਦੇ ਪੈਰੋਕਾਰਾਂ ਅਤੇ ਯੂ. ਐਸ. ਕਾਂਗਰਸ ਦੇ ਰਿਪਬਲੀਕਨ ਮੈਂਬਰਾਂ ਦੀਆਂ ਕਰਤੂਤਾਂ ਨੇ ਲੁਭਾਊ ਲਹਿਰ ਦੇ ਘੋਰ ਜਮਹੂਰੀਅਤ ਵਿਰੋਧੀ ਸੁਭਾਅ ਦਾ ਪਰਦਾਫਾਸ਼ ਕਰ ਦਿੱਤਾ। ਇਸ ਦਾ ਸਿਹਰਾ ਕੋਵਿਡ-19 ਸੰਕਟ ਸਿਰ ਬੱਝਦਾ ਹੈ, ਕਿਉਂਕਿ ਟਰੰਪ ਦੇ ਜਿੱਤਣ ਨਾਲ ਇਹ ਪਰਦਾਫਾਸ਼ ਇੰਨੀ ਸਪਸ਼ਟਤਾ ਤੇ ਵਿਸ਼ਾਲਤਾ ਨਾਲ ਨਹੀਂ ਹੋਣ ਵਾਲਾ ਸੀ। ਨਾਲੇ ਜਿੱਤਣ ਦੀ ਸੂਰਤ ਵਿਚ ਟਰੰਪ ਨੂੰ ਹੋਰ ਚਾਰ ਸਾਲ ਮਿਲ ਜਾਣੇ ਸਨ ਅਮਰੀਕੀ ਜਮਹੂਰੀਅਤ ਨੂੰ ਜੜ੍ਹਾਂ ਵਿਚ ਹੌਲੀ ਹੌਲੀ ਆਰੀ ਚਲਾਉਣ ਲਈ, ਅਮਰੀਕੀ ਸਰਕਾਰ ਦੀ ਤਾਕਤ ਦੀ ਵਰਤੋਂ ਕਰਦਿਆਂ, ਜਿਵੇਂ ਉਸ ਪਿਛਲੇ ਚਾਰ ਸਾਲਾਂ ਤੋਂ ਕਰਦਾ ਆ ਰਿਹਾ ਸੀ।

ਪ੍ਰਬੋਧਨ ਅਤੇ ਉਲਟ-ਪ੍ਰਬੋਧਨ ਸ਼ਕਤੀਆਂ ਵਿਚਕਾਰ ਇਹ ਲੜਾਈ ਨਾ ਟਰੰਪ ਜਾਂ ਕਰੋਨਾ ਦੇ ਆਉਣ ਨਾਲ ਸ਼ੁਰੂ ਹੋਈ ਸੀ, ਨਾ ਉਨ੍ਹਾਂ ਦੇ ਜਾਣ ਨਾਲ ਖਤਮ ਹੋਵੇਗੀ। ਹਾਂ, ਟਰੰਪ ਨੇ ਇਸ ਲੜਾਈ ਨੂੰ ਤਿੱਖਾ ਜ਼ਰੂਰ ਕੀਤਾ ਤੇ ਕਰੋਨਾ ਨੇ ਇਸ ਵਿਚਲੀਆਂ ਧਿਰਾਂ ਦੀ ਸਪਸ਼ਟ ਪਛਾਣ ਕਰ ਦਿੱਤੀ। ਇਸ ਲੜਾਈ ਨੂੰ ਟਰੰਪਵਾਦ ਤੱਕ ਘਟਾ ਵੇਖਣਾ ਨਿਕਟ-ਅੰਦੇਸ਼ੀ ਹੋਵੇਗੀ।



# ਨੈਤਿਕਤਾ ਅਤੇ ਧਰਮ

ਅਸੀਂ ਜਦੋਂ ਨੈਤਿਕਤਾ (ਚੰਗਿਆਈ, ਸਦਾਚਾਰ) ਦੀ ਗੱਲ ਕਰਦੇ ਹਾਂ ਤਾਂ ਇੱਕ ਵਿਅਕਤੀ ਦੇ ਸਮਾਜ ਵਿਚ ਵਿਚਰਦਿਆਂ ਦੂਜੇ ਵਿਅਕਤੀਆਂ, ਹੋਰ ਜੀਵਾਂ, ਕੁਦਰਤ ਅਤੇ ਵਸਤਾਂ ਨਾਲ ਰਿਸ਼ਤੇ ਤੇ ਵਿਹਾਰ ਦੀ ਗੱਲ ਕਰਦੇ ਹਾਂ। ਅਸੀਂ ਇਹ ਦੇਖਦੇ ਹਾਂ ਕਿ ਉਹ ਵਿਅਕਤੀ ਆਪਣੇ ਖੂਨ ਦੇ ਰਿਸ਼ਤਿਆਂ ਨਾਲ ਹੀ ਨਹੀਂ, ਸਗੋਂ ਸਮਾਜ ਦੇ ਬਾਕੀ ਲੋਕਾਂ ਅਤੇ ਜੀਵਾਂ ਨਾਲ ਕਿਸ ਤਰ੍ਹਾਂ ਪੇਸ਼ ਆਉਂਦਾ ਹੈ; ਦੂਜੇ ਲੋਕਾਂ ਨਾਲ ਆਪਣੇ ਵਖਰੇਵੇਂ ਜਾਂ ਝਗੜੇ ਕਿਸ ਤਰ੍ਹਾਂ ਸੁਲਝਾਉਂਦਾ ਹੈ; ਦੂਜੇ ਜੀਵਾਂ ਅਤੇ ਕੁਦਰਤੀ ਸੋਮਿਆਂ ਵੱਲ ਕਿਸ ਕਿਸਮ ਦਾ ਨਜ਼ਰੀਆ ਰੱਖਦਾ ਹੈ। ਨੈਤਿਕਤਾ ਦੀ ਗੱਲ ਭਾਵੇਂ ਵਿਅਕਤੀ ਦੇ ਵਿਹਾਰ ਨੂੰ ਧਿਆਨ

**ਸਾਧੂ ਬਿਨਿੰਗ**
**ਫੋਨ: 778-773-1886**
**sadhu.binning@gmail.com**

ਵਿਚ ਰੱਖ ਕੇ ਕੀਤੀ ਜਾਂਦੀ ਹੈ, ਪਰ ਕਿਸੇ ਵੀ ਸਮੇਂ ਕਿਸੇ ਵੀ ਸਮਾਜ ਵਿਚ ਵਿਚਰਦੇ ਵਿਅਕਤੀ ਦਾ ਵਰਤਾਓ ਆਪਣੀਆਂ ਵਿਅਕਤੀਗਤ ਵਿਲੱਖਣਤਾਵਾਂ ਜਾਂ ਵਖਰੇਵਿਆਂ ਦੇ ਬਾਵਜੂਦ ਉਸ ਸਮਾਜ ਦੀ ਬੋਲੀ ਤੇ ਪ੍ਰਚਲਿਤ ਤੌਰ-ਤਰੀਕਿਆਂ ਅਨੁਸਾਰ ਹੀ ਹੋਵੇਗਾ। ਇਸ ਲਈ ਨੈਤਿਕਤਾ ਬਾਰੇ ਵਿਚਾਰ ਕਰਨ ਵੇਲੇ ਸਮੇਂ ਤੇ ਸਮਾਜ ਨੂੰ ਵੀ ਧਿਆਨ ਦੇ ਕੇਂਦਰ ਵਿਚ ਰੱਖਿਆ ਜਾਂਦਾ ਹੈ। ਹੁਣ ਕਿਉਂਕਿ ਨਵੇਂ ਸੰਚਾਰ ਸਾਧਨਾਂ ਕਾਰਨ ਸਾਰੀ ਦੁਨੀਆਂ ਹੀ ਪਹਿਲਾਂ ਨਾਲੋਂ ਵੱਧ ਇੱਕ ਸਮਾਜ ਵਾਂਗ ਜਾਪਦੀ ਹੈ, ਇਸ ਕਰਕੇ ਕਈ ਵਾਰ ਇਸ ਤਰ੍ਹਾਂ ਲੱਗਦਾ ਹੈ ਅਤੇ ਜੋ ਸਹੀ ਵੀ ਹੈ ਕਿ ਜਿਵੇਂ ਗੱਲ ਸਮੁੱਚੀ ਮਨੁੱਖਤਾ ਬਾਰੇ ਕੀਤੀ ਜਾ ਰਹੀ ਹੋਵੇ। ਨੈਤਿਕਤਾ ਦੇ ਸਬੰਧ ਵਿਚ ਅਕਸਰ ਇਹ ਸਵਾਲ ਉਠਾਇਆ ਜਾਂਦਾ ਹੈ ਕਿ ਕੀ ਇਨਸਾਨ ਰੱਬ ਦੇ ਡਰ ਬਿਨਾ ਨੈਤਿਕ ਬਣ ਸਕਦਾ ਹੈ? ਨਾਲ ਹੀ ਇਹ ਅਹਿਮ ਸਵਾਲ ਵੀ ਕਿ ਇਨਸਾਨ ਦੀ ਨੈਤਿਕਤਾ ਦਾ ਸੋਮਾ ਕੀ ਹੈ? ਕੀ ਇਸ ਦਾ ਸੋਮਾ ਰੱਬ ਹੈ, ਜਿਸ ਦਾ ਧਰਮਾਂ ਵਲੋਂ ਦਾਅਵਾ ਕੀਤਾ ਜਾਂਦਾ ਹੈ ਅਤੇ ਜਿਸ ਦੀ ਜਾਣਕਾਰੀ ਧਾਰਮਿਕ ਸਿੱਖਿਆ ਰਾਹੀਂ ਸਾਡੇ ਮਨਾਂ ਵਿਚ ਵਸਾਈ ਜਾਂਦੀ ਹੈ? ਜਾਂ ਕੀ ਇਹ ਮਨੁੱਖ ਹੋਣ ਦਾ ਕੁਦਰਤੀ ਤੌਰ 'ਤੇ ਹਿੱਸਾ ਹੈ?

ਦੁਨੀਆਂ ਦੇ ਹੋਰ ਬਹੁਤੇ ਸਮਾਜਾਂ ਵਾਂਗ, ਸਗੋਂ ਸ਼ਾਇਦ ਬਾਕੀਆਂ ਨਾਲੋਂ ਵੱਧ ਹੀ, ਪੰਜਾਬੀ/ਭਾਰਤੀ ਸਮਾਜ ਵਿਚ ਇਹ ਗੱਲ ਪੱਕੇ ਤੌਰ 'ਤੇ ਮੰਨੀ ਜਾਂਦੀ ਰਹੀ ਹੈ ਅਤੇ ਹਾਲੇ ਵੀ ਮੰਨੀ ਜਾਂਦੀ ਹੈ ਕਿ ਬੰਦੇ ਨੂੰ ਸਮਾਜ ਵਿਚ ਵਿਚਰਨ ਲਈ ਇੱਕ ਚੰਗਾ, ਇਖਲਾਕੀ ਜਾਂ ਨੈਤਿਕ ਇਨਸਾਨ ਬਣਾਉਣ ਵਿਚ ਸਭ ਤੋਂ ਵੱਡਾ ਹੱਥ ਧਰਮ ਦਾ ਹੁੰਦਾ ਹੈ। ਇਸ ਸਮਝ ਅਨੁਸਾਰ ਜੇ ਬੰਦਾ ਧਰਮ ਵਲੋਂ ਪ੍ਰਚਾਰੇ ਰੱਬ ਦੇ ਡਰ ਵਿਚ ਰਹਿ ਕੇ ਚੱਲੇ ਤਾਂ ਉਹ ਖੁਦ ਨੂੰ ਵੀ ਤੇ ਦੂਜਿਆਂ ਨੂੰ ਵੀ ਸਮਾਜ ਵਿਚ ਸੁਖੀ ਤੇ ਖੁਸ਼ ਰੱਖ ਸਕਦਾ ਹੈ। ਦੂਜੇ ਪਾਸੇ, ਜੇ ਬੰਦੇ ਦੇ ਮਨ ਵਿਚੋਂ ਰੱਬ ਦਾ ਡਰ ਚੁੱਕਿਆ ਜਾਵੇ ਅਤੇ ਉਹ ਆਪਣੀ ਧਾਰਮਿਕ ਸਿੱਖਿਆ ਅਨੁਸਾਰ ਵਿਹਾਰ ਨਾ ਕਰੇ ਤਾਂ ਸਮਾਜ ਦਾ ਕਾਰੋਬਾਰ ਠੀਕ ਤੌਰ 'ਤੇ ਚੱਲਣਾ ਅਸੰਭਵ ਹੋ ਜਾਵੇ। ਵਿਸ਼ਵਾਸ ਆਧਾਰਤ ਸੋਚ ਇਹ ਕਹਿੰਦੀ ਹੈ ਕਿ ਅਜਿਹੀ ਸਥਿਤੀ ਵਿਚ ਹਰ ਕੋਈ ਖੁਦਗਰਜ਼ ਹੋ ਜਾਵੇਗਾ ਤੇ ਕਿਸੇ ਦੂਜੇ ਦੀ ਪਰਵਾਹ ਕੀਤੇ ਬਿਨਾ ਸਿਰਫ ਤੇ ਸਿਰਫ ਆਪਣੇ ਫਾਇਦੇ ਬਾਰੇ ਹੀ ਸੋਚੇਗਾ। ਲੱਗਦਾ ਹੈ ਕਿ ਰੂਸੀ ਲੇਖਕ ਦੋਸਤੋਏਵਸਕੀ ਦੇ ਪਾਤਰ ਇਵਾਨ ਕਰਮਾਜ਼ੋਵ ਦੀ ਕਹੀ ਗੱਲ, "ਰੱਬ ਦੀ ਗੈਰਹਾਜ਼ਰੀ 'ਚ ਕੁਝ ਵੀ ਕੀਤਾ ਜਾ ਸਕਦਾ ਹੈ" ਵਿਚਲੇ ਡਰ ਕਾਰਨ ਨੈਤਿਕਤਾ ਦੀ ਗੱਲ ਕਰਨ ਵੇਲੇ ਰੱਬ ਦੇ ਹਵਾਲੇ ਤੋਂ ਆਸੇ-ਪਾਸੇ ਨਹੀਂ ਜਾਇਆ ਜਾਂਦਾ।

ਦੁਨੀਆਂ ਦੇ ਹੋਰ ਬਹੁਤ ਸਾਰੇ ਸਮਾਜਾਂ ਵਾਂਗ ਭਾਰਤ ਵਿਚ ਵੀ ਨੈਤਿਕਤਾ ਜਾਂ ਸਦਾਚਾਰ ਦੀ ਸਿੱਖਿਆ ਨੂੰ ਹੁਣ ਤੱਕ ਮੁੱਖ ਤੌਰ 'ਤੇ ਧਰਮ ਦੇ ਘੇਰੇ ਵਿਚ ਆਉਂਦੀ ਹੀ ਸਮਝਿਆ ਜਾਂਦਾ ਰਿਹਾ ਹੈ। ਆਧੁਨਿਕ ਸਮੇਂ ਦੀ ਸਕੂਲੀ ਸਿੱਖਿਆ ਵਿਚ ਨੈਤਿਕਤਾ ਨੂੰ ਧਿਆਨ ਵਿਚ ਰੱਖ ਕੇ ਬਹੁਤੀਆਂ ਤਬਦੀਲੀਆਂ ਨਹੀਂ ਕੀਤੀਆਂ ਗਈਆਂ। ਬਸਤੀਵਾਦੀ ਲਾਰਡ ਮਕਾਲੇ ਨੇ 1835 ਵਿਚ ਭਾਰਤੀਆਂ ਨੂੰ ਅੰਗਰੇਜ਼ੀ ਸਿਖਾ ਕੇ ਆਪਣੀ ਸਰਕਾਰ ਦੇ ਕੰਮ ਚਲਾਉਣ ਲਈ ਕਲਰਕ ਪੈਦਾ ਕਰਨ ਦੀ ਜੋ ਸਿੱਖਿਆ ਨੀਤੀ ਘੜੀ ਸੀ, ਉਸ ਅਨੁਸਾਰ ਹੀ ਵਿਦਿਆਰਥੀਆਂ ਨੂੰ ਵੱਖਰੇ ਵੱਖਰੇ ਖੇਤਰਾਂ ਵਿਚ ਸਮੇਂ ਦੀ ਲੋੜ ਮੁਤਾਬਕ ਨੌਕਰੀਆਂ ਲਈ ਤਿਆਰ ਕਰਨਾ ਸਕੂਲੀ ਸਿੱਖਿਆ ਦਾ ਮੁੱਖ ਨਿਸ਼ਾਨਾ ਰਿਹਾ ਹੈ। ਸੋ, ਨਤੀਜੇ ਵਜੋਂ ਆਮ ਪੜ੍ਹੇ-ਲਿਖੇ ਲੋਕਾਂ ਵਿਚ ਵੀ ਤਰਕਸ਼ੀਲ ਜਾਂ ਵਿਗਿਆਨਕ ਸੋਚ ਦਾ ਵਿਕਾਸ ਨਹੀਂ ਹੋ ਸਕਿਆ। ਇਸ ਸਬੰਧ ਵਿਚ

***ਇਨਸਾਨ ਹਮੇਸ਼ਾ ਤੋਂ ਦੂਜੇ ਇਨਸਾਨਾਂ ਨਾਲ ਲੜਦਾ-ਝਗੜਦਾ ਵੀ ਰਿਹਾ ਹੈ ਤੇ ਇੱਕ-ਦੂਜੇ ਦੀ ਮਦਦ ਵੀ ਕਰਦਾ ਰਿਹਾ ਹੈ। ਅਸਲ ਵਿਚ ਇਨਸਾਨ ਦੇ ਦੂਜਿਆਂ ਜੀਵਾਂ ਤੋਂ ਵੱਖਰੇ ਵਿਕਾਸ ਵਿਚ ਸਭ ਤੋਂ ਵੱਧ ਯੋਗਦਾਨ ਉਸ ਦੇ ਇੱਕ-ਦੂਜੇ ਨਾਲ ਸਹਿਯੋਗ ਅਤੇ ਉਸ ਲਈ ਲੋੜੀਂਦੇ ਸੰਚਾਰ ਦੀ ਲੋੜ ਕਾਰਨ ਪੈਦਾ ਹੋਈ ਭਾਸ਼ਾ ਦੀ ਯੋਗਤਾ ਨੇ ਪਾਇਆ ਹੈ। ਇਨਸਾਨ ਦੀ ਨੈਤਿਕਤਾ ਉਸ ਦੇ ਦੂਜੇ ਇਨਸਾਨਾਂ ਨਾਲ ਸਹਿਯੋਗ ਦੀ ਲੋੜ ਤੋਂ ਹੀ ਸ਼ੁਰੂ ਹੁੰਦੀ ਹੈ।***

ਜ਼ਿਆਦਾ ਹੈਰਾਨੀ ਤੇ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਚੋਖੀ ਗਿਣਤੀ ਵਿਗਿਆਨੀ ਵੀ ਆਪਣੇ ਆਮ ਜੀਵਨ ਵਿਚ ਵਿਗਿਆਨਕ ਸੂਝ ਤੇ ਪਹੁੰਚ ਦੀ ਵਰਤੋਂ ਨਹੀਂ ਕਰਦੇ ਅਤੇ ਬਚਪਨ ਵਿਚ ਮਿਲੀ ਧਾਰਮਿਕ ਸਿੱਖਿਆ ਅਨੁਸਾਰ ਹੀ ਆਪਣਾ ਜੀਵਨ ਬਤੀਤ ਕਰਦੇ ਹਨ।

ਜਿੱਥੇ ਧਾਰਮਿਕ ਵਿਸ਼ਵਾਸ ਅਤੇ ਸਿੱਖਿਆ ਇਹ ਕਹਿੰਦੀ ਹੈ ਕਿ ਰੱਬ ਦੇ ਡਰ ਬਿਨਾ ਬੰਦੇ ਵਿਚ ਨੈਤਿਕਤਾ ਦਾ ਵਿਕਾਸ ਹੋਣਾ ਸੰਭਵ ਨਹੀਂ, ਉੱਥੇ ਵਿਗਿਆਨਕ ਪਹੁੰਚ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਰੱਬ ਦੀ ਹੋਂਦ ਵਿਚ ਵਿਸ਼ਵਾਸ ਤੋਂ ਬਿਨਾ ਵੀ ਇਨਸਾਨ ਨੈਤਿਕ ਹੋ ਸਕਦਾ ਹੈ, ਸਗੋਂ ਬਹੁਤੀਆਂ ਸਥਿਤੀਆਂ ਵਿਚ ਉਹ ਧਾਰਮਿਕ ਲੋਕਾਂ ਨਾਲੋਂ ਕਿਤੇ ਵਧੀਆ ਨੈਤਿਕਤਾ ਵਾਲਾ ਜੀਵਨ ਜਿਉਂ ਸਕਦਾ ਹੈ। ਦੇਖਣ ਵਿਚ ਆਇਆ ਹੈ ਕਿ ਧਰਮ ਵੱਖਰੇ ਵੱਖਰੇ ਕਾਰਨਾਂ ਵੱਸ ਇਨਸਾਨ ਨੂੰ ਮਾੜੇ ਕੰਮਾਂ ਵੱਲ ਜ਼ਿਆਦਾ ਪ੍ਰੇਰਿਤ ਕਰਦਾ ਹੈ। ਨੋਬਲ ਇਨਾਮ ਜੇਤੂ ਭੌਤਿਕ ਵਿਗਿਆਨੀ ਸਟੀਵਨ ਵੀਨਬਰਗ ਅਨੁਸਾਰ, "ਧਰਮ ਨਾਲ ਜਾਂ ਧਰਮ ਤੋਂ ਬਿਨਾ, ਚੰਗੇ ਲੋਕ ਚੰਗੇ ਤੇ ਮਾੜੇ ਲੋਕ ਮਾੜੇ ਕੰਮ ਕਰਨਗੇ। ਪਰ ਚੰਗੇ ਲੋਕ ਮਾੜੇ ਕੰਮ ਕਰਨ, ਇਹ ਧਰਮ ਦਾ ਹੀ ਕ੍ਰਿਸ਼ਮਾ ਹੈ।"

ਇਸ ਸਵਾਲ ਬਾਰੇ ਸੋਚਣਾ ਜ਼ਰੂਰੀ ਹੈ ਕਿ ਨੈਤਿਕਤਾ ਦਾ ਸੋਮਾ ਕੀ ਹੈ? ਧਰਤੀ 'ਤੇ ਪੈਦਾ ਹੋਣ ਵਾਲੇ ਹਰ ਜੀਵ ਦੀਆਂ ਮੁਢਲੀਆਂ ਤਿੰਨ ਮੁੱਖ ਲੋੜਾਂ ਹੁੰਦੀਆਂ ਹਨ: ਇੱਕ, ਖੁਰਾਕ; ਦੋ, ਦੂਜਿਆਂ ਦੀ ਖੁਰਾਕ ਬਣਨ ਤੋਂ ਬਚਾਅ; ਤਿੰਨ, ਆਪਣੀ ਜਾਤੀ ਜਾਂ ਨਸਲ (ਸਪੀਸੀ) ਚਲਦੀ ਰੱਖਣ ਲਈ ਸੰਤਾਨ ਪੈਦਾ ਕਰਨੀ। ਹਰ ਜੀਵ ਦੀ ਜਿਉਂਦੇ ਰਹਿਣ ਦੀ ਲੋੜ ਵਜੋਂ ਉਸ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਉਸ ਦੀ ਜਾਤੀ ਕਾਇਮ ਰਹੇ, ਕਿਉਂਕਿ ਇਸ ਤਰ੍ਹਾਂ ਉਹਦੇ ਅਤੇ ਉਹਦੀ ਸੰਤਾਨ ਦੇ ਜਿਉਂਦੇ ਰਹਿਣ ਦੇ ਮੌਕੇ ਵਧ ਜਾਂਦੇ ਹਨ। ਆਪਣੇ ਇਸ ਮੁਢਲੇ ਮਕਸਦ ਲਈ ਸਾਰੇ ਜੀਵ ਕੁਦਰਤੀ ਸ਼ਕਤੀਆਂ ਨਾਲ ਸਿੱਝਣ ਲਈ ਅਤੇ ਦੂਜੇ ਜੀਵਾਂ ਦੀ ਖੁਰਾਕ ਬਣਨ ਤੋਂ ਆਪਣਾ ਬਚਾਅ ਕਰਨ ਲਈ ਵੱਖਰੇ ਵੱਖਰੇ ਢੰਗ ਤਰੀਕੇ ਅਪਨਾਉਂਦੇ ਹਨ। ਆਲੇ-ਦੁਆਲੇ ਵਾਤਾਵਰਨ ਦੀਆਂ ਜਾਂ ਭੂਗੋਲਿਕ ਤਬਦੀਲੀਆਂ ਕਾਰਨ ਜੀਵਾਂ ਵਿਚ ਵੀ ਤਬਦੀਲੀਆਂ ਵਾਪਰਦੀਆਂ ਹਨ। ਇਨ੍ਹਾਂ 'ਚੋਂ ਕੁਝ ਤਬਦੀਲੀਆਂ ਨੂੰ ਡਾਰਵਿਨ ਦੇ ਸਿਧਾਂਤ ਅਨੁਸਾਰ ਮਿਊਟੇਸ਼ਨ ਕਿਹਾ ਜਾਂਦਾ ਹੈ, ਜੋ ਜੀਵ ਆਪਣੀ ਅਗਲੀ ਪੀੜ੍ਹੀ ਵਿਚ ਛੱਡ ਜਾਂਦੇ ਹਨ। ਕਿਸੇ ਵੀ ਜਾਤੀ ਦੇ ਉਹ ਮੈਂਬਰ ਹੀ ਜੀਵਤ ਰਹਿ ਸਕਦੇ ਹਨ, ਜੋ ਖੁਦ ਨੂੰ ਆਪਣੇ ਆਲੇ-ਦੁਆਲੇ ਵਾਪਰਦੀਆਂ ਤਬਦੀਲੀਆਂ ਅਨੁਸਾਰ ਢਾਲ ਸਕਣ। ਇਹ ਸਭ ਕੁਦਰਤੀ ਵਰਤਾਰਾ ਹੈ।

ਇਹ ਗੱਲ ਵੀ ਸਾਫ ਹੈ ਕਿ ਕੁਦਰਤ ਦਾ ਅਤੇ ਕੁਦਰਤ ਦੇ ਨਿਯਮਾਂ ਦਾ ਨੈਤਿਕਤਾ ਜਾਂ ਸਦਾਚਾਰ ਨਾਲ ਕੋਈ ਸਿੱਧਾ ਸਬੰਧ ਨਹੀਂ। ਬਹੁਤ ਸਾਰੇ ਜੀਵਾਂ ਲਈ ਆਪਣਾ ਜੀਵਨ ਚਲਦਾ ਰੱਖਣ ਲਈ ਦੂਜਿਆਂ ਨੂੰ ਆਪਣਾ ਭੋਜਨ ਬਣਾਉਣਾ ਜ਼ਰੂਰੀ ਹੈ; ਵੱਡੀ ਮੱਛੀ ਛੋਟੀ ਮੱਛੀ ਨੂੰ ਖਾਧੇ ਬਿਨਾ ਖੁਦ ਜੀਵਤ ਨਹੀਂ ਰਹਿ ਸਕਦੀ। ਕੁਦਰਤ ਦੇ ਨਜ਼ਰੀਏ ਤੋਂ ਇਹ ਗੱਲ ਨਾ ਮਾੜੀ ਹੈ ਤੇ ਨਾ ਹੀ ਚੰਗੀ। ਭੁਚਾਲ, ਤੁਫਾਨ, ਸੁਨਾਮੀ ਜਾਂ ਹੋਰ ਕੁਦਰਤੀ ਆਫਤਾਂ ਦਾ ਨੈਤਿਕਤਾ ਜਾਂ ਸਦਾਚਾਰ ਨਾਲ ਕੋਈ ਸਬੰਧ ਨਹੀਂ ਹੁੰਦਾ, ਭਾਵੇਂ ਚਲਾਕ ਧਾਰਮਿਕ ਲੋਕ ਇਸ ਨੂੰ ਇਨਸਾਨ ਵਲੋਂ ਧਰਮ ਖਿਲਾਫ ਜਾਂ ਰੱਬ ਖਿਲਾਫ ਕੀਤੀਆਂ ਗਲਤੀਆਂ ਲਈ ਸਜ਼ਾ ਵਜੋਂ ਪੇਸ਼ ਕਰਦੇ ਹੋਣ। ਇੱਕ ਖੋਜ ਅਨੁਸਾਰ ਹੁਣ ਤੱਕ ਧਰਤੀ 'ਤੇ ਪੈਦਾ ਹੋਏ ਜੀਵਾਂ ਦੀਆਂ ਜਾਤੀਆਂ (ਸਪੀਸੀਜ਼) ਵਿਚੋ 99.9% ਸਦਾ ਲਈ ਖਤਮ ਹੋ ਚੁਕੀਆਂ ਹਨ, ਜਿਸ ਨਾਲ ਕੁਦਰਤ ਨੂੰ ਕੋਈ ਫਰਕ ਨਹੀਂ ਪਿਆ। ਹਰ ਜਾਤੀ ਵਿਚਲੇ ਜੀਵ ਭਾਵੇਂ ਇੱਕ-ਦੂਜੇ ਨਾਲ ਲੜਦੇ ਭਿੜਦੇ ਹਨ, ਪਰ ਫਿਰ ਵੀ ਉਨ੍ਹਾਂ 'ਚੋਂ ਬਹੁਤੇ ਆਪਣੇ ਬਚਾਅ ਲਈ ਸਮੂਹਾਂ ਵਿਚ ਵੀ ਵਿਚਰਦੇ ਹਨ ਤੇ ਨਤੀਜੇ ਵਜੋਂ ਇੱਕ-ਦੂਜੇ ਨੂੰ ਸਹਿਯੋਗ ਦਿੰਦੇ ਹਨ ਅਤੇ ਲੋੜ ਵੇਲੇ ਇੱਕ-ਦੂਜੇ ਦੀ ਮਦਦ ਕਰਦੇ ਹਨ।

ਵਿਗਿਆਨੀ ਲੇਖਕ ਫਰਾਂਜ਼ ਡੀ ਵਾਲ ਅਨੁਸਾਰ "ਬਹੁਤ ਸਾਰੇ ਜਾਨਵਰ ਇੱਕ-ਦੂਜੇ ਨੂੰ ਖਤਮ ਕਰਕੇ ਜਾਂ ਸਭ ਕੁਝ ਆਪਣੇ ਕਬਜ਼ੇ ਵਿਚ ਰੱਖਣ ਕਰਕੇ ਜੀਵਤ ਨਹੀਂ ਰਹਿੰਦੇ, ਸਗੋਂ ਇੱਕ-ਦੂਜੇ ਨਾਲ ਸਾਂਝ ਅਤੇ ਸਹਿਯੋਗ ਨਾਲ ਜੀਵਤ ਰਹਿੰਦੇ ਹਨ।" ਇਸੇ ਤਰ੍ਹਾਂ ਇਨਸਾਨ ਹਮੇਸ਼ਾ ਤੋਂ ਦੂਜੇ ਇਨਸਾਨਾਂ ਨਾਲ ਲੜਦਾ-ਝਗੜਦਾ ਵੀ ਰਿਹਾ ਹੈ ਤੇ ਇੱਕ-ਦੂਜੇ ਦੀ ਮਦਦ ਵੀ ਕਰਦਾ ਰਿਹਾ ਹੈ। ਅਸਲ ਵਿਚ ਇਨਸਾਨ ਦੇ ਦੂਜਿਆਂ ਜੀਵਾਂ ਤੋਂ ਵੱਖਰੇ ਵਿਕਾਸ ਵਿਚ ਸਭ ਤੋਂ ਵੱਧ ਯੋਗਦਾਨ ਉਸ ਦੇ ਇੱਕ-ਦੂਜੇ ਨਾਲ ਸਹਿਯੋਗ ਅਤੇ ਉਸ ਲਈ ਲੋੜੀਂਦੇ ਸੰਚਾਰ ਦੀ ਲੋੜ ਕਾਰਨ ਪੈਦਾ ਹੋਈ ਭਾਸ਼ਾ ਦੀ ਯੋਗਤਾ ਨੇ ਪਾਇਆ ਹੈ। ਇਨਸਾਨ ਦੀ ਨੈਤਿਕਤਾ ਉਸ ਦੇ ਦੂਜੇ ਇਨਸਾਨਾਂ ਨਾਲ ਸਹਿਯੋਗ ਦੀ ਲੋੜ ਤੋਂ ਹੀ ਸ਼ੁਰੂ ਹੁੰਦੀ ਹੈ।

ਵਿਗਿਆਨ ਰਾਹੀਂ ਪੈਦਾ ਹੋਈ ਸਮਝ ਅਨੁਸਾਰ ਹੁਣ ਇਹ ਮੰਨਿਆ ਜਾਂਦਾ ਹੈ ਕਿ ਇਨਸਾਨ ਆਪਣੇ ਅਜੋਕੇ ਰੂਪ (ਹੋਮੋ ਸੇਪੀਅਨਜ਼-ਸੋਚ ਵਾਲਾ ਸਿਆਣਾ ਮਨੁੱਖ) ਵਿਚ ਕੋਈ ਤਿੰਨ ਕੁ ਲੱਖ ਸਾਲ ਪਹਿਲਾਂ ਅਫਰੀਕਾ 'ਚ ਹੋਂਦ ਵਿਚ ਆਇਆ ਅਤੇ ਉੱਥੋਂ ਇਹ ਹੌਲੀ ਹੌਲੀ ਦੁਨੀਆਂ ਦੇ ਬਾਕੀ ਹਿੱਸਿਆਂ ਵੱਲ ਗਿਆ। ਇਨਸਾਨ ਦੂਜੇ ਜੀਵਾਂ ਨਾਲੋਂ ਜੀਵਨ ਨਾਲ ਸਬੰਧਤ ਕਈ ਗੱਲਾਂ ਵਿਚ ਵੱਖਰਾ ਹੈ। ਮਿਸਾਲ ਵਜੋਂ ਇਨਸਾਨ ਦਾ ਬੱਚਾ ਪੈਦਾ ਹੋਣ ਤੋਂ ਪਹਿਲਾਂ ਨੌਂ ਮਹੀਨੇ ਤੱਕ ਆਪਣੀ ਮਾਂ ਦੇ ਪੇਟ ਵਿਚ ਪਲਦਾ ਹੈ ਤੇ ਫਿਰ ਪੈਦਾ ਹੋਣ ਬਾਅਦ ਲੰਮਾ ਸਮਾਂ ਉਸ ਨੂੰ ਦੂਜਿਆਂ ਇਨਸਾਨਾਂ (ਮਾਂ-ਪਿਓ, ਭੈਣ-ਭਰਾ, ਪਿੰਡ-ਕਬੀਲੇ ਦੇ ਲੋਕ) ਦੀ ਮਦਦ ਦੀ ਲੋੜ ਹੁੰਦੀ ਹੈ। ਇਨਸਾਨ ਇਸ ਤਰ੍ਹਾਂ ਲੰਮੇ ਅਰਸੇ ਬਾਅਦ ਖੁਦ ਦੁਨੀਆਂ ਵਿਚ ਵਿਚਰਨ ਅਤੇ ਅੱਗੇ ਸੰਤਾਨ ਪੈਦਾ ਕਰਨ ਯੋਗ ਹੁੰਦਾ ਹੈ। ਇਸ ਦੇ ਮੁਕਾਬਲੇ ਹੋਰ ਕਈ ਜੀਵ ਕੁਝ ਦਿਨ ਜਾਂ ਹਫਤੇ ਹੀ ਮਾਂ ਦੇ ਪੇਟ ਜਾਂ ਆਂਡੇ ਵਿਚ ਪਲਦੇ ਹਨ ਤੇ ਜਨਮ ਬਾਅਦ ਛੇਤੀ ਹੀ ਖੁਦ ਨੂੰ ਸੰਭਾਲਣ ਅਤੇ ਸੰਤਾਨ ਪੈਦਾ ਕਰਨ ਯੋਗ ਹੋ ਜਾਂਦੇ ਹਨ। ਇਨਸਾਨ ਦੇ ਜਨਮ ਤੋਂ ਲੈ ਕੇ ਖੁਦ ਸੰਤਾਨ ਪੈਦਾ ਕਰਨ ਨੂੰ ਲਗਦੇ ਇਸ ਮੁਕਾਬਲਤਨ ਲੰਮੇ ਸਮੇਂ ਕਾਰਨ ਆਉਂਦੀਆਂ ਮੁਸ਼ਕਿਲਾਂ ਦੇ ਹੱਲ ਲਈ ਉਸ ਨੇ ਆਪਣੀ ਜਾਤੀ ਦੇ ਹੋਰ ਜੀਆਂ ਨਾਲ ਦੂਜੇ ਜੀਵਾਂ ਨਾਲੋਂ ਵੱਧ ਤਾਲ-ਮੇਲ ਵਧਾਇਆ। ਨਤੀਜੇ ਵਜੋਂ ਇਨਸਾਨਾਂ ਵਿਚ ਭਾਸ਼ਾ ਤੇ ਸੋਚ ਦਾ ਵਿਕਾਸ ਹੋਇਆ ਅਤੇ ਉਹ ਧਰਤੀ ਉੱਪਰਲੇ ਹੋਰ ਜੀਵਾਂ ਉਤੇ ਆਪਣੀ ਪ੍ਰਭਿਤਾ ਕਾਇਮ ਕਰਨ ਵਿਚ ਸਫਲ ਹੋ ਗਿਆ ਤੇ ਅੱਗੇ ਤੋਂ ਅੱਗੇ ਵਧੀਆ ਜੀਵਨ ਜਿਉਣ ਵਿਚ ਉਨਤੀ ਕਰਦਾ ਗਿਆ।

ਕੋਈ ਬਾਰਾਂ ਕੁ ਹਜ਼ਾਰ ਸਾਲ ਪਹਿਲਾਂ ਮਨੁੱਖ ਨੇ ਫਸਲਾਂ ਉਗਾਉਣ ਦੀ ਕਾਢ ਕੱਢ ਲਈ ਅਤੇ ਕੁਝ ਜਾਨਵਰਾਂ ਨੂੰ ਖੁਰਾਕ ਲਈ (ਦੁੱਧ ਅਤੇ ਮਾਸ), ਕੰਮਕਾਰ ਲਈ, ਸਵਾਰੀ ਲਈ ਅਤੇ ਰਾਖੀ ਜਾਂ ਸਾਥ ਲਈ ਪਾਲਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਕਾਢਾਂ ਕਾਰਨ ਇਨਸਾਨ ਦੀ ਸਦਾ ਰਹਿਣਯੋਗ ਨਵੀਆਂ ਥਾਂਵਾਂ ਦੀ ਖੋਜ ਵਿਚ ਘੁੰਮਦੇ ਰਹਿਣ ਦੇ ਅਮਲ ਵਿਚ ਤਬਦੀਲੀ ਆਈ ਅਤੇ ਉਹਨੇ ਝੀਲਾਂ ਤੇ ਦਰਿਆਵਾਂ ਕੰਢੇ ਸਮੂਹਾਂ ਵਿਚ ਰਹਿਣਾ ਸ਼ੁਰੂ ਕੀਤਾ ਅਤੇ ਨਤੀਜੇ ਵਜੋਂ ਹੌਲੀ ਹੌਲੀ ਸਮਾਜ ਵਿਕਸਿਤ ਹੋਏ। ਇਥੇ ਇਹ ਗੱਲ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਇਨਸਾਨ ਵਲੋਂ ਸਮਾਜ ਦੀ ਸਿਰਜਣਾ ਪਿੱਛੇ ਉਸ ਦੀ ਆਪਣੀ ਅਤੇ ਆਪਣੀ ਜਾਤੀ, ਟੱਬਰ ਜਾਂ ਕਬੀਲੇ ਦੇ ਬਚਾਅ ਦੀ ਲੋੜ ਵੀ ਕੰਮ ਕਰਦੀ ਸੀ। ਪੱਕੀਆਂ ਰਿਹਾਇਸ਼ਾਂ ਸਥਾਪਤ ਕਰਨ ਤੋਂ ਪਹਿਲਾਂ ਵੀ ਉਸ ਦੀ ਲੋੜ ਸੀ ਕਿ ਉਹ ਕੁਦਰਤੀ ਆਫਤਾਂ, ਸਣੇ ਉਸ ਦਾ ਸ਼ਿਕਾਰ ਕਰਨ ਦਾ ਇਰਾਦਾ ਰੱਖਦੇ ਜੰਗਲੀ ਜਾਨਵਰਾਂ ਤੋਂ ਬਚਾਅ ਲਈ ਸਮੂਹਾਂ ਵਿਚ ਵਿਚਰੇ। ਇਨਸਾਨ ਦਾ ਇੱਕ-ਦੂਜੇ ਨਾਲ ਸਹਿਯੋਗ ਅਤੇ ਲੋੜ ਵੇਲੇ ਇੱਕ-ਦੂਜੇ ਦੀ ਮਦਦ ਕਰਨਾ, ਇੱਕ-ਦੂਜੇ ਦੇ ਕੰਮ ਆਉਣਾ ਉਸ ਦੀ ਹੋਂਦ ਲਈ ਜ਼ਰੂਰੀ ਸੀ। ਜਿਵੇਂ ਪਹਿਲਾਂ ਵੀ ਕਿਹਾ ਗਿਆ ਹੈ ਕਿ ਉਸ ਦੀ ਇਹ ਬੁਨਿਆਦੀ ਲੋੜ ਨੈਤਿਕਤਾ ਦੀ ਜਨਮਦਾਤੀ ਹੈ। ਬਾਅਦ ਵਿਚ ਧਰਮ ਨੇ ਇਸ ਕੁਦਰਤੀ ਖੂਬੀ ਨੂੰ ਆਪਣੀ ਕਾਢ ਬਣਾ ਕੇ ਪੇਸ਼ ਕੀਤਾ ਅਤੇ ਅਜੇ ਵੀ ਇਸ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੀ ਪੂਰੀ ਕੋਸ਼ਿਸ਼ ਵਿਚ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਇੱਕ-ਦੂਜੇ ਨਾਲ ਸਹਿਯੋਗ ਦੀ ਇਸ ਮੌਲਿਕ ਲੋੜ ਬਿਨਾ ਖੁਦ ਧਰਮ ਵੀ ਹੋਂਦ ਵਿਚ ਨਹੀਂ ਸੀ ਆ ਸਕਦਾ।



***ਪਿਛਲੀ ਸਦੀ ਦੇ ਅੱਸੀਵੀਆਂ ਦੌਰਾਨ ਸਿੱਖ ਧਰਮ ਵਿਚਲੇ ਸੰਕਟ ਦੀ ਸ਼ੁਰੂਆਤ ਦਾ ਮੁੱਖ ਕਾਰਨ ਸੰਪਰਦਾਵਾਂ ਦਾ ਆਪਸੀ ਟਕਰਾਅ ਹੀ ਸੀ। ਨੈਤਿਕਤਾ ਦੇ ਪੱਖੋਂ ਇਹ ਸਮੱਸਿਆ ਹੋਰ ਵੀ ਗੰਭੀਰ ਹੁੰਦੀ ਹੈ, ਜਦੋਂ ਕਿਸੇ ਇੱਕ ਤੋਂ ਵੱਧ ਧਰਮਾਂ ਵਾਲੇ ਸਮਾਜ ਵਿਚ ਰਾਜਸੀ ਤਾਕਤ ਇੱਕ ਧਰਮ ਦੇ ਹੱਥ ਆ ਜਾਵੇ। ਜੋ ਕੁਝ ਇਸ ਵੇਲੇ ਭਾਰਤ ਵਿਚ ਹੋ ਰਿਹਾ ਹੈ, ਉਹ ਇਸ ਦੀ ਪ੍ਰਤੱਖ ਮਿਸਾਲ ਹੈ।***

ਅਜੋਕੀ ਵਿਗਿਆਨਕ ਸੂਝ ਤੱਕ ਪਹੁੰਚਣ ਲਈ ਇਨਸਾਨ ਨੇ ਲੰਮਾ ਸਫਰ ਤੈਅ ਕੀਤਾ ਹੈ। ਉਸ ਵਾਸਤੇ ਸਭ ਤੋਂ ਵੱਧ ਡਰ ਵਾਲੀ ਗੱਲ ਮੌਤ ਸੀ, ਜਿਸ 'ਤੇ ਕਾਬੂ ਪਾਉਣ ਲਈ ਉਸ ਨੇ ਇਸ ਜੀਵਨ ਤੋਂ ਬਾਅਦ ਵੀ ਜੀਵਨ ਹੋਣ ਦੀ ਕਲਪਨਾ ਕੀਤੀ ਅਤੇ ਇਹ ਵਿਚਾਰ ਬਣਾਇਆ ਕਿ ਬੰਦਾ ਅਸਲ ਵਿਚ ਮਰਦਾ ਨਹੀਂ, ਸਿਰਫ ਉਸ ਦੇ ਸ਼ਰੀਰ ਦਾ ਅੰਤ ਹੁੰਦਾ ਹੈ ਅਤੇ ਉਸ ਦਾ ਅਸਲ (ਉਹਦੀ ਰੂਹ) ਅਮਰ ਰਹਿੰਦੀ ਹੈ। ਜਨਮ, ਮੌਤ ਤੇ ਕੁਦਰਤੀ ਆਫਤਾਂ ਨੂੰ ਸਮਝਣ ਤੇ ਉਨ੍ਹਾਂ ਉੱਪਰ ਕਾਬੂ ਪਾਉਣ ਦੇ ਇਰਾਦੇ ਨਾਲ ਉਸ ਨੇ ਇਨ੍ਹਾਂ ਵੱਖਰੀਆਂ ਵੱਖਰੀਆਂ ਸ਼ਕਤੀਆਂ ਨੂੰ ਦੇਵਤਿਆਂ, ਦੇਵੀਆਂ ਦੇ ਰੂਪਾਂ ਵਿਚ ਚਿਤਵਿਆ ਤੇ ਆਪਣੇ ਹੱਕ ਵਿਚ ਭੁਗਤਾਉਣ ਲਈ ਉਨ੍ਹਾਂ ਦੀ ਪੂਜਾ, ਖੁਸ਼ਾਮਦ ਆਦਿ ਸ਼ੁਰੂ ਕੀਤੀ। ਆਪਣੇ ਸਿਰਜੇ ਪਹਿਲਾਂ ਵੱਖਰੇ ਵੱਖਰੇ ਦੇਵਤਿਆਂ, ਦੇਵੀਆਂ ਜਾਂ ਰੱਬਾਂ ਦੇ ਸੰਕਲਪ ਤੋਂ ਚੱਲ ਕੇ ਫੇਰ ਹੌਲੀ ਹੌਲੀ ਇੱਕ ਸਰਵਸ਼ਕਤੀਮਾਨ ਰੱਬ ਦਾ ਸੰਕਲਪ ਸਿਰਜਿਆ। ਇਨਸਾਨ ਨੇ ਆਪਣੇ ਸਿਰਜੇ ਇਸ ਸੰਕਲਪ ਵਿਚ ਉਹ ਸਭ ਚੰਗਿਆਈਆਂ ਭਰ ਦਿੱਤੀਆਂ, ਜੋ ਉਹ ਖੁਦ ਵਿਚ ਦੇਖਣ ਦਾ ਚਾਹਵਾਨ ਸੀ।

ਫਰਾਂਸੀਸੀ ਦਾਰਸ਼ਨਿਕ ਮੀਸ਼ੈਅਲ ਓਨਫਰੇਅ ਦੇ ਸ਼ਬਦਾਂ ਵਿਚ, "ਮੈਂ ਨਾਸ਼ਵਾਨ ਹਾਂ, ਪਰ ਰੱਬ ਸਦੀਵੀ ਹੈ। ਮੈਂ ਸੀਮਿਤ ਹਾਂ, ਪਰ ਰੱਬ ਅਸੀਮ ਹੈ। ਮੇਰੀ ਹੱਦ ਹੈ, ਪਰ ਰੱਬ ਬੇਹੱਦਾ ਹੈ। ਮੈਨੂੰ ਸਭ ਕਾਸੇ ਬਾਰੇ ਨਹੀਂ ਪਤਾ ਹੈ, ਪਰ ਰੱਬ ਸਰਬ-ਗਿਆਤਾ ਹੈ। ਮੈਂ ਸਭ ਕੁਝ ਨਹੀਂ ਕਰ ਸਕਦਾ, ਪਰ ਰੱਬ ਸਰਬਸ਼ਕਤੀਮਾਨ ਹੈ। ਮੈਨੂੰ ਇੱਕ ਸਮੇਂ ਹਰ ਜਗ੍ਹਾ ਹੋਣ ਦੀ ਦਾਤ ਪ੍ਰਾਪਤ ਨਹੀਂ, ਪਰ ਰੱਬ ਸਰਬਵਿਆਪੀ ਹੈ। ਮੈਨੂੰ ਸਿਰਜਿਆ ਗਿਆ ਸੀ, ਪਰ ਰੱਬ ਨੂੰ ਕਿਸੇ ਨੇ ਸਿਰਜਿਆ ਨਹੀਂ ਹੈ। ਮੈਂ ਕਮਜ਼ੋਰ ਹਾਂ, ਪਰ ਰੱਬ ਸਰਬਸ਼ਕਤੀਮਾਨ ਹੈ। ਮੈਂ ਧਰਤੀ 'ਤੇ ਵਸਦਾ ਹਾਂ, ਪਰ ਰੱਬ ਸਵਰਗ ਦਾ ਵਾਸੀ ਹੈ। ਮੈਂ ਅਪੂਰਨ ਹਾਂ, ਪਰ ਰੱਬ ਸੰਪੂਰਨ ਹੈ। ਮੈਂ ਕੁਝ ਵੀ ਨਹੀਂ, ਪਰ ਰੱਬ ਸਭ ਕੁਝ ਹੈ।"

ਇਨ੍ਹਾਂ ਸਾਰੇ ਗੁਣਾਂ ਨੂੰ ਪਾਉਣ ਦੀ ਖਾਹਿਸ਼ ਨਾਲ ਬੰਦੇ ਨੇ ਉਹ ਚੀਜ਼ ਸਿਰਜੀ, ਜਿਹਦੇ ਵਿਚ ਇਹ ਸਾਰੇ ਗੁਣ, ਸਾਰੀਆਂ ਸ਼ਕਤੀਆਂ ਸਨ ਅਤੇ ਫਿਰ ਆਪ ਹੀ ਉਸ ਦੇ ਅੱਗੇ ਗੋਡੇ ਟੇਕ ਦਿੱਤੇ-ਜਿਹਦੀ ਖਾਹਿਸ਼ ਉਹਦੇ ਆਪਣੇ ਦਿਲ ਵਿਚ ਸੀ ਕਿ ਦੂਜੇ ਇਨਸਾਨ ਉਹਦੇ ਅੱਗੇ ਝੁਕਣ। ਇਸੇ ਹੀ ਸੰਦਰਭ ਵਿਚ ਮਨੁੱਖ ਨੇ ਆਪਣੇ ਸਿਰਜੇ ਦੇਵਤਿਆਂ ਵਰਗੇ ਗੁਣਾਂ ਵਾਲੇ ਇਨਸਾਨਾਂ (ਦੇਵਪੁਰਸ਼, ਹੀਰੋ) ਦੀ ਵੀ ਕਲਪਨਾ ਕੀਤੀ, ਜੋ ਹਰ ਇਨਸਾਨੀ ਚੰਗਿਆਈ ਦੇ ਮਾਲਕ ਸਨ, ਹਰ ਪੱਖੋਂ ਪਰਮ ਮਨੁੱਖ ਸਨ। ਇਨ੍ਹਾਂ ਚੰਗਿਆਈਆਂ ਵਾਲੇ ਰੱਬ ਲਈ ਤੇ ਉਹਦੇ ਵਰਗੇ ਵਿਹਾਰਾਂ ਵਾਲੇ ਮਨੁੱਖਾਂ ਦੇ ਰਹਿਣ ਵਾਲੀ ਥਾਂ ਨੂੰ ਸਵਰਗ ਦਾ ਨਾਂ ਦਿੱਤਾ, ਜਿੱਥੇ ਸਭ ਕੁਝ ਚੰਗਾ ਤੇ ਆਰਾਮ ਵਾਲਾ ਸੀ। ਨਾਲ ਹੀ ਬੁਰੇ ਤੇ ਸਮਾਜ ਲਈ ਨਾਂਹਵਾਚਕ ਲੋਕਾਂ ਦੇ ਰਹਿਣ ਲਈ ਨਰਕ ਵੀ ਸਿਰਜ ਦਿੱਤਾ, ਤਾਂ ਜੋ ਬੁਰੇ ਕੰਮ ਕਰਨ ਵਾਲਿਆਂ ਜਾਂ ਧਰਮ ਅਤੇ ਰੱਬ ਵਿਚ ਵਿਸ਼ਵਾਸ ਤੋਂ ਨਾਬਰ ਹੋਣ ਵਾਲਿਆਂ ਦੇ ਮਨਾਂ ਵਿਚ ਡਰ ਪੈਦਾ ਕੀਤਾ ਜਾ ਸਕੇ। ਸਮਾਜ ਵਿਚਲੇ ਜਿਨ੍ਹਾਂ ਵਿਅਕਤੀਆਂ ਨੇ ਇਹ ਸੰਕਲਪ ਸਿਰਜਣ ਵਿਚ ਮੋਢੀ ਭੂਮਿਕਾ ਨਿਭਾਈ, ਉਨ੍ਹਾਂ ਨੇ ਖੁਦ ਨੂੰ ਆਪਣੀਆਂ ਸਿਰਜੀਆਂ ਸ਼ਕਤੀਆਂ ਦੇ ਭੇਜੇ ਹੋਏ ਦੂਤਾਂ ਵਜੋਂ ਪੇਸ਼ ਕੀਤਾ। ਇਸ ਢਾਂਚੇ ਵਾਲੇ ਸਮਾਜ ਵਿਚ ਉਨ੍ਹਾਂ ਵਿਅਕਤੀਆਂ ਦਾ ਰੁਤਬਾ ਸਭ ਨਾਲੋਂ ਉੱਤਮ ਮੰਨਿਆ ਗਿਆ ਅਤੇ ਨਾਲ ਹੀ ਉਨ੍ਹਾਂ ਦੇ ਹੱਥ ਵਿਚ ਸਭ ਤੋਂ ਵੱਧ ਸ਼ਕਤੀ ਵੀ ਥਮਾਈ ਗਈ। ਇਨ੍ਹਾਂ ਵਿਅਕਤੀਆਂ ਦੀ ਗੱਲ ਨੂੰ ਸਹੀ ਮੰਨਣ ਵਾਲੇ ਅਤੇ ਅੱਗੇ ਪ੍ਰਚਾਰਨ ਵਾਲੇ ਲੋਕਾਂ ਦਾ ਵੀ ਸਮਾਜ ਵਿਚ ਦਰਜਾ ਦੂਜਿਆਂ ਨਾਲੋਂ ਉੱਚਾ ਹੁੰਦਾ ਗਿਆ। ਸਮਾਜ ਵਿਚਲੇ ਇਨਸਾਨਾਂ ਨੂੰ ਇਨ੍ਹਾਂ ਸਿੱਖਿਆਵਾਂ ਅਨੁਸਾਰ ਚੱਲਣ ਲਈ ਨਿਯਮਾਂ ਅਤੇ ਕਰਮਕਾਡਾਂ ਦੀ ਰਚਨਾ ਕੀਤੀ ਗਈ। ਇਹ ਸਭ ਕੁਝ ਉਸ ਸਮਾਜ ਦੇ ਧਰਮ ਵਜੋਂ ਜਾਣਿਆਂ ਜਾਣ ਲੱਗਾ।

ਸਮਾਜ ਦੀ ਬਿਹਤਰੀ ਲਈ ਜ਼ਰੂਰੀ ਸੀ ਕਿ ਇਨਸਾਨ ਆਪਣੇ ਵਿਚੋਂ ਉਨ੍ਹਾਂ ਪਸ਼ੂ ਬਿਰਤੀਆਂ ਨੂੰ ਖਤਮ ਕਰੇ, ਜੋ ਉਸ ਦੇ ਸਮਾਜਕ ਹੋਣ ਵਿਚ

***ਸਮਾਜ ਦੀ ਬਿਹਤਰੀ ਲਈ ਜ਼ਰੂਰੀ ਸੀ ਕਿ ਇਨਸਾਨ ਆਪਣੇ ਵਿਚੋਂ ਉਨ੍ਹਾਂ ਪਸ਼ੂ ਬਿਰਤੀਆਂ ਨੂੰ ਖਤਮ ਕਰੇ, ਜੋ ਉਸ ਦੇ ਸਮਾਜਕ ਹੋਣ ਵਿਚ ਬਾਧਕ ਬਣਦੀਆਂ ਸਨ। ਇਸ ਅਮਲ ਵਿਚੋਂ ਇਨਸਾਨ ਦੇ ਜਿਹੜੇ ਕਾਰਜ ਸਮੇਂ ਅਨੁਸਾਰ ਸਮਾਜ ਨੂੰ ਕਾਇਮ ਰੱਖਣ ਅਤੇ ਵਧਣ-ਫੁਲਣ ਵਿਚ ਸਹਾਈ ਹੁੰਦੇ ਸਨ, ਉਨ੍ਹਾਂ ਨੂੰ ਚੰਗੇ, ਨੈਤਿਕ ਜਾਂ ਸਦਾਚਾਰਕ ਗਰਦਾਨਿਆਂ ਤੇ ਸਮਾਜ ਦੇ ਜਾਂ ਸਮਾਜ ਦੇ ਉਸ ਪੜਾਅ 'ਤੇ ਸਥਾਪਤ ਸਮਾਜ ਨੂੰ ਚਲਾਉਣ ਵਾਲੀਆਂ ਤਾਕਤਾਂ ਵਿਰੁੱਧ ਜਾਣ ਵਾਲੇ ਕਾਰਜਾਂ ਤੇ ਵਰਤਾਰਿਆਂ ਨੂੰ ਮਾੜੇ ਜਾਂ ਅਨੈਤਿਕ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸਮਾਜ ਵਿਚਲਾ ਹਰ ਵਿਅਕਤੀ ਇਨ੍ਹਾਂ ਦਾ ਪਾਲਣ ਕਰੇ ਇਨ੍ਹਾਂ ਦਾ ਸਿੱਧਾ ਸਬੰਧ ਰੱਬ, ਸਵਰਗ, ਨਰਕ, ਪਾਪ ਤੇ ਪੁੰਨ ਨਾਲ ਸਥਾਪਤ ਕਰ ਦਿੱਤਾ।***

**(ਬਾਕੀ ਅਗਲੇ ਸਫੇ 'ਤੇ)**

# ਨੈਤਿਕਤਾ ਅਤੇ ਧਰਮ

*(ਪਿਛਲੇ ਸਫੇ ਦੀ ਬਾਕੀ)*

ਬਾਧਕ ਬਣਦੀਆਂ ਸਨ। ਇਸ ਅਮਲ ਵਿਚੋਂ ਇਨਸਾਨ ਦੇ ਜਿਹੜੇ ਕਾਰਜ ਸਮੇਂ ਅਨੁਸਾਰ ਸਮਾਜ ਨੂੰ ਕਾਇਮ ਰੱਖਣ ਅਤੇ ਵਧਣ-ਫੁਲਣ ਵਿਚ ਸਹਾਈ ਹੁੰਦੇ ਸਨ, ਉਨ੍ਹਾਂ ਨੂੰ ਚੰਗੇ, ਨੈਤਿਕ ਜਾਂ ਸਦਾਚਾਰਕ ਗਰਦਾਨਿਆਂ ਤੇ ਸਮਾਜ ਦੇ ਜਾਂ ਸਮਾਜ ਦੇ ਉਸ ਪੜਾਅ 'ਤੇ ਸਥਾਪਤ ਸਮਾਜ ਨੂੰ ਚਲਾਉਣ ਵਾਲੀਆਂ ਤਾਕਤਾਂ ਵਿਰੁੱਧ ਜਾਣ ਵਾਲੇ ਕਾਰਜਾਂ ਤੇ ਵਰਤਾਰਿਆਂ ਨੂੰ ਮਾੜੇ ਜਾਂ ਅਨੈਤਿਕ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸਮਾਜ ਵਿਚਲਾ ਹਰ ਵਿਅਕਤੀ ਇਨ੍ਹਾਂ ਦਾ ਪਾਲਣ ਕਰੇ ਇਨ੍ਹਾਂ ਦਾ ਸਿੱਧਾ ਸਬੰਧ ਰੱਬ, ਸਵਰਗ, ਨਰਕ, ਪਾਪ ਤੇ ਪੁੰਨ ਨਾਲ ਸਥਾਪਤ ਕਰ ਦਿੱਤਾ। ਸਮਾਜ ਵਿਚ ਚੰਗੇ ਵਰਤਾਅ ਵਾਲੇ ਵਿਅਕਤੀ ਲਈ ਰੱਬ ਦੀਆਂ ਨਜ਼ਰਾਂ ਵਿਚ ਮਾਨਤਾ, ਸਵਰਗ ਵਿਚ ਰਹਿਣ ਲਈ ਥਾਂ ਤੇ ਉਹਦੇ ਨਾਲ ਕਈ ਕਿਸਮ ਦੇ ਹੋਰ ਲਾਲਚ ਜੋੜੇ ਗਏ ਤੇ ਮਾੜੇ ਕੰਮਾਂ ਵਾਲੇ ਵਿਅਕਤੀ ਲਈ ਨਰਕ ਤੇ ਰੱਬ ਦੀ ਕਰੋਪੀ ਦਾ ਡਰਾਵਾ ਵੀ ਜੋੜਿਆ ਗਿਆ। ਹਰ ਧਰਮ ਨੇ ਇਨਸਾਨ ਨੂੰ ਸਮਾਜ ਵਿਚ ਚੰਗੀ ਤਰ੍ਹਾਂ ਰਹਿਣ ਲਈ ਲਾਲਚ ਤੇ ਡਰ ਪੈਦਾ ਕਰਨ ਵਾਲੀਆਂ ਅਨੇਕਾਂ ਕਿਸਮਾਂ ਦੀਆਂ ਮਿੱਥਾਂ ਘੜੀਆਂ। ਮਿਸਾਲ ਵਜੋਂ, ਭਾਰਤ ਵਿਚਲੇ ਹਿੰਦੂ ਅਤੇ ਸਿੱਖ ਧਰਮ ਵਿਚ ਇਸ ਕਿਸਮ ਦੀਆਂ ਮਿੱਥਾਂ ਆਮ ਦੇਖਣ ਨੂੰ ਮਿਲਦੀਆਂ ਹਨ। ਜਿਵੇਂ 84 ਲੱਖ ਜੂਨਾਂ, ਕਰਮ, ਕਿਸਮਤ ਆਦਿ ਦੀ ਮਿੱਥ। ਇਨਸਾਨੀ ਜੀਵਨ ਨੂੰ ਕੁਦਰਤ ਵਿਚਲੇ ਬਾਕੀ ਜੀਵਾਂ ਤੋਂ ਉੱਪਰ ਰੱਖਿਆ ਗਿਆ ਅਤੇ ਇਹ ਮੰਨਿਆ ਗਿਆ ਕਿ ਇਹ ਜੂਨ ਬਹੁਤ ਔਖੀ ਮਿਲਦੀ ਹੈ ਤੇ ਇਸ ਜੀਵਨ ਦੌਰਾਨ ਮਾੜੇ ਕਰਮ ਕਰਨ ਵਾਲੇ ਨੂੰ ਮੁੜ ਸਾਰੀਆਂ ਦੂਜੀਆਂ ਜੂਨਾਂ ਵਿਚ ਦੀ ਲੰਘਣਾ ਪੈਂਦਾ ਹੈ ਤੇ ਫਿਰ ਮਨੁੱਖੀ ਜੀਵਨ ਪ੍ਰਾਪਤ ਹੁੰਦਾ ਹੈ। ਹਿੰਦੂ ਧਰਮ ਵਿਚ ਇਹ ਮਿੱਥ ਵੀ ਘੜੀ ਗਈ ਕਿ ਕੁਝ ਲੋਕ ਆਪਣੇ ਪਿਛਲੇ ਜਨਮਾਂ ਦੇ ਕਰਮਾਂ ਕਰਕੇ ਉੱਚੀ ਕੁੱਲ ਵਿਚ ਜਨਮ ਲੈਂਦੇ ਹਨ ਅਤੇ ਕੁਝ ਲੋਕ ਪਿਛਲੇ ਜਨਮਾਂ ਦੇ ਮਾੜੇ ਕਰਮਾਂ ਕਰਕੇ ਨੀਵੀਂ ਜਗ੍ਹਾ ਜਨਮ ਲੈਂਦੇ ਹਨ। ਇਸ ਮਿੱਥ 'ਤੇ ਆਧਾਰਤ ਜਾਤ-ਪਾਤ ਭਾਰਤੀ ਸਮਾਜ ਦਾ ਸਭ ਤੋਂ ਕੋਹਜ ਭਰਿਆ ਤੇ ਮਨੁੱਖਤਾ ਵਿਰੋਧੀ ਰੂਪ ਹੈ।

ਜਿਸ ਤਰ੍ਹਾਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਧਾਰਮਿਕ ਵਿਸ਼ਵਾਸ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਰੱਬ ਦੇ ਡਰ ਬਿਨਾ ਮਨੁੱਖ ਨੈਤਿਕ ਨਹੀਂ ਬਣ ਸਕਦਾ। ਜਦ ਕਿ ਅਸਲ ਵਿਚ ਕੋਈ ਵੀ ਧਾਰਮਿਕ ਵਿਅਕਤੀ ਸਹੀ ਅਰਥਾਂ ਵਿਚ ਨੈਤਿਕ ਹੋ ਹੀ ਨਹੀਂ ਸਕਦਾ, ਕਿਉਂਕਿ ਉਸ ਲਈ ਕਿਸੇ ਦੂਜੇ ਵਿਅਕਤੀ ਜਾਂ ਸਮਾਜ ਲਈ ਕੁਝ ਚੰਗਾ ਕਰਨ ਦਾ ਮੁੱਖ ਕਾਰਨ ਡਰ, ਰੱਬ ਦੀਆਂ ਨਜ਼ਰਾਂ ਵਿਚ ਚੰਗਾ ਬਣਨਾ ਅਤੇ ਆਪਣੀ ਅਗਲੀ ਜ਼ਿੰਦਗੀ ਨੂੰ ਸੁਧਾਰਨਾ ਹੁੰਦਾ ਹੈ, ਨਾ ਕਿ ਵਿਅਕਤੀ ਜਾਂ ਸਮਾਜ ਦੀ ਭਲਾਈ। ਉਸ ਦੀ ਚੰਗਿਆਈ ਖ਼ੁਦਗਰਜ਼ੀ ਵਾਲੀ ਅਤੇ ਵਿਸ਼ਵਾਸ 'ਤੇ ਆਧਾਰਤ ਹੁੰਦੀ ਹੈ, ਨਾ ਕਿ ਮਨੁੱਖੀ ਤਜਰਬੇ, ਤਰਕ ਜਾਂ ਇਨਸਾਨੀਅਤ 'ਤੇ। ਅਜਿਹੇ ਵਿਅਕਤੀ ਲਈ ਸਮੁੱਚੀ ਮਨੁੱਖਤਾ ਨੂੰ ਇੱਕ ਨਜ਼ਰੇ ਦੇਖ ਸਕਣਾ ਸੰਭਵ ਨਹੀਂ ਹੁੰਦਾ, ਕਿਉਂਕਿ ਉਹਦੇ ਲਈ ਉਹਦਾ ਧਰਮ ਇੱਕ ਨਾ ਟੱਪੀ ਜਾ ਸਕਣ ਵਾਲੀ ਕੰਧ ਬਣ ਜਾਂਦਾ ਹੈ। ਉਸ ਕੰਧ ਦੇ ਇੱਕ ਪਾਸੇ ਉਹਦੇ ਧਰਮ ਨੂੰ ਮੰਨਣ ਵਾਲੇ ਉਹਦੇ 'ਆਪਣੇ' ਲੋਕ ਹੁੰਦੇ ਹਨ ਤੇ ਦੂਜੇ ਪਾਸੇ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ 'ਦੂਜੇ' ਲੋਕ ਹੁੰਦੇ ਹਨ। ਆਮ ਹਾਲਤਾਂ ਵਿਚ ਆਪੇ ਸਾਜੀਆਂ ਨੈਤਿਕ ਕਦਰਾਂ ਕੀਮਤਾਂ ਦਾ ਪਾਲਣ ਕਰਨ ਵਾਲੇ ਲੋਕ ਧਰਮ ਦੇ ਨਾਂ 'ਤੇ ਸਿਰੇ ਦੇ ਅਨੈਤਿਕ ਬਣ ਜਾਂਦੇ ਹਨ। ਕਈ ਹਾਲਤਾਂ ਵਿਚ ਧਰਮ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਸਜ਼ਾ ਦਿੱਤੀ ਜਾਵੇ, ਜੋ ਧਰਮ ਖਿਲਾਫ ਕੁਝ ਕਹਿੰਦੇ ਜਾਂ ਕਰਦੇ ਹਨ ਜਾਂ ਜੇ ਕੋਈ ਆਪਣੇ ਧਰਮ ਨੂੰ ਛੱਡ ਕੇ ਕਿਸੇ ਹੋਰ ਧਰਮ ਨੂੰ ਅਪਨਾਉਂਦੇ ਹਨ। ਮਨੁੱਖੀ ਨੈਤਿਕਤਾ ਦੇ ਨਜ਼ਰੀਏ ਤੋਂ ਇੱਕ ਇਨਸਾਨ ਦਾ ਦੂਜੇ ਇਨਸਾਨਾਂ ਨਾਲ ਇਸ ਤਰ੍ਹਾਂ ਦਾ ਵਰਤਾਓ ਸਹੀ ਨਹੀਂ ਮੰਨਿਆ ਜਾ ਸਕਦਾ।

ਇਸੇ ਤਰ੍ਹਾਂ ਹੀ ਸਾਰੇ ਧਰਮਾਂ ਦੀ ਇੱਕ-ਦੂਜੇ ਨਾਲ ਅਤੇ ਬਹੁਤੀ ਵਾਰੀ ਇੱਕੋ ਧਰਮ ਦੀਆਂ ਵੱਖੋ ਵੱਖ ਸੰਪਰਦਾਵਾਂ ਦੀ ਵੀ ਇੱਕ-ਦੂਜੇ ਨਾਲ ਟੱਕਰ ਚਲਦੀ ਰਹਿੰਦੀ ਹੈ। ਇਸ ਤੱਥ ਦੀਆਂ ਮਨੁੱਖੀ ਇਤਿਹਾਸ ਵਿਚ ਅਣਗਿਣਤ ਮਿਸਾਲਾਂ ਸਾਡੇ ਸਾਹਮਣੇ ਹਨ। ਯਹੂਦੀ ਤੇ ਜੈਂਟਾਇਲ, ਈਸਾਈ ਤੇ ਪੈਗਨ, ਮੁਸਲਿਮ ਤੇ ਕਾਫਿਰ ਸਾਰੇ ਇੱਕ-ਦੂਜੇ ਦੇ ਦੁਸ਼ਮਣ ਕੈਂਪਾਂ ਦੇ ਨਾਮ ਹਨ। ਇਕੱਲੇ ਇਸਾਈ ਧਰਮ ਵਿਚ ਹੀ ਪੈਂਤੀ ਹਜ਼ਾਰ ਤੋਂ ਵੱਧ ਸੰਪਰਦਾਵਾਂ ਹਨ ਅਤੇ ਬਹੁਤੀਆਂ ਦੀ ਆਪਸ ਵਿਚ ਖਿੱਚੋਤਾਣ ਚਲਦੀ ਹੀ ਰਹਿੰਦੀ ਹੈ। ਇਹੋ ਹਾਲ ਬਾਕੀ ਧਰਮਾਂ ਦਾ ਵੀ ਹੈ। ਯਹੂਦੀਆਂ ਦੀ ਧਰਮ ਪੁਸਤਕ ਵਿਚ ਸੈਂਕੜੇ ਛੋਟੀਆਂ-ਮੋਟੀਆਂ ਜੰਗਾਂ ਦਾ ਜ਼ਿਕਰ ਹੈ। ਇਸਾਈਆਂ ਦੇ ਆਪਸੀ ਦੁਸ਼ਮਣ ਫਿਰਕਿਆਂ ਵਿਚ ਹੋਏ ਅਨੇਕਾਂ ਯੁੱਧ, ਮੁਸਲਮਾਨਾਂ ਦੀ ਜਿਹਾਦੀ ਰੁਚੀ ਤੋਂ ਪੈਦਾ ਹੋਏ ਹਮਲੇ ਦੁਨੀਆਂ ਦੇ ਇਤਿਹਾਸ ਦਾ ਵੱਡਾ ਹਿੱਸਾ ਹਨ। ਭਾਰਤ ਵਿਚ ਜਾਤ-ਪਾਤ ਦਾ ਵਿਤਕਰਾ ਹਿੰਦੂ ਧਰਮ ਦਾ ਅਨਿੱਖੜਵਾਂ ਅੰਗ ਹੈ, ਜਿਸ ਰਾਹੀਂ ਸਮਾਜ ਦੇ ਵੱਡੇ ਹਿੱਸੇ ਨੂੰ ਇੱਕੀਵੀਂ ਸਦੀ ਦੌਰਾਨ ਵੀ ਗੁਲਾਮ ਬਣਾ ਕੇ ਰੱਖਿਆ ਜਾ ਰਿਹਾ ਹੈ। ਇਨ੍ਹਾਂ ਪੁਰਾਣੇ ਸਥਾਪਤ ਧਰਮਾਂ ਦੇ ਮੁਕਾਬਲੇ ਨਵਾਂ ਹੋਣ ਦੇ ਬਾਵਜੂਦ ਸਿੱਖ ਧਰਮ ਵਿਚ ਵੀ ਅਨੇਕਾਂ ਵੱਖਰੀਆਂ ਵੱਖਰੀਆਂ ਸੰਪਰਦਾਵਾਂ ਪੈਦਾ ਹੋ ਚੁਕੀਆਂ ਹਨ ਅਤੇ ਉਹ ਹੋਰਨਾਂ ਧਰਮਾਂ ਦੇ ਫਿਰਕਿਆਂ ਵਾਂਗ ਹੀ ਆਪਸ ਵਿਚ ਲੜ-ਝਗੜ ਰਹੀਆਂ ਹਨ।

ਪਿਛਲੀ ਸਦੀ ਦੇ ਅੱਸੀਵੀਆਂ ਦੌਰਾਨ ਸਿੱਖ ਧਰਮ ਵਿਚਲੇ ਸੰਕਟ ਦੀ ਸ਼ੁਰੂਆਤ ਦਾ ਮੁੱਖ ਕਾਰਨ ਸੰਪਰਦਾਵਾਂ ਦਾ ਆਪਸੀ ਟਕਰਾਅ ਹੀ ਸੀ। ਨੈਤਿਕਤਾ ਦੇ ਪੱਖੋਂ ਇਹ ਸਮੱਸਿਆ ਹੋਰ ਵੀ ਗੰਭੀਰ ਹੁੰਦੀ ਹੈ, ਜਦੋਂ ਕਿਸੇ ਇੱਕ ਤੋਂ ਵੱਧ ਧਰਮਾਂ ਵਾਲੇ ਸਮਾਜ ਵਿਚ ਰਾਜਸੀ ਤਾਕਤ ਇੱਕ ਧਰਮ ਦੇ ਹੱਥ ਆ ਜਾਵੇ। ਜੋ ਕੁਝ ਇਸ ਵੇਲੇ ਭਾਰਤ ਵਿਚ ਹੋ ਰਿਹਾ ਹੈ, ਉਹ ਇਸ ਦੀ ਪ੍ਰਤੱਖ ਮਿਸਾਲ ਹੈ। ਇਸ ਸਬੰਧੀ ਜੇਮਜ਼ ਹਾਅਟ ਆਪਣੀ ਪੁਸਤਕ 'ਧਰਮ ਦੀਆਂ ਦਹਿਸ਼ਤਾਂ' (ਹੋਲੀ ਹੌਰਰਜ਼) ਵਿਚ ਲਿਖਦਾ ਹੈ, "ਜਦੋਂ ਕਿਸੇ ਸਮਾਜ ਵਿਚ ਧਰਮ ਰਾਜ ਕਰਨ ਵਾਲੀ ਤਾਕਤ ਹੁੰਦਾ ਹੈ, ਇਹ ਦਹਿਸ਼ਤ ਪੈਦਾ ਕਰਦਾ ਹੈ।" ਇਹ ਗੱਲ ਸਾਰੇ ਧਰਮਾਂ ਉੱਪਰ ਲਾਗੂ ਹੁੰਦੀ ਹੈ ਕਿ ਜਦੋਂ ਧਰਮ ਕਮਜ਼ੋਰ ਹੁੰਦਾ ਹੈ ਤਾਂ ਨਿਮਰਤਾ ਦੀ ਗੱਲ ਕਰਦਾ ਹੈ, ਤਾਕਤ ਫੜਦਿਆਂ ਹੀ ਜਾਲਮ ਬਣ ਬੈਠਦਾ ਹੈ। ਇਸ ਸਬੰਧੀ ਅਸੀਂ ਬੁੱਧ ਧਰਮ ਦੀ ਗੱਲ ਕਰ ਸਕਦੇ ਹਾਂ। ਬਹੁਤੀਆਂ ਸਥਿਤੀਆਂ ਵਿਚ ਆਪਣਾ ਨਿਮਰਤਾ ਦਾ ਰੂਪ ਪੇਸ਼ ਕਰਨ ਵਾਲਾ ਬੁੱਧ ਧਰਮ ਮਾਈਨਮਾਰ (ਬਰਮਾ) ਵਿਚ ਮੁਸਲਮਾਨਾਂ ਵਿਰੁੱਧ ਆਪਣਾ ਵੱਖਰਾ ਰੂਪ ਦਿਖਾ ਰਿਹਾ ਹੈ। ਇਸ ਦੀ ਕੋਈ ਹੈਰਾਨੀ ਵੀ ਨਹੀਂ, ਕਿਸੇ ਵੀ ਧਰਮ ਤੋਂ ਇਸ ਤੋਂ ਵੱਖਰੇ ਵਿਹਾਰ ਦੀ ਆਸ ਨਹੀਂ ਕੀਤੀ ਜਾ ਸਕਦੀ।

ਸਾਡੇ ਲਈ (ਪੰਜਾਬੀਆਂ/ਭਾਰਤੀਆਂ ਲਈ) ਸਭ ਤੋਂ ਵੱਡੀ ਅਤੇ ਸਦਾ ਦੁੱਖ ਦੇਣ ਵਾਲੀ ਘਟਨਾ ਧਰਮਾਂ ਦੇ ਨਾਂ 'ਤੇ 1947 ਵਿਚ ਹੋਇਆ ਬਟਵਾਰਾ ਸੀ। ਸਦੀਆਂ ਤੋਂ ਇੱਕ-ਦੂਜੇ ਨਾਲ ਰਲ-ਮਿਲ ਕੇ ਰਹਿਣ ਵਾਲੇ ਲੋਕ ਧਰਮ ਦੇ ਨਾਂ 'ਤੇ ਇੱਕ-ਦੂਜੇ ਦੇ ਖੂਨ ਦੇ ਪਿਆਸੇ ਬਣ ਗਏ। ਇਹ ਗੱਲ ਜੱਗ ਜਾਹਰ ਹੈ ਕਿ ਉਸ ਸਮੇਂ ਉਹ ਲੋਕ ਹੀ ਇਸ ਹਨੇਰੀ ਤੋਂ ਬਚ ਸਕੇ, ਜਿਨ੍ਹਾਂ ਕੋਲ ਸਮੱਸਿਆ ਨੂੰ ਵਿਗਿਆਨਕ ਪਹੁੰਚ ਨਾਲ ਦੇਖਣ ਤੇ ਸਮਝਣ ਦੀ ਸੂਝ ਸੀ। ਉਸ ਸਮੇਂ ਧਾਰਮਿਕ ਲੋਕਾਂ ਦੀ ਨੈਤਿਕਤਾ ਉਨ੍ਹਾਂ ਦੇ ਵਿਸ਼ਵਾਸ ਅੱਗੇ ਗੋਡੇ ਟੇਕ ਗਈ। ਦਿੱਲੀ ਅਤੇ ਭਾਰਤ ਦੇ ਕਈ ਹਿੱਸਿਆਂ ਵਿਚ 1984 ਦੌਰਾਨ ਸਮੇਂ ਦੀ ਸਰਕਾਰ ਵਿਚਲੇ ਧਾਰਮਿਕ ਨਫਰਤ ਪਾਲਣ ਵਾਲੇ ਲੋਕਾਂ ਨੇ ਸਿੱਖਾਂ ਵਿਰੁੱਧ ਜਿਸ ਕਿਸਮ ਦੀਆਂ ਹਿੰਸਕ ਕਾਰਵਾਈਆਂ ਕੀਤੀਆਂ ਅਤੇ ਕਰਵਾਈਆਂ, ਉਹ ਸਿਰਫ ਧਾਰਮਿਕ ਲੋਕ ਹੀ ਕਰ ਸਕਦੇ ਹਨ। ਫਿਰ ਡੇੜ ਦਹਾਕਾ ਪੰਜਾਬ ਵਿਚ ਸਮੇਂ ਦੀ ਸਰਕਾਰ ਅਤੇ ਸਿੱਖਾਂ ਲਈ ਧਰਮ ਆਧਾਰਤ ਵੱਖਰੇ ਮੁਲਕ ਦੀ ਮੰਗ ਕਰਨ ਵਾਲਿਆਂ ਵਿਚ ਚੱਲੀ ਹਿੰਸਕ ਲਹਿਰ ਵਿਚ ਵੀ ਅਨੇਕਾਂ ਬੇਦੋਸ਼ੇ ਲੋਕਾਂ ਦਾ ਖ਼ੂਨ ਵਹਾਇਆ ਗਿਆ। ਇਸ ਸਮੇਂ ਦੌਰਾਨ ਧਾਰਮਿਕ ਲੜਾਈ ਲੜਨ ਵਾਲਿਆਂ ਵਲੋਂ ਲੋਕਾਂ ਨਾਲ ਅਨੇਕਾਂ ਅਨੈਤਿਕ ਵਰਤਾਅ ਕੀਤੇ ਗਏ ਅਤੇ ਇਸ ਜਨੂੰਨੀ ਹਨੇਰੀ ਅੱਗੇ ਡੱਟ ਕੇ ਖੜ੍ਹਨ ਵਾਲੇ ਵਿਗਿਆਨਕ ਸੋਚ ਦੇ ਧਾਰਨੀ ਲੋਕ ਸਨ, ਜਿਨ੍ਹਾਂ ਵਿਚੋਂ ਕਈਆਂ ਨੇ ਆਪਣੇ ਜੀਵਨ ਤੱਕ ਦੀ ਕੁਰਬਾਨੀ ਦਿੱਤੀ।

ਇਸੇ ਤਰ੍ਹਾਂ ਭਾਰਤ ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਸਮੇਂ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਹੁੰਦੇ ਫਸਾਦ ਅਤੇ ਸਮਾਜ ਦੇ ਸਭ ਤੋਂ ਵੱਧ ਦੱਬੇ-ਕੁਚਲੇ ਦਲਿਤ ਲੋਕਾਂ ਨਾਲ ਲਗਾਤਾਰ ਹੁੰਦੀ ਹਿੰਸਾ, ਆਦਿ ਜਿਹੀਆਂ ਸਾਰੀਆਂ ਘਟਨਾਵਾਂ ਪਿੱਛੇ ਜੇ ਹਰ ਵਾਰ ਨਹੀਂ ਤਾਂ ਬਹੁਤੀ ਵਾਰ ਧਰਮ ਹੀ ਹੁੰਦਾ ਹੈ, ਜੋ ਆਮ ਵਿਅਕਤੀਆਂ ਨੂੰ ਅਨੈਤਿਕ ਕੰਮ ਕਰਨ ਲਈ ਉਕਸਾਉਂਦਾ ਹੈ।

ਬਹੁਤੀ ਵਾਰੀ ਧਾਰਮਿਕ ਲੋਕਾਂ ਅਤੇ ਧਰਮਾਂ ਵਲੋਂ ਇਹ ਗੱਲ ਵੀ ਦਾਅਵੇ ਨਾਲ ਕਹੀ ਜਾਂਦੀ ਹੈ ਕਿ ਉਹ ਮਨੁੱਖਤਾ ਦੀ ਸੇਵਾ ਕਰਦੇ ਹਨ। ਕਈ ਵਾਰੀ ਅਜਿਹਾ ਲੱਗਦਾ ਵੀ ਹੈ ਕਿ ਧਰਮ ਜਾਂ ਧਾਰਮਿਕ ਲੋਕ ਸਮਾਜ ਦੀਆਂ ਹੋਰ ਸੰਸਥਾਵਾਂ ਦੇ ਮੁਕਾਬਲੇ ਲੋੜਵੰਦਾਂ ਦੀ ਵੱਧ ਮਦਦ ਕਰਦੇ ਹਨ, ਪਰ ਘੋਖ ਕੀਤਿਆਂ ਪਤਾ ਲੱਗਦਾ ਹੈ ਕਿ ਗੱਲ ਏਨੀ ਸਾਫ ਨਹੀਂ ਹੈ। ਪਹਿਲੀ ਗੱਲ ਤਾਂ ਇਹ ਹੀ ਸਾਹਮਣੇ ਆਉਂਦੀ ਹੈ ਕਿ ਧਾਰਮਿਕ ਲੋਕਾਂ ਦੀ ਸੇਵਾ ਦਾ ਅਸਲ ਮਕਸਦ ਆਪਣਾ ਅੱਗਾ ਸੁਆਰਨਾ ਅਤੇ ਆਪਣੇ ਧਰਮ ਨੂੰ ਦੂਜਿਆਂ ਦੇ ਮੁਕਾਬਲੇ ਬਿਹਤਰ ਸਾਬਤ ਕਰਨਾ ਹੁੰਦਾ ਹੈ। ਭਾਰਤੀ ਸਮਾਜ ਵਿਚ ਖਾਸ ਕਰਕੇ, ਸੇਵਾ 'ਕੀਤੀ' ਨਹੀਂ ਜਾਂਦੀ, ਸੇਵਾ 'ਕਮਾਈ' ਜਾਂਦੀ ਹੈ ਤਾਂ ਕਿ ਪਰਮਾਤਮਾ ਦੀ ਨਜ਼ਰ ਵਿਚ ਚੰਗਾ ਬਣਿਆ ਜਾ ਸਕੇ। ਇਸ ਕਿਸਮ ਦੀ ਬਿਰਤੀ ਦੂਜੇ ਧਰਮਾਂ ਵਿਚ ਵੀ ਦੇਖਣ ਨੂੰ ਮਿਲਦੀ ਹੈ। ਮਿਸਾਲ ਵਜੋਂ ਇਸਾਈ ਮੱਤ ਦਾ ਕੈਥੋਲਿਕ ਧੜਾ (ਸੈਕਟ) ਦੁਨੀਆਂ ਦੇ ਕਰੀਬ ਹਰ ਹਿੱਸੇ ਵਿਚ ਫੈਲਿਆ ਹੋਇਆ ਹੈ। ਉਹ ਹਰ ਜਗ੍ਹਾ ਲੋੜਵੰਦਾਂ ਦੀ ਮਦਦ ਕਰਨ ਦਾ ਦਾਅਵਾ ਕਰਦੇ ਹਨ, ਪਰ ਜਿਨ੍ਹਾਂ ਥਾਂਵਾਂ 'ਤੇ ਉਹ ਲੋਕਾਂ ਦੀ ਮਦਦ ਕਰਦੇ ਰਹੇ ਹਨ, ਉੱਥੋਂ ਦੇ ਲੋਕਾਂ ਦੇ ਆਮ ਜੀਵਨ ਵਿਚ ਸਦੀਆਂ ਬਾਅਦ ਵੀ ਆਰਥਕ ਪੱਖੋਂ ਕੋਈ ਖਾਸ ਤਬਦੀਲੀ ਦੇਖਣ ਨੂੰ ਨਹੀਂ ਮਿਲਦੀ। ਨਾਲ ਹੀ ਇਹ ਸੱਚਾਈ ਸਾਫ ਦਿਸਦੀ ਹੈ ਕਿ ਇਹ ਧੜਾ ਦੁਨੀਆਂ ਦਾ ਸਭ ਤੋਂ ਵੱਡਾ ਜਗੀਰਦਾਰ ਹੈ, ਦੂਜੇ ਸ਼ਬਦਾਂ ਵਿਚ ਇਸ ਚਰਚ ਦੇ ਨਾਮ ਦੁਨੀਆਂ ਭਰ ਵਿਚ ਬੇਸ਼ੁਮਾਰ ਜਮੀਨ ਲੱਗੀ ਹੋਈ ਹੈ। ਇਸ ਫਿਰਕੇ ਨੇ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿਚ ਜਾ ਕੇ ਲੋਕਾਂ ਦੀ ਆਰਥਕ ਲੁੱਟ ਹੀ ਨਹੀਂ ਕੀਤੀ, ਨਾਲ ਹੀ ਉਨ੍ਹਾਂ ਦੇ ਸਭਿਆਚਾਰ ਤੇ ਬੋਲੀ ਨੂੰ ਵੀ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ।

ਇਸ ਦੀ ਇੱਕ ਵੱਡੀ ਮਿਸਾਲ ਕੈਨੇਡਾ ਦੇ ਆਦਿਵਾਸੀ ਬੱਚਿਆਂ ਨੂੰ ਜਬਰੀ ਉਨ੍ਹਾਂ ਦੇ ਮਾਪਿਆਂ ਤੋਂ ਖੋਹ ਕੇ ਰੀਜ਼ਰਵੇਸ਼ਨ ਸਕੂਲਾਂ ਵਿਚ ਰੱਖ ਕੇ ਪੜ੍ਹਾਉਣਾ ਸੀ ਤਾਂ ਕਿ ਉਹ ਆਪਣੀ ਬੋਲੀ ਤੇ ਸਭਿਆਚਾਰ ਤੋਂ ਪੂਰੀ ਤਰ੍ਹਾਂ ਅਲੱਗ ਹੋ ਜਾਣ। ਇਨ੍ਹਾਂ ਸਕੂਲਾਂ ਵਿਚ ਇਨ੍ਹਾਂ ਬੱਚਿਆਂ ਨਾਲ ਹਰ ਕਿਸਮ ਦੀ ਬਦਸਲੂਕੀ ਦੇ ਨਾਲ ਨਾਲ ਇਨ੍ਹਾਂ ਦਾ ਕਾਮੁਕ ਸ਼ੋਸ਼ਣ ਵੀ ਵੱਡੇ ਪੱਧਰ 'ਤੇ ਕੀਤਾ ਗਿਆ। ਹੁਣ ਇਹ ਗੱਲ ਵੀ ਆਮ ਜਾਣੀ ਜਾਂਦੀ ਹੈ ਕਿ ਬਹੁਤ ਸਾਰੇ ਕੈਥੋਲਿਕ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਪਾਦਰੀ ਆਪਣੀ ਕਾਮੁਕ ਭੁੱਖ ਮਿਟਾਉਣ ਲਈ ਵਰਤਦੇ ਰਹੇ। ਇਸ ਚੱਕਰ ਵਿਚ ਦੇਖਣ, ਸੋਚਣ ਵਾਲੀ ਗੱਲ ਇਹ ਹੈ ਕਿ ਇਸ ਦੁਨੀਆਂ ਦੇ ਸਭ ਤੋਂ ਤਾਕਤਵਰ ਚਰਚ ਨੇ ਆਪਣੇ ਪਾਦਰੀਆਂ ਦੀਆਂ ਹਰ ਪੱਖੋਂ ਅਨੈਤਿਕ ਹਰਕਤਾਂ ਨੂੰ ਪੂਰੀ ਤਰ੍ਹਾਂ ਲੁਕੋਇਆ ਅਤੇ ਉਨ੍ਹਾਂ ਨੂੰ ਕਾਨੂੰਨੀ ਸਜ਼ਾਵਾਂ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਨ੍ਹਾਂ ਦੇ ਇਸ ਵਿਹਾਰ ਵਿਚ ਨੈਤਿਕਤਾ ਨਾਂ ਦੀ ਕੋਈ ਚੀਜ਼ ਦੇਖਣ ਨੂੰ ਵੀ ਨਹੀਂ ਮਿਲਦੀ।

ਇਸੇ ਸੈਕਟ ਨਾਲ ਸਬੰਧਤ ਭਾਰਤ ਦੇ ਗਰੀਬ ਲੋਕਾਂ ਦੀ ਮਦਦ ਕਰਕੇ ਨੋਬਲ ਇਨਾਮ ਪ੍ਰਾਪਤ ਕਰਨ ਵਾਲੀ ਮਦਰ ਟੈਰਿਸਾ ਦੀ ਮਿਸਾਲ ਸਾਡੇ ਸਾਹਮਣੇ ਹੈ। ਉਹ ਗਰੀਬਾਂ ਨੂੰ ਸਿੱਖਿਆ ਦਿੰਦੀ ਸੀ, ਕਿਉਂਕਿ ਉਹ ਗਰੀਬ ਹਨ, ਇਸ ਲਈ ਉਹ ਬਹੁਤ ਕਿਸਮਤ ਵਾਲੇ ਹਨ; ਪਰਮਾਤਮਾ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਪਿਆਰ ਕਰਦਾ ਹੈ ਤੇ ਗਰੀਬ ਹੋਣਾ ਬਹੁਤ ਮਹਾਨ ਗੱਲ ਹੈ। ਅਸਲੀਅਤ ਇਹ ਹੈ ਕਿ ਮਦਰ ਟੈਰਿਸਾ ਨੇ ਗਰੀਬਾਂ ਦੀ ਮਦਦ ਕਰਨ ਦੇ ਨਾਂ 'ਤੇ ਵੱਡੀ ਤਾਦਾਦ ਵਿਚ ਪੈਸਾ ਇਕੱਠਾ ਕਰਕੇ ਆਪਣੇ ਚਰਚ ਨੂੰ ਦਿੱਤਾ। ਕ੍ਰਿਸਟੋਫਰ ਹਿਚਨ ਅਨੁਸਾਰ, "ਮਦਰ ਟੈਰੇਸਾ ਇੱਕ ਕੱਟੜ, ਮੂਲਵਾਦੀ ਅਤੇ ਧੋਖੇਬਾਜ ਸੀ। ਜੇ ਉਹਦੀਆਂ ਮਿਸਾਲਾਂ ਮਗਰ ਜਾਇਆ ਜਾਵੇ ਤਾਂ ਹੋਰ ਜ਼ਿਆਦਾ ਲੋਕ ਗਰੀਬ ਤੇ ਬਿਮਾਰ ਹੋਣਗੇ।"

ਦੁਨੀਆਂ ਵਿਚ ਬਹੁਤ ਸਾਰੇ ਅਮੀਰ ਲੋਕ ਹਨ, ਜੋ ਆਪੋ ਆਪਣੇ ਰੱਬ ਜਾਂ ਪਰਮਾਤਮਾ ਦੇ ਨਾਂ 'ਤੇ ਹਰ ਕਿਸਮ ਦਾ ਦਾਨ ਦਿੰਦੇ ਹਨ ਅਤੇ ਮੰਦਿਰ, ਗੁਰਦੁਆਰੇ, ਚਰਚ ਤੇ ਮਸੀਤਾਂ ਆਦਿ ਬਣਵਾਉਂਦੇ ਹਨ ਅਤੇ ਆਮ ਲੋਕਾਂ ਵਿਚ ਦਾਨੀ ਤੇ ਧਰਮੀ ਅਖਵਾਉਂਦੇ ਹਨ; ਪਰ ਜਿਨ੍ਹਾਂ ਦੀ ਸਖਤ ਮਿਹਨਤ ਦੀ ਲੁੱਟ ਕਰਕੇ ਉਹ ਐਸ਼ਪ੍ਰਸਤੀ ਦਾ ਜੀਵਨ ਜਿਉਂਦੇ ਹਨ ਅਤੇ ਧਾਰਮਿਕ ਤੇ ਸਿਆਸੀ ਸੰਸਥਾਵਾਂ ਨੂੰ ਦਿਲ ਖੋਲ੍ਹ ਕੇ ਦਾਨ ਦਿੰਦੇ ਹਨ, ਉਨ੍ਹਾਂ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਜੋਗੀ ਵੀ ਮਜ਼ਦੂਰੀ ਦੇਣ ਨੂੰ ਤਿਆਰ ਨਹੀਂ ਹੁੰਦੇ। ਖਾਸ ਕਰ ਉਨ੍ਹਾਂ ਮਜ਼ਦੂਰਾਂ ਨਾਲ ਇਹ ਵੱਧ ਸਖਤੀ ਨਾਲ ਪੇਸ਼ ਆਉਂਦੇ ਹਨ, ਜੋ ਜਥੇਬੰਦ ਹੋ ਕੇ ਬਿਹਤਰ ਤਨਖਾਹਾਂ, ਕੰਮ ਦੀਆਂ ਹਾਲਤਾਂ ਵਿਚ ਸੁਧਾਰ ਤੇ ਖੁਦ ਲਈ ਥੋੜ੍ਹੇ ਸਤਿਕਾਰ ਦੀ ਮੰਗ ਕਰਨ। ਇਹ ਨਿਹਾਇਤ ਹੀ ਅਨੈਤਿਕ ਲੋਕ ਆਪਣੇ ਪੈਸੇ ਦੇ ਜ਼ੋਰ ਨਾਲ ਤੇ ਧਰਮ ਦੀ ਆੜ ਵਿਚ ਸਭ ਤੋਂ ਵੱਧ ਨੈਤਿਕ ਦਿਸਦੇ ਹਨ।

*(ਬਾਕੀ ਅਗਲੇ ਅੰਕ 'ਚ)*

***ਦਿੱਲੀ ਅਤੇ ਭਾਰਤ ਦੇ ਕਈ ਹਿੱਸਿਆਂ ਵਿਚ 1984 ਦੌਰਾਨ ਸਮੇਂ ਦੀ ਸਰਕਾਰ ਵਿਚਲੇ ਧਾਰਮਿਕ ਨਫਰਤ ਪਾਲਣ ਵਾਲੇ ਲੋਕਾਂ ਨੇ ਸਿੱਖਾਂ ਵਿਰੁੱਧ ਜਿਸ ਕਿਸਮ ਦੀਆਂ ਹਿੰਸਕ ਕਾਰਵਾਈਆਂ ਕੀਤੀਆਂ ਅਤੇ ਕਰਵਾਈਆਂ, ਉਹ ਸਿਰਫ ਧਾਰਮਿਕ ਲੋਕ ਹੀ ਕਰ ਸਕਦੇ ਹਨ। ਫਿਰ ਡੇੜ ਦਹਾਕਾ ਪੰਜਾਬ ਵਿਚ ਸਮੇਂ ਦੀ ਸਰਕਾਰ ਅਤੇ ਸਿੱਖਾਂ ਲਈ ਧਰਮ ਆਧਾਰਤ ਵੱਖਰੇ ਮੁਲਕ ਦੀ ਮੰਗ ਕਰਨ ਵਾਲਿਆਂ ਵਿਚ ਚੱਲੀ ਹਿੰਸਕ ਲਹਿਰ ਵਿਚ ਵੀ ਅਨੇਕਾਂ ਬੇਦੋਸ਼ੇ ਲੋਕਾਂ ਦਾ ਖ਼ੂਨ ਵਹਾਇਆ ਗਿਆ।...ਭਾਰਤ ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਸਮੇਂ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਹੁੰਦੇ ਫਸਾਦ ਅਤੇ ਸਮਾਜ ਦੇ ਸਭ ਤੋਂ ਵੱਧ ਦੱਬੇ-ਕੁਚਲੇ ਦਲਿਤ ਲੋਕਾਂ ਨਾਲ ਲਗਾਤਾਰ ਹੁੰਦੀ ਹਿੰਸਾ, ਆਦਿ ਜਿਹੀਆਂ ਸਾਰੀਆਂ ਘਟਨਾਵਾਂ ਪਿੱਛੇ ਜੇ ਹਰ ਵਾਰ ਨਹੀਂ ਤਾਂ ਬਹੁਤੀ ਵਾਰ ਧਰਮ ਹੀ ਹੁੰਦਾ ਹੈ, ਜੋ ਆਮ ਵਿਅਕਤੀਆਂ ਨੂੰ ਅਨੈਤਿਕ ਕੰਮ ਕਰਨ ਲਈ ਉਕਸਾਉਂਦਾ ਹੈ।***




## ਕੋਟਿ ਕੋਟਿ ਪ੍ਰਣਾਮ

ਵਾਹ ਰੇ ਗੁਰੂ ਦਸ਼ਮੇਸ਼ ਪਿਤਾ
ਤੇਰੇ ਨੇ ਚੋਜ਼ ਨਿਆਰੇ।
ਪੜਦਾਦਾ, ਬਾਪ, ਚਾਰੇ ਪੁੱਤਰ
ਤੇ ਮਾਂ ਦੇਸ਼ ਧਰਮ ਤੋਂ ਵਾਰੇ।
ਸੀਸ 'ਤੇ ਪੈਂਦੀ ਰੇਤ ਤੱਤੜੀ
ਚਾਂਦਨੀ ਚੌਕ ਤੱਕੇ ਕਾਰੇ।
ਲਾਹੌਰ ਸ਼ਹਿਰ ਦੇ ਕਹਿਰ
ਸੁਣ ਨੀ ਦਿੱਲੀਏ ਬਦਕਾਰੇ।

ਅਨੰਦਪੁਰੀ ਤੋਂ ਪਾਏ ਚਾਲੇ
ਸਰਸੇ ਨੇ ਕਹਿਰ ਗੁਜਾਰੇ।
ਚਮਕੌਰ ਗੜ੍ਹੀ ਵਿਚ ਜੂਝੇ ਦੋ
ਅਜੀਤ ਤੇ ਜੁਝਾਰ ਪਿਆਰੇ।

ਠੰਢਾ ਬੁਰਜ ਸਰਹਿੰਦ ਦੇਖੇ
ਮਾਂ ਗੁਜਰੀ, ਰਾਜ ਦੁਲਾਰੇ।
ਛਮ ਛਮ ਪੈਂਦੀ ਬਰਸਾਤ
ਗੜਕੇ ਨਾਲੇ ਮਾਰੇ ਚਮਕਾਰੇ।

ਬੁੱਢੇ ਹੱਡ ਤੇ ਬਾਲ ਇਂਵਾਣੇ
ਭੁੱਖੇ ਭਾਣੇ ਤੇ ਠੰਢ ਨੇ ਠਾਰੇ।
ਕਿੰਜ ਕੱਟੇ ਤਿੰਨ ਦਿਨ ਰਾਤ
ਗੰਗੂ ਪਾਪੀ ਖੜ੍ਹਾ ਨਿਹਾਰੇ!
ਮੌਤ ਨੂੰ ਕਰਨ ਮਖੌਲਾਂ ਲੱਗੇ
ਸੂਬੇ ਅੱਗੇ ਲਾਲ ਨਿਆਰੇ।
ਤਰਸ ਵਜ਼ੀਰੇ ਨੂੰ ਨਾ ਆਵੇ
ਵੱਜੇ ਸੀ ਹਾਅ ਦੇ ਨਾਅਰੇ।

ਗਰਕ ਗਏ ਨੇ ਦਰਬਾਰੀ
ਵਿਚ ਗੁੱਸੇ ਦੇ ਸੂਬਾ ਫੁੰਕਾਰੇ।

ਕਿਧਰੇ ਕਿਰਦਾਰ ਸੁੱਚੇ ਜਿਹੇ
ਅਰਜ਼ ਸ਼ੇਰ ਖਾਂ ਗੁਜ਼ਾਰੇ।
ਬੇਰਹਿਮ ਹੋਏ ਇੱਟਾਂ ਚੂਨਾ
ਰਾਜ-ਜੱਲਾਦ ਰਲੇ ਨੇ ਸਾਰੇ।
ਰੋਣ ਸਰਹਿੰਦ ਦੀਆਂ ਕੰਧਾਂ
ਸੁਣ ਕੇ ਫਤਿਹ ਦੇ ਜੈਕਾਰੇ।

ਨੰਗੇ ਪੈਰ ਕੰਡਿਆਲੇ ਰਾਹ
ਮਾਛੀਵਾੜਾ ਪਿਆ ਪੁਕਾਰੇ।
ਲਾ ਕੇ ਸਿਰਹਾਣਾ ਢੀਮ ਦਾ
ਮੀਤ ਪਿਆਰੇ 'ਵਾਜ਼ਾਂ ਮਾਰੇ।
ਸੁੱਤਾ ਸ਼ਹਿਨਸ਼ਾਹ ਦੁਨੀ ਦਾ
ਖਾਲਸੇ ਦਾ ਕਰਜ਼ ਉਤਾਰੇ।
ਤੋੜ ਸਭ ਮੋਹ ਦੀਆਂ ਤੰਦਾਂ
ਮੁੱਖੋਂ ਹਾਲ ਮੁਰੀਦਾਂ ਉਚਾਰੇ।

***-ਸੇਵਾ ਸਿੰਘ ਨੂਰਪੁਰੀ***

## ਤੋਰ 'ਚ ਲਹਿਰਾਂ

ਆਈ ਹੈ ਤੋਰ ਵਿਚ ਵੀ
ਲਹਿਰਾਂ ਜਿਹੀ ਰਵਾਨੀ,
ਜਦ ਨਾਲ ਮੇਰੇ ਤੁਰ ਪਈ
ਚੜ੍ਹਦੀ ਹੋਈ ਜਵਾਨੀ।

ਇਹ ਗੀਤ ਪਹਿਲਾਂ ਵੀ ਸੀ,
ਮੈਂ ਬਹੁਤ ਵਾਰ ਸੁਣਿਆ,
ਅੱਜ ਹੋਰ ਚੰਗਾ ਲੱਗਿਆ,
ਸੁਣ ਕੇ ਤੇਰੀ ਜ਼ੁਬਾਨੀ।

ਇੰਨਾ ਨਾਦਾਨ ਹਾਂ ਕਿ
ਮੁੜ ਮੁੜ ਕੇ ਕਰ ਰਿਹਾ ਹਾਂ,
ਹਰ ਵਾਰ ਮੁਆਫ ਕਰਦਾ
ਮਹਿਰਮ ਮੇਰੀ ਨਾਦਾਨੀ।

## ਕਾਵਿ-ਕਿਆਰੀ

ਜਿਥੋਂ ਵੀ ਲੱਭੇ, ਮਨ ਵਿਚ
ਸੋਖਣ ਦਾ ਯਤਨ ਕਰਦਾਂ,
ਦੇਖਣ, ਪੜ੍ਹਨ, ਸੁਣਨ ਨੂੰ
ਮਿਲ ਜਾਏ ਜੋ ਲਸਾਨੀ।

ਇੰਜ ਲਿਖ ਵੀ ਲਿਆ ਐ,
ਕਿਆ ਬਾਤ 'ਬੀਸਲੇ' ਅੱਜ,
ਨਹੀਉਂ ਯਕੀਨ ਮੈਨੂੰ
ਬਈ ਹੈ ਖੁਦ 'ਤੇ ਹੀ ਹੈਰਾਨੀ।

***-ਹਰਿੰਦਰ ਸਿੰਘ ਬੀਸਲਾ***
***ਫੋਨ: 562-726-7674***

# ਪੰਜਾਬੀ ਦੀਆਂ ਖੇਡ ਪੁਸਤਕਾਂ 'ਤੇ ਤਰਵੀਂ ਝਾਤ

ਪੰਜਾਬੀ ਖੇਡ ਸਾਹਿਤ 25



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪੰਜਾਬੀ ਵਿਚ ਖੇਡਾਂ ਤੇ ਖਿਡਾਰੀਆਂ ਬਾਰੇ ਸੌ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਖੇਡ ਸਾਹਿਤ ਹੁਣ ਵੱਖਰਾ ਵਿਸ਼ਾ ਬਣ ਚੁੱਕੈ। ਇਸ ਬਾਰੇ ਖੋਜ ਨਿਬੰਧ ਤੇ ਖੋਜ ਪ੍ਰਬੰਧ ਲਿਖੇ ਜਾ ਰਹੇ ਹਨ। ਐੱਮ.ਫਿੱਲ ਤੇ ਪੀਐੱਚ.ਡੀ. ਦੀਆਂ ਡਿਗਰੀਆਂ ਹੋ ਰਹੀਆਂ ਹਨ। ਪੰਜਾਬੀ ਖੇਡ ਅਦਬ ਵਿਚ ਨਾਮੀ ਖਿਡਾਰੀਆਂ ਦੀਆਂ ਜੀਵਨੀਆਂ, ਸਵੈਜੀਵਨੀਆਂ, ਰੇਖਾ ਚਿੱਤਰ, ਖੇਡ ਕਹਾਣੀਆਂ, ਖੇਡਾਂ ਦਾ ਇਤਿਹਾਸ, ਖੇਡ ਮੇਲੇ, ਖੇਡ ਮਸਲੇ, ਖੇਡ ਤਬਸਰੇ, ਖੇਡਾਂ ਦੀ ਜਾਣ-ਪਛਾਣ, ਖੇਡਾਂ ਦੀਆਂ ਬਾਤਾਂ, ਖੇਡਾਂ ਦੇ ਨਿਯਮ, ਖੇਡਾਂ ਦਾ ਕਾਵਿ-ਸੰਸਾਰ, ਸ਼ਿਅਰ, ਗੀਤ, ਖੇਡ ਚਿੰਤਨ, ਖੇਡ ਸਾਹਿਤ ਦੇ ਅਧਿਐਨ ਬਾਰੇ ਖੋਜ ਨਿਬੰਧ ਤੇ ਖੋਜ ਪ੍ਰਬੰਧ, ਅਲੋਪ ਹੋ ਰਹੀਆਂ ਦੇਸੀ ਖੇਡਾਂ ਤੇ ਪ੍ਰਚੱਲਿਤ ਪੱਛਮੀ ਖੇਡਾਂ ਬਾਰੇ ਬਹੁਪੱਖੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਮਿਲਣ ਲੱਗ ਪਈਆਂ ਹਨ। ਐਸੇ ਪੰਜਾਹ ਕੁ ਲੇਖਕ ਹਨ, ਜਿਨ੍ਹਾਂ ਦੀਆਂ ਇਕ ਜਾਂ ਵੱਧ ਖੇਡ ਪੁਸਤਕਾਂ ਛਪ ਚੁੱਕੀਆਂ ਹਨ। ਖੇਡਾਂ ਦੇ ਗੀਤ ਗੂੰਜਣ ਲੱਗ ਪਏ ਹਨ ਤੇ ਖਿਡਾਰੀਆਂ ਬਾਰੇ ਫਿਲਮਾਂ ਬਣਨ ਲੱਗ ਪਈਆਂ ਹਨ। ਯੂ-ਟਿਊਬ 'ਤੇ ਕਬੱਡੀ ਕਬੱਡੀ ਹੋ ਰਹੀ ਹੈ। ਵਿਦਿਆਰਥੀਆਂ ਲਈ ਖੇਡਾਂ ਦੀਆਂ ਪਾਠ ਪੁਸਤਕਾਂ ਲੱਗਣ ਲੱਗੀਆਂ ਹਨ। ਸਾਹਿਤਕ ਗੋਸ਼ਟੀਆਂ ਵਿਚ ਵੀ ਖੇਡ ਅਦਬ ਦੀ ਗੱਲ ਹੋਣ ਲੱਗੀ ਹੈ।

ਪੰਜਾਬੀਆਂ ਦੀਆਂ ਸੌ ਤੋਂ ਵੱਧ ਦੇਸੀ ਖੇਡਾਂ ਸਨ/ਹਨ। ਛੂਹਣ ਛੁਹਾਈ ਤੇ ਗੁੱਲੀ ਡੰਡੇ ਤੋਂ ਲੈ ਕੇ ਅੱਡੀ ਟੱਪਾ ਤੇ ਕਬੱਡੀ ਕੁਸ਼ਤੀ ਤਕ। ਕੁਸ਼ਤੀ ਪੰਜਾਬੀਆਂ ਦੀ ਜੱਦੀ ਪੁਸ਼ਤੀ ਖੇਡ ਹੈ। ਸਦੀਆਂ ਤੋਂ ਪੰਜਾਬ ਦੇ ਪਹਿਲਵਾਨ ਅਖਾੜਿਆਂ 'ਚ ਜ਼ੋਰ ਕਰਦੇ ਤੇ ਘੁਲਦੇ ਆਏ ਹਨ। ਰਿਗਵੇਦ, ਰਾਮਾਇਣ ਤੇ ਮਹਾਭਾਰਤ ਜਿਹੇ ਪੁਰਾਤਨ ਗ੍ਰੰਥਾਂ ਵਿਚ ਮੱਲਾਂ ਦੇ ਘੋਲਾਂ ਦਾ ਜ਼ਿਕਰ ਹੈ। ਮੁਗਲਾਂ ਦੇ ਰਾਜ ਸਮੇਂ ਕੁਸ਼ਤੀ ਦੰਗਲਾਂ ਨੇ ਹੋਰ ਜ਼ੋਰ ਫੜਿਆ। ਰਾਜਪੂਤ ਰਿਆਸਤਾਂ ਨੇ ਵੀ ਪਹਿਲਵਾਨ ਪਾਲੇ। ਸਿੱਖਾਂ ਦੇ ਦੂਜੇ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਚ ਮੱਲਾਂ ਲਈ ਅਖਾੜਾ ਬਣਾਇਆ, ਜਿਥੇ ਹੁਣ ਗੁਰਦੁਆਰਾ ਮੱਲ ਅਖਾੜਾ ਸਾਹਿਬ ਸੁਭਾਏਮਾਨ ਹੈ। ਗੁਰੂ ਹਰਗੋਬਿੰਦ ਸਾਹਿਬ ਛਿੰਝਾਂ ਪੁਆਉਂਦੇ ਅਤੇ ਗੁਰੂ ਗੋਬਿੰਦ ਸਿੰਘ ਘੋੜਸਵਾਰੀ, ਨੇਜ਼ਾਬਾਜ਼ੀ ਤੇ ਗਤਕੇ ਵਰਗੀਆਂ ਮਾਰਸ਼ਲ ਖੇਡਾਂ ਕਰਾਉਂਦੇ ਰਹੇ। ਹਰੀ ਸਿੰਘ ਨਲੂਆ ਮਾਰਸ਼ਲ ਖੇਡ ਮੁਕਾਬਲਿਆਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰੇ ਚੜ੍ਹਿਆ ਸੀ।

ਮੱਲਾਂ ਦੇ ਘੋਲਾਂ ਦਾ ਜ਼ਿਕਰ ਬੇਸ਼ਕ ਗੁਰਬਾਣੀ ਅਤੇ ਕਿੱਸਾ ਸਾਹਿਤ ਵਿਚ ਵੀ ਮਿਲਦਾ ਹੈ, ਪਰ ਪਹਿਲਵਾਨਾਂ ਬਾਰੇ ਪੂਰੀ ਪੁਸਤਕ 'ਭਾਰਤ ਦੇ ਪਹਿਲਵਾਨ' ਬਲਬੀਰ ਸਿੰਘ ਕੰਵਲ ਨੇ 1964 ਵਿਚ ਛਪਵਾਈ। ਉਸ ਵਿਚ ਮੁਗਲ ਕਾਲ ਦੇ ਪਹਿਲਵਾਨ ਉਸਤਾਦ ਨੂਰ-ਉ-ਦੀਨ ਤੋਂ ਲੈ ਕੇ ਦੇਸ਼ ਦੀ ਵੰਡ ਤਕ ਦੇ ਨਾਮੀ ਪਹਿਲਵਾਨਾਂ ਬਾਰੇ ਜਾਣਕਾਰੀ ਦਿੱਤੀ ਗਈ। ਉਹਦੇ ਵਿਚ ਪਹਿਲਵਾਨਾਂ ਦੇ ਕੱਦ-ਕਾਠ, ਖਾਧ-ਖੁਰਾਕ, ਡੰਡ-ਬੈਠਕਾਂ, ਜ਼ੋਰ ਕਰਨ ਤੇ ਕੁਸ਼ਤੀਆਂ ਲੜਨ ਬਾਰੇ ਏਨੀ ਵੰਨ-ਸੁਵੰਨੀ ਸਮੱਗਰੀ ਹੈ ਕਿ ਉਹ ਪੁਸਤਕ ਪਾਠਕਾਂ ਨੂੰ ਨਾਵਲਾਂ ਤੋਂ ਵੀ ਵੱਧ ਦਿਲਚਸਪ ਲੱਗੀ।

ਕੁਸ਼ਤੀਆਂ ਤੇ ਪਹਿਲਵਾਨਾਂ ਬਾਰੇ ਪੰਜਾਬੀ ਵਿਚ ਦਰਜਨ ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਹਨ। ਪਿਆਰਾ ਸਿੰਘ ਰਛੀਨ ਦੀ ਪੁਸਤਕ 'ਭਾਰਤ ਦੇ ਰੁਸਤਮ ਪਹਿਲਵਾਨ' ਅਤੇ ਐੱਚ. ਐੱਮ. ਬਿਲਗਾ ਤੇ ਪੀ. ਆਰ. ਸੋਂਧੀ ਦੀ ਪੁਸਤਕ 'ਕੁਸ਼ਤੀ ਦੇ ਧਨੰਤਰ' ਪੰਜ-ਪੰਜ ਸੌ ਪੰਨਿਆਂ ਦੇ ਆਸ-ਪਾਸ ਹਨ। ਬਿਲਗਾ ਤੇ ਸੋਂਧੀ ਦੀ ਇਕ ਹੋਰ ਪੁਸਤਕ 'ਕੁਸ਼ਤੀ ਅੰਬਰ ਦੇ ਤਾਰੇ' ਹੈ। ਪਿਆਰਾ ਸਿੰਘ ਰਛੀਨ ਨੇ ਦੋ ਹੋਰ ਖੇਡ ਪੁਸਤਕਾਂ ਲਿਖੀਆਂ ਹਨ- 'ਕੁਸ਼ਤੀ ਅਖਾੜੇ' ਤੇ 'ਪਹਿਲਵਾਨ ਕਿਵੇਂ ਬਣੀਏ?' ਪਹਿਲਵਾਨ ਦਾਰਾ ਸਿੰਘ ਨੇ ਆਪਣੀ ਜੀਵਨ ਗਾਥਾ 'ਮੇਰੀ ਆਤਮ ਕਥਾ' ਲਿਖੀ ਤੇ ਪਵਨ ਹਰਚੰਦਪੁਰੀ ਨੇ ਉਹਦੀ ਜੀਵਨੀ 'ਜ਼ਿੰਦਗੀ ਦਾ ਅਸਲੀ ਸੁਪਰਮੈਨ ਦਾਰਾ ਸਿੰਘ' ਲਿਖੀ।

ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਪਹਿਲਵਾਨ ਕਰਤਾਰ ਸਿੰਘ ਦੀ ਜੀਵਨੀ 'ਕੁਸ਼ਤੀ ਦਾ ਧਰੂ ਤਾਰਾ' ਲਿਖ ਕੇ ਪੰਜਾਬੀ ਖੇਡ ਸਾਹਿਤ ਨੂੰ ਹੋਰ ਅਮੀਰ ਕੀਤਾ। ਪੰਜਾਬੀ ਦੇ ਜੀਵਨੀ ਸਾਹਿਤ ਵਿਚ ਇਸ ਪੁਸਤਕ ਦਾ ਖਾਸ ਮੁਕਾਮ ਹੈ। ਪ੍ਰੋ. ਰਾਜਿੰਦਰ ਸਿੰਘ ਨੇ 'ਮਹਾਂਬਲੀ ਪਹਿਲਵਾਨ ਕਰਤਾਰ ਸਿੰਘ' ਜੀਵਨੀ ਪ੍ਰਕਾਸ਼ਿਤ ਕਰਵਾਈ। ਇਕ ਹੋਰ ਜੀਵਨੀ 'ਭਾਰਤ ਦਾ ਪਹਿਲਾ ਸਰਦਾਰ ਹਿੰਦ ਕੇਸਰੀ ਪਹਿਲਵਾਨ ਸੁਖਵੰਤ ਸਿੰਘ' ਉਸ ਦੀ ਪਤਨੀ ਸੁਰਿੰਦਰ ਕੌਰ ਸਿੱਧੂ ਨੇ ਲਿਖੀ ਹੈ। ਬਲਵੰਤ ਸਿੰਘ ਸੰਧੂ ਨੇ ਪਹਿਲਵਾਨ ਦਾਰੇ ਦੁਲਚੀਪੁਰੀਏ ਬਾਰੇ ਨਾਵਲ 'ਗੁੰਮਨਾਮ ਚੈਂਪੀਅਨ' ਲਿਖ ਕੇ ਪੰਜਾਬੀ ਖੇਡ ਸਾਹਿਤ ਵਿਚ ਗਲਪੀ ਰੰਗ ਭਰਿਆ। ਪ੍ਰੋ. ਕਰਮ ਸਿੰਘ ਦੀ ਪੁਸਤਕ 'ਮੱਲਾਂ ਦੀਆਂ ਗੱਲਾਂ' ਵਿਚ ਪਹਿਲਵਾਨੀ ਦੇ ਦਾਅ ਪੇਚਾਂ ਸਮੇਤ ਬੜੀਆਂ ਕੰਮ ਦੀਆਂ ਗੱਲਾਂ ਹਨ। ਭਲਵਾਨਾਂ ਬਾਰੇ ਕਿੱਸਾਕਾਰਾਂ ਦੇ ਕਿੱਸੇ ਵੀ ਮਿਲਦੇ ਹਨ। ਪੰਜਾਬ ਦੇ ਨਵੇਂ ਤੇ ਪੁਰਾਣੇ ਪਹਿਲਵਾਨਾਂ ਬਾਰੇ ਫੁਟਕਲ ਲੇਖ ਅਖਬਾਰਾਂ ਤੇ ਰਸਾਲਿਆ ਵਿਚ ਅਕਸਰ ਛਪਦੇ ਹਨ। ਸੂਬਾ ਸਿੰਘ ਦਾ ਲੇਖ 'ਕਾਹਨੂੰ ਲੱਭਦੇ ਮੱਲ ਅਖਾੜਿਆਂ ਦੇ' ਸਕੂਲਾਂ ਦੀਆਂ ਪਾਠ ਪੁਸਤਕਾਂ ਦਾ ਅੰਗ ਬਣਿਆ ਰਿਹਾ ਹੈ।

ਮੈਂ ਖੁਦ 1965-66 ਤੋਂ ਖੇਡਾਂ-ਖਿਡਾਰੀਆਂ ਬਾਰੇ ਲਿਖਦਾ ਆ ਰਿਹਾਂ। ਮੇਰੀਆਂ ਹੁਣ ਤਕ 24 ਖੇਡ ਪੁਸਤਕਾਂ ਛਪ ਚੁੱਕੀਆਂ ਹਨ। 'ਖੇਡ ਮੇਲੇ ਵੇਖਦਿਆਂ' ਪੁਸਤਕ ਦੇ ਸਰਵਰਕ 'ਤੇ ਮੈਂ ਲਿਖਿਆ ਸੀ, "ਸ੍ਰਿਸ਼ਟੀ ਇਕ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇਕ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ ਉਹ ਭੁੱਲ-ਭੁਲਾ ਜਾਂਦੇ ਨੇ।"

ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਨਵਯੁਗ ਪਬਲਿਸ਼ਰਜ਼ ਦਿੱਲੀ ਨੇ ਪ੍ਰਕਾਸ਼ਿਤ ਕੀਤੀ ਸੀ, ਜਿਸ ਦੇ ਮੁਖਬੰਦ ਵਿਚ ਮੈਂ ਲਿਖਿਆ ਸੀ, "ਮੇਰੀ ਤਕੜਾ ਖਿਡਾਰੀ ਬਣਨ ਦੀ ਰੀਝ ਸੀ, ਜੋ ਪੂਰੀ ਨਹੀਂ ਹੋਈ। ਜੋ ਕੁਝ ਮੈਂ ਸਰੀਰ ਨਾਲ ਨਹੀਂ ਕਰ ਸਕਿਆ, ਉਹ ਕੁਝ ਕਲਮ ਨਾਲ ਕਰਨ ਦੀ ਕੋਸ਼ਿਸ਼ ਕਰ ਰਿਹਾਂ। ਇਹ ਤਾਂ ਸਮਾਂ ਹੀ ਦੱਸੇਗਾ, ਮੇਰੀ ਸੀਮਾ ਕਿਥੇ ਤਕ ਹੈ?"

ਮੈਨੂੰ ਖੁਸ਼ੀ ਹੈ ਕਿ ਮੇਰੀ ਖੇਡ ਲੇਖਣੀ ਦੀ ਮੈਰਾਥਨ ਉਮਰ ਦੇ ਅੱਸੀਵਿਆਂ ਵਿਚ ਵੀ ਜਾਰੀ ਹੈ। ਅਖਬਾਰਾਂ ਰਸਾਲਿਆਂ ਵਿਚ ਮੇਰੇ ਸੈਂਕੜੇ ਲੇਖ ਛਪ ਚੁੱਕੇ ਤੇ ਹੁਣ ਤਕ ਛਪੀ ਜਾ ਰਹੇ ਹਨ। ਦਿੱਲੀਓਂ ਛਪਦੇ ਰਹੇ 'ਸਚਿੱਤਰ ਕੌਮੀ ਏਕਤਾ' ਮੈਗਜ਼ੀਨ ਦਾ ਕਾਲਮ 'ਖੇਡ ਮੈਦਾਨ 'ਚੋਂ' ਮੈਂ ਪੰਦਰਾਂ ਸਾਲ ਲਿਖਿਆ। ਮੇਰੀਆਂ ਖੇਡ ਪੁਸਤਕਾਂ ਦੇ ਨਾਂ, ਪੰਜਾਬ ਦੇ ਉੱਘੇ ਖਿਡਾਰੀ, ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਪੰਜਾਬੀ ਖਿਡਾਰੀ, ਖੇਡ ਮੈਦਾਨ 'ਚੋਂ, ਉਲੰਪਿਕ ਖੇਡਾਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਉਲੰਪਿਕ ਖੇਡਾਂ ਦੀ ਸਦੀ, ਖੇਡ ਦਰਸ਼ਨ, ਖੇਡ ਮੇਲੇ ਵੇਖਦਿਆਂ, ਕਬੱਡੀ ਕਬੱਡੀ ਕਬੱਡੀ, ਪੰਜਾਬ ਦੇ ਚੋਣਵੇਂ ਖਿਡਾਰੀ, ਖੇਡਾਂ ਦੀ ਦੁਨੀਆਂ, ਮੇਲੇ ਕਬੱਡੀ ਦੇ, ਅੱਖੀਂ ਡਿੱਠਾ ਕਬੱਡੀ ਵਰਲਡ ਕੱਪ, ਏਥਨਜ਼ ਤੋਂ ਲੰਡਨ, ਖੇਡ ਅਤੇ ਸਿਹਤ ਵਾਰਤਾ, ਕਿੱਸਾ ਕਬੱਡੀ ਦਾ, ਬਲਬੀਰ ਸਿੰਘ ਦੀ ਜੀਵਨੀ ਗੋਲਡਨ ਗੋਲ, ਮਿਲਖਾ ਸਿੰਘ ਦੀ ਜੀਵਨੀ ਉੱਡਣਾ ਸਿੱਖ ਮਿਲਖਾ ਸਿੰਘ, ਖੇਡ ਖਿਡਾਰੀ ਅਤੇ ਪੰਜਾਬੀਆਂ ਦਾ ਖੇਡ ਸਭਿਆਚਾਰ ਹਨ। ਅੰਗਰੇਜ਼ੀ ਦੀ ਪੁਸਤਕ 'ਹਾਕੀ ਇਨ ਇੰਡੀਆ' ਦਾ ਪੰਜਾਬੀ ਅਨੁਵਾਦ ਕੀਤਾ ਹੈ, ਜਦ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਛਪੀ ਮੇਰੀ ਪੁਸਤਕ 'ਪੰਜਾਬੀ ਖਿਡਾਰੀ' ਅੰਗਰੇਜ਼ੀ 'ਚ ਅਨੁਵਾਦ ਹੋਈ ਹੈ।

ਬਲਬੀਰ ਸਿੰਘ ਕੰਵਲ ਨੇ 'ਪੰਜਾਬ ਕਬੱਡੀ ਦਾ ਇਤਿਹਾਸ' ਤੇ 'ਆਲਮੀ ਕਬੱਡੀ ਦਾ ਇਤਿਹਾਸ' ਦੀਆਂ ਕਿਤਾਬਾਂ ਵੀ ਲਿਖੀਆਂ ਹਨ। ਬਲਿਹਾਰ ਸਿੰਘ ਰੰਧਾਵਾ ਨੇ ਦੋ ਖੇਡ ਪੁਸਤਕਾਂ ਲਿਖੀਆਂ ਹਨ, 'ਕਬੱਡੀ ਦੇ ਅੰਗ-ਸੰਗ' ਤੇ 'ਖੇਡ ਮੇਲਿਆਂ ਦੇ ਅੰਗ-ਸੰਗ।' ਇਨ੍ਹਾਂ ਵਿਚ ਕਾਫੀ ਸਾਰੇ ਕਬੱਡੀ ਖਿਡਾਰੀਆਂ ਤੇ ਕਬੱਡੀ ਮੇਲਿਆਂ ਦੀ ਜਾਣਕਾਰੀ ਦਿੱਤੀ ਹੈ। ਸੋਹਣ ਚੀਮਾ ਨੇ 'ਖੇਡ ਮੈਦਾਨ 'ਚ ਅੱਧੀ ਸਦੀ' ਲਿਖੀ ਹੈ। ਇਸ ਵਿਚ ਉਸ ਨੇ ਇੰਗਲੈਂਡ 'ਚ ਕਬੱਡੀ ਦੇ ਸ਼ੁਰੂ ਹੋਣ ਤੇ ਵਿਕਾਸ ਕਰਨ ਉਤੇ ਚਾਨਣਾ ਪਾਇਆ ਹੈ। ਇਹਦੇ ਵਿਚ ਸਵੈਜੀਵਨੀ ਦੇ ਵੀ ਅੰਸ਼ ਹਨ।

ਲਾਭ ਸਿੰਘ ਸੰਧੂ ਨੇ 'ਗੱਭਰੂ ਪੁੱਤ ਪੰਜਾਬ ਦੇ' ਤੇ 'ਚੰਨ ਮਾਹੀ ਦੀਆਂ ਬਾਤਾਂ' ਦੋ ਖੇਡ ਪੁਸਤਕਾਂ ਲਿਖੀਆਂ ਹਨ। ਪਹਿਲੀ ਪੁਸਤਕ ਵਿਚ ਪ੍ਰਸਿੱਧ ਖਿਡਾਰੀਆਂ ਦੇ ਰੇਖਾ ਚਿੱਤਰ ਹਨ ਤੇ ਦੂਜੀ ਵਿਚ ਖਿਡਾਰੀਆਂ ਦੀਆਂ ਪਤਨੀਆਂ ਦੇ ਇੰਟਰਵਿਊਜ਼ ਹਨ। ਉਨ੍ਹਾਂ ਦੀਆਂ ਗੱਲਾਂ-ਬਾਤਾਂ ਵਿਚੋਂ ਖਿਡਾਰੀਆਂ ਦੇ ਜੀਵਨ ਦੇ ਕਈ ਅਹਿਮ ਭੇਦ ਖੁੱਲ੍ਹਦੇ ਹਨ। ਪ੍ਰੋ. ਰਾਜਿੰਦਰ ਸਿੰਘ ਨੇ ਕੋਚਿੰਗ ਦੇ ਨੁਕਤੇ ਤੋਂ 'ਕ੍ਰਿਕਟ ਕਿਵੇਂ ਖੇਡੀਏ' ਤੇ 'ਵਾਲੀਬਾਲ ਕਿਵੇਂ ਖੇਡੀਏ' ਆਦਿ ਕਈ ਖੇਡ ਪੁਸਤਕਾਂ ਛਪਵਾਈਆਂ ਹਨ। ਰਾਜਿੰਦਰ ਸਿੰਘ ਦੀ ਇਕ ਪੁਸਤਕ ਹੌਲਦਾਰ ਜੋਗਿੰਦਰ ਸਿੰਘ ਦੀ ਜੀਵਨੀ ਹੈ, ਜੋ ਸੌ ਸਾਲ ਤੋਂ ਵੱਧ ਜੀਵਿਆ। ਤਰਲੋਕ ਸਿੰਘ ਨੇ ਪੀ. ਟੀ. ਊਸ਼ਾ ਦੀ ਜੀਵਨੀ ਅਤੇ ਵੈਟਰਨ ਖਿਡਾਰੀਆਂ ਬਾਰੇ ਵੀ ਇਕ ਪੁਸਤਕ ਲਿਖੀ। ਉਹ ਖੁਦ ਵੈਟਰਨ ਅਥਲੀਟ ਰਿਹਾ, ਜਿਸ ਨੇ ਆਪਣੀ ਸਵੈਜੀਵਨੀ ਵੀ ਲਿਖੀ।

ਗੋਲਾ ਸੁੱਟਣ ਵਿਚ ਏਸ਼ੀਆ ਦੇ ਚੈਂਪੀਅਨ ਰਹੇ ਜੋਗਿੰਦਰ ਸਿੰਘ ਜੋਗੀ ਨੇ ਆਪਣੀ ਸਵੈਜੀਵਨੀ 'ਜੱਗ ਦਾ ਜੋਗੀ' ਲਿਖੀ। ਪਿੰਡ ਕਿਸ਼ਨਪੁਰਾ ਜਿਲਾ ਰੋਪੜ ਦੇ ਜੰਮਪਲ ਜੋਗਿੰਦਰ ਸਿੰਘ ਦਾ ਸਕੂਲੇ ਪੜ੍ਹਨਾ, ਡੰਗਰ ਚਾਰਨੇ, ਯੂ. ਪੀ. ਦੇ ਜੰਗਲ ਕੱਟਣੇ, ਜੰਗਲੀ ਜਾਨਵਰਾਂ ਦੇ ਖਤਰੇ ਸਹੇੜਨੇ, ਫੌਜ 'ਚ ਸਿਪਾਹੀ ਭਰਤੀ ਹੋ ਕੇ ਮੇਜਰ ਦੇ ਰੈਂਕ ਤਕ ਪੁੱਜਣਾ ਤੇ ਦਸ ਸਾਲ ਗੋਲਾ ਸੁੱਟਣ ਦਾ ਚੈਂਪੀਅਨ ਬਣੇ ਰਹਿਣਾ ਕਮਾਲ ਦੀ ਜੀਵਨ ਗਾਥਾ ਹੈ। ਮੇਰੀ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ, ਜਿਸ ਵਿਚ 87 ਖੇਡਾਂ ਦਾ ਵਰਣਨ ਹੈ। ਨੈਸ਼ਨਲ ਬੁੱਕ ਟਰੱਸਟ ਵੱਲੋਂ ਛਾਪੀ ਮੇਰੀ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ 85 ਖਿਡਾਰੀਆਂ ਦੇ ਰੇਖਾ ਚਿੱਤਰ ਹਨ।

ਸੁਖਦੇਵ ਮਾਦਪੁਰੀ ਨੇ ਦੋ ਖੇਡ ਪੁਸਤਕਾਂ 'ਪੰਜਾਬ ਦੀਆਂ ਲੋਕ ਖੇਡਾਂ' ਤੇ 'ਪੰਜਾਬ ਦੀਆਂ ਵਿਰਾਸਤੀ ਖੇਡਾਂ' ਲਿਖੀਆਂ। ਮੁਲਕ ਰਾਜ ਅਨੰਦ ਦੀ ਪੁਸਤਕ 'ਭਾਰਤ ਦੀਆਂ ਕੁਝ ਲੋਕ ਖੇਡਾਂ' ਨੈਸ਼ਨਲ ਬੁੱਕ ਟਰੱਸਟ ਦੀ ਅਨੁਵਾਦਤ ਪੁਸਤਕ ਹੈ। ਨੈਸ਼ਨਲ ਬੁੱਕ ਟਰੱਸਟ ਦੀਆਂ ਕੁਝ ਹੋਰ ਖੇਡ ਪੁਸਤਕਾਂ 'ਚੋਟੀ ਤੋਂ ਚੋਟੀ', 'ਉਲੰਪਿਕ ਖੇਡਾਂ ਦੇ ਮਹਾਨ ਖਿਡਾਰੀ', 'ਭਾਰਤ ਦੇ ਕ੍ਰਿਕਟ ਖਿਡਾਰੀ', 'ਭਾਰਤ ਵਿਚ ਹਾਕੀ', 'ਪੰਜਾਬ ਦੇ ਚੋਣਵੇਂ ਖਿਡਾਰੀ', 'ਅਥਲੈਟਿਕਸ ਵਿਚ ਸੋਨ ਤਮਗਾ ਕਿਵੇਂ ਜਿੱਤੀਏ' ਤੇ 'ਪੰਜਾਬੀਆਂ ਦਾ ਖੇਡ ਸਭਿਆਚਾਰ' ਹਨ। ਟਰੱਸਟ ਦੇ ਕੁਝ ਸਚਿੱਤਰ ਕਿਤਾਬਚੇ ਬੱਚਿਆਂ ਦੀਆਂ ਖੇਡਾਂ ਬਾਰੇ ਹਨ। ਜਗਦੀਸ਼ ਕੌਸ਼ਲ ਨੇ 'ਗਾਓ, ਖੇਡੋ ਅਤੇ ਸਿੱਖੋ' ਪੋਥੀ ਸਕੂਲੀ ਬੱਚਿਆਂ ਲਈ ਲਿਖੀ ਹੈ। ਖੇਡਾਂ ਦੇ ਨਿਯਮਾਂ ਸਬੰਧੀ ਕਿਤਾਬਾਂ ਹਨ। ਲਖਵੀਰ ਸਿੰਘ ਕੋਮਲ ਨੇ 'ਸਟਾਰ ਕਬੱਡੀ ਦੇ' ਚਾਰ ਭਾਗ ਛਪਵਾਏ ਹਨ। ਜੀਤ ਸਿੰਘ ਟਾਈਗਰ ਦੀ ਜੀਵਨੀ 'ਜੀਤ ਨੇ ਜੱਗ ਜਿੱਤਿਆ' ਸੁਰਿੰਦਰਪ੍ਰੀਤ ਨੇ ਲਿਖੀ ਹੈ। ਕੁਲਵਿੰਦਰ ਸਿੰਘ ਬਿਣਗ ਦੀ ਕਿਤਾਬ ਦਾ ਨਾਂ 'ਸ਼ਿਅਰਾਂ ਸੰਗ ਕਬੱਡੀ' ਹੈ। ਅਵਤਾਰ ਸਿੰਘ ਨੇ 'ਗਤਕਾ, ਸਿਖਲਾਈ ਅਤੇ ਨਿਯਮਾਵਲੀ' ਲਿਖੀ ਹੈ। ਨੱਥਾ ਸਿੰਘ ਗਾਖਲ ਨੇ 'ਪੰਜਾਬ ਦੇ ਹੀਰੇ' ਪੁਸਤਕ ਵਿਚ ਕਬੱਡੀ ਖਿਡਾਰੀਆਂ ਦੀ ਜਾਣ-ਪਛਾਣ ਕਰਾਈ ਹੈ।


ਮਿਲਖਾ ਸਿੰਘ ਨੇ ਆਪਣੀ ਸਵੈਜੀਵਨੀ 'ਫਲਾਈਂਗ ਸਿੱਖ ਮਿਲਖਾ ਸਿੰਘ' ਛਪਵਾਈ, ਜਿਸ ਨੂੰ ਲਿਖਣ ਵਿਚ ਪ੍ਰਸਿੱਧ ਕਵੀ ਪਾਸ਼ ਨੇ ਸਹਿਯੋਗ ਦਿੱਤਾ। ਇਸ ਵਿਚ ਮਿਲਖਾ ਸਿੰਘ ਦੇ ਟੁਕੜੇ ਟੁਕੜੇ ਹੋਏ ਬਚਪਨ ਦਾ ਮਾਰਮਿਕ ਬਿਰਤਾਂਤ ਹੈ। ਦੌੜਾਂ ਦੌੜਨ ਲਈ ਕੀਤੀ ਮੁਸ਼ੱਕਤ, ਰੱਖੇ ਰਿਕਾਰਡ ਤੇ ਜੀਵਨ ਵਿਚ ਵਾਪਰੀਆਂ ਨਾਟਕੀ ਘਟਨਾਵਾਂ ਦਾ ਰੌਚਿਕ ਵਰਣਨ ਹੈ। ਪ੍ਰੇਰਨਾਮਈ ਸੰਦੇਸ਼ ਹੈ। ਅਜਿਹੀਆਂ ਲਿਖਤਾਂ ਬੱਚਿਆਂ ਤੇ ਨੌਜੁਆਨਾਂ ਨੂੰ ਚੰਗੇ ਖਿਡਾਰੀ ਬਣਨ ਲਈ ਪ੍ਰੇਰ ਸਕਦੀਆਂ ਹਨ। ਮੈਂ ਵੀ ਬੱਚਿਆਂ ਤੇ ਗੱਭਰੂਆਂ ਲਈ 'ਉੱਡਣਾ ਸਿੱਖ ਮਿਲਖਾ ਸਿੰਘ' ਨਾਂ ਦੀ ਜੀਵਨੀ ਲਿਖੀ ਹੈ। ਇਸ ਤੋਂ ਪਹਿਲਾਂ ਉਲੰਪਿਕ ਆਈਕੋਨ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਲਿਖੀ ਸੀ। ਭਾਸ਼ਾ ਵਿਭਾਗ ਪੰਜਾਬ ਨੇ ਵੱਖ ਵੱਖ ਖੇਡਾਂ ਦੀ ਕੋਚਿੰਗ ਬਾਰੇ ਕੁਝ ਕਿਤਾਬਚੇ ਛਪਵਾਏ ਹਨ, ਜੋ ਜੁਗਿੰਦਰ ਸਿੰਘ ਜੋਗੀ ਨੇ ਲਿਖੇ। ਉਸ ਨੇ ਪੁਸਤਕ 'ਪੰਜਾਬ ਦੇ ਪ੍ਰਸਿੱਧ ਖਿਡਾਰੀ' ਵੀ ਲਿਖੀ।

ਡਾ. ਚਰਨਜੀਤ ਸਿੰਘ ਪੱਡਾ ਦੀ ਪੁਸਤਕ 'ਭਾਰਤੀ ਫੁੱਟਬਾਲ ਦਾ ਜਰਨੈਲ' ਪ੍ਰਸਿੱਧ ਫੁੱਟਬਾਲਰ ਜਰਨੈਲ ਸਿੰਘ ਦੀ ਜੀਵਨੀ ਹੈ। ਬਲਜਿੰਦਰ ਮਾਨ ਨੇ 'ਫੁੱਟਬਾਲ ਜਗਤ ਮਾਹਿਲਪੁਰ' ਨਾਂ ਦੀ ਕਿਤਾਬ ਲਿਖੀ, ਜਿਸ ਵਿਚ ਮਾਹਿਲਪੁਰ ਇਲਾਕੇ ਦੀਆਂ ਫੁੱਟਬਾਲ ਹਸਤੀਆਂ ਦਾ ਵੇਰਵਾ ਤੇ ਫੁੱਟਬਾਲ ਦੇ ਟੂਰਨਾਮੈਂਟਾਂ ਦਾ ਲੇਖਾ-ਜੋਖਾ ਹੈ। ਮਾਹਿਲਪੁਰ ਦੇ ਫੁੱਟਬਾਲਰਾਂ ਬਾਰੇ ਉਹਦੀ ਦੂਜੀ ਪੁਸਤਕ 'ਫੁੱਟਬਾਲ ਦੀ ਨਰਸਰੀ ਇਲਾਕਾ ਮਾਹਿਲਪੁਰ' ਹੈ। ਸੰਸਾਰਪੁਰ ਦੀ ਹਾਕੀ ਬਾਰੇ ਡਾ. ਕੁਲਾਰ ਨੇ ਖੋਜ ਪ੍ਰਬੰਧ ਲਿਖਿਆ ਹੈ। ਉਸ ਵਿਚ ਉਲੰਪੀਅਨ ਗੁਰਮੀਤ ਸਿੰਘ ਕੁਲਾਰ ਤੋਂ ਲੈ ਕੇ ਸੰਸਾਰਪੁਰ ਦੇ ਦਰਜਨ ਤੋਂ ਵੱਧ ਉਲੰਪੀਅਨਾਂ ਤੇ ਕੌਮਾਂਤਰੀ ਖਿਡਾਰੀਆਂ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ।

ਬਲਜੀਤ ਸਿੰਘ ਸਿੱਧੂ ਨੇ 'ਜੇ ਉਲੰਪਿਕ ਜਿੱਤਣੀ ਹੈ ਤਾਂ' ਪੁਸਤਕ ਛਪਵਾਈ, ਜਿਸ ਵਿਚ ਖਿਡਾਰੀਆਂ ਨੂੰ ਉਲੰਪਿਕ ਖੇਡਾਂ ਤਕ ਮੰਜ਼ਿਲਾਂ ਮਾਰਨ ਦੀ ਪ੍ਰੇਰਨਾ ਦਿੱਤੀ ਗਈ ਅਤੇ ਖਿਡਾਰੀਆਂ ਨੂੰ ਵਰਜਿਤ ਡਰੱਗਾਂ ਲੈਣ ਤੋਂ ਸਾਵਧਾਨ ਕੀਤਾ ਗਿਆ। ਰਣਜੀਤ ਸਿੰਘ ਪ੍ਰੀਤ ਨੇ 'ਵਿਸ਼ਵ ਖੇਡ ਦਰਪਨ' ਵਿਚ ਵਿਸ਼ਵ ਦੀਆਂ ਬਹੁਤ ਸਾਰੀਆਂ ਖੇਡਾਂ ਦੀ ਜਾਣਕਾਰੀ ਦਿਤੀ ਹੈ। ਉਸ ਦੀ ਦੂਜੀ ਖੇਡ ਪੁਸਤਕ 'ਏਸ਼ਿਆਈ ਖੇਡਾਂ ਦੀ ਰੌਚਿਕ ਕਹਾਣੀ' ਹੈ, ਜਿਸ ਵਿਚ ਏਸ਼ਿਆਈ ਖੇਡਾਂ ਦਾ ਸੰਖੇਪ ਇਤਿਹਾਸ ਪੇਸ਼ ਕੀਤਾ ਹੈ। ਪ੍ਰਿੰ. ਸੁਜਾਨ ਸਿੰਘ ਨੇ ਸਰੀਰਕ ਸਿੱਖਿਆ ਦੀਆਂ ਪੁਸਤਕਾਂ ਲਿਖਣ ਦੇ ਨਾਲ ਇਕ ਪੁਸਤਕ ਖੇਡਾਂ ਦੇ ਨਿਯਮਾਂ ਬਾਰੇ ਲਿਖੀ। ਸਰੀਰਕ ਕਸਰਤਾਂ ਤੇ ਯੋਗਾ ਬਾਰੇ ਵੀ ਪੰਜਾਬੀ ਵਿਚ ਪੁਸਤਕਾਂ ਮਿਲਦੀਆਂ ਹਨ। ਹਰਬੰਸ ਸਿੰਘ ਵਿਰਦੀ ਨੇ ਸਿੱਖ ਉਲੰਪੀਅਨਾਂ ਬਾਰੇ ਪੁਸਤਕ ਲਿਖੀ, ਜੋ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਨੇ ਪ੍ਰਕਾਸ਼ਿਤ ਕੀਤੀ। ਹਾਕੀ ਦੇ ਜਾਦੂਗਰ ਧਿਆਨ ਚੰਦ ਬਾਰੇ ਲਿਖੀ ਪੁਸਤਕ ਦਾ ਨਾਂ 'ਗੋਲ' ਹੈ। ਜੋਗਿੰਦਰ ਸਿੰਘ ਆਹਲੂਵਾਲੀਆ, ਜੋ ਨੈਸ਼ਨਲ ਹਾਕੀ ਅੰਪਾਇਰ ਰਹੇ, ਹਾਕੀ ਦੀ ਖੇਡ ਬਾਰੇ ਲਿਖਦੇ ਵੀ ਰਹੇ। ਹਾਕੀ ਦੇ ਨਿਯਮਾਂ ਬਾਰੇ ਉਨ੍ਹਾਂ ਦੀ ਕਿਤਾਬ 'ਹਾਕੀ ਦਾ ਖੇਲ' ਹੈ। ਹਾਕੀ ਬਾਰੇ ਇਕ ਹੋਰ ਕਿਤਾਬ ਗਿਆਨ ਸਿੰਘ ਨੇ ਵੀ ਲਿਖੀ ਹੈ। ਸਰੀਰਕ ਸਿੱਖਿਆ ਤੇ ਖੇਡਾਂ ਬਾਰੇ ਪੰਜਾਬੀ 'ਚ ਅਨੇਕਾਂ ਪਾਠ ਪੁਸਤਕਾਂ ਮਿਲਦੀਆਂ ਹਨ।

ਪ੍ਰਿੰ. ਤਰਲੋਚਨ ਸਿੰਘ ਭਾਟੀਆ ਨੇ 'ਦਿੱਲੀ

(ਬਾਕੀ ਅਗਲੇ ਸਫੇ 'ਤੇ)



ਖੇਡਾਂ ਬਾਰੇ ਛਪੀਆਂ ਕੁਝ ਪੁਸਤਕਾਂ ਦੇ ਮੁਖੜੇ



ਪੁਸਤਕ ਚਰਚਾ

# 'ਜ਼ਿੰਦਗੀ ਦੇ ਰੰਗ' ਦੀ ਸੱਤਰੰਗੀ

ਡਾ. ਗੁਰਬਖਸ਼ ਸਿੰਘ ਭੰਡਾਲ

ਸੁਖਰਾਜ ਸਿੰਘ ਆਈ. ਪੀ. ਐਸ. ਅਫਸਰ, ਜੋ ਮੱਧ ਪ੍ਰਦੇਸ਼ ਦਾ ਸੇਵਾਮੁਕਤ ਡੀ. ਜੀ. ਪੀ. ਹੈ। ਉਸ ਦੀ ਰੂਹ ਵਿਚ ਹਨ ਕਵਿਤਾ ਦੀਆਂ ਕਿੱਲਕਾਰੀਆਂ ਅਤੇ ਭਾਵੁਕਤਾ ਦੀ ਰੁਮਕਣੀ। ਉਹ ਆਪਣੀਆਂ ਸੁੱਚੀਆਂ-ਸੱਚੀਆਂ ਭਾਵਨਾਵਾਂ ਨੂੰ ਸ਼ਬਦਾਂ ਦੇ ਹਵਾਲੇ ਕਰਨ ਅਤੇ ਮਨ ਦੀ ਮਸਤੀ ਵਿਚ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਲਈ ਸਮਾਂ ਕੱਢ ਹੀ ਲੈਂਦਾ ਏ। ਜਦ ਕਵੀ, ਕਵਿਤਾ ਨਾਲ ਦੁੱਖ-ਸੁੱਖ, ਰਾਜ਼, ਰੂਹ-ਰੰਗਤਾ ਅਤੇ ਰੂਹ-ਰੇਜ਼ਤਾ ਸਾਂਝੀ ਕਰਦਾ ਹੈ ਤਾਂ ਉਹ ਮਾਨਸਿਕ ਬੋਝ ਨੂੰ ਹਰਫਾਂ ਦੇ ਹਵਾਲੇ ਕਰ, ਰਾਹਤ ਮਹਿਸੂਸ ਕਰਦਾ ਹੈ। 'ਜ਼ਿੰਦਗੀ ਦੇ ਰੰਗ' ਪੜ੍ਹਦਿਆਂ ਇਉਂ ਲੱਗਦਾ ਹੈ ਕਿ ਕਵਿਤਾ ਸੁਖਰਾਜ ਦੇ ਨਾਲ ਅਮੁੱਕ ਯਾਤਰਾ ਤੇ ਤੁਰ ਰਹੀ ਹੈ। ਇਸ ਕਵਿਤਾ ਨੂੰ ਕਿਤਾਬੀ ਰੂਪ ਵਿਚ ਪੇਸ਼ ਕਰਕੇ ਉਸ ਨੇ ਪੰਜਾਬੀ ਮਾਂ-ਬੋਲੀ ਦਾ ਮਾਣਮੱਤਾ ਪੁੱਤ ਹੋਣ ਦਾ ਫਰਜ਼ ਨਿਭਾਇਆ ਹੈ। ਇਹ ਇਸ ਗੱਲ ਦੀ ਹਾਮੀ ਵੀ ਭਰਦਾ ਹੈ ਕਿ ਜੀਵਨੀ ਭੱਜ-ਦੌੜ, ਸਰਕਾਰੀ ਮਜਬੂਰੀਆਂ ਤੇ ਫਰਜ਼ਾਂ ਦਰਮਿਆਨ ਵੀ ਕਵਿਤਾ ਨੂੰ ਜਿਉਂਦੀ ਤੇ ਜਾਗਦੀ ਰੱਖਿਆ ਜਾ ਸਕਦਾ ਹੈ।

ਉਸ ਦੇ ਨਾਜ਼ੁਕ ਮਨ ਦਾ ਕੇਹਾ ਤਰਲਾ ਹੈ ਕਿ ਉਸ ਦੀ ਕਵਿਤਾ ਬੋਲਦੀ ਹੈ,

ਮੈਂ ਡਰਦਾ ਹਾਂ ਸ਼ੀਸ਼ਾ ਟੁੱਟ ਨਾ ਜਾਵੇ,  
ਸ਼ੀਸ਼ਾ ਪੱਥਰ-ਦਿਲ ਨਹੀਂ ਹੁੰਦਾ।

ਬਹੁਤ ਵਾਰੀ ਕਵਿਤਾ ਸੱਚ ਤੋਂ ਬਹਤੁ ਦੂਰ ਹੁੰਦੀ ਹੈ, ਪਰ ਉਸ ਦੀ ਕਵਿਤਾ ਵਿਚੋਂ ਸੱਚ ਉਦੈ ਹੁੰਦਾ ਹੈ। ਅਰਥਾਂ ਵਿਚੋਂ ਅਰਦਾਸ ਤੇ ਅਰਜੋਈ ਊਰਜਾਵੰਤ ਹੁੰਦੀ ਹੈ ਅਤੇ ਆਤਮਾ ਵਿਚੋਂ ਕਵਿਤਾ ਦਾ ਪ੍ਰਵਾਹ ਵਗਦਾ ਹੈ। ਇਹ ਹੁੰਦਾ ਤਾਂ ਬਹੁਤ ਕਸ਼ਟਮਈ ਹੈ ਤਾਂ ਹੀ ਉਹ ਲਿਖਦਾ ਏ,

ਬਹੁਤ ਹੀ ਕਸ਼ਟਦਾਇਕ ਹੈ  
ਸੱਚਾ ਹਰਫ, ਸੱਚੀ ਕਵਿਤਾ  
ਤੇ ਸੱਚਾ ਗੀਤ ਲਿਖਣਾ।  
ਜਾਂ  
ਸੁੰਦਰ ਤਿੱਤਲੀਆਂ ਦਾ ਕਤਲ ਹੋਇਆ  
ਮੇਰੀਆਂ ਅੱਖਾਂ ਦੇ ਸਾਹਮਣੇ  
ਮੈਂ ਮੌਨ ਦੇਖਦਾ ਰਿਹਾ।

---

ਮੈਂ ਫਿਰ ਕਦੇ ਖੜ੍ਹਾ ਨਾ ਹੋ ਸਕਿਆ  
ਆਪਣੀ ਜ਼ਮੀਰ ਦੇ ਸਾਹਮਣੇ।

ਜ਼ਮੀਰ ਨੂੰ ਮੁਖਾਤਬ ਨਾ ਹੋ ਸਕਣ ਦੀ ਬੇਬੱਸੀ ਅਤੇ ਲਾਚਾਰਗੀ ਵਿਚੋਂ ਜਨਮੀ ਕਵਿਤਾ, ਕਵੀ ਦਾ ਹਾਸਲ ਹੈ। ਉਸ ਨੂੰ ਪਤਾ ਹੈ ਕਿ,

ਖੰਡਰਾਂ ਤੇ ਸਿਵਿਆਂ ਵਿਚ ਕੋਈ ਫਰਕ ਨਹੀਂ ਹੁੰਦਾ।

---

ਤੂੰ ਤੇ ਮੈਂ ਖੰਡਰਾਂ ਤੇ ਸਿਵਿਆਂ ਵਿਚ  
ਚੰਦ ਦਿਨਾਂ ਦੇ ਮਹਿਮਾਨ ਹਾਂ।

ਇਸ ਕਵਿਤਾ ਵਿਚ ਜ਼ਿੰਦਗੀ ਦੇ ਆਖਰੀ ਸੱਚ ਨੂੰ ਦੇਖਿਆ ਅਤੇ ਸਮਝਿਆ ਜਾ ਸਕਦਾ।

ਸੁਖਰਾਜ ਘੁਮੱਕੜ ਹੈ। ਆਪਣੀ ਘੁਮੱਕੜੀ ਦੌਰਾਨ ਜਦ ਉਹ ਕਿਸੇ ਦੇਸ਼, ਸ਼ਹਿਰ ਜਾਂ ਗਰਾਂ ਵਿਚੋਂ ਵਿਚਰਦਾ ਹੈ ਤਾਂ ਉਸ ਦੀ ਨੀਝ ਵਿਚ ਪਰੋਈ ਜਾਂਦੀ ਹੈ, ਉਸ ਸਥਾਨ ਦੀ ਕਾਇਨਾਤੀ ਖੂਬਸੂਰਤੀ। ਕੁਝ ਕਵਿਤਾਵਾਂ ਵਿਚ ਕੁਝ ਸ਼ਹਿਰਾਂ ਜਿਵੇਂ ਵੀਨਸ, ਰੋਮ, ਸਵਿਟਜ਼ਰਲੈਂਡ, ਲੰਡਨ, ਨਿਊ ਯਾਰਕ, ਪੈਰਿਸ ਆਦਿ ਸ਼ਹਿਰਾਂ ਦੇ ਕਾਵਿਕ ਬਿਰਤਾਂਤ ਹਨ। ਇਨ੍ਹਾਂ ਦੀ ਖੂਬਸੂਰਤੀ, ਕੁਦਰਤੀ ਕ੍ਰਿਸ਼ਮੇ, ਲੋਕਾਂ ਦਾ ਸੁਹੱਪਣ ਅਤੇ ਦੀਦਾਗਿਰੀ ਦੀ ਬਾਤ ਪਾਉਂਦੀਆਂ ਕਵਿਤਾਵਾਂ ਕਸ਼ਿਸ਼ ਪੈਦਾ ਕਰਦੀਆਂ ਹਨ। ਇਨ੍ਹਾਂ ਹੁਸੀਨ ਥਾਂਵਾਂ ਨੂੰ ਦੇਖਣ ਅਤੇ ਇਨ੍ਹਾਂ ਦੀ ਛੋਹ ਮਾਣਨ ਲਈ।

ਉਸ ਦੀ ਕਲਮ ਵਿਚੋਂ ਕਵਿਤਾ ਤਰਲਦੀ ਹੈ,  
ਇਸ ਯਾਤਰਾ 'ਤੇ ਯੁੱਗਾਂ ਤੋਂ  
ਆਉਂਦਾ ਤੇ ਜਾਂਦਾ ਰਹਿੰਦਾ ਹਾਂ  
ਉਦਾਸੀ ਵੀ ਸਫਰ ਹੈ,  
ਮੇਰੀ ਜ਼ਿੰਦਗੀ ਦਾ।

ਜਦ ਕੋਈ ਉਦਾਸੀ ਤੇ ਤੁਰਦਾ ਹੈ ਤਾਂ ਉਹ ਬਾਬੇ ਨਾਨਕ ਵਾਂਗ ਕਾਵਿ-ਪੈਗਾਮ ਰਾਹੀਂ ਮਾਨਵਤਾ ਦੀ ਝੋਲੀ ਵਿਚ ਸੂਰਜ ਧਰਦਾ। ਇਸ ਦੀ ਰੋਸ਼ਨੀ ਵਿਚ ਜਗਮਗਾਉਂਦੀਆਂ ਜੀਵਨ ਦੀਆਂ ਕਾਲਖ ਰਾਹਾਂ। ਇਹ 'ਉਦਾਸੀ' ਹੀ ਹੈ, ਜੋ ਕਾਇਨਾਤ ਵਿਚ ਫੈਲੀ ਹੋਈ ਏ। ਮੁੱਦਤਾਂ ਬਾਅਦ ਜਦ ਉਹ ਸੁੰਨਸਾਨ ਤੇ ਵਿਰਾਨ 'ਆਪਣੇ ਘਰ' ਵਿਚ ਪਰਤਦਾ ਤਾਂ ਘਰ ਦੇ ਕੋਨੇ ਵਿਚ ਇਕ ਬੋਟ ਦੀ ਚਹਿਕਣੀ ਅਤੇ ਨਿੱਕੀ ਜਿਹੀ ਪਰਵਾਜ਼, ਘਰ ਦੇ ਵੱਸਦੇ-ਰੱਸਦੇ ਹੋਣ ਦਾ ਪ੍ਰਮਾਣ ਬਣਦੀ ਹੈ। ਉਸ ਦੀ ਕਵਿਤਾ ਵਿਚ ਵਾਰ ਵਾਰ ਉਦਾਸੀ ਦਸਤਕ ਦਿੰਦੀ ਏ, ਜੋ ਉਸ ਦੇ ਮਨ ਦੀ ਕੋਮਲਤਾ ਅਤੇ ਦਿਲ ਦੀ ਸੁੱਚਮਤਾ ਦੀ ਸੁੱਚੀ ਤਸ਼ਬੀਹ ਹੈ; ਤਾਂ ਹੀ ਕਹਿੰਦਾ ਹੈ,

ਇਥੇ ਹਰ ਸ਼ਖਸ ਉਦਾਸ ਹੈ  
ਉਦਾਸੀ ਖਾਂਦਾ ਹੈ  
ਉਦਾਸੀ ਹੀ ਪੀਂਦਾ ਹੈ...।

ਸੁਖਰਾਜ ਦੀ ਕਵਿਤਾ ਵਿਚ ਮਨ ਦੀ ਲੈਆਤਮਿਕਤਾ, ਭਾਵਨਾਵਾਂ ਦੀ ਰੰਗਤ ਅਤੇ ਸੂਖਮ ਲੋਚਾ ਦੀ ਧੜਕਣੀ ਹੈ। ਰੂਹ ਦੀ ਲਬਰੇਜ਼ਤਾ ਠਾਠਾਂ ਮਾਰਦੀ ਹੈ। ਉਸ ਲਈ ਕਵਿਤਾ ਦੀਆਂ ਮਹੀਨ ਝੀਤਾਂ ਵਿਚੋਂ ਦੇਖਣਾ, ਜ਼ਿੰਦਗੀ ਦੇ ਦੀਦਾਰੇ ਦਾ ਰਿਆਜ਼ ਹੈ।

'ਹਸਰਤਾਂ ਦਾ ਸਫਰ ਤੇ ਸਫਰ ਦੀਆਂ ਹਸਰਤਾਂ' ਬਹੁਤ ਕੁਝ ਬਿਆਨ ਕਰਦੀਆਂ ਨੇ, ਮਨ ਵਿਚ ਹੋ ਰਹੀ ਉਥਲ-ਪੁਥਲ, ਸੁਖਨ ਲੋਚਦੀਆਂ ਸੋਚਾਂ, ਜੀਵਨ ਨੂੰ ਨਵੀਂ ਨਕੋਰ ਧਰਾਤਲ ਅਤੇ ਸੁਪਨਿਆਂ ਦੀ ਨਿਵੇਕਲੀ ਪਰਵਾਜ਼ ਬਾਰੇ। ਤਾਂ ਹੀ ਉਹ 'ਹਸਰਤਾਂ ਦੇ ਸਫਰ' ਵਿਚੋਂ ਹੀ 'ਸਫਰ ਦੀਆਂ ਹਸਰਤਾਂ' ਦਾ ਹਮਸਫਰ ਬਣਦਾ ਏ।

'ਨੋਕਿੰਗ ਆਫ ਏ ਬਰਡ' ਜਿਹੀ ਮਲੂਕ ਕਵਿਤਾ ਜਦ ਸੁਖਰਾਜ ਦੀ ਕਲਮ ਵਿਚੋਂ ਕਿਰਦੀ ਹੈ ਤਾਂ ਉਸ ਦੇ ਅੰਤਰੀਵ ਵਿਚ ਝਾਕਣਾ ਅਤੇ ਇਸ ਵਿਚ ਖੁਣੀ ਹੋਈ ਇਬਾਰਤ ਨੂੰ ਪੜ੍ਹਨਾ ਆਸਾਨ ਹੋ ਜਾਂਦਾ। ਇਹ ਕਵਿਤਾ ਤਾਂ ਪੁਲਿਸ ਅਫਸਰਾਂ ਬਾਰੇ ਬਣੀ ਹੋਈ ਧਾਰਨਾ ਨੂੰ ਤੋੜਨ ਦੇ ਸਮਰੱਥ ਹੈ।

ਕਿੰਨੇ ਖੂਬਸੂਰਤ ਨੇ ਉਸ ਦੇ ਕਾਵਿਕ ਬੋਲ ਕਿ,  
ਰਿਸ਼ਤਿਆਂ ਦੇ ਨਾਮ ਨਹੀਂ ਹੁੰਦੇ  
ਜੋ ਨਾਮ ਹੁੰਦੇ ਆ ਉਹ ਨਾਕਾਮ ਹੁੰਦੇ ਆ।

ਇਹ ਹੈ ਸਮਾਜ ਦਾ ਸਭ ਤੋਂ ਵੱਡਾ ਸੱਚ, ਜਿਸ ਦੇ ਰੂਬਰੂ ਅਸੀਂ ਹਰ ਰੋਜ਼ ਹੁੰਦੇ ਹਾਂ, ਪਰ ਮੁਨਕਰੀ ਦੀ ਜ਼ਿੰਦਗੀ ਹੰਢਾਉਂਦੇ ਹਾਂ।

ਸੁਖਰਾਜ ਜਦ ਕਵਿਤਾ ਰਾਹੀਂ ਬਸਤਰ ਦੀ ਕੁਦਰਤੀ ਸੁੰਦਰਤਾ ਅਤੇ ਭੋਲੇ-ਭਾਲੇ ਬਾਸ਼ਿੰਦਿਆਂ ਨੂੰ ਮਿਲਦਾ ਤਾਂ ਉਸ ਦੀ ਕਵਿਤਾ ਵਿਚ ਬਰਬਾਦ ਹੋ ਰਹੇ ਬਸਤਰ ਦੀ ਚੀਖ ਸੁਣਾਈ ਦਿੰਦੀ ਹੈ। ਉਸ ਦੇ ਹਰਫ ਹੁੰਗਰਦੇ ਨੇ,

ਮੈਂ ਸੁੰਦਰ ਬਸਤਰ, ਮੈਂ ਮਰ ਰਿਹਾਂ ਹਾਂ  
ਹੌਲੀ ਹੌਲੀ, ਆਪਣੀ ਹੀ ਮੌਤ।

ਸੁਖਰਾਜ ਆਪਣੀ ਜਵਾਨੀ ਦੇ ਬੇਫਿਕਰੀ ਭਰੇ ਅਤੇ ਹੁਸੀਨ ਪਲਾਂ ਦੀ ਪਿਆਰੀ ਯਾਦ ਨੂੰ ਅਰਪਿੱਤ ਕਰਦਾ, ਕਵਿਤਾ ਵਿਚ ਬੋਲਦਾ ਹੈ,

ਅੱਜ ਵੀ ਉਹ ਹੈ, ਉਹੀ ਹੈ  
ਪਤਾ ਨਹੀਂ ਉਹ ਕਿਥੇ ਹੈ  
ਇਥੇ ਹੈ ਜਾਂ ਉਥੇ ਹੈ  
ਬੱਸ ਉਸ ਦੀ ਗੱਲ ਕੁਝ ਹੋਰ ਸੀ।

ਹਰ ਸ਼ਖਸ ਦੇ ਜੀਵਨ ਵਿਚ ਕੁਝ ਕੁ ਖਾਲੀ ਥਾਂਵਾਂ ਅਜਿਹੀਆਂ ਹੁੰਦੀਆਂ, ਜੋ ਸਦਾ ਅਪੂਰਨ ਰਹਿੰਦੀਆਂ। ਮਨੁੱਖ ਕਦੇ ਵੀ ਪੂਰਨ ਨਹੀਂ ਹੁੰਦਾ। ਅਖੀਰਲੀ ਕਵਿਤਾ ਅਜਿਹੇ ਸੱਚ ਦੇ ਰੂਬਰੂ ਹੋ ਕੂਕਦੀ ਹੈ,

ਦਰਾਰਾਂ ਚੱਲ ਰਹੀਆਂ ਹਨ ਮੇਰੇ ਨਾਲ...  
ਸੁਖਰਾਜ  
ਜੀਣਾ, ਮਰਨਾ ਤੇ ਰਹਿਣਾ ਹੈ ਇਨ੍ਹਾਂ ਦਰਾਰਾਂ ਦੇ ਨਾਲ।

ਸੁਖਰਾਜ ਦੀ ਕਵਿਤਾ ਦੀ ਸੱਤਰੰਗੀ ਨੂੰ ਜੀ ਆਇਆਂ ਕਹਿੰਦਾ, ਆਸ ਰੱਖਦਾ ਹਾਂ ਕਿ ਭਵਿੱਖ ਵਿਚ ਉਸ ਦਾ ਕਾਵਿ-ਸਫਰ ਹੋਰ ਮੱਲਾਂ ਮਾਰੇਗਾ ਅਤੇ ਪੰਜਾਬੀ ਮਾਂ-ਬੋਲੀ ਦੀ ਝੋਲੀ ਨੂੰ ਕਾਵਿਕ ਰੰਗਾਂ ਨਾਲ ਲਬਰੇਜ਼ ਕਰੇਗਾ।



ਸੁਖਰਾਜ ਸਿੰਘ




ਸੁਖਰਾਜ ਸਿੰਘ ਦੀ ਪੁਸਤਕ ਦਾ ਮੁਖੜਾ

# ਪੰਜਾਬੀ ਦੀਆਂ ਖੇਡ ਪੁਸਤਕਾਂ 'ਤੇ ਤਰਵੀਂ ਝਾਤ

(ਪਿਛਲੇ ਸਫੇ ਦੀ ਬਾਕੀ)

ਏਸ਼ੀਆਡ' ਨਾਂ ਦੀ ਕਿਤਾਬ ਲਿਖੀ ਅਤੇ ਬਲਬੀਰ ਸਿੰਘ ਕੰਵਲ ਨਾਲ ਮਿਲ ਕੇ 'ਰੁਸਤਮ' ਨਾਂ ਦਾ ਖੇਡ ਰਸਾਲਾ ਕੱਢਿਆ। ਮੈਂ ਤੇ ਸੰਤੋਖ ਸਿੰਘ ਮੰਡੇਰ ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਕੱਢਦੇ ਰਹੇ ਹਾਂ। ਖੇਡਾਂ ਦੇ ਹੋਰ ਮੈਗਜ਼ੀਨ 'ਅਖਾੜਾ', 'ਉੱਤਮ ਖੇਡ ਕਬੱਡੀ', 'ਬੱਲੇ ਪੰਜਾਬ', 'ਹਾਕ', 'ਖੇਡ ਮੈਦਾਨ ਬੋਲਦਾ', 'ਚੱਕਦੇ ਕਬੱਡੀ', 'ਬੱਲੇ ਕਬੱਡੀ' ਤੇ 'ਪੰਜਾਬ ਦੀ ਮਾਂ ਖੇਡ ਕਬੱਡੀ' ਆਦਿ ਹਨ। ਪੰਜਾਬੀ ਦੇ ਆਮ ਅਖਬਾਰਾਂ ਰਸਾਲਿਆਂ ਵਿਚ ਖੇਡਾਂ ਖਿਡਾਰੀਆਂ ਸਬੰਧੀ ਕਾਲਮ ਛਪ ਰਹੇ ਹਨ। ਉਨ੍ਹਾਂ ਦੇ ਵਿਸ਼ੇਸ਼ ਖੇਡ ਪੰਨੇ ਹਨ। ਸੋਵੀਅਤ ਰਾਜ ਸਮੇਂ ਪ੍ਰਗਤੀ ਪ੍ਰਕਾਸ਼ਨ ਵੱਲੋਂ 'ਸੋਸ਼ਲਿਸਟ ਦੇਸ਼ਾਂ ਵਿਚ ਖੇਡਾਂ', 'ਉਲੰਪਿਕ ਮਾਸਕੋ-80', 'ਸੋਵੀਅਤ ਦੇਸ਼ ਵਿਚ ਬੱਚਿਆਂ ਦੀਆਂ ਖੇਡਾਂ' ਤੇ ਸੋਵੀਅਤ ਖਿਡਾਰੀਆਂ ਬਾਰੇ ਕਿਤਾਬਚੇ ਛਾਪੇ ਗਏ ਸਨ।

ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਪੰਜਾਬੀ ਖੇਡ ਸਾਹਿਤ ਦਾ ਅਧਿਐਨ ਵਿਸ਼ੇ ਉਤੇ ਪੀਐੱਚ.ਡੀ. ਕੀਤੀ ਤੇ ਇੰਡੋ-ਪਾਕਿ ਪੰਜਾਬ ਖੇਡਾਂ ਬਾਰੇ 'ਜਦੋਂ ਖੇਡੇ ਪੰਜੇ ਆਬ' ਕਿਤਾਬ ਲਿਖੀ। ਸੁਖਬੀਰ ਸਿੰਘ ਗਰੇਵਾਲ ਨਾਲ ਮਿਲ ਕੇ ਛਪਵਾਈ ਉਸ ਦੀ ਦੂਜੀ ਕਿਤਾਬ ਦਾ ਨਾਂ 'ਕਰੋੜਾਂ ਦੀ ਕਬੱਡੀ' ਹੈ। ਤੀਜੀ ਕਿਤਾਬ ਕਬੱਡੀ ਦਾ ਪਹਿਲਾ ਵਰਲਡ ਕੱਪ ਜਿੱਤਣ ਵਾਲੀ ਟੀਮ ਦੇ ਖਿਡਾਰੀਆਂ ਬਾਰੇ ਹੈ, ਜਿਸ ਦਾ ਨਾਂ 'ਜੱਗ ਜੇਤੂ ਕਬੱਡੀ ਖਿਡਾਰੀ' ਹੈ। ਦੂਜੇ ਕਬੱਡੀ ਵਿਸ਼ਵ ਕੱਪ ਬਾਰੇ ਪੁਸਤਕ ਹੈ, 'ਚੱਕ ਦੇ ਕਬੱਡੀ।' ਵਰਲਡ ਕਬੱਡੀ ਲੀਗ ਬਾਰੇ 'ਰੰਗੀਲੀ ਕਬੱਡੀ' ਰੰਗੀਨ ਛਾਪੀ ਹੈ। ਪਰਮਜੀਤ ਸਿੰਘ ਬਾਗੜੀਆਂ ਦੀ ਪੁਸਤਕ 'ਨੇੜਿਓਂ ਤੱਕਿਆ ਵਿਸ਼ਵ ਕਬੱਡੀ ਕੱਪ' ਹੈ। ਕਬੱਡੀ ਦੀ ਖੇਡ ਤੇ ਖਿਡਾਰੀਆਂ ਬਾਰੇ ਪੰਜਾਬੀ ਵਿਚ ਦੋ ਦਰਜਨ ਤੋਂ ਵੀ ਵੱਧ ਪੁਸਤਕਾਂ ਮਿਲਦੀਆਂ ਹਨ। ਮੇਰੀਆਂ ਚਾਰ ਪੁਸਤਕਾਂ 'ਕਬੱਡੀ ਕਬੱਡੀ ਕਬੱਡੀ', 'ਮੇਲੇ ਕਬੱਡੀ ਦੇ', 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਤੇ 'ਕਿੱਸਾ ਕਬੱਡੀ ਦਾ' ਕਬੱਡੀ ਦੇ ਖਿਡਾਰੀਆਂ, ਦੇਸ਼ ਵਿਦੇਸ਼ ਦੇ ਕਬੱਡੀ ਮੇਲਿਆਂ ਤੇ ਕਬੱਡੀ ਪ੍ਰਮੋਟਰਾਂ ਬਾਰੇ ਹਨ। ਗੁਰਪ੍ਰੀਤ ਸਹਿਜੀ ਦੀਆਂ ਕਬੱਡੀ ਬਾਰੇ ਕਈ ਪੁਸਤਕਾਂ ਮਿਲਦੀਆਂ ਹਨ, ਜਿਨ੍ਹਾਂ ਦੇ ਨਾਂ 'ਕਬੱਡੀ ਦੀ ਸੁਨਹਿਰੀ ਪੈੜ', 'ਮਸਤ ਕਬੱਡੀ ਫੰਨੇ ਖਾਂ', 'ਹਟ ਕਬੱਡੀ ਸ਼ਾਬਾਸ਼ੇ', 'ਸ਼ੀ ਸ਼ੀ ਕਬੱਡੀ ਅਸ਼ਕੇ' ਆਦਿ ਗੁਰਜੀਤ ਤੂਤ, ਹਰਜੀਤ ਬਾਜਾਖਾਨਾ, ਅੰਬੀ ਹਠੂਰ, ਕੁਲਜੀਤ ਮਲਸੀਹਾਂ ਤੇ ਮੰਗੀ ਬੱਗਾ ਦੀਆਂ ਜੀਵਨੀਆਂ ਹਨ। ਬਿੱਟੂ ਦੁਗਾਲ ਬਾਰੇ ਨਾਵਲ 'ਗੁੱਜਰ' ਹੈ। ਰਣਜੀਤ ਝੁਨੇਰ ਦੀ ਕਿਤਾਬ ਦਾ ਨਾਂ 'ਸਦੀਆਂ ਤੋਂ ਸਦੀਆਂ ਤੱਕ ਕਬੱਡੀ' ਹੈ। ਦਿਲਬਾਗ ਸਿੰਘ ਘਰਿਆਲਾ ਦੀਆਂ ਤਿੰਨ ਖੇਡ ਪੁਸਤਕਾਂ 'ਪੰਜਾਬ ਦੇ ਸ਼ੇਰ ਪੁੱਤ', 'ਪੰਜਾਬ ਦੇ ਓਲੰਪੀਅਨ ਖਿਡਾਰੀ' ਤੇ 'ਖੇਡ ਮੈਦਾਨ ਦੇ ਹੀਰੇ' ਹਨ।

ਨਵਦੀਪ ਸਿੰਘ ਗਿੱਲ ਨੇ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ', 'ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ' ਤੇ 'ਅੱਖੀਂ ਵੇਖੀਆਂ ਉਲੰਪਿਕ ਖੇਡਾਂ' ਤਿੰਨ ਖੇਡ ਪੁਸਤਕਾਂ ਲਿਖੀਆਂ ਹਨ। ਉਹਦੀ ਲਿਖੀ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ ਵੀ ਤਿਆਰ ਹੈ। ਉਸ ਨੇ 'ਪੰਜਾਬੀ ਟ੍ਰਿਬਿਊਨ' ਵੱਲੋਂ ਦੋਹਾ ਦੀਆਂ ਏਸ਼ਿਆਈ ਖੇਡਾਂ ਤੇ ਬੀਜਿੰਗ ਦੀਆਂ ਉਲੰਪਿਕ ਖੇਡਾਂ ਕਵਰ ਕੀਤੀਆਂ ਸਨ। 'ਮਾਣ ਕਬੱਡੀ ਦੇ', 'ਸਟਾਰ ਕਬੱਡੀ ਦੇ' ਤੇ 'ਕਬੱਡੀ ਦੇ ਚਮਕਦੇ ਹੀਰੇ' ਕਰਮਜੀਤ ਦੌਧਰ ਦੀਆਂ ਖੇਡ ਪੁਸਤਕਾਂ ਹਨ। ਇਨ੍ਹਾਂ ਕਿਤਾਬਾਂ ਵਿਚ ਕਬੱਡੀ ਖਿਡਾਰੀਆਂ ਦੇ ਸੰਖੇਪ ਰੇਖਾ ਚਿੱਤਰ ਉਲੀਕੇ ਹਨ। ਡਾ. ਬਿੱਲੂ ਰਾਇਸਰ ਦੀ ਕਿਤਾਬ ਦਾ ਨਾਂ 'ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅੰਬੀ ਹਠੂਰ ਨੂੰ ਯਾਦ ਕਰਦਿਆਂ' ਹੈ, ਜੋ ਮਰਹੂਮ ਖਿਡਾਰੀ ਅੰਬੀ ਪ੍ਰਤੀ ਸ਼ਰਧਾਂਜਲੀ ਹੈ।




ਪਾਪੂਲਰ ਮੀਡੀਆਕਾਰ ਪਰਮਵੀਰ ਬਾਠ ਨੇ ਪੁਸਤਕ 'ਗੱਲਾਂ ਖੇਡ ਮੈਦਾਨ ਦੀਆਂ' ਲਿਖੀ ਹੈ, ਜੋ ਖੇਡ ਤਬਸਰਿਆਂ ਦਾ ਸੰਗ੍ਰਹਿ ਹੈ। ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ ਰੰਗੀਨ ਤਸਵੀਰਾਂ ਨਾਲ ਸ਼ਿੰਗਾਰੀ 'ਹਾਕੀ ਸਿਤਾਰੇ ਸੁਧਾਰ ਦੇ' ਕੌਫੀ ਟੇਬਲ ਬੁੱਕ ਹੈ, ਜੋ ਇਕ ਸੌਗਾਤ ਵਜੋਂ ਲਈ ਦਿੱਤੀ ਜਾ ਸਕਦੀ ਹੈ। ਇਸ ਵਿਚ ਸੁਧਾਰ ਇਲਾਕੇ ਦੀ ਹਾਕੀ ਨੂੰ ਦੇਣ ਦਰਜ ਕੀਤੀ ਹੈ ਤੇ ਸੁਧਾਰੀਏ ਖਿਡਾਰੀਆਂ ਦੇ ਰੇਖਾ ਚਿੱਤਰ ਹਨ। ਗੁਰਮੇਲ ਮਡਾਹੜ ਦੀ 'ਸੰਸਾਰ ਪ੍ਰਸਿੱਧ ਖੇਡ ਕਹਾਣੀਆਂ' ਪੰਜਾਬੀ ਵਿਚ ਅਨੁਵਾਦਤ ਪੁਸਤਕ ਹੈ। ਇਹ ਖੇਡ ਕਹਾਣੀਆਂ ਕਈਆਂ ਭਾਸ਼ਾਵਾਂ ਵਿਚੋਂ ਲਈਆਂ ਗਈਆਂ ਹਨ। ਇਨ੍ਹਾਂ ਕਹਾਣੀਆਂ ਨਾਲ ਪੰਜਾਬੀ ਖੇਡ ਸਾਹਿਤ ਵਿਚ ਗਲਪ ਦਾ ਪ੍ਰਵੇਸ਼ ਹੋਇਆ। ਬਲਵੰਤ ਗਾਰਗੀ ਦੀ 'ਸੌ ਮੀਲ ਦੌੜ' ਤੇ ਸ਼ਮਸ਼ੇਰ ਸੰਧੂ ਦੀ 'ਚੈਂਪੀਅਨ' ਪੰਜਾਬੀ ਖੇਡ ਸਾਹਿਤ ਦੀਆਂ ਵਧੀਆ ਕਹਾਣੀਆਂ ਹਨ।

ਸਤਵਿੰਦਰ ਸਿੰਘ ਸੁਹੇਲਾ ਨੇ ਬਲਵਿੰਦਰ ਸਿੰਘ ਫਿੱਡੂ ਬਾਰੇ ਸਚਿੱਤਰ ਪੁਸਤਕ 'ਰੁਸਤਮੇ ਕਬੱਡੀ ਬਲਵਿੰਦਰ ਫਿੱਡਾ' ਐਲਬਮ ਰੂਪ ਵਿਚ ਛਾਪੀ। 'ਸ਼ੇਰ ਮੈਦਾਨਾਂ ਦੇ' ਪੁਸਤਕ ਜਗਦੇਵ ਸਿੰਘ ਬਰਾੜ ਨੇ ਲਿਖੀ। ਸੁਖਵਿੰਦਰ ਸਿੰਘ ਮਨੌਲੀ ਦੀ ਪੁਸਤਕ 'ਹਾਕੀ ਖਿਡਾਰੀ' ਹੈ ਅਤੇ ਅਮਰੀਕ ਸਿੰਘ ਭਾਗੋਵਾਲੀਆ ਦੀਆਂ ਦੋ ਪੁਸਤਕਾਂ 'ਘੋੜਿਆਂ ਵਾਲੇ ਸਰਦਾਰ' ਤੇ 'ਸ਼ੌਕੀ ਬਲਦਾਂ ਦੇ' ਹਨ। ਰਾਮਫਲ ਰਾਜਲਹੇੜੀ ਦੀ ਪੁਸਤਕ ਦਾ ਨਾਂ 'ਸਿਰਨਾਵੇਂ ਸ਼ੇਰਾਂ ਦੇ' ਹੈ। ਇਕਬਾਲ ਸਰੋਆ ਨੇ 'ਹਾਕੀ ਦੇ ਸੁਲਤਾਨ' ਲਿਖੀ ਹੈ। ਡਾ. ਜਸਪਾਲ ਸਿੰਘ ਦੀ ਪੁਸਤਕ 'ਖੇਡ ਚਿੰਤਨ' ਵਿਚ ਖੇਡ ਅਧਿਐਨ ਹੈ। ਇਹ ਗੰਭੀਰ ਖੇਡ ਪੁਸਤਕ ਹੈ, ਜਿਸ ਵਿਚ ਖੇਡ ਮਸਲੇ ਤੇ ਖੇਡ ਨੀਤੀ ਦੀ ਚਰਚਾ ਹੈ। ਕਬੂਤਰਾਂ ਦੀਆਂ ਬਾਜ਼ੀਆਂ, ਕੁੱਤਿਆਂ ਦੀਆਂ ਦੌੜਾਂ, ਭੇਡੂਆਂ ਦੇ ਭੇੜਾਂ, ਖੱਚਰ ਰੇੜ੍ਹਾ ਦੌੜਾਂ ਤੇ ਬੈਲ ਗੱਡੀਆਂ ਦੀਆਂ ਦੌੜਾਂ ਬਾਰੇ ਅਖਬਾਰਾਂ ਵਿਚ ਆਰਟੀਕਲ ਤਾਂ ਬਥੇਰੇ ਛਪਦੇ ਹਨ, ਪਰ ਇਨ੍ਹਾਂ ਬਾਰੇ ਕੋਈ ਕਿਤਾਬ ਨਜ਼ਰ ਨਹੀਂ ਆਈ। ਸੰਭਵ ਹੈ, ਮੈਥੋਂ ਸਾਰੀਆਂ ਖੇਡ ਪੁਸਤਕਾਂ ਦਾ ਜ਼ਿਕਰ ਨਾ ਹੋ ਸਕਿਆ ਹੋਵੇ। ਖੇਡ ਲੇਖਕ ਮੇਰੇ ਧਿਆਨ ਵਿਚ ਲਿਆ ਦੇਣ।

ਪੰਜਾਬੀਆਂ ਨੇ ਕਿਸਾਨੀ, ਫੌਜ, ਖੇਡਾਂ ਤੇ ਟਰਾਂਸਪੋਰਟ ਦੇ ਖੇਤਰ ਵਿਚ ਵਿਸ਼ੇਸ਼ ਮੱਲਾਂ ਮਾਰੀਆਂ ਹਨ। 'ਕੱਲੇ ਖੇਡ ਖੇਤਰ ਦੀ ਗੱਲ ਕਰੀਏ ਤਾਂ ਪੰਜਾਬ ਦੇ ਪਹਿਲਵਾਨ ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਰਹੇ ਹਨ, ਹਾਕੀ ਦੇ ਖਿਡਾਰੀ ਉਲੰਪਿਕ ਚੈਂਪੀਅਨ ਹਨ, ਸੌ ਤੋਂ ਵੱਧ ਖਿਡਾਰੀ ਏਸ਼ੀਆ ਦੇ ਚੈਂਪੀਅਨ ਬਣੇ ਤੇ ਨੈਸ਼ਨਲ ਚੈਂਪੀਅਨਾਂ ਦੀ ਤਾਂ ਗਿਣਤੀ ਹੀ ਕੋਈ ਨਹੀਂ। ਕੁਝ ਖਿਡਾਰੀਆਂ ਨੇ ਏਸ਼ੀਅਨ ਆਲ ਸਟਾਰਜ਼ ਟੀਮਾਂ ਦੀਆਂ ਕਤਪਤਾਨੀਆਂ ਕੀਤੀਆਂ। ਉਨ੍ਹਾਂ ਬਾਰੇ ਕਿਤਾਬਾਂ ਲਿਖੀਆਂ ਜਾਣੀਆਂ ਬਣਦੀਆਂ ਹਨ। ਲੋੜ ਹੈ, ਵਿਸ਼ਵ ਜੇਤੂ ਪੰਜਾਬੀ ਖਿਡਾਰੀਆਂ ਦੀਆਂ ਜੀਵਨੀਆਂ, ਕਹਾਣੀਆਂ ਨਾਵਲ ਤੇ ਮਹਾਂ-ਕਾਵਿ ਲਿਖੇ ਜਾਣ, ਜੋ ਕਦੇ ਲਿਖੇ ਵੀ ਜਾਣਗੇ। ਪੰਜਾਹ ਸਾਲ ਪਹਿਲਾਂ ਇਕ ਆਲੋਚਕ ਗੋਸ਼ਟੀ ਵਿਚ ਮੈਥੋਂ ਫੜ੍ਹ ਵੱਜ ਗਈ ਸੀ, "ਜੇ ਤੁਸੀਂ ਖੇਡ ਲੇਖਕਾਂ ਨੂੰ ਸਾਹਿਤਕਾਰ ਨਹੀਂ ਮੰਨਦੇ ਤਾਂ ਨਾ ਮੰਨੋ। ਚਲੋ ਅਸੀਂ ਸਿਹਤਕਾਰ ਹੀ ਸਹੀ! ਜੇ ਸਾਡੇ 'ਚ ਦਮ ਹੋਇਆ ਤਾਂ ਵੇਖਦੇ ਰਹਿਓ, ਅਸੀਂ ਪੰਜਾਬੀ ਖੇਡ ਸਾਹਿਤ ਦੀ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾ ਦਿਆਂਗੇ।"

ਹੁਣ ਮੈਂ ਇਹੋ ਆਖਾਂਗਾ, "ਖੇਡ ਦੋਸਤੋ ਆਪਣੀਆਂ ਕਲਮਾਂ ਹੋਰ ਮਜ਼ਬੂਤੀ ਨਾਲ ਫੜੋ। ਸਾਡੀ ਮਾਂ ਬੋਲੀ ਵਿਚ ਖੇਡ ਸਾਹਿਤ ਦਾ ਪਹੁਫੁਟਾਲਾ ਹੀ ਹੋਇਆ ਹੈ, ਸਵੇਰਾ ਹੋ ਰਿਹੈ, ਧੁੱਪਾਂ ਦੂਰ ਹਨ ਤੇ ਤਿੱਖੜ ਦੁਪਹਿਰ ਦੀਆਂ ਮੰਜ਼ਿਲਾਂ ਹੋਰ ਵੀ ਦੂਰ!" ਮੇਰੀ ਮੈਰਾਥਨ ਜਾਰੀ ਹੈ, ਜੋ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਡਿੱਗ ਨਹੀਂ ਪੈਂਦਾ।

###

# ਹੈਡਮਾਸਟਰ ਗਿਆਨ ਸਿੰਘ ਜੱਬੋਵਾਲ ਨੂੰ ਯਾਦ ਕਰਦਿਆਂ

**ਇਕਬਾਲ ਸਿੰਘ ਜੱਬੋਵਾਲ**
ਫੋਨ: 917-375-6395

ਵੀਹ ਸਾਲ ਹੋ ਗਏ ਵੱਡੇ ਵੀਰ ਹੈਡਮਾਸਟਰ ਗਿਆਨ ਸਿੰਘ ਨੂੰ ਵਿਛੜਿਆਂ। ਉਹਦੀਆਂ ਪ੍ਰਾਪਤੀਆਂ ਤੇ ਉਚੇਰੀ ਵਿੱਦਿਆ ਹਮੇਸ਼ਾ ਯਾਦਾਂ 'ਚ ਵਸੇ ਰਹਿੰਦੇ ਨੇ। ਬੀ. ਏ., ਬੀ. ਐਡ, ਐਮ. ਏ., ਐਮ. ਐਡ। ਚਾਰ ਵਿਸ਼ਿਆਂ 'ਚ ਐਮ. ਏ.-ਅੰਗਰੇਜ਼ੀ, ਹਿਸਟਰੀ, ਪੁਲੀਟੀਕਲ ਸਾਇੰਸ ਅਤੇ ਪੰਜਾਬੀ।

1982-83 'ਚ ਟੀਚਰ ਯੂਨੀਅਨ ਬਲਾਕ ਨਵਾਂ ਸ਼ਹਿਰ ਦਾ ਪ੍ਰਧਾਨ ਬਣਿਆ। 1990 ਤੋਂ 1992 ਤੱਕ ਤਿੰਨ ਸਾਲ ਜਿਲਾ ਜਲੰਧਰ 'ਚ ਬੱਚਿਆਂ ਦੀਆਂ ਸਕੂਲੀ ਖੇਡਾਂ ਦਾ ਪ੍ਰਧਾਨ ਰਿਹੈ। (ਨਵਾਂਸ਼ਹਿਰ ਉਦੋਂ ਤਹਿਸੀਲ ਹੁੰਦੀ ਸੀ, ਜਿਲਾ 1995 'ਚ ਬਣਿਆ)। 1993 'ਚ ਬੱਚਿਆਂ ਦੇ ਸਾਲਾਨਾ ਪੇਪਰਾਂ 'ਚ ਛਾਪੇ ਮਾਰਨ ਲਈ ਫਲਾਇੰਗ-ਸਕੁਐਡ (ਉਡਣ ਦਸਤਾ) ਦੀ ਸੇਵਾ ਨਿਭਾਈ। ਨਵਾਂਸ਼ਹਿਰ, ਬੰਗਾ ਤੇ ਐਸ. ਐਨ. ਕਾਲਜ ਬੰਗਾ ਅਤੇ ਜਲੰਧਰ ਤੱਕ ਦੇ 18 ਸਕੂਲਾਂ ਅਤੇ ਕਾਲਜਾਂ 'ਚ ਛਾਪੇ ਮਾਰਨਾ ਉਹਦੇ ਅਧਿਕਾਰ ਖੇਤਰ ਵਿਚ ਸੀ। ਕਈ ਵਾਰ ਸਾਥੀ ਅਧਿਆਪਕ ਪੂਰੇ ਨਾ ਹੁੰਦੇ ਤਾਂ ਮੈਂ ਵੀ ਨਾਲ ਚਲੇ ਜਾਂਦਾ।

ਮਾਹਿਲ-ਗਹਿਲਾਂ ਤੋਂ ਹਾਈ ਸਕੂਲ ਦੀ ਪੜ੍ਹਾਈ ਉਪਰੰਤ ਆਰ. ਕੇ. ਆਰੀਆ ਕਾਲਜ ਨਵਾਂਸ਼ਹਿਰ ਦਾਖਲ ਹੋਇਆ। ਨਾਲ ਨਾਲ ਦੌੜਾਂ ਲਾਈਆਂ, ਸਾਈਕਲ ਚਲਾਇਆ ਤੇ ਫੁੱਟਬਾਲ ਖਿਡਾਰੀ ਬਣਿਆ। ਪੰਜਾਬ ਯੂਨੀਵਰਸਿਟੀ (ਪੰਜਾਬ, ਹਰਿਆਣਾ ਤੇ ਹਿਮਾਚਲ) ਦਾ ਅਥਲੀਟ ਤੇ ਫੁੱਟਬਾਲ ਖਿਡਾਰੀ ਹੋਣ ਦਾ ਮਾਣ ਪ੍ਰਾਪਤ ਹੋਇਆ। ਕਾਲਜ ਦੇ ਸਾਥੀ ਖਿਡਾਰੀਆਂ 'ਚ ਨਵਾਂਸ਼ਹਿਰ ਦੇ ਸ਼ਾਂਤੀ ਰਾਮ ਬਾਲੀ (ਦਿੱਲੀ ਏਅਰਪੋਰਟ ਦਾ ਰਹਿ ਚੁਕਾ ਡਾਇਰੈਕਟਰ) ਤੇ ਦੌਲਤਪੁਰ ਵਾਲੇ ਕੈਪਟਨ ਮਹਿਤਾ ਸਿੰਘ (ਅਸ਼ੋਕਾ ਚੱਕਰ) ਦਾ ਬੇਟਾ ਅਤੇ ਕੈਲੀਫੋਰਨੀਆ ਰਹਿੰਦੇ ਕਲਮਜੀਤ ਸਿੰਘ ਮੱਖਣ ਤੇ ਨੀਟੂ ਦਾ ਪਿਤਾ ਮਾਸਟਰ ਨਰਿੰਦਰ ਸਿੰਘ ਹੁੰਦੇ ਸਨ। ਕਾਲਜ ਅਤੇ ਇਲਾਕੇ ਦਾ ਵਧੀਆ ਖਿਡਾਰੀ ਹੋਣ ਕਰਕੇ ਜਿਲਿਆਂ ਦੇ ਮੈਚਾਂ ਲਈ ਚੁਣਿਆ ਗਿਆ। ਉਨ੍ਹਾਂ ਸਮਿਆਂ 'ਚ ਸਿਫਾਰਸ਼ ਜਾਂ ਪੈਸਾ ਨਹੀਂ, ਸਗੋਂ ਚੰਗੀ ਖੇਡ ਦੀ ਕਦਰ ਹੁੰਦੀ ਸੀ। ਬੀ. ਐਡ ਕਰਨ ਪਿਛੋਂ ਥਾਣੇਦਾਰੀ ਦੀ ਨੌਕਰੀ ਦੀ ਪੇਸ਼ਕਸ਼ ਹੋਈ ਸੀ। ਫਿਰ ਉਹਨੇ ਪੁਲਿਸ ਮਹਿਕਮੇ ਦੀ ਥਾਂ ਸਿਖਿਆ ਵਿਭਾਗ ਵਿਚ ਜਾਣਾ ਬਿਹਤਰ ਸਮਝਿਆ।

1970-71 'ਚ ਨਕੋਦਰ ਨੇੜੇ ਉਦੋਵਾਲ ਦੇ ਸਰਕਾਰੀ ਹਾਈ ਸਕੂਲ 'ਚ ਨੌਕਰੀ ਸ਼ੁਰੂ ਕੀਤੀ। ਉਹ ਤੇ ਮਾਸਟਰ ਗਿਆਨ ਸਿੰਘ ਸੰਘਾ (ਕਾਮਰੇਡ) ਕਿਰਾਏ ਦੇ ਇਕੋ ਕਮਰੇ 'ਚ ਰਹਿੰਦੇ ਸਨ। ਭਾਰ ਸਿੰਘਪੁਰ, ਗੁਣਾਚੌਰ, ਰਟੈਂਡਾ, ਗੋਬਿੰਦਪੁਰ (ਨੇੜੇ ਬੰਗਾ) ਤੇ ਮੂਸਾਪੁਰ ਨੌਕਰੀ ਕਰਨ ਉਪਰੰਤ ਹੈਡਮਾਸਟਰ ਬਣ ਕੇ ਸਰਕਾਰੀ ਹਾਈ ਸਕੂਲ ਲੰਗੜੋਆ ਚਲੇ ਗਿਆ। ਲੰਗੜੋਆਂ ਤੋਂ ਫਿਰ ਮੂਸਾਪੁਰ ਦੀ ਬਦਲੀ ਹੋ ਗਈ। ਮੂਸਾਪੁਰ ਤੋਂ ਗੜ੍ਹੀ ਮਹਾਂ ਸਿੰਘ। ਆਖਰੀ ਸਮਾਂ ਉਹ ਗੜ੍ਹੀ ਮਹਾਂ ਸਿੰਘ ਦੇ ਹਾਈ ਸਕੂਲ 'ਚ ਹੈਡਮਾਸਟਰ ਦੀ ਸੇਵਾ ਨਿਭਾ ਰਿਹਾ ਸੀ। ਗੜ੍ਹੀ ਦੇ ਸਰਪੰਚ ਸ. ਦਾਲੀ ਦੇ ਕਹਿਣ 'ਤੇ ਸ. ਗਿਆਨ ਸਿੰਘ ਟੂਰਨਾਮੈਂਟ ਸ਼ੁਰੂ ਕਰਾ ਗਿਆ ਸੀ, ਜੋ ਹੁਣ ਵੀ ਜਾਰੀ ਹਨ।

ਭਾਅ ਜੀ (ਗਿਆਨ ਸਿੰਘ) ਦੀ ਮੌਤ ਪਿਛੋਂ ਮੈਂ ਗੜ੍ਹੀ ਮਹਾਂ ਸਿੰਘ ਦੇ ਹਾਈ ਸਕੂਲ ਸਟਾਫ ਨੂੰ ਮਿਲਣ ਗਿਆ ਤਾਂ ਸਾਰਾ ਸਟਾਫ ਤੇ ਬੱਚੇ ਦੁਖ ਸਾਂਝਾ ਕਰਨ ਮੇਰੇ ਕੋਲ ਆ ਗਏ। ਸੈਕਿੰਡ ਹੈਡਮਾਸਟਰ ਸ. ਬਲਵੰਤ ਸਿੰਘ ਉਹਦੀ ਵੱਡੀ ਘਾਟ ਮਹਿਸੂਸ ਕਰ ਰਿਹਾ ਸੀ। ਸਭ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਗਿਆਨ ਸਿੰਘ ਵਧੀਆ ਇਨਸਾਨ ਤੇ ਅਸੂਲਾਂ ਵਾਲਾ ਹੈਡਮਾਸਟਰ ਸੀ, ਸਾਰੇ ਇਹੋ ਕਹਿ ਰਹੇ ਸਨ।





*(ਖੱਬਿਓਂ) ਹੈਡਮਾਸਟਰ ਗਿਆਨ ਸਿੰਘ ਜੱਬੋਵਾਲ, ਮਾਤਾ ਠਾਕੁਰ ਕੌਰ ਤੇ ਇਕਬਾਲ ਜੱਬੋਵਾਲ*

ਫਿਰ ਸਟਾਫ ਵਾਲਿਆਂ ਦੱਸਿਆ ਕਿ ਗਿਆਨ ਸਿੰਘ ਔਸ ਖੂੰਜੇ ਕੁਰਸੀ 'ਤੇ ਬਹਿ ਜਾਂਦਾ ਸੀ ਤੇ ਸਾਰਾ ਕੁਝ ਵੇਖਦਾ ਰਹਿੰਦਾ। ਕਹਿਣਾ ਕੁਝ ਨਹੀਂ, ਬੱਸ ਦੇਖੀ ਜਾਣਾ-ਅੱਖਾਂ ਦੀ ਦਹਿਸ਼ਤ ਹੀ ਬੜੀ ਹੁੰਦੀ ਸੀ।

ਹਰ ਸਕੂਲ 'ਚ ਜ਼ਾਬਤਾ ਬਣਾ ਕੇ ਰੱਖਦਾ। ਜੇ ਕਿਤੇ ਅਧਿਆਪਕਾਂ ਨੇ ਇਕ ਦੂਜੇ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰਨੀ ਤਾਂ ਕਹਿਣਾਂ, ਜਿਸ ਕੰਮ ਦੀ ਤਨਖਾਹ ਲੈਂਦੇ ਓਂ, ਪਹਿਲਾ ਉਹ ਪੂਰਾ ਕਰੋ, ਗੱਲਾਂ ਘਰ ਜਾ ਕੇ। ਬੱਚਿਆਂ ਨੂੰ ਬਿਨਾ ਮਤਲਬ ਘੁੰਮਣ ਨਾ ਦੇਣਾ। ਮੁੰਡਿਆਂ ਨੂੰ ਪੁੱਠੇ-ਸਿੱਧੇ ਵਾਲ ਨਾ ਕਰਨ ਦੇਣਾ। ਕੁੜੀਆਂ ਨੂੰ ਹਰ ਵਕਤ ਚੁੰਨੀ ਲੈ ਕੇ ਰੱਖਣ ਦੀ ਤਾੜਨਾ ਦੇਣੀ। ਇਕ ਵਾਰ ਚਿਤਾਵਨੀ ਦੇ ਕੇ ਛੱਡ ਦੇਣਾ। ਮੁੜ ਵੇਖ ਲਿਆ ਤਾਂ ਘਰਦਿਆਂ ਨੂੰ ਬੁਲਾ ਕੇ ਲਿਆਉਣ ਲਈ ਕਹਿ ਦੇਣਾ।

ਕੈਨੇਡਾ ਤੋਂ ਗਿਆ ਉਹਦਾ ਪਰਮ-ਮਿੱਤਰ ਸੁਖਦੇਵ ਸਿੰਘ ਗਰਚਾ ਗੜ੍ਹੀ ਮਹਾਂ ਸਿੰਘ ਦੇ ਹਾਈ ਸਕੂਲ ਮਿਲਣ ਗਿਆ ਤੇ ਵਧੀਆ ਅਨੁਸ਼ਾਸਨ ਵੇਖ ਕੇ ਦੰਗ ਰਹਿ ਗਿਆ, ਜਦੋਂ ਕਲਾਸਾਂ ਖਤਮ ਹੋਣ 'ਤੇ ਬੱਚੇ ਅਤੇ ਟੀਚਰ ਚੁੱਪ-ਚਾਪ ਕਮਰਿਆਂ 'ਚੋਂ ਬਾਹਰ ਨਿਕਲੇ।

ਵਿਦਿਆਰਥੀ ਖਿਡਾਰੀਆਂ ਨੂੰ ਉਹ ਬੜਾ ਪਿਆਰ ਕਰਦਾ ਸੀ। ਖਿਡਾਰੀਆਂ ਨੂੰ ਹੌਸਲਾ ਦਿੰਦਾ ਤੇ ਉਨ੍ਹਾਂ ਦੇ ਖਾਣ ਲਈ ਕੁਝ ਨਾ ਕੁਝ ਫਰੂਟ ਬਗੈਰਾ ਲਿਜਾ ਕੇ ਦਿੰਦਾ ਰਹਿੰਦਾ। ਲੰਗੜੋਆ ਦੇ ਹਾਈ ਸਕੂਲ 'ਚ ਹੈਡਮਾਸਟਰ ਦੀ ਸੇਵਾ ਨਿਭਾਉਂਦਿਆਂ ਉਹਦੀ ਵਿਦਿਆਰਥਣ ਗੁਰਪ੍ਰੀਤ ਕੌਰ ਪੁਰੇਵਾਲ ਪੰਜਾਬ ਦੀ ਹੈਂਡਬਾਲ ਖਿਡਾਰਨ ਬਣੀ। ਉਹ ਲੁਧਿਆਣਾ ਪੁਲਿਸ ਦੀ ਵਿਜੀਲੈਂਸ ਵਿਭਾਗ ਵਿਚ ਡੀ. ਐਸ. ਪੀ. ਰਹਿ ਚੁਕੀ ਹੈ। ਕੌਮਾਂਤਰੀ ਕਬੱਡੀ ਖਿਡਾਰੀ ਜੀਤਾ ਜੱਬੋਵਾਲੀਆ ਵੀ ਉਹਦੇ ਹੌਸਲੇ ਤੇ ਥਾਪੜੇ ਦਾ ਸਬੂਤ ਹੈ।

ਭਾਅ ਜੀ ਗਰੀਬ ਲੋੜਵੰਦ ਬੱਚਿਆਂ ਦੀ ਮਦਦ ਕਰਦੇ ਰਹਿੰਦੇ। ਕਿਤਾਬਾਂ ਤੇ ਫੀਸਾਂ ਕੋਲੋਂ ਭਰ ਦੇਣੀਆਂ। ਚੰਗੀ ਤਰ੍ਹਾਂ ਪੜ੍ਹਨ ਦੀ ਨਸੀਹਤ ਦੇਣੀ। ਇਕ ਵਾਰ ਸਕੂਲ ਦੀ ਗਰਾਊਂਡ 'ਚ ਖੇਡਦੇ ਬੱਚਿਆਂ ਦੀ ਫੁੱਟਬਾਲ ਨਾਲ ਦੇ ਖੇਤ 'ਚ ਡਿੱਗ ਪਈ ਤੇ ਖੇਤ ਵਾਹੁੰਦੇ ਮਾਲਕ ਨੇ ਖੇਤ ਖਰਾਬ ਕਰਨ ਦਾ ਬਹਾਨਾ ਬਣਾ ਕੇ ਫੁੱਟਬਾਲ ਰੱਖ ਲਿਆ। ਬੱਚਿਆਂ ਨੇ ਦਫਤਰ ਬੈਠੇ ਭਾਅ ਜੀ ਨੂੰ ਆ ਦੱਸਿਆ, "ਸਰ ਜੀ, ਨਾਲ ਦੇ ਖੇਤ ਵਾਲੇ ਨੇ ਬਾਲ ਚੁੱਕ ਲਿਆ, ਦੇ ਨਹੀਂ ਰਿਹਾ।"



*ਬਖਤਾਵਰ ਸਿੰਘ ਜਗਤਪੁਰ ਅਤੇ ਗਿਆਨ ਸਿੰਘ ਜੱਬੋਵਾਲ*

"ਉਹਨੂੰ ਜਾ ਕੇ ਕਹੋ ਫੁੱਟਬਾਲ ਗੁਆਵੇ ਨਾ, ਉਹਦੇ ਬੱਚਿਆਂ ਦੇ ਖੇਡਣ ਦੇ ਕੰਮ ਆਵੇਗਾ," ਕਹਿੰਦੇ ਨੇ ਕੋਲੋਂ ਪੈਸੇ ਦੇ ਕੇ ਹੋਰ ਫੁੱਟਬਾਲ ਲੈ ਆਉਣ ਲਈ ਕਹਿ ਦਿੱਤਾ। ਉਸੇ ਸਕੂਲ 'ਚ ਪੜ੍ਹਾਉਂਦਾ ਲਾਦੜ੍ਹਿਆਂ ਵਾਲੇ ਮੱਖਣ ਕ੍ਰਾਂਤੀ ਉਹਦੀ ਖੁੱਲ੍ਹਦਿਲੀ ਨੂੰ ਬੜਾ ਯਾਦ ਕਰਦਾ ਹੁੰਦਾ ਸੀ। ਅਫਸੋਸ ਅੱਜ ਦੋਨੋਂ ਸਾਡੇ ਵਿਚਕਾਰ ਨਹੀਂ ਹਨ।

ਬੰਗਾ ਇਲਾਕੇ ਦੇ ਸਾਰੇ ਸਕੂਲ ਅਧਿਆਪਕਾਂ ਦਾ ਬੰਗਿਆਂ ਵਾਲੇ ਸਗਲੀ ਰਾਮ ਦਾ ਟੈਂਟ ਹਾਊਸ ਟਿਕਾਣਾ ਹੁੰਦਾ। ਗਿਆਨ ਸਿੰਘ ਦੇ ਸਾਰੇ ਜਿਗਰੀ-ਯਾਰ ਹੋਣ ਕਰਕੇ ਹਰ ਕੋਈ ਉਸ ਦੀ ਕਦਰ ਕਰਦਾ ਸੀ। ਉਹ ਕਹਿਣੀ ਤੇ ਕਰਨੀਂ ਦਾ ਪੂਰਾ ਸੀ। ਜਿਥੇ ਖੜ੍ਹ ਗਿਆ, ਖੜ੍ਹ ਗਿਆ। ਆਪਣੀ ਪਾਵਰ ਤੋਂ ਕਈ ਗੁਣਾਂ ਵੱਧ ਪਾਵਰ ਵਰਤ ਜਾਂਦਾ ਸੀ। ਸੱਚ 'ਤੇ ਅਡੋਲ ਡੱਟ ਕੇ ਖੜ੍ਹ ਜਾਂਦਾ। ਸੱਚ 'ਤੇ ਖੜ੍ਹੇ ਨੂੰ ਕਈ ਵਾਰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਔਖੇ ਪਲਾਂ 'ਚ ਵੀ ਚੜ੍ਹਦੀ ਕਲਾ 'ਚ ਰਹਿੰਦਾ ਸੀ। ਰੱਬ ਦੀ ਰਜ਼ਾ 'ਚ ਰਹਿ ਕੇ ਬੇਖੌਫ, ਬੇਪ੍ਰਵਾਹ ਮਸਤ ਹਾਥੀ ਦੀ ਚਾਲੇ ਤੁਰਿਆ ਜਾਂਦਾ ਤੇ ਨਾਲ ਦੇ ਸਾਥੀਆਂ ਨੂੰ ਹੌਸਲਾ ਦਿੰਦਾ ਰਹਿੰਦਾ।

ਗਿਆਨੀ ਬਖਤਾਵਰ ਸਿੰਘ ਜਗਤਪੁਰ, ਬਲਵੀਰ ਰਾਏ ਬੈਸਾਂ, ਨਰਿੰਦਰ ਸਿੰਘ ਰੰਧਾਵਾ ਪੀ. ਟੀ.,ਮੋਹਣ ਸਿੰਘ ਰਾਏਪੁਰ ਡੱਬਾ, ਪ੍ਰਦੀਪ ਕੁਮਾਰ ਬੰਗਿਆਂ, ਅਵਤਾਰ ਸਿੰਘ ਸਾਈਂ ਥਾਂਦੀਆਂ, ਡੀ. ਈ. ਓ. ਸਵਰਨ ਸਿੰਘ ਆਨੰਦਪੁਰ ਸਾਹਿਬ, ਪ੍ਰਿੰਸੀਪਲ ਬਲਦੇਵ ਸਿੰਘ ਸਿੱਧੂ, ਪ੍ਰਿੰ. ਜਗਤਾਰ ਸਿੰਘ ਗੜ੍ਹਸ਼ੰਕਰ, ਡੀ. ਈ. ਓ. ਦਿਨੇਸ਼ ਕੁਮਾਰ ਕਰੀਹਾ, ਬਲਵੀਰ ਪੀ. ਟੀ. ਗੁਣਾਚੌਰ, ਪ੍ਰਿੰ. ਬਹਾਦੁਰ ਸਿੰਘ ਮੰਡੇਰਾਂ, ਹਰਿੰਦਰ ਸਿੰਘ ਬੀਸਲਾ, ਕੇਹਰ ਸਿੰਘ ਥਾਂਦੀ ਤੇ ਅਨੇਕਾਂ ਹੋਰ ਅਧਿਆਪਕ ਸਾਥੀ ਅਤੇ ਇਲਾਕੇ ਦੇ ਸੱਜਣ ਅੱਜ ਵੀ ਯਾਦ ਕਰਦੇ ਹਨ। ਗਿਆਨੀ ਬਖਤਾਵਰ ਸਿੰਘ ਨੇ ਉਹਨੂੰ ਖੁਲ੍ਹਦਿਲਾ, ਦਲੇਰ ਤੇ ਵਿਸ਼ਾਲ ਵਿਰਾਸਤ ਦਾ ਮਾਲਕ ਦੱਸਿਆ, ਜਦ ਕਿ ਸਵਰਨ ਸਿੰਘ ਉਹਨੂੰ ਦੋਆਬੇ ਦਾ ਸ਼ੇਰ ਕਹਿੰਦਾ ਹੁੰਦਾ ਸੀ। ਐਮ. ਪੀ. ਹਰਭਜਨ ਲਾਖਾ, ਹਲਕਾ ਵਿਧਾਇਕ ਸਰਬਣ ਸਿੰਘ ਫਿਲੌਰ ਅਤੇ ਹਲਕਾ ਵਿਧਾਇਕ ਨਵਾਂ ਸ਼ਹਿਰ ਤੇ ਖੇਤੀਬਾੜੀ ਮੰਤਰੀ ਦਿਲਬਾਗ ਸਿੰਘ ਸੈਣੀ ਜਿਹੇ ਨੇਤਾਵਾਂ ਨਾਲ ਚੰਗੀ ਗੱਲਬਾਤ ਸੀ। ਦਿਲਬਾਗ ਸਿੰਘ ਸੈਣੀ ਦੀ ਮੌਤ ਪਿਛੋਂ ਵਿਧਾਇਕ ਚਰਨਜੀਤ ਚੰਨੀ ਤੇ ਪ੍ਰਕਾਸ਼ ਸਿੰਘ ਨਾਲ ਵਧੀਆ ਰਿਸ਼ਤੇ ਸਨ। ਜਦੋਂ ਉਨ੍ਹੀਂ ਕਿਤੇ ਪਿੰਡ ਆਉਣਾ ਹੁੰਦਾ ਤਾਂ ਸਾਰਾ ਪ੍ਰਬੰਧ ਭਾਅ ਜੀ ਹੀ ਕਰਦੇ।

ਨਵਾਂਸ਼ਹਿਰ ਏਰੀਆ ਦੇ ਕਿਸੇ ਅਧਿਆਪਕ ਦੀ ਗੰਗਾਨਗਰ ਵੱਲ ਦੀ ਬਦਲੀ ਹੋ ਗਈ। ਦੂਰ ਹੋਣ ਕਰਕੇ ਉਹ ਘਬਰਾ ਗਿਆ। ਸਕੂਲੇ ਜਾਂਦਾ ਉਹ ਸਿੱਧਾ ਹੈਡਮਾਸਟਰ ਸਾਹਿਬ ਦੇ ਦਫਤਰ ਚਲਾ ਗਿਆ। ਚਾਹ-ਪਾਣੀ ਦੀ ਸੇਵਾ ਪਿਛੋਂ ਪੁੱਛਣ 'ਤੇ ਪਤਾ ਲੱਗਾ ਕਿ ਉਹ ਨਵਾਂਸ਼ਹਿਰ ਤੋਂ ਹੈ। ਹੈਡਮਾਸਟਰ ਨੇ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ, ਕਿਸੇ ਵੀ ਚੀਜ਼ ਦੀ ਲੋੜ ਹੋਈ ਤਾਂ ਦੱਸਣਾ, ਗਿਆਨ ਸਿੰਘ ਸਾਡਾ ਵੀ ਵਧੀਆ ਮਿੱਤਰ ਐ।

ਸਾਡੀ ਵੱਡੀ ਭੈਣ ਕਿਸੇ ਸਕੂਲੇ ਆਪਣੇ ਨਿਆਣੇ ਦਾਖਲ ਕਰਾਉਣ ਗਈ ਤਾਂ ਉਥੋਂ ਦਾ ਹੈਡਮਾਸਟਰ ਆਨਾ-ਕਾਨੀ ਕਰਨ ਲੱਗ ਪਿਆ। ਬੱਚੇ ਪੂਰੇ ਹੋਣ ਦਾ ਬਹਾਨਾ ਜਿਹਾ ਬਣਾਉਣ ਲੱਗ ਪਿਆ। ਭੈਣ ਨੇ ਭਾਜੀ ਗਿਆਨ ਸਿੰਘ ਦੀ ਕੋਲ ਸੰਭਾਲ ਕੇ ਰੱਖੀ ਫੋਟੋ ਵਿਖਾਈ ਤਾਂ ਹੈਡਮਾਸਟਰ ਨੇ ਝੱਟ ਪਛਾਣ ਕੇ ਕਿਹਾ, "ਇਹ ਤਾਂ ਸ. ਗਿਆਨ ਸਿੰਘ ਨੇ!" "ਹਾਂ ਜੀ, ਹਾਂ ਜੀ ਮੇਰਾ ਵੀਰ ਐ ਜੀ।" "ਲਿਆਉ ਜੀ ਲਿਆਉ, ਤੁਹਾਡਾ ਕੰਮ ਹੁਣੇ ਕਰਦੇ ਆਂ, ਪਰ ਏਹ ਗੱਲ ਗਿਆਨ ਸਿੰਘ ਕੋਲ ਨਾ ਕਰਿਉ, ਸਾਡੀ ਕੁੱਤੇ-ਖਾਣੀ ਕਰੂ।"

ਪੇਪਰਾਂ ਦੀ ਚੈਕਿੰਗ 'ਤੇ ਜਲੰਧਰ ਲੜਕੀਆਂ ਦੇ ਕਾਲਜ ਗਏ ਤਾਂ ਇਕ ਮੈਡਮ ਨੇ ਪਛਾਣ ਕੇ ਮੈਡਮ ਪ੍ਰਿੰਸੀਪਲ ਨੂੰ ਯਾਦ ਕਰਵਾਇਆ ਕਿ ਜਿਲੇ ਦੇ ਟੂਰਨਾਮੈਂਟਾਂ 'ਚ ਕਿਸੇ ਕਾਰਨ ਕਰਕੇ ਉਨ੍ਹਾਂ ਦੇ ਕਾਲਜ ਨੂੰ ਟਰਾਫੀ ਨਹੀਂ ਸੀ ਮਿਲ ਰਹੀ, ਤਾਂ ਸ. ਗਿਆਨ ਸਿੰਘ ਨੇ ਜਿਲਾ ਪ੍ਰਧਾਨ ਹੋਣ ਕਰਕੇ ਉਨ੍ਹਾਂ ਦੇ ਕਾਲਜ ਨੂੰ ਟਰਾਫੀ ਦੁਆਈ ਸੀ। ਸੁਣ ਕੇ ਮੈਡਮ ਪ੍ਰਿੰਸੀਪਲ ਨੇ ਵਾਰ ਵਾਰ ਧੰਨਵਾਦ ਕੀਤਾ।

—

1991 ਦੇ ਕਾਲੇ ਦੌਰ ਦੇ ਦਿਨਾਂ 'ਚ ਮੈਂ ਪੰਜਾਬ ਗਿਆ ਹੋਇਆ ਸਾਂ। ਫਿਲੌਰ ਵਲੋਂ ਆਉਂਦਿਆਂ ਹਨੇਰਾ ਹੋ ਗਿਆ। ਕਾਲੀਆਂ



*ਸਾਬਕਾ ਵਿਧਾਇਕ ਦਿਲਬਾਗ ਸਿੰਘ ਸੈਣੀ ਹੱਥੋਂ ਮਾਣ-ਤਾਣ ਪ੍ਰਾਪਤ ਕਰਦੇ ਹੋਏ ਗਿਆਨ ਸਿੰਘ ਜੱਬੋਵਾਲ*

ਕੰਬਲੀਆਂ ਲਈ ਅਸਾਂ ਦੋਵੇਂ ਸਕੂਟਰ 'ਤੇ ਵਾਪਸ ਪਿੰਡ ਆ ਰਹੇ ਸਾਂ। ਅੱਪਰੇ ਕੋਲ ਆਏ ਤਾਂ ਮੂਹਰਿਉਂ ਆ ਰਹੀ ਮਾਰੂਤੀ ਵੈਨ ਦੀਆਂ ਲਾਈਟਾਂ ਵੱਜੀਆਂ। ਮੈਂ ਕਿਹਾ, "ਭਾਅ ਜੀ ਸਕੂਟਰ ਰੋਕ ਲਈ, ਪੁਲਿਸ ਵਾਲੇ ਹੋਣਗੇ।"

ਗੱਡੀ ਬਰਾਬਰ ਆ ਰੁਕੀ ਤੇ ਮੂਹਰਲੀ ਸੀਟ 'ਤੇ ਪਟਕਾ ਬੰਨ੍ਹੀ ਬੈਠੇ ਸਰਦਾਰ ਜੀ ਨੇ ਪੁਛਿਆ, "ਕਿਧਰੋਂ ਆਏ ਓਂ?"

"ਜੀ, ਨਾਲ ਦੇ ਪਿੰਡੋਂ ਆਏ ਆਂ।"

"...ਕਰਦੇ ਕੀ ਓਂ?"

"ਮੈਂ ਲੰਗੜੋਆ ਦੇ ਹਾਈ ਸਕੂਲ 'ਚ ਹੈਡਮਾਸਟਰ ਲੱਗਾ ਹੋਇਆਂ ਤੇ ਏਹ ਮੇਰਾ ਛੋਟਾ ਭਾਈ ਅਮਰੀਕਾ ਤੋਂ ਆਇਆ ਹੋਇਐ।"

"ਮੁੰਡਿਆ ਜਾ ਕੇ ਚੈਕ ਕਰ।"

ਗੱਡੀ 'ਚ ਸਾਰੇ ਸਿਵਲ ਕੱਪੜਿਆਂ 'ਚ ਬੈਠੇ ਹੋਏ ਸਨ। ਸਾਨੂੰ ਤਾਂ ਪਹਿਲੋਂ ਅੰਦਾਜ਼ਾ ਹੋ ਗਿਆ ਸੀ ਕਿ ਪੁਲਿਸ ਵਾਲੇ ਹੋਣਗੇ। ਹੁਕਮ ਦਾ ਬੱਧਾ ਮੁੰਡਾ ਕੋਲ ਆਇਆ ਤੇ ਸ਼ਾਇਦ ਭਾਜੀ ਕੋਲ ਪੜ੍ਹਦਾ ਰਿਹਾ ਸੀ, ਪਛਾਣ ਕੇ ਕਹਿੰਦਾ, "ਸਰ ਜੀ, ਤੁਸੀਂ ਕਿਧਰ ਐਸ ਵੇਲੇ?"

ਮੁੰਡਾ ਉਨ੍ਹੀਂ ਪੈਰੀਂ ਵਾਪਸ ਜਾ ਕੇ ਆਪਣੇ ਸਾਹਿਬ ਨੂੰ ਕਹਿਣ ਲੱਗਾ, "ਜੀ ਏਹ ਤਾਂ ਸਾਡੇ ਗੁਰੂ ਨੇ, ਅਸੀਂ ਇਨ੍ਹਾਂ ਕੋਲ ਪੜ੍ਹੇ ਆਂ।"

"ਕੁਵੇਲੇ ਹੋਏ ਨਾ ਤੁਰਿਆ ਕਰੋ, ਹਾਲਾਤ ਬੜੇ ਖਰਾਬ ਨੇ। ਨਾਲੇ ਆਹ ਕਾਲੀਆਂ ਕੰਬਲੀਆਂ ਨਾ ਲਿਆ ਕਰੋ, ਐਵੇਂ ਭੁਲੇਖੇ 'ਚ ਮਾਰੇ ਜਾਉਗੇ।" ਨਸੀਹਤ ਦੇ ਕੇ ਗੱਡੀ ਅੱਗੇ ਤੁਰ ਗਈ।

—

ਮੇਰੇ ਦੋਸਤਾਂ ਨੇ ਬਾਹਰੋਂ ਜਾ ਕੇ ਉਹਨੂੰ ਸਕੂਲੇ ਮਿਲਣ ਜਾਣਾ ਤਾਂ ਧੱਕੇ ਨਾਲ ਪਿੰਨੀਆਂ, ਅੰਡੇ, ਕਾਜੂ, ਬਦਾਮ ਖੁਆਉਣੇ। ਮਨ੍ਹਾਂ ਕਰਦੇ ਤਾਂ ਪੁਲਸੀਆ ਲਹਿਜ਼ੇ 'ਚ ਦਬਕਾ ਮਾਰ ਕੇ ਕਾਹਮੇ ਵਾਲੇ ਦਿਲਾਵਰ ਵਰਗਿਆਂ ਨੂੰ ਧੱਕੇ ਨਾਲ ਖੁਆਉਣੇ।

ਉਹ ਗੁਰੂ ਗ੍ਰੰਥ ਸਾਹਿਬ ਦਾ ਬੜਾ ਸ਼ਰਧਾਵਾਨ ਸੀ। 1970-71 'ਚ ਜਦੋਂ ਪਹਿਲੀ ਨੌਕਰੀ ਦੀ ਸ਼ੁਰੂਆਤ ਹੋਈ ਤਾਂ ਪਹਿਲੀ ਤਨਖਾਹ 'ਚੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆ ਕੇ ਭੇਟ ਕੀਤੀ। ਕਈ ਵਾਰ ਪਿੰਡ 'ਚ ਅਖੰਡ ਪਾਠ ਸਾਹਿਬ ਦੀਆਂ ਰੌਲਾਂ ਵੀ ਲਾ ਦੇਣੀਆਂ ਤੇ ਮਾਇਆ-ਭੇਟਾ ਗੁਰਦੁਆਰਾ ਸਾਹਿਬ ਦੀ ਗੋਲਕ ਵਾਸਤੇ ਕਹਿ ਦੇਣਾ। ਪਿੰਡ 'ਚ ਲੜਕੀਆਂ ਦੇ ਵਿਆਹਾਂ 'ਤੇ ਅਨੰਦ ਕਾਰਜ ਕਰਾਉਣ ਲਈ ਛੁੱਟੀ ਲੈ ਕੇ ਆ ਜਾਂਦਾ। ਪਿੰਡ ਦੇ ਨੌਜਵਾਨਾਂ ਵਲੋਂ ਪਿੰਡ 'ਚ ਰੱਖੇ ਖੁਸ਼ੀ-ਗਮੀ ਦੇ ਸਹਿਜ ਪਾਠ ਦਾ ਆ ਕੇ ਭੋਗ ਪਾ ਦਿੰਦਾ। ਬੱਚਿਆਂ ਦੇ ਸਾਲਾਨਾ ਪੇਪਰਾਂ ਵੇਲੇ ਸਕੂਲ 'ਚ ਅਖੰਡ ਪਾਠ ਸਾਹਿਬ ਰਖਵਾਇਆ ਜਾਂਦਾ। ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਬਾਣੀ ਨਾਲ ਜੋੜਨ ਦੀ ਕੋਸ਼ਿਸ਼ ਕਰਦਾ। ਉਹਦੇ ਪੜ੍ਹਾਏ ਵਿਦਿਆਰਥੀ ਪੁਲਿਸ ਵਿਭਾਗ, ਸਿਖਿਆ ਵਿਭਾਗ ਤੇ ਹੋਰ ਚੰਗੇ ਚੰਗੇ ਅਹੁਦਿਆਂ 'ਤੇ ਲੱਗੇ ਹੋਏ ਨੇ ਅਤੇ ਵਿਦੇਸ਼ਾਂ ਵਿਚ ਵੀ ਬੜੇ ਸੈਟਲ ਨੇ।

ਜਨਵਰੀ 2000 ਦੇ ਪਹਿਲੇ ਹਫਤੇ ਮੈਂ ਬੇਟਿਆਂ-ਨਵਜੋਤ ਸਿੰਘ ਤੇ ਮਨਜੋਤ ਸਿੰਘ ਦੀ ਲੋਹੜੀ ਪਾਉਣ ਪਿੰਡ ਗਿਆ। ਲੋਹੜੀ ਦੀ ਖੁਸ਼ੀ 'ਚ ਘਰ ਹਵੇਲੀ ਰਖਵਾਏ ਅਖੰਡ ਪਾਠ ਸਾਹਿਬ ਦੇ ਭੋਗ ਵੇਲੇ ਰੌਣਕਾਂ ਹੀ ਰੌਣਕਾਂ ਸਨ। ਭਾਅ ਜੀ ਜਿਲੇ ਦਾ ਪ੍ਰਧਾਨ ਹੋਣ ਕਰਕੇ ਇਲਾਕੇ ਦੇ ਸਾਰੇ ਪੀ. ਟੀ., ਡੀ. ਪੀ., ਮਾਸਟਰ, ਹੈਡਮਾਸਟਰ ਤੇ ਇਲਾਕੇ ਦੇ ਹੋਰ ਪਤਵੰਤੇ ਸੱਜਣਾਂ-ਮਿੱਤਰਾਂ ਨਾਲ ਰੌਣਕਾਂ ਬਣੀਆਂ ਹੋਈਆਂ ਸਨ। ਸ਼੍ਰੋਮਣੀ ਢਾਡੀ ਗਿਆਨੀ ਦਿਆ ਸਿੰਘ ਦਿਲਵਰ (ਮੇਰੇ ਵਿਆਹ ਵੇਲੇ ਦਿਆ ਸਿੰਘ ਦਿਲਬਰ ਨੇ ਇਸੀ ਹਵੇਲੀ 'ਚ ਢਾਡੀ ਵਾਰਾਂ ਨਾਲ ਰੰਗ ਬੰਨ੍ਹਿਆ ਸੀ) ਦੇ ਬੇਟੇ ਗਿਆਨੀ ਕੁਲਜੀਤ ਸਿੰਘ ਦਿਲਵਰ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਲੋਹੜੀ ਦੇ ਸਾਰੇ ਕਾਰਜ ਹੱਥੀਂ ਪੂਰੇ ਕੀਤੇ।

...ਪਰ ਦੂਜੇ ਦਿਨ ਖੁਸ਼ੀਆਂ, ਗਮੀਆਂ 'ਚ ਬਦਲ ਗਈਆਂ, ਜਦੋਂ ਘਰੇ ਸਿਹਤ ਖਰਾਬ ਹੋਣ ਲੱਗ ਪਈ, ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ। ਬੰਗੀਂ ਰਾਜੇ ਦੇ ਹਸਪਤਾਲ 'ਚ ਦੋ ਦਿਨਾਂ ਦੇ ਇਲਾਜ ਤੋਂ ਬਾਅਦ ਜਲੰਧਰ ਦੇ ਟੈਗੋਰ ਹਸਪਤਾਲ ਲੈ ਗਏ। ਜਿਥੇ ਡਾਕਟਰਾਂ ਪੂਰੀ ਵਾਹ ਲਾਈ, ਪਰ ਭੌਰ ਉਡਾਰੀ ਮਾਰ ਗਿਆ। ਮਹਾਨ ਸ਼ਖਸੀਅਤ ਤੇ

*(ਬਾਕੀ ਅਗਲੇ ਸਫੇ 'ਤੇ)*

# ਕੇਂਦਰ ਦਾ ਕਿਸਾਨ ਵਿਰੋਧੀ ਤੇ ਕਾਰਪੋਰੇਟ ਪੱਖੀ ਮਾਡਲ

ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੀ ਕੇਂਦਰੀ ਹਕੂਮਤ ਦਾ ਲੋਕ ਵਿਰੋਧੀ ਚਿਹਰਾ ਉਸ ਵੇਲੇ ਬੇਨਕਾਬ ਹੋ ਗਿਆ, ਜਦੋਂ ਖੇਤੀਬਾੜੀ ਮੰਤਰੀ ਨੇ 8 ਜਨਵਰੀ ਦੀ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਵਿਚ ਖੇਤੀ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ। ਇਹ ਹਾਲਾਤ ਕਿਸਾਨਾਂ ਤੇ ਸਮੁੱਚੇ ਦੇਸ਼ ਵਾਸੀਆਂ ਲਈ ਭਾਰੀ ਸਦਮਾ ਦੇਣ ਵਾਲੀ ਸੀ।



ਦੂਜੇ ਪਾਸੇ ਕਿਸਾਨ ਆਗੂਆਂ ਨੇ ਵੀ ਸਿਰ ਧੜ ਦੀ ਲਾ ਦਿੱਤੀ ਕਿ 'ਅਸੀਂ ਜਿਤਾਂਗੇ ਜਾਂ ਮਰਾਂਗੇ।' ਭਾਵ ਕਿ ਜੇ ਉਨ੍ਹਾਂ ਦੇ ਗਲ ਦਾ ਫੰਦਾ ਬਣੇ

**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਇਹ ਕਾਲੇ ਖੇਤੀ ਕਾਨੂੰਨ ਵਾਪਸ ਨਾ ਹੋਏ ਤਾਂ ਉਹ ਖਾਲੀ ਹੱਥ ਵਾਪਸ ਆਪਣੇ ਰਾਜਾਂ ਨੂੰ ਨਹੀਂ ਜਾਣਗੇ। ਦਿੱਲੀ ਦੇ ਤਖਤ 'ਤੇ ਬੈਠੇ ਹੁਕਮਰਾਨਾਂ ਲਈ ਤਾਂ ਇਹ 'ਹਉਮੈ ਦਾ ਸੁਆਲ' ਹੋ ਸਕਦਾ ਹੈ, ਪਰ ਮਿੱਟੀ ਦੇ ਜਾਏ ਲਈ ਤਾਂ ਇਹ 'ਜਿਊਣ ਮਰਨ ਦਾ ਸੁਆਲ' ਹੈ। ਆਪਣੀ ਭੋਇੰ ਤੋਂ ਅਲੱਗ ਹੋ ਕੇ ਉਹ ਜਿਊਣ ਦਾ ਤਸੱਵਰ ਹੀ ਨਹੀਂ ਮੰਨ ਸਕਦਾ। ਉਸ ਦੀ ਧਰਤੀ ਉਸ ਦੀ ਰੋਟੀ ਰੋਜ਼ੀ ਦਾ ਵਸੀਲਾ ਹੀ ਨਹੀਂ, ਸਗੋਂ ਉਸ ਦੀ ਅਣਖ, ਇੱਜਤ, ਆਬਰੂ ਤੇ ਉਸ ਦੇ ਵਜੂਦ ਦੀ ਜਾਮਨ ਹੈ।

ਇੱਕ ਪਾਸੇ ਇਹੋ ਮਿੱਟੀ ਦਾ ਜਾਇਆ ਸਰਹੱਦਾਂ ਦੀ ਰਾਖੀ ਕਰਦੈ ਤੇ ਦੂਜੇ ਪਾਸੇ ਦੇਸ਼ ਦੀ 136 ਕਰੋੜ ਜਨਤਾ ਦਾ ਪੇਟ ਪਾਲਦਾ ਹੈ। ਕੇਂਦਰੀ ਖਾਧ ਭੰਡਾਰ ਵਿਚ ਪੰਜਾਬ ਦਾ ਕਿਸਾਨ 70 ਪ੍ਰਤੀਸ਼ਤ ਅਨਾਜ ਹਰ ਸਾਲ ਭੇਜਦਾ ਹੈ। ਹਰੀ ਕ੍ਰਾਂਤੀ ਲਿਆ ਕੇ ਜਿਥੇ ਦੇਸ਼ ਨੂੰ ਭੁਖਮਰੀ ਵਿਚੋਂ ਕੱਢਿਆ, ਉਥੇ ਅਨਾਜ ਵਿਚ ਆਤਮਨਿਰਭਰ ਬਣਾਇਆ। ਸੋ ਇਹ ਸਾਰੀ ਲੜਾਈ 'ਰੋਟੀ' ਦੀ ਹੈ, ਜੋ ਲੜ ਇਕੱਲਾ ਖੇਤਾਂ ਦਾ ਜਾਇਆ ਕਰ ਰਿਹਾ ਹੈ। ਇਸ 'ਰੋਟੀ' ਨੂੰ ਆਪਣੇ ਚੁੱਲਿਆਂ ਢਾਰਿਆਂ ਤਕ ਪੁਜਦੀ ਰੱਖਣ ਲਈ ਸਭ ਨੂੰ ਘਰਾਂ ਵਿਚੋਂ ਬਾਹਰ ਨਿਕਲਣਾ ਪੈਣਾ ਹੈ, ਨਹੀਂ ਤਾਂ ਅੰਬਾਨੀ-ਅਡਾਨੀ ਦੇ ਸਟੋਰਾਂ ਵਿਚੋਂ ਆਉਂਦੀ ਬ੍ਰੈਡ ਲਈ ਤਿਆਰੀ ਰੱਖੋ। ਦੂਜੇ ਪਾਸੇ ਦੇਸ਼-ਵਿਦੇਸ਼ ਤੋਂ ਆਉਂਦਾ ਹਾਅ ਦਾ ਨਾਹਰਾ ਕੁਝ ਹੌਸਲਾ ਵਧਾਉਂਦਾ ਹੈ ਤੇ ਸੰਘਰਸ਼ ਨੂੰ ਊਰਜਾ ਦਿੰਦਾ ਹੈ।

ਮੂਰਥਲ (ਹਰਿਆਣਾ) ਦੇ ਇੱਕ ਹੋਟਲ ਮਾਲਕ ਰਾਮ ਸਿੰਘ ਰਾਣਾ ਨੇ ਆਪਣਾ ਪੱਚੀ ਕਰੋੜ ਦਾ ਹੋਟਲ 'ਹੰਟ ਐਂਡ ਫੰਨ' ਕਿਸਾਨਾਂ ਦੇ ਨਾਂ ਕਰ ਦਿੱਤਾ ਹੈ। ਉਨ੍ਹਾਂ ਲਿਖ ਕੇ ਲਾ ਦਿੱਤਾ ਹੈ, 'ਨੋ ਕਸਟਮਰ, ਓਨਲੀ ਫਾਰਮਰ।' ਖਾਣਾ, ਰਹਿਣਾ ਸੌਣਾ-ਹਰ ਚੀਜ਼ ਆਪਣੇ ਵਲੋਂ ਮੁਫਤ ਮੁਹੱਈਆ ਕਰਵਾ ਦਿੱਤੀ ਹੈ। ਪੁਲਿਸ ਤੇ ਹਰਿਆਣਾ ਸਰਕਾਰ ਦੀ ਹਬ ਨੱਬ ਖਿਲਾਫ ਚੱਟਾਨ ਬਣ ਕੇ ਖੜ੍ਹ ਗਿਆ ਹੈ। ਬ੍ਰਿਸਬੇਨ (ਆਸਟ੍ਰੇਲੀਆ) ਦੇ ਅਮਰੀਕਨ ਕਾਲਜ ਦੇ ਡਾਇਰੈਕਟਰ ਬਰਨਾਰਡ ਮਲਕ ਨੇ ਦਿੱਲੀ ਕਿਸਾਨ ਮੋਰਚੇ ਵਿਚ ਅਕਾਲ ਚਲਾਣਾ ਕਰ ਗਏ ਕਿਸਾਨਾਂ ਦੇ ਬੱਚਿਆਂ ਨੂੰ ਆਪਣੇ ਵਲੋਂ ਮੁਫਤ ਵਿੱਦਿਆ ਦੇਣ ਦਾ ਐਲਾਨ ਕੀਤਾ ਹੈ। ਇਹ ਠੰਢੀਆਂ ਤੱਤੀਆਂ ਹਵਾਵਾਂ ਕਿਸਾਨ ਸੰਘਰਸ਼ ਦੇ ਹਮਾਇਤੀਆਂ ਨੂੰ ਆਕਸੀਜ਼ਨ ਦੇਣ ਦਾ ਕੰਮ ਕਰਦੀਆਂ ਹਨ।

ਕੇਂਦਰੀ ਹਕੂਮਤ 'ਤੇ ਕਾਬਜ ਸਰਕਾਰ ਜਿਥੇ ਕਿਸਾਨਾਂ ਦੀਆਂ ਵਾਜਬ ਮੰਗਾਂ ਨੂੰ ਵੀ ਅਣਗੌਲਿਆਂ ਕਰ ਰਹੀ ਹੈ, ਉਥੇ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਕਿਵੇਂ ਵੱਡੇ ਵੱਡੇ ਗੱਫਿਆਂ ਨਾਲ ਨਿਵਾਜਦੀਆਂ ਹਨ, ਉਸ ਦੀ ਤਾਜ਼ਾ ਮਿਸਾਲ ਅਨਿਲ ਅੰਬਾਨੀ ਦਾ ਵੱਡੇ ਬੈਂਕ ਫਰਾਡ ਤੋਂ ਭਲੀਭਾਂਤ ਸਮਝ ਵਿਚ ਆਉਂਦੀ ਹੈ। ਵਿਦੇਸ਼ਾਂ ਵਿਚ ਸਰਕਾਰਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਦੀਆਂ ਹਨ ਕਿ ਕੋਈ ਵੀ ਉਦਯੋਗਪਤੀ ਕਿਸੇ ਵੀ ਧੰਦੇ ਵਿਚ ਆਪਣੀ ਏਕਾਧਿਕਾਰ ਨਾ ਬਣਾ ਸਕੇ। ਜਿਵੇਂ ਮਾਈਕਰੋਸਾਫਟ ਵਰਗੀਆਂ ਵੱਡੀਆਂ ਕੰਪਨੀਆਂ ਹਨ, ਉਨ੍ਹਾਂ ਉਤੇ ਸਰਕਾਰ ਨੇ ਚੈਕਸ ਐਂਡ ਬੈਲੰਸ ਲਾਏ ਹੋਏ ਹਨ, ਤਾਂ ਕਿ ਕੋਈ ਵੀ ਕੰਪਨੀ ਇੰਨੀ ਵੱਡੀ ਨਾ ਹੋ ਜਾਵੇ ਕਿ ਖਪਤਕਾਰ ਦੇ ਹੱਕਾਂ ਲਈ ਚੈਲੰਜ ਬਣ ਜਾਵੇ।

ਇਸ ਦੇ ਉਲਟ ਭਾਰਤ ਵਰਗੇ ਦੇਸ਼ ਵਿਚ ਅਜਿਹੇ ਕਾਰਪੋਰੇਟ ਹਾਊਸ ਨੂੰ ਆਪਣਾ ਏਕਾਧਿਕਾਰ ਜਮਾਉਣ ਦੇ ਮੌਕੇ ਸਰਕਾਰਾਂ ਵਲੋਂ ਮੁਹੱਈਆ ਕਰਵਾਏ ਜਾਂਦੇ ਹਨ। ਜਿਵੇਂ ਸਰਕਾਰੀ ਅਦਾਰੇ ਬੀ. ਐਸ. ਐਨ. ਐਲ. ਨੂੰ ਫੇਲ੍ਹ ਕਰਕੇ ਜੀਓ ਬਾਜੀ ਮਾਰ ਗਿਆ। ਜੀਓ ਜਦੋਂ ਲਾਂਚ ਕੀਤਾ,



ਉਸ ਦੀ ਇਸ਼ਤਿਹਾਰਬਾਜ਼ੀ ਦਾ ਉਦਘਾਟਨ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਕੀਤਾ ਗਿਆ। ਹਿਸਟਰੀ ਵਿਚ ਇਹ ਪਹਿਲੀ ਵਾਰ ਹੋਇਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਸੇ ਪ੍ਰਾਈਵੇਟ ਕੰਪਨੀ ਨੂੰ ਲਾਂਚ ਕਰਨ ਦੀ ਇਸ਼ਤਿਹਾਰਬਾਜ਼ੀ ਕੀਤੀ ਹੋਵੇ। ਪ੍ਰਾਈਵੇਟ ਕਰੋਨਿਕ ਕੈਪਟਿਲਿਜ਼ਮ ਦੇਸ਼ ਦੇ ਅਰਥਚਾਰੇ ਵਾਸਤੇ ਬੇਹੱਦ ਘਾਤਕ ਹੈ।

ਕੁਦਰਤੀ ਹੈ ਕਿ ਕੋਈ ਵੀ ਵੱਡੀ ਇੰਡਸਟਰੀ ਨੂੰ ਚਲਾਉਣ, ਬਿਜਨਸ ਨੂੰ ਵਧਾਉਣ ਵਾਸਤੇ ਬੈਂਕਾਂ ਤੋਂ ਕਰਜ਼ ਲਿਆ ਜਾਂਦਾ ਹੈ, ਜੋ ਹੌਲੀ ਹੌਲੀ ਵਾਪਸ ਕਰਨਾ ਹੁੰਦਾ ਹੈ; ਪਰ ਹੋ ਕੀ ਰਿਹਾ ਹੈ? ਉਘੇ ਉਦਯੋਗਪਤੀ ਅਨਿਲ ਅੰਬਾਨੀ ਦੀਆਂ ਤਿੰਨ ਕੰਪਨੀਆਂ ਹਨ, ਜਿਨਾਂ ਦਾ ਨਾਂ ਹੈ ਰਿਲਾਇੰਸ ਕਮਿਊਨੀਕੇਸ਼ਨਜ਼, ਰਿਲਾਇੰਸ ਇਨਫਰਟਲ ਤੇ ਰਿਲਾਇੰਸ ਟੈਲੀਕੌਮ। ਇਨ੍ਹਾਂ ਨੇ ਚਾਰ ਸਰਕਾਰੀ ਬੈਂਕ, ਜਿਨ੍ਹਾਂ ਵਿਚ ਤਿੰਨ ਐਸ. ਬੀ. ਆਈ. ਦੇ ਬੈਂਕਾਂ-ਸਟੇਟ ਬੈਂਕ ਆਫ ਇੰਡੀਆ, ਯੂਨੀਅਨ ਬੈਂਕ ਆਫ ਇੰਡੀਆ ਤੇ ਇੰਡੀਅਨ ਓਵਰਸੀਜ਼ ਬੈਂਕ ਤੋਂ 86,188 ਕਰੋੜ ਦਾ ਕਰਜ਼ ਲਿਆ ਹੈ। ਇੱਕ ਕੰਪਨੀ ਰਿਲਾਇੰਸ ਕਮਿਊਨੀਕੇਸ਼ਨਜ਼ (ਆਰ. ਕੌਮ) ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਸਟੇਟ ਬੈਂਕ ਆਫ ਇੰਡੀਆ ਦੇ ਸਾਬਕਾ ਚੇਅਰਮੈਨ ਏ. ਕੇ. ਪੂਰਵ ਸ਼ਾਮਲ ਹਨ। ਜਿਸ ਕੰਪਨੀ ਵਿਚ ਪੂਰਵ ਚੇਅਰਮੈਨ ਬੈਠਾ ਹੋਵੇ, ਉਸ ਵਿਚ ਪਚਵੰਜਾ ਸੌ ਕਰੋੜ ਇਧਰ ਉਧਰ ਯਾਨਿ ਫਰਾਡ ਹੋ ਜਾਵੇ, ਆਪਣੇ ਆਪ 'ਚ ਹੈਰਾਨੀਜਨਕ ਹੈ। ਜਿਸ ਮਕਸਦ ਲਈ ਕਰਜ਼ ਲਿਆ ਗਿਆ ਸੀ, ਉਸ ਵਿਚ ਨਹੀਂ ਵਰਤਿਆ ਗਿਆ।

ਇਹ ਫਰਾਡ ਬੈਂਕ ਨੇ ਨਹੀਂ ਕੱਢਿਆ, ਸਗੋਂ ਉਸ ਕੰਟਰੈਕਟਰ ਨੇ ਕੱਢਿਆ, ਜਿਸ ਨੇ ਇਹ ਕੰਪਨੀ ਖਰੀਦਣੀ ਸੀ। ਬੈਂਕਾਂ ਦੇ ਪੈਸੇ ਵਾਪਸ ਨਹੀਂ ਆ ਰਹੇ ਸਨ ਤਾਂ ਬੈਂਕਾਂ ਨੇ ਇਨ੍ਹਾਂ ਤਿੰਨਾਂ ਕੰਪਨੀਆਂ ਬਾਰੇ 'ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ' ਨੂੰ ਫਾਰ ਰੀਸਟਰਕਚਰਿੰਗ ਲਈ ਸੰਪਰਕ ਕੀਤਾ ਤਾਂ ਕਿ ਕੋਈ ਹੱਲ ਕੱਢਿਆ ਜਾ ਸਕੇ, ਇਨ੍ਹਾਂ ਨੂੰ ਵੇਚ ਕੇ ਆਪਣਾ ਪੈਸਾ ਰਿਕਵਰ ਕੀਤਾ ਜਾ ਸਕੇ। ਜਿਸ ਬੰਦੇ ਨੇ ਇਹ ਕੰਪਨੀ ਖਰੀਦਣੀ ਸੀ, ਜਦੋਂ ਉਸ ਨੇ ਫੌਰਿੰਸਕ ਆਡਿਟ ਕਰਵਾਇਆ ਤਾਂ ਇਹ ਘਪਲਾ ਸਾਹਮਣੇ ਆਇਆ। ਇਸ ਤੋਂ ਪਹਿਲਾਂ ਉਹਨੇ ਬੈਂਕਾਂ/ਕੰਪਨੀ ਤੋਂ ਇਕ ਐਫੀਡੈਵਿਟ ਮੰਗਿਆ ਕਿ ਜਿਸ ਕੰਪਨੀ ਨੂੰ ਉਸ ਨੇ ਖਰੀਦਣਾ ਹੈ, ਉਸ ਨੇ ਅੱਜ ਤੋਂ ਪਹਿਲਾਂ ਜੇ ਕੋਈ ਫਰਾਡ ਕੀਤਾ ਹੈ ਜਾਂ ਬੈਂਕ ਦਾ ਕੋਈ ਲੈਣ-ਦੇਣ ਹੈ ਤਾਂ ਉਸ ਲਈ ਉਹ ਜਿੰਮੇਵਾਰ ਨਹੀਂ ਹੋਵੇਗਾ। ਇਸ ਲਈ ਇਹ 'ਇਤਰਾਜ ਨਹੀਂ" ਦਾ ਸਰਟੀਫਿਕੇਟ ਦਿੱਤਾ ਜਾਵੇ, ਪਰ ਇਹ ਸਰਟੀਫਿਕੇਟ ਨਹੀਂ ਦਿੱਤਾ ਗਿਆ। ਸੋ 2017-18 ਦੀ ਬੈਲੰਸ ਸ਼ੀਟ ਦਾ ਆਡਿਟ ਕਰਨ 'ਤੇ ਉਕਤ ਘਪਲਾ ਸਾਹਮਣੇ ਆਇਆ।

ਘਾਟੇ ਵਾਲੀ ਕੰਪਨੀ ਹੋਵੇ ਤਾਂ ਉਸ ਨੂੰ ਕੋਈ ਬੈਂਕ ਅੱਗੋਂ ਕਰਜ਼ ਦੇਵੇਗਾ? 2017-18 ਵਿਚ 2978 ਕਰੋੜ ਦਾ ਘਾਟਾ ਪਿਆ ਹੈ ਬੈਂਕ ਨੂੰ, ਪਰ ਉਸ ਤੋਂ ਅਗਲੇ ਸਾਲ 2018-19 ਵਿਚ 13 ਹਜ਼ਾਰ 3 ਸੌ 13 ਕਰੋੜ ਦਾ ਕਰਜ਼ ਹੋਰ ਦਿੰਦੀ ਹੈ ਬੈਂਕ ਉਸੇ ਕੰਪਨੀ ਨੂੰ। ਕਿਸੇ ਵੀ ਨੈਸ਼ਨਲ ਚੈਨਲ, ਪ੍ਰਾਈਮ ਟਾਈਮ ਜਾਂ ਵਿਸ਼ੇਸ਼ ਡਿਸਕਸ਼ਨ ਵਿਚ ਇਸ ਦਾ ਜ਼ਿਕਰ ਤਕ ਨਹੀਂ। 'ਇਕਨੌਮਿਕ ਟਾਈਮਜ਼' ਜਾਂ ਇੱਕ ਦੋ ਪ੍ਰਾਈਵੇਟ ਚੈਨਲ, ਜੋ ਇੰਟਰਨੈੱਟ 'ਤੇ ਹਨ, ਨੇ ਇਹ ਖਬਰ ਨਸ਼ਰ ਕੀਤੀ ਹੈ; ਜਦੋਂ ਕਿ ਵਿਜੈ ਮਾਲੀਆ 9 ਹਜ਼ਾਰ ਕਰੋੜ, ਨੀਰਵ ਮੋਦੀ ਪੰਜ ਹਜ਼ਾਰ ਕਰੋੜ, ਮੇਹੁਲ ਭਾਈ ਦਾ 11,600 ਕਰੋੜ, ਨੀਰਵ ਮੋਦੀ ਦੇ 11 ਹਜ਼ਾਰ, 303 ਕਰੋੜ ਨਾਲੋਂ ਇਹ ਸਕੈਮ ਕਈ ਗੁਣਾ ਵੱਧ ਹੈ। ਅਨਿਲ ਅੰਬਾਨੀ ਦਾ ਇਹ ਫਰਾਡ 86 ਹਜ਼ਾਰ 188 ਕਰੋੜ ਹੈ। ਪਹਿਲਾਂ ਤਾਂ ਬੈਂਕ ਨੇ ਇਸ ਨੂੰ ਐਨ. ਪੀ. ਏ. (ਨੌਨ ਪ੍ਰਫਾਰਮਿੰਗ ਐਸੇਟਸ) ਵਿਚ ਪਾ ਦਿੱਤਾ, ਪਰ ਜਦੋਂ ਕੰਪਨੀ ਆਡਿਟ ਵਿਚ ਇਹ ਪਚਵੰਜਾ ਸੌ ਕਰੋੜ ਦਾ ਘਪਲਾ ਸਾਹਮਣੇ ਆ ਗਿਆ ਤਾਂ ਬੈਂਕ ਨੇ ਉਸ ਦੀ ਕੈਟੇਗਰੀ ਬਦਲ ਕੇ 'ਫਰਾਡ' ਲਿਖ ਦਿੱਤਾ। ਜੇ ਫਰਾਡ ਹੈ ਤਾਂ ਉਸ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਹੋਈ? ਇਹ ਬਹੁਤ ਵੱਡਾ ਸੁਆਲੀਆ ਨਿਸ਼ਾਨ ਹੈ। ਜਦੋਂ ਕਿ ਕਿਸਾਨ ਦੇ ਲੱਖ, ਦੋ ਲੱਖ ਰੁਪਏ ਦੇ ਕਰਜ਼ ਪਿਛੇ ਘਰ ਜ਼ਮੀਨ ਦੀ ਕੁਰਕੀ ਹੋ ਜਾਂਦੀ ਹੈ ਤੇ ਉਸ ਨੂੰ ਹਥਕੜੀ ਲਾ ਕੇ ਜੇਲ੍ਹ ਭੇਜ ਦਿੱਤਾ ਜਾਂਦਾ ਹੈ।

ਇਥੇ ਹੀ ਬਸ ਨਹੀਂ, ਮੋਦੀ ਸਰਕਾਰ ਉਸ ਉਤੇ ਇੰਨੀ ਮਿਹਰਬਾਨ ਹੈ ਕਿ ਦੇਸ਼ ਦੀ ਸੁਰੱਖਿਆ ਦੀ ਅਹਿਮ ਜਿੰਮੇਵਾਰੀ ਰਾਫੇਲ ਡੀਲ ਵੀ ਅਨਿਲ ਅੰਬਾਨੀ ਦੇ ਨਾਂ ਕਰ ਦਿੱਤੀ ਹੈ। ਰਾਫੇਲ ਜਹਾਜ ਦੇ ਮਾਮਲੇ ਪਿਛੇ ਵੀ ਦਿਲਚਸਪ ਕਹਾਣੀ ਹੈ। ਜੋ ਡੀਲ ਕਾਂਗਰਸ ਸਰਕਾਰ ਵੇਲੇ ਹੋਈ ਸੀ, ਉਸ ਦੇ ਬਾਅਦ ਵਿਚ ਮੋਦੀ ਸਰਕਾਰ ਵੇਲੇ ਰੇਟ ਤਿੰਨ ਗੁਣਾਂ ਕਿਉਂ ਕਰ ਦਿੱਤੇ? ਜਦੋਂ ਇਹ ਕੰਨਟੈਕਟ ਕਾਂਗਰਸ ਕੋਲ ਸੀ ਤਾਂ ਇਸ ਦੇ ਰੱਖ ਰਖਾਓ ਮੈਨਟੀਨੈਂਸ ਦਾ ਸਾਰਾ ਪ੍ਰਬੰਧ 'ਹਿੰਦੁਸਤਾਨ ਏਅਰੋਨੋਟਿਕਸ ਬੰਗਲੌਰ' ਕੋਲ ਸੀ। ਇਹ 1940 ਦੀ ਕੰਪਨੀ ਹੈ, ਜਿਸ ਕੋਲ ਜਹਾਜਾਂ ਦੇ ਰੱਖ ਰਖਾਓ ਦਾ 90 ਸਾਲ ਦਾ ਤਜਰਬਾ ਸੀ, ਪਰ ਏਅਰੋਨੋਟਿਕਸ ਦਾ ਕੈਂਸਲ ਕਰਕੇ ਅਨਿਲ ਅੰਬਾਨੀ ਦੀ ਉਸ ਗੈਰ ਤਜਰਬੇਕਾਰ ਕੰਪਨੀ ਨੂੰ ਦਿੱਤਾ ਗਿਆ, ਜੋ ਅਜੇ ਛੇ ਮਹੀਨੇ ਪਹਿਲਾਂ ਹੀ ਬਣੀ ਸੀ।

ਹੁਣ ਕਿਸਾਨ ਜਿਵੇਂ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਦੇ ਜਜ਼ਬੇ ਨੂੰ ਸਲਾਮ ਹੈ। ਜੇ ਇਹ ਕਾਨੂੰਨ ਵਾਪਸ ਨਹੀਂ ਹੁੰਦੇ ਤਾਂ ਪੰਜਾਬ ਦੀ ਕਿਸਾਨੀ ਬਹੁਤ ਤਕਲੀਫਦੇਹ ਹੋਣ ਵਾਲੀ ਹੈ। ਐਮ. ਐਸ. ਪੀ. ਪੰਜਾਬ-ਹਰਿਆਣੇ ਵਿਚ ਹੈ ਤੇ ਦੇਸ਼ ਦਾ 6 ਪ੍ਰਤੀਸ਼ਤ ਕਿਸਾਨ ਹੀ ਇਸ ਦਾ ਫਾਇਦਾ ਲੈਂਦਾ ਹੈ। ਆਉਣ ਵਾਲਾ ਸਮਾਂ ਇਸ ਲਈ ਜ਼ਿਆਦਾ ਦੁਖਦਾਈ ਹੈ, ਕਿਉਂਕਿ ਕੇਂਦਰ ਨੇ ਕਣਕ/ਝੋਨਾ ਖਰੀਦਣ ਲਈ ਫੰਡ ਰਿਲੀਜ਼ ਨਹੀਂ ਕਰਨੇ। ਫਿਰ ਜੇ ਉਨ੍ਹਾਂ ਇਹ ਖਰੀਦ ਨਾ ਕੀਤੀ ਤਾਂ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋਣਗੇ।

***ਕੇਂਦਰੀ ਹਕੂਮਤ 'ਤੇ ਕਾਬਜ ਸਰਕਾਰ ਜਿਥੇ ਕਿਸਾਨਾਂ ਦੀਆਂ ਵਾਜਬ ਮੰਗਾਂ ਨੂੰ ਵੀ ਅਣਗੌਲਿਆਂ ਕਰ ਰਹੀ ਹੈ, ਉਥੇ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਕਿਵੇਂ ਵੱਡੇ ਵੱਡੇ ਗੱਫਿਆਂ ਨਾਲ ਨਿਵਾਜਦੀਆਂ ਹਨ, ਉਸ ਦੀ ਤਾਜ਼ਾ ਮਿਸਾਲ ਅਨਿਲ ਅੰਬਾਨੀ ਦਾ ਵੱਡੇ ਬੈਂਕ ਫਰਾਡ ਤੋਂ ਭਲੀਭਾਂਤ ਸਮਝ ਵਿਚ ਆਉਂਦੀ ਹੈ। ਵਿਦੇਸ਼ਾਂ ਵਿਚ ਸਰਕਾਰਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਦੀਆਂ ਹਨ ਕਿ ਕੋਈ ਵੀ ਉਦਯੋਗਪਤੀ ਕਿਸੇ ਵੀ ਧੰਦੇ ਵਿਚ ਆਪਣੀ ਏਕਾਧਿਕਾਰ ਨਾ ਬਣਾ ਸਕੇ।***




# ਹੈਡਮਾਸਟਰ ਗਿਆਨ ਸਿੰਘ ਜੱਬੋਵਾਲ ਨੂੰ ਯਾਦ ਕਰਦਿਆਂ

***(ਪਿਛਲੇ ਸਫੇ ਦੀ ਬਾਕੀ)***

ਖਿਡਾਰੀ ਦਾ ਛੇਆਂ ਦਿਨਾਂ 'ਚ ਸਾਰਾ ਖੇਲ ਖਤਮ ਹੋ ਗਿਆ। ਹਫਤਾ ਪਹਿਲਾਂ ਰੌਣਕਾਂ ਵਾਲੀ ਹਵੇਲੀ 'ਚ ਇਕ ਦਮ ਮਾਤਮ ਛਾ ਗਿਆ ਸੀ। ਸੱਥਰ ਵਿਛ ਗਿਆ। ਯਾਰਾਂ ਦਾ ਯਾਰ ਹਿੰਮਤੀ ਇਨਸਾਨ ਗਿਆਨ ਸਿੰਘ ਦੁਨੀਆਂ ਤੋਂ ਬੇਫਿਕਰਾਂ ਘੂਕ ਸੁੱਤਾ ਪਿਆ ਸੀ। ਲਾਡਾਂ ਨਾਲ ਪਾਲਣ ਵਾਲੀ ਮਾਂ ਦੇ ਅਸਮਾਨ ਚੀਰਦੇ ਵੈਣ ਸੁਣੇ ਨਹੀਂ ਸਨ ਜਾਂਦੇ। ਜਿਸ ਮਾਂ ਦੀ ਅਰਥੀ ਨੂੰ ਪੁੱਤ ਨੇ ਮੋਢਾ ਦੇਣਾ ਸੀ, ਅੱਜ ਉਸੇ ਸ਼ੇਰ ਪੁੱਤ ਦੀ ਅਰਥੀ ਉਠਦੀ ਮਾਂ ਵੇਖ ਰਹੀ ਸੀ। ਮੈਨੂੰ ਤਾਂ ਕਝ ਵੀ ਸਮਝ ਨਹੀਂ ਸੀ ਆ ਰਹੀ। ਦੁਨੀਆਂ ਦੇ ਸਭ ਰੰਗ ਫਿਕੇ ਫਿਕੇ ਲੱਗਦੇ ਸਨ। ਭਤੀਜਾ ਹਰਪ੍ਰੀਤ ਸਿੰਘ ਰਿੰਕੂ ਹਾਲੇ ਨਿਆਣਾ ਸੀ। ਸਾਰੀਆਂ ਜਿੰਮੇਵਾਰੀਆਂ ਖੁਦ ਨਿਭਾਈਆਂ। ਭਤੀਜੇ ਦੇ ਵਿਆਹ ਤੋਂ ਲੈ ਕੇ ਇੰਗਲੈਂਡ ਭੇਜਣ ਤੱਕ ਦੀ ਜ਼ਿੰਮੇਵਾਰੀ ਨਿਭਾਉਣ ਪਿਛੋਂ ਮੇਰੇ ਮਨ ਦਾ ਕੁਝ ਬੋਝ ਹਲਕਾ ਹੋਇਐ।

ਉਹਦੇ ਮਹਿਕਮੇ ਦੇ ਸਾਥੀ ਜਾਂ ਹੋਰ ਸੱਜਣ ਅੱਜ ਵੀ ਯਾਦ ਕਰਦੇ ਨੇ। ਵਿਦੇਸ਼ਾਂ 'ਚ ਅਚਾਨਕ ਕਈ ਵਾਰ ਮਿਲ ਜਾਂਦੇ ਨੇ ਤਾਂ ਕਹਿੰਦੇ ਨੇ, "ਇਕਬਾਲ ਸਿੰਹਾਂ, ਜੱਬੋਵਾਲ ਦਾ ਗਿਆਨ ਸਿੰਘ ਹੁੰਦਾ ਸੀ, ਬੜਾ ਦਲੇਰ ਸੀ। ਮਹਿਕਮੇ 'ਚ ਕਈ ਸਾਲ ਸਰਦਾਰੀ ਕਰ ਗਿਐ।" ਕਬੱਡੀ ਕਮੈਂਟਰੀ ਕਿੰਗ ਪ੍ਰੋ. ਮੱਖਣ ਸਿੰਘ ਹਕੀਮਪੁਰ ਵੀ ਅਕਸਰ ਵਿਦੇਸ਼ਾਂ 'ਚ ਹੁੰਦੇ ਖੇਡ ਮੇਲਿਆਂ 'ਚ ਯਾਦ ਕਰ ਲੈਂਦੇ ਨੇ।

ਗਿਆਨ ਸਿੰਘ ਦੀ ਯਾਦ ਵਿਚ ਮੈਂ ਨਿਮਾਣੀ ਜਿਹੀ ਕੋਸ਼ਿਸ਼ ਕਰਦਿਆਂ ਪਿੰਡ ਵਿਚ 'ਹੈਡਮਾਸਟਰ ਗਿਆਨ ਸਪੋਰਟਸ ਕਲੱਬ' ਨਾਂ ਦਾ ਵੱਡਾ ਕਮਰਾ ਬਣਾ ਕੇ ਪਿੰਡ ਦੇ ਨੌਜਵਾਨਾਂ ਨੂੰ ਸਮਰਪਿਤ ਕੀਤਾ ਹੋਇਐ। ਉਸ ਵੇਲੇ ਦੀ ਮੌਜੂਦਾ ਪੰਚਾਇਤ ਤੇ ਸਰਪੰਚ ਅਵਤਾਰ ਸਿੰਘ ਤਾਰੀ ਖਾਲਸਾ ਨੇ ਕਲੱਬ ਵਾਸਤੇ ਸਕੂਲ ਕੋਲ ਪਏ ਛੱਪੜ ਨੂੰ ਪੂਰ ਕੇ ਜਗ੍ਹਾ ਦਾ ਪ੍ਰਬੰਧ ਕੀਤਾ ਸੀ। ਜਿੰਮ ਵਿਚ ਮਸ਼ੀਨਾਂ ਵੀ ਰੱਖੀਆਂ ਹੋਈਆਂ ਨੇ। 2009 'ਚ ਭਾਅ ਜੀ ਦੀ ਯਾਦ ਵਿਚ ਪਿੰਡ ਟੂਰਨਾਮੈਂਟ ਕਰਾਇਆ। ਪਿੰਡ ਵਾਸੀਆਂ ਨੇ ਬੜਾ ਸਾਥ ਦਿਤਾ। ਬੈਲ-ਗੱਡੀਆਂ ਦੀਆਂ ਦੌੜਾਂ, ਛੋਟੇ ਬੱਚਿਆਂ ਦੇ ਕਬੱਡੀ ਮੈਚ, ਪਿੰਡ ਪੱਧਰ ਅਤੇ ਅਕੈਡਮੀਆਂ ਦੇ ਤਕੜੇ ਮੈਚ ਹੋਏ। ਸਰਬਣ ਸਿੰਘ ਫਿਲੌਰ ਨੇ ਇਨਾਮਾਂ ਦੀ ਵੰਡ ਕੀਤੀ ਤੇ ਭਾਅ ਜੀ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ। ਇਹ ਵੀ ਕਿਹਾ ਕਿ ਜੱਬੋਵਾਲ ਭਾਗਾਂ ਵਾਲਾ ਪਿੰਡ ਹੈ, ਜਿਥੇ ਗਿਆਨ ਸਿੰਘ ਵਰਗੇ ਇਨਸਾਨ ਨੇ ਜਨਮ ਲਿਆ।

ਜਿਸ ਨਹਿਰ 'ਤੇ ਗਿਆਨ ਸਿੰਘ ਕਦੇ ਦੌੜਾਂ ਲਾਉਂਦਾ ਹੁੰਦਾ ਸੀ, ਉਸੇ ਨਹਿਰ 'ਤੇ ਉਹਦੇ ਵੱਲ ਵੇਖ ਗਿਆਨ ਨਾਗਰਾ ਪੁੱਲੂ (ਬਿੱਲਿਆਂ ਦੇ ਆਦਰ ਦਾ ਭਰਾ) ਤੇ ਜੋਗਿੰਦਰ ਮੱਗੋ ਹੁਰੀਂ ਵੀ ਦੌੜਾਂ ਲਾਉਣ ਲੱਗੇ ਅਤੇ ਕਾਲਜਾਂ ਦੇ ਖਿਡਾਰੀ ਤੇ ਅਥਲੀਟ ਬਣੇ। ਹਰਬੰਸ ਪੈਂਟਰ ਦੇ ਬੇਟੇ ਬਲਜਿੰਦਰ ਦੇ ਦੱਸਣ ਅਨੁਸਾਰ ਹੈਡਮਾਸਟਰ ਸਾਹਿਬ ਪਿੰਡ ਦੇ ਨੌਜਵਾਨਾਂ ਦਾ ਬੜਾ ਖਿਆਲ ਰੱਖਦਾ ਸੀ। ਪਿੰਡ 'ਚ ਬਣਾਈ ਰੱਸਾ-ਕਸ਼ੀ ਟੀਮ ਦੂਰ ਦੂਰ ਤੱਕ ਮੁਕਾਬਲੇ ਲੜਨ ਜਾਂਦੀ। ਉਹ ਪਿੰਡ ਦੇ ਨੌਜਵਾਨਾਂ ਨੂੰ ਹਮੇਸ਼ਾ ਖੇਡਾਂ ਵੱਲ ਪ੍ਰੇਰਤ ਕਰਦਾ।

ਮਾਂ-ਬਾਪ ਭਾਵੇਂ ਅਨਪੜ੍ਹ ਸਨ, ਪਰ ਆਪ ਅੱਗੇ ਤੋਂ ਅੱਗੇ ਪੜ੍ਹਦਾ ਗਿਆ। ਮੈਂ ਕਹਿਣਾ, ਭਾਅ ਜੀ ਪੜ੍ਹ ਜਿੰਨਾ ਮਰਜੀ। ਪਹਿਲਾਂ ਤੂੰ ਮੈਨੂੰ ਪੜ੍ਹਾਇਆ, ਹੁਣ ਮੈਂ ਤੈਨੂੰ ਪੜ੍ਹਾਉਣਾ। ਉਨ੍ਹਾਂ ਮੁਸਕਰਾ ਪੈਣਾ। ਮੇਰਾ ਬੜਾ ਹੌਸਲਾ ਸੀ ਉਹਨੂੰ। ਸਕੂਲ ਟਾਈਮ ਤੋਂ ਬਾਅਦ ਦਫਤਰ ਬੈਠੇ ਪੜ੍ਹੀ ਜਾਣਾ। 1996-97 'ਚ ਇਕ ਧਾਰਮਿਕ ਕਿਤਾਬ ਵੀ ਲਿਖੀ, ਜਿਸ ਦਾ ਮੁੱਖਬੰਦ ਪ੍ਰਿੰਸੀਪਲ ਬਲਦੇਵ ਸਿੰਘ ਮੰਗੂਵਾਲ ਅਤੇ ਉਨ੍ਹਾਂ ਦੀ ਪਤਨੀ ਪ੍ਰਿੰ. ਰਾਜਵਿੰਦਰ ਕੌਰ ਨੇ ਲਿਖਿਆ ਸੀ।

ਮੇਰੇ ਕਲਾਸ-ਫੈਲੋ ਤੇ ਮਿੱਤਰ ਐਮ. ਪੀ. ਸਵਰਗੀ ਨਸਤਨਾਮ ਸਿੰਘ ਕੈਂਥ ਉਹਦਾ ਅਫਸੋਸ ਕਰਨ ਪਿੰਡ ਆਏ ਤੇ ਕਹਿਣ ਲੱਗੇ, "ਇਕਬਾਲ ਸਿੰਹਾਂ, ਐਮ. ਏ. ਇਕ ਕਰਨੀ ਔਖੀ ਐ, ਪਰ ਹੈਡਮਾਸਟਰ ਸਾਹਿਬ ਤਾਂ ਚਾਰ ਕਰ ਗਏ, ਪਤਾ ਨੀ ਕਿਵੇਂ?"

ਦੂਰਦਰਸ਼ਨ ਜਲੰਧਰ ਦੇ ਡਾਇਰੈਕਟਰ ਪੁਨੀਤ ਸਹਿਗਲ ਦੇ ਛੋਟੇ ਅਧਿਆਪਕ ਭਰਾ ਹਿਤੇਸ਼ ਸਹਿਗਲ ਨੇ ਗੱਲ ਦੱਸੀ ਕਿ ਇਲਾਕਾ ਵਿਧਾਇਕ ਨਵਾਂਸ਼ਹਿਰ ਦਿਲਬਾਗ ਸਿੰਘ ਦੀ ਮੌਤ ਤੋਂ ਬਾਅਦ ਇਲਾਕੇ ਦੇ ਬਹੁਤੇ ਸਕੂਲਾਂ ਦੇ ਸਟਾਫ ਸ. ਗਿਆਨ ਸਿੰਘ ਨੂੰ ਨਵਾਂਸ਼ਹਿਰ ਇਲਾਕੇ ਦਾ ਲੀਡਰ ਵੇਖਣਾ ਚਾਹੁੰਦੇ ਸਨ। ਪਰ ਅਫਸੋਸ!



*ਆਪਣੇ ਦਫਤਰ ਵਿਚ ਬੈਠੇ ਗਿਆਨ ਸਿੰਘ ਜੱਬੋਵਾਲ*

ਮੈਨੂੰ ਮਾਂ-ਬਾਪ ਦਾ ਪਿਆਰ ਦੇ ਕੇ ਪੁੱਤਾਂ ਵਾਂਗ ਪਾਲਿਆ। ਭਰਾ ਦਾ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਸੀ। ਬਾਪ ਵਰਗੇ ਭਰਾ ਦਾ ਸਿਰ ਤੋਂ ਸਾਇਆ ਉਠ ਗਿਆ ਸੀ। ਉਹਦੀ ਮੌਤ ਤੋਂ ਬਾਅਦ ਮੈਨੂੰ ਪਤਾ ਲੱਗਾ ਕਿ ਮੇਰੇ ਹੋਰ ਵੀ ਕੋਈ ਮਾਂ-ਬਾਪ ਹਨ। ਮਾਂ ਨੇ ਜਨਮ ਜਰੂਰ ਦਿਤਾ, ਪਰ ਉਂਗਲੀ ਫੜ੍ਹ ਕੇ ਤੁਰਨਾ ਭਰਾ ਨੇ ਸਿਖਾਇਆ। ਪਹਿਲੀ ਵਾਰ ਮੈਂ ਅਮਰੀਕਾ ਤੋਂ ਗਿਆ ਸਾਂ ਤਾਂ ਮੈਨੂੰ ਵੇਖ ਕੇ ਬੜਾ ਚਾਅ ਚੜ੍ਹਿਆ ਸੀ। ਚਾਅ ਚਾਅ ਵਿਚ ਮੈਨੂੰ ਦੋ ਪੀਪੇ ਘਿਉ ਦੇ ਚਾਰ ਕੇ ਭੜੋਲਾ ਜਿਹਾ ਬਣਾ ਦਿੱਤਾ ਸੀ। ਪਰਿਵਾਰ 'ਚੋਂ ਛੋਟਾ ਹੋਣ ਕਰਕੇ ਡਾਂਟ ਵੀ ਦਿੰਦਾ। ਉਹ ਮੈਨੂੰ ਇਕ ਵਧੀਆ ਸਪੋਰਟਸਮੈਨ ਦੇ ਤੌਰ 'ਤੇ ਵੇਖਣਾ ਚਾਹੁੰਦਾ ਸੀ, ਪਰ ਉਡਾਰੀਆਂ-ਉਤਾਰੀਆਂ ਸਭ ਮਾਲਕ ਦੇ ਹੱਥ ਹੁੰਦੀਆਂ ਨੇ। ਮੈਂ ਭਾਗਾਂ ਵਾਲਾ ਹਾਂ, ਜਿਸ ਨੂੰ ਇਕ ਚੰਗੀ ਸੋਚ, ਵਧੀਆ ਖਿਡਾਰੀ, ਦਾਨੀ ਦਲੇਰ, ਚੰਗੀ ਪੜ੍ਹਾਈ ਵਾਲਾ ਤੇ ਮਹਾਨ ਸ਼ਖਸੀਅਤ ਭਰਾ ਮਿਲਿਆ। ਹੁਣ ਜਦੋਂ ਮੈਂ ਪਿੰਡ ਜਾਂਦਾ ਹਾਂ ਉਹਦੇ ਬਿਨਾ ਸਾਰਾ ਕੁਝ ਸੁੰਨਾ ਸੁੰਨਾ ਲੱਗਦੈ। ਮੈਨੂੰ ਉਦਾਸ ਅੱਖਾਂ ਉਨ੍ਹਾਂ ਲੱਭਦੀਆਂ ਰਹਿੰਦੀਆਂ। ਅਜਿਹੇ ਪੁੱਤ ਮਾਂਵਾਂ ਕਦੀ ਕਦੀ ਜੰਮਦੀਆਂ ਨੇ।

ਬਲਿਹਾਰੇ ਯੋਧੇ ਬਲਕਾਰੀਆਂ ਦੇ
ਨਾਂ ਦੇਸ਼ ਦਾ ਉਚਾ ਕਰ ਜਾਂਦੇ ਨੇ।
ਤੁਰ ਗਿਆਂ 'ਤੇ ਲੋਕੀ ਯਾਦ ਕਰਦੇ,
ਭਲੇ ਦਲੇਰ ਜਦੋਂ ਤੁਰ ਜਾਂਦੇ ਨੇ।
ਭਲਾ ਕਰਨ ਦੀ ਚਾਹਤ ਹੋਵੇ
ਜਿਸ ਵਿਚ 'ਇਕਬਾਲ ਸਿੰਹਾਂ'
ਵੱਡੇ ਪਰਬਤ ਵੀ ਸਰ ਕਰ ਜਾਂਦੇ ਨੇ।

# ਬਹੁਤ ਅਦਭੁਤ ਹੈ ਮਨੁੱਖੀ ਮਨ ਦਾ ਰਹੱਸ

ਨਵੀਆਂ ਖੋਜਾਂ ਨਵੇਂ ਤੱਥ

ਵਿਗਿਆਨੀਆਂ ਦਾ ਮੰਨਣਾ ਹੈ ਕਿ ਸਾਡਾ ਮਨ ਨਾ ਤਾਂ ਸਾਡੇ ਦਿਮਾਗ ਤਕ ਸੀਮਿਤ ਹੈ ਤੇ ਨਾ ਹੀ ਸਾਡੇ ਸਰੀਰ ਤਕ। ਬੇਸ਼ਕ ਮਨ ਦਿਮਾਗ ਦੀ ਹੋਂਦ ਉੱਤੇ ਨਿਰਭਰ ਤਾਂ ਕਰਦਾ ਹੈ, ਪਰ ਇਹ ਦਿਮਾਗੀ ਸੰਰਚਨਾ ਤੋਂ ਅਲੱਗ ਹੋਂਦ ਦਾ ਧਾਰਨੀ ਹੈ। ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਸਾਡਾ ਮਨ ਸਾਡੇ ਸਰੀਰ ਤੋਂ ਪਰ੍ਹੇ ਵੀ ਅਸਰ ਰੱਖਦਾ ਹੈ। ਦਰਅਸਲ ਮਨੁੱਖੀ ਮਨ ਦਾ ਰਹੱਸ ਬਹੁਤ ਹੀ ਅਦਭੁਤ ਹੈ।

ਆਪਣੇ ਰੋਜ਼ਾਨਾ ਜੀਵਨ ਦੌਰਾਨ ਅਸੀਂ ਅਕਸਰ 'ਕਿਸੇ ਹੋਰ ਵਿਅਕਤੀ ਦੇ ਦਿਮਾਗ ਵਿਚ



ਕੀ ਚਲ ਰਿਹਾ ਹੈ', ਬਾਰੇ ਕਿਆਸ ਲਾ ਲੈਂਦੇ ਹਾਂ। ਕਦੇ ਕਿਸੇ ਵਿਅਕਤੀ ਦੀ ਮਾਨਸਿਕ ਤਾਕਤ ਦਾ ਕਾਇਲ ਹੋ, ਅਸੀਂ ਉਸ ਦੀ ਪ੍ਰਸ਼ੰਸਾ ਵੀ ਕਰਦੇ

**ਡਾ. ਡੀ. ਪੀ. ਸਿੰਘ, ਕੈਨੇਡਾ**
**E-mail: drdpsn@gmail.com**

ਹਾਂ। ਤੇ ਜਾਂ ਫਿਰ ਕਿਸੇ ਗੁੱਸੇ ਨਾਲ ਭਰੇ ਪੀਤੇ ਵਿਅਕਤੀ ਨੂੰ ਅਜਿਹਾ ਵੀ ਕਹਿ ਬੈਠਦੇ ਹਾਂ, "ਤੂੰ ਤਾਂ ਆਪਣਾ ਮਾਨਸਿਕ ਸੰਤੁਲਨ ਗੁਆ ਲਿਆ ਹੈ।" ਬਹੁਤ ਵਾਰ ਅਸੀਂ ਆਪਣੇ ਮਨ ਦੇ ਵਿਕਾਸ ਜਾਂ ਆਜ਼ਾਦੀ ਦੀ ਗੱਲ ਵੀ ਕਰਦੇ ਹਾਂ।

ਪਰ ਮਨ ਕੀ ਹੈ? ਇਸ ਸੰਕਲਪ ਨੂੰ ਬਿਆਨ ਕਰਨਾ ਟੇਢੀ ਖੀਰ ਵਾਲਾ ਕੰਮ ਹੀ ਹੈ। ਮਨ ਦਾ ਵਾਸਾ ਚੇਤਨਾ ਵਿਚ ਹੈ। ਇਹ ਹੀ ਸਾਡੀ ਹੋਂਦ ਦਾ ਅਸਲ ਹੈ। ਮਨ ਦੀ ਅਣਹੋਂਦ ਵਿਚ ਕਿਸੇ ਵੀ ਮਨੁੱਖ ਨੂੰ ਸਹੀ ਰੂਪ ਵਿਚ ਜ਼ਿੰਦਾ ਨਹੀਂ ਮੰਨਿਆ ਜਾ ਸਕਦਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਸਲ ਵਿਚ ਮਨ ਹੈ ਕੀ ਤੇ ਇਹ ਮਨੁੱਖੀ ਸਰੀਰ ਅੰਦਰ ਕਿੱਥੇ ਹੋਂਦ ਰੱਖਦਾ ਹੈ?

ਆਮ ਕਰਕੇ ਵਿਗਿਆਨੀਆਂ ਨੇ ਮਨ ਦੀ ਦਿਮਾਗੀ ਕ੍ਰਿਆਵਾਂ ਦੇ ਨਤੀਜੇ ਵਜੋਂ ਦੱਸ ਪਾਈ ਹੈ। ਰਵਾਇਤੀ ਵਿਚਾਰਧਾਰਾ ਅਨੁਸਾਰ ਮਨੁੱਖੀ ਦਿਮਾਗ ਇਕ ਭੌਤਿਕ ਵਸਤੂ ਹੈ ਅਤੇ ਮਨ ਦਿਮਾਗ ਵਿਚ ਹਰਕਤਨੁਮਾ ਨਿਊਰਾਨਾਂ ਦੀ ਚੇਤੰਨ ਪੈਦਾਇਸ਼ ਹੈ, ਪਰ ਨਵੀਆਂ ਖੋਜਾਂ ਦੱਸ ਪਾ ਰਹੀਆਂ ਹਨ ਕਿ ਸਾਡਾ ਮਨ ਸਾਡੇ ਦਿਮਾਗ ਦੀਆਂ ਭੌਤਿਕ ਕ੍ਰਿਆਵਾਂ ਤੋਂ ਪਾਰ ਵੀ ਅਸਰ ਰੱਖਦਾ ਹੈ। ਯੂਨੀਵਟਸਿਟੀ ਆਫ ਕੈਲੀਫੋਰਨੀਆ, ਲਾਸ ਏਂਜਲਸ ਦੇ ਮਨੋਵਿਗਿਆਨੀ ਪ੍ਰੋ. ਡਾਨ ਸੀਗਲ ਨੇ ਸਾਲ 2016 ਵਿਚ ਛਪੀ ਆਪਣੀ ਕਿਤਾਬ "ਮਾਈਂਡ-ਏ ਜਰਨੀ ਟੂ ਦਾ ਹਰਟ ਔਫ ਬੀਇੰਗ ਹੂਮੈਨ" ਵਿਚ ਵਰਣਨ ਕੀਤਾ ਹੈ ਕਿ ਬੇਸ਼ਕ ਸਾਡਾ ਦਿਮਾਗ ਸਾਡੇ ਜੀਵਨ ਵਿਚ ਬਹੁਤ ਹੀ ਅਹਿਮ ਰੋਲ ਅਦਾ ਕਰਦਾ ਹੈ, ਪਰ ਸਾਡਾ ਮਨ ਸਾਡੀ ਖੋਪੜੀ ਜਾਂ ਸਾਡੇ ਸਰੀਰ ਦੇ ਅੰਦਰ ਤੱਕ ਸੀਮਿਤ ਨਹੀਂ ਹੈ।

ਉਸ ਨੇ ਇਹ ਵਿਚਾਰ, ਅੱਜ ਤੋਂ ਲਗਭਗ ਦੋ ਦਹਾਕੇ ਪਹਿਲਾਂ, 40 ਵਿਭਿੰਨ ਮਾਹਿਰਾਂ ਦੀ ਇੱਕ ਮੀਟਿੰਗ ਵਿਚ ਪੇਸ਼ ਕੀਤੇ ਸਨ। ਇਨ੍ਹਾਂ ਮਾਹਿਰਾਂ ਵਿਚ ਨਿਊਰੋ-ਵਿਗਿਆਨੀ, ਭੌਤਿਕ ਵਿਗਿਆਨੀ, ਸਮਾਜ-ਵਿਗਿਆਨੀ ਅਤੇ ਮਾਨਵ-ਵਿਗਿਆਨੀ ਸ਼ਾਮਿਲ ਸਨ। ਇਸ ਮੀਟਿੰਗ ਦਾ ਉਦੇਸ਼ ਮਨ ਬਾਰੇ ਅਜਿਹੀ ਸਾਂਝੀ ਰਾਏ ਪੈਦਾ ਕਰਨਾ ਸੀ, ਜੋ ਵਿਭਿੰਨ ਵਿਗਿਆਨਕ ਖੇਤਰਾਂ ਵਿਚ ਕੰਮ ਕਰ ਰਹੇ ਮਾਹਿਰਾਂ ਦੀ ਤਸੱਲੀ ਕਰ ਸਕੇ। ਕਾਫੀ ਵਿਚਾਰ ਵਟਾਂਦਰੇ ਤੋਂ ਬਾਅਦ, ਉਨ੍ਹਾਂ ਨੇ ਨਿਰਣਾ ਕੀਤਾ ਕਿ ਮਨ, ਮਨੁੱਖੀ ਸਰੀਰ ਵਿਚ ਪੈਦਾ ਹੋਣ ਵਾਲੀ ਇਕ ਅਜਿਹੀ ਸਵੈ-ਸੰਗਠਿਤ ਪ੍ਰਕ੍ਰਿਆ ਹੈ, ਜੋ ਹੋਂਦ ਤੇ ਸਬੰਧਤਾ-ਦੋਹਾਂ ਪੱਖਾਂ ਦੀ ਧਾਰਨੀ ਹੁੰਦੀ ਹੈ। ਇਹ ਪ੍ਰਕ੍ਰਿਆ ਸਾਡੇ ਸਰੀਰ ਅੰਦਰ ਅਤੇ ਹੋਰ ਮਨੁੱਖਾਂ ਵਿਚਕਾਰ ਊਰਜਾ ਤੇ ਜਾਣਕਾਰੀ ਪ੍ਰਵਾਹ ਨੂੰ ਨਿਯੰਤ੍ਰਿਤ ਕਰਦੀ ਹੈ। ਮਨ ਦੀ ਇਹ ਪਰਿਭਾਸ਼ਾ ਬੇਸ਼ਕ ਬਹੁਤ ਲੁਭਾਉਣੀ ਨਹੀਂ, ਪਰ ਹੈ ਇਹ ਦਿਲਚਸਪ, ਅਤੇ ਇਸ ਪਰਿਭਾਸ਼ਾ ਦੇ ਲਾਭ ਵੀ ਬਹੁਤ ਸਾਰਥਕ ਹਨ।

ਇਸ ਪਰਿਭਾਸ਼ਾ ਦਾ ਸਭ ਤੋਂ ਵਧੇਰੇ ਹੈਰਾਨ ਕਰਨ ਵਾਲਾ ਅੰਸ਼ ਤਾਂ ਇਹ ਹੈ ਕਿ ਸਾਡਾ ਮਨ ਸਾਡੇ ਸਰੀਰ ਤੋਂ ਪਰ੍ਹੇ ਵੀ ਪ੍ਰਭਾਵ ਰੱਖਦਾ ਹੈ। ਆਮ ਭਾਸ਼ਾ ਵਿਚ, ਸਾਡਾ ਮਨ ਸਿਰਫ ਸਾਡੇ ਅਨੁਭਵਾਂ ਬਾਰੇ ਸਾਡੀ ਧਾਰਨਾ ਹੀ ਨਹੀਂ ਹੈ, ਸਗੋਂ ਇਹ ਤਾਂ ਉਨ੍ਹਾਂ ਅਨੁਭਵਾਂ ਦਾ ਹੀ ਰੂਪ ਹੈ। ਸੀਗਲ ਨੇ ਦਾਅਵਾ ਕੀਤਾ ਕਿ ਸਾਨੂੰ ਦੁਨੀਆਂ ਬਾਰੇ ਆਪਣੇ ਵਿਅਕਤੀਗਤ ਨਜ਼ਰੀਏ ਨੂੰ ਆਪਣੀਆਂ ਕ੍ਰਿਆਵਾਂ ਤੋਂ ਪੂਰਨ ਰੂਪ ਵਿਚ ਅੱਡ ਕਰ ਕੇ ਦੇਖ ਸਕਣਾ ਸੰਭਵ ਨਹੀਂ ਹੈ। ਸੀਗਲ ਦਾ ਕਹਿਣਾ ਹੈ, "ਮੈਂ ਮਹਿਸੂਸ ਕਰਦਾ ਹਾਂ ਕਿ ਜੇ ਕੋਈ ਮੈਨੂੰ ਸਮੁੰਦਰੀ-ਕਿਨਾਰੇ ਬਾਰੇ ਇਹ ਪੁੱਛੇ ਕਿ ਕੀ ਸਮੁੰਦਰੀ ਕਿਨਾਰਾ 'ਜਿਥੋਂ ਤਕ ਪਾਣੀ ਨਜ਼ਰ ਆਉਂਦਾ ਹੈ ਜਾਂ ਜਿਥੋਂ ਰੇਤੀਲਾ ਖੇਤਰ ਸ਼ੁਰੂ ਹੁੰਦਾ ਹੈ', ਵਿਚੋਂ ਕਿਹੜਾ ਸਹੀ ਉੱਤਰ ਹੈ ਤਾਂ ਮੈਂ ਇਹੋ ਕਹਾਂਗਾ ਕਿ ਸਮੁੰਦਰੀ ਕਿਨਾਰਾ ਪਾਣੀ ਤੇ ਰੇਤ ਦੋਹਾਂ ਦੇ ਮਿਲਾਪ ਦਾ ਸਰੂਪ ਹੈ।" ਸੀਗਲ ਦਾ ਕਹਿਣਾ ਹੈ ਕਿ ਸਮੁੰਦਰੀ ਕਿਨਾਰੇ ਬਾਰੇ ਵਿਚਾਰ ਨੂੰ 'ਜਿਥੋਂ ਤਕ ਪਾਣੀ ਨਜ਼ਰ ਆਉਂਦਾ ਹੈ' ਜਾਂ 'ਜਿਥੋਂ ਰੇਤੀਲਾ ਖੇਤਰ ਸ਼ੁਰੂ ਹੁੰਦਾ ਹੈ', ਧਾਰਨਾਵਾਂ ਨਾਲ ਸੀਮਤ ਨਹੀਂ ਕੀਤਾ ਜਾ ਸਕਦਾ। ਮੇਰਾ ਖਿਆਲ ਹੈ ਕਿ ਸ਼ਾਇਦ ਮਨ ਵੀ ਸਮੁੰਦਰੀ ਕਿਨਾਰੇ ਵਾਂਗ ਹੀ ਹੈ, ਕੁਝ ਕੁ ਅੰਦਰੂਨੀ ਅਤੇ ਕੁਝ ਕੁ ਪਰਸਪਰ ਪ੍ਰਕ੍ਰਿਆਵਾਂ ਦਾ ਸੰਗਠਨ।



ਕਿਸੇ ਵੀ ਮਾਨਵ-ਵਿਗਿਆਨੀ ਜਾਂ ਸਮਾਜ-ਵਿਗਿਆਨੀ ਲਈ ਮਾਨਸਿਕ ਪ੍ਰਕ੍ਰਿਆ ਮੁੱਖ ਤੌਰ 'ਤੇ ਸਮਾਜਿਕ ਹੀ ਹੁੰਦੀ ਹੈ। ਸਾਡੇ ਵਿਚਾਰ, ਭਾਵਨਾਵਾਂ, ਯਾਦਾਂ ਤੇ ਸੁਰਤ, ਜੋ ਅਸੀਂ ਨਿੱਜੀ ਤੌਰ 'ਤੇ ਇਸ ਦੁਨੀਆਂ ਵਿਚ ਅਨੁਭਵ ਕਰਦੇ ਹਾਂ, ਉਹ ਮਨ ਦਾ ਅੰਸ਼ ਹੀ ਹੁੰਦਾ ਹੈ। ਮਨ ਦੀ ਇਸ ਪਰਿਭਾਸ਼ਾ ਦੀ ਵਿਗਿਆਨ ਨੇ ਵੀ ਪੁਸ਼ਟੀ ਕੀਤੀ ਹੈ। ਦਰਅਸਲ ਇਸ ਪਰਿਭਾਸ਼ਾ ਦਾ ਮੂਲ ਵਿਚਾਰ ਗਣਿਤ ਵਿਸ਼ੇ ਦੇ ਮਾਹਿਰਾਂ ਨੇ ਸੁਝਾਇਆ ਸੀ।

ਸੀਗਲ ਨੇ ਮਹਿਸੂਸ ਕੀਤਾ ਕਿ ਮਨ ਦਾ ਸਰੂਪ, ਗਣਿਤ ਵਿਚ ਦਰਸਾਈ ਜਾਂਦੀ ਜਟਿਲ ਪ੍ਰਣਾਲੀ ਦੀ ਪਰਿਭਾਸ਼ਾ ਨਾਲ ਮੇਲ ਖਾਂਦਾ ਹੈ। ਅਜਿਹੀ ਜਟਿਲ ਪ੍ਰਣਾਲੀ ਦਾ ਪਹਿਲਾ ਗੁਣ ਹੈ, ਇਸ ਦਾ ਵਿਆਪਕ ਹੋਣਾ (ਅਜਿਹੀ ਪ੍ਰਣਾਲੀ ਹੋਰ ਚੀਜ਼ਾਂ ਨੂੰ ਪ੍ਰਭਾਵਿਤ ਕਰਨ ਦੇ ਸਮਰਥ ਹੁੰਦੀ ਹੈ)। ਦੂਸਰਾ ਗੁਣ ਹੈ, ਅਨਿਯਮਤਤਾ (ਜਿਸ ਦਾ ਭਾਵ ਹੈ ਕਿ ਇਹ ਲਗਭਗ ਬੇਤਰਤੀਬ ਰੂਪ ਵਿਚ ਵਿਚਰ ਸਕਦਾ ਹੈ) ਅਤੇ ਤੀਸਰਾ ਗੁਣ ਹੈ ਇਸ ਦਾ ਟੇਢਾਪਣ (ਜਿਸ ਦਾ ਭਾਵ ਹੈ ਕਿ ਕੋਈ ਵੀ ਛੋਟਾ ਜਿਹਾ ਆਦਾਨ {ਇਨਪੁਟ}, ਬਹੁਤ ਵੱਡੇ ਪ੍ਰਦਾਨ {ਆਊਟਪੁਟ} ਨੂੰ ਜਨਮ ਦੇ ਸਕਦਾ ਹੈ ਅਤੇ ਪ੍ਰਾਪਤ ਨਤੀਜੇ ਬਾਰੇ ਅੰਦਾਜ਼ਾ ਲਾਉਣਾ ਬਹੁਤ ਹੀ ਮੁਸ਼ਕਿਲ ਹੋ ਸਕਦਾ ਹੈ।)

ਗਣਿਤ ਅਨੁਸਾਰ ਜਟਿਲ ਪ੍ਰਣਾਲੀਆਂ ਸਵੈ-ਸੰਗਠਿਤ ਹੁੰਦੀਆਂ ਹਨ। ਸੀਗਲ ਦਾ ਮੰਨਣਾ ਹੈ ਕਿ ਇਹ ਵਿਚਾਰ ਮਾਨਸਿਕ ਸਿਹਤ ਦਾ ਆਧਾਰ ਹੈ। ਗਣਿਤਕ ਸੋਚ ਅਨੁਸਾਰ, ਉੱਚਤਮ ਸਵੈ-ਸੰਗਠਨ ਦੇ ਗੁਣ ਹਨ; ਲਚਕੀਲਾਪਣ, ਅਨੁਕੂਲਤਾ, ਸੁਮੇਲਤਾ ਯੋਗਤਾ, ਜੋਸ਼ੀਲਾਪਣ ਅਤੇ ਸਥਾਈਪਣ। ਸੀਗਲ ਦਾ ਕਹਿਣਾ ਹੈ ਕਿ ਉੱਚਤਮ ਸਵੈ-ਸੰਗਠਨ ਦੀ ਅਣਹੋਂਦ ਵਿਚ, ਜਾਂ ਤਾਂ ਤੁਸੀਂ ਬੇਤਰਤੀਬੀ ਦੀ ਹਾਲਤ ਵਿਚ ਪਹੁੰਚ ਜਾਂਦੇ ਹੋ ਤੇ ਜਾਂ ਫਿਰ ਕਠੋਰਤਾ ਦੀ ਹਾਲਤ ਵਿਚ। ਅਜਿਹੀ ਹਾਲਤ ਮਾਨਸਿਕ ਸਿਹਤ ਦੇ ਵਿਗਾੜ ਦਾ ਪ੍ਰਗਟਾ ਹੁੰਦੀ ਹੈ।

ਦਰਅਸਲ ਸਵੈ-ਸੰਗਠਨ ਵਿਭਿੰਨ ਵਿਚਾਰਾਂ ਦੇ ਆਪਸੀ ਮਿਲਾਪ (ਸੁਮੇਲਤਾ) ਦਾ ਕਾਰਨ ਬਣਦਾ ਹੈ। ਸੀਗਲ ਦਾ ਕਹਿਣਾ ਹੈ ਕਿ ਇਹ ਵਿਚਾਰਧਾਰਕ ਸੁਮੇਲਤਾ, ਭਾਵੇਂ ਕਿਸੇ ਦੇ ਮਨ ਵਿਚ ਹੋਵੇ ਜਾਂ ਸਮਾਜ ਦੇ ਅੰਦਰ, ਇਹ ਇੱਕ ਸਿਹਤਮੰਦ ਮਨ ਦਾ ਆਧਾਰ ਹੁੰਦੀ ਹੈ। ਸੀਗਲ ਦਾ ਬਿਆਨ ਹੈ ਕਿ ਉਸ ਨੇ ਸਮਾਜ ਵਿਚ ਵਿਆਪਕ ਰੂਪ ਵਿਚ ਫੈਲੀ ਦੁਰਦਸ਼ਾ ਨੂੰ ਦੇਖਦਿਆਂ ਆਪਣੀ ਇਹ ਕਿਤਾਬ ਲਿਖੀ, ਕਿਉਂਕਿ ਉਸ ਦਾ ਯਕੀਨ ਹੈ ਕਿ ਅਜਿਹੇ ਹਾਲਾਤ ਦੇ ਕਾਰਨਾਂ ਦਾ ਇਕ ਅੰਗ ਇਹ ਵੀ ਹੈ ਕਿ ਅਸੀਂ ਆਪਣੇ ਮਨ ਨੂੰ ਕਿਵੇਂ ਦੇਖਦੇ ਹਾਂ? ਨਾਮੀਬੀਆ ਵਿਖੇ ਕੀਤੇ ਆਪਣੇ ਖੋਜ ਕਾਰਜਾਂ ਦੀ ਗੱਲ ਕਰਦਾ ਉਹ ਲਿਖਦਾ ਹੈ ਕਿ ਨਾਮੀਬੀਆ ਦੇ ਲੋਕ ਆਪਣੀ ਖੁਸ਼ੀ ਦਾ ਆਧਾਰ ਆਪਸੀ ਚੰਗੇ ਸਬੰਧਾਂ (ਸੁਮੇਲਤਾ) ਨੂੰ ਮੰਨਦੇ ਹਨ।

ਜਦੋਂ ਇਕ ਨਾਮੀਬੀਆ ਵਾਸੀ ਨੇ ਸੀਗਲ ਨੂੰ ਪੁੱਛਿਆ ਕਿ ਉਹ ਅਮਰੀਕਾ ਵਿਚ ਰਹਿੰਦਾ ਹੋਇਆ ਕਿਵੇਂ ਮਹਿਸੂਸ ਕਰਦਾ ਹੈ ਤਾਂ ਉਸ ਨੇ ਦੱਬੀ ਸੁਰ ਵਿਚ ਕਿਹਾ, "ਮੈਂ ਸੋਚਦਾ ਹਾਂ ਕਿ ਅਸੀਂ ਸਾਰੇ ਹੀ ਕਿੰਨੇ ਅਲੱਗ-ਥਲੱਗ ਹਾਂ ਅਤੇ ਆਪਸ ਵਿਚ ਵੰਡੇ ਹੋਏ ਮਹਿਸੂਸ ਕਰਦੇ ਹਾਂ।"

ਅਜੋਕੇ ਮਨੁੱਖੀ ਸਮਾਜ ਵਿਚ ਪ੍ਰਚਲਿਤ ਧਾਰਨਾ ਹੈ ਕਿ ਸਾਡਾ ਮਨ ਦਿਮਾਗ ਦੀ ਕ੍ਰਿਆ ਹੀ ਹੈ, ਜਿਸ ਦਾ ਭਾਵ ਇਹ ਹੈ ਕਿ ਸਾਡਾ ਸਵੈਪਣ, ਜੋ ਮਾਨਸਿਕ ਫੁਰਨਿਆਂ ਦੇ ਨਤੀਜੇ ਵਜੋਂ ਸਮਝਿਆ ਜਾਂਦਾ ਹੈ, ਅਸਲ ਵਿਚ ਕੋਈ ਵੱਖਰੀ ਸ਼ੈਅ ਹੈ ਤੇ ਇਸ ਦਾ ਹੋਰਾਂ ਸੰਗ ਸਾਡੇ ਆਪਸੀ ਸਬੰਧਾਂ ਨਾਲ ਕੋਈ ਵਾਹ-ਵਾਸਤਾ ਨਹੀਂ, ਪਰ ਸੱਚ ਤਾਂ ਇਹ ਹੈ ਕਿ ਅਸੀਂ ਸਾਰੇ ਇਕ ਦੂਜੇ ਦੇ ਜੀਵਨ ਦਾ ਹਿੱਸਾ ਹਾਂ। ਮਨ ਸਿਰਫ ਦਿਮਾਗ ਦੀ ਕ੍ਰਿਆ ਹੀ ਨਹੀਂ ਹੁੰਦਾ। ਜਦੋਂ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਮਨ ਇਕ ਸਬੰਧ-ਸਥਾਪਤੀ ਕ੍ਰਿਆ ਦਾ ਨਾਂ ਹੈ, ਤਾਂ ਸਾਡੇ ਆਪਸੀ ਸੰਬੰਧਾਂ ਬਾਰੇ ਅਹਿਸਾਸਾਂ ਵਿਚ ਇਕ ਅਹਿਮ ਤਬਦੀਲੀ ਦਾ ਆਗਾਜ਼ ਹੁੰਦਾ ਹੈ।

ਇਸ ਦਾ ਭਾਵ ਇਹ ਹੈ ਕਿ ਮਨ ਨੂੰ ਸਬੰਧ-ਸਥਾਪਤੀ ਦੀ ਕ੍ਰਿਆ ਸਮਝਣ ਦੀ ਥਾਂ, ਦਿਮਾਗ ਦੀ ਸਾਧਾਰਣ ਕ੍ਰਿਆ ਵਜੋਂ ਸੋਚਦਿਆਂ ਅਸੀਂ ਆਪਸੀ ਤੌਰ ਉੱਤੇ ਅਲੱਗ-ਥਲੱਗਤਾ ਦੇ ਅਹਿਸਾਸ ਦਾ ਸ਼ਿਕਾਰ ਬਣ ਜਾਂਦੇ ਹਾਂ। ਆਪਸੀ ਰਿਸ਼ਤਿਆਂ ਅੰਦਰ ਸੁਮੇਲਤਾ ਸਥਾਪਤੀ ਲਈ ਸਾਨੂੰ ਆਪਣੇ ਮਨ ਦੇ ਦਰ ਹੋਰਨਾਂ ਲਈ ਖੋਲ੍ਹਣੇ ਹੋਣਗੇ।

# ਸੁਰਜੀਤ ਹਾਂਸ ਦੀਆਂ ਯਾਦਾਂ...

ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸੁਰਜੀਤ ਹਾਂਸ ਨੂੰ ਫਾਨੀ ਸੰਸਾਰ ਤੋਂ ਤੁਰਿਆਂ ਇਕ ਸਾਲ ਹੋ ਗਿਆ ਹੈ। ਮੇਰੀ ਉਹਦੇ ਨਾਲ ਪਹਿਲੀ ਮੁਲਾਕਾਤ ਜੂਨ 1980 ਵਿਚ ਬਰਤਾਨੀਆਂ ਵਾਲੀ ਆਲਮੀ ਪੰਜਾਬੀ ਕਾਨਫਰੰਸ ਸਮੇਂ ਇੰਗਲੈਂਡ ਵਿਚ ਹੋਈ ਸੀ। ਮਾਹਿਲਪੁਰੀਆ ਹੋਣ ਕਾਰਨ ਉਹ ਮੇਰੇ ਨਾਲ ਵਧੇਰੇ ਹਿੱਤ ਰੱਖਦਾ ਸੀ। ਮਿੱਤਰਾਂ ਨੂੰ ਸ਼ਰਾਬਖਾਨਿਆਂ ਵਿਚ ਦਾਰੂ ਦਾ ਸੱਦਾ ਦਿੰਦਾ ਤਾਂ ਮੇਰਾ ਉਚੇਚਾ ਧਿਆਨ ਰੱਖਦਾ। ਸਾਨੂੰ ਕਿਸੇ ਨੂੰ ਪੈਸੇ ਨਾ ਦੇਣ ਦਿੰਦਾ। ਉਹ ਪੰਜਾਬ ਦੇ ਕਾਲਜਾਂ ਦੀ ਪ੍ਰੋਫੈਸਰੀ ਛੱਡ ਕੇ ਸ਼ੇਕਸਪੀਅਰ ਤੇ ਮਿਲਟਨ ਦੀ ਦੁਨੀਆਂ ਦੇ ਆਬਕਾਰੀ ਮਹਿਕਮੇ ਵਿਚ ਛੋਟੀ ਮੋਟੀ ਨੌਕਰੀ ਕਰਨ ਵਲਾਇਤ ਜਾ ਵੜਿਆ ਸੀ। ਬਾਇਰਨ, ਕੀਟਸ, ਸ਼ੈਲੀ ਦੀ ਕਾਰਜ ਭੂਮੀ ਦਾ ਅਨੰਦ ਮਾਣਨ, ਜਿਨ੍ਹਾਂ ਨੂੰ ਪੜ੍ਹਨਾ-ਪੜ੍ਹਾਉਣਾ ਆਪਣੇ ਦੇਸ਼ ਰਹਿੰਦਿਆਂ ਉਸ ਦਾ ਮਨ ਭਾਉਂਦਾ ਕਿੱਤਾ ਸੀ। ਉਂਜ ਉਸ ਨੇ ਐਮ. ਏ. ਤੱਕ ਦੀ ਪੜ੍ਹਾਈ ਅੰਗਰੇਜ਼ੀ ਤੋਂ ਬਿਨਾ ਇਤਿਹਾਸ ਤੇ ਫਿਲਾਸਫੀ ਦੀ ਵੀ ਕੀਤੀ ਹੋਈ ਸੀ। ਉਹ ਤੁਰਦਾ ਫਿਰਦਾ ਇਨਸਾਈਕਲੋਪੀਡੀਆ ਸੀ। ਉਸ ਦੇ ਕਾਰਜ ਖੇਤਰਾਂ ਦੀ ਕਹਾਣੀ ਬਹੁਤ ਲੰਮੀ ਹੈ।

ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਵਿਚ ਪੜ੍ਹਦੇ ਸਮੇਂ ਉਥੋਂ ਦੇ ਹੋਸਟਲ ਵਿਚ ਰਹਿੰਦਿਆਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਉਸ ਦਾ ਜਾਣੂ ਹੋ ਚੁਕਾ ਸੀ। ਕੇਂਦਰ ਵਿਚ ਵਿੱਤ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਨੇ ਚੰਡੀਗੜ੍ਹ ਦੇ ਲਾਜਪਤ ਰਾਇ ਭਵਨ ਵਿਚ ਕਿਸੇ ਸਮਾਗਮ ਦਾ ਉਦਘਾਟਨ ਕਰਨਾ ਸੀ। ਉਹ ਸਮੇਂ ਤੋਂ ਦੋ ਚਾਰ ਮਿੰਟ ਪਹਿਲਾਂ ਹੀ ਪਹੁੰਚ ਗਿਆ। ਸਮਾਗਮ ਦਾ ਮੁਖ ਪ੍ਰਬੰਧਕ ਓਂਕਾਰ ਚੰਦ ਉਸ ਨੂੰ ਅੰਦਰ ਬਿਠਾਉਣ ਆਇਆ ਤਾਂ ਮੈਨੂੰ ਉਹਦੇ ਕੋਲ ਬਿਠਾ ਗਿਆ। ਮੈਂ ਉਦੋਂ ਪੰਜਾਬ ਰੈੱਡ ਕਰਾਸ ਦਾ ਸੈਕਟਰੀ ਸਾਂ।

"ਮੈਨੂੰ ਪਤਾ ਸੀ ਕਿ ਉਹ ਹਾਂਸ ਨੂੰ ਜਾਣਦਾ ਸੀ। ਮੈਂ ਦੱਸਿਆ ਕਿ ਮੈਂ ਹਾਂਸ ਨੂੰ ਜਾਣਦਾ ਹਾਂ।



ਮੈਨੂੰ ਪਤਾ ਏ ਉਹ ਅੱਜ ਕਲ੍ਹ ਪੰਜਾਬੀ ਯੂਨੀਵਰਸਿਟੀ ਵਿਚ ਵਿਜ਼ਟਿੰਗ ਪ੍ਰੋਫੈਸਰ ਹੈ।" ਉਸ ਦੀ ਟਿੱਪਣੀ ਨੇ ਮੈਨੂੰ ਹੈਰਾਨ ਕਰ ਦਿੱਤਾ। ਦੇਸ਼ ਦਾ ਵਿੱਤ ਮੰਤਰੀ ਹੋਣ ਤੱਕ ਉਹ ਸੁਰਜੀਤ ਹਾਂਸ ਦੀ ਪੈੜ ਨਪਦਾ ਰਿਹਾ ਸੀ। ਉਸ ਦੀ, ਜਿਸ ਨੇ ਉਹਦੇ ਕੋਲੋਂ ਕਦੀ ਕੋਈ ਮੰਗ ਨਹੀਂ ਸੀ ਮੰਗੀ।

ਹਾਂਸ ਦੀਆਂ ਗੱਲਾਂ ਤੇ ਪ੍ਰਾਪਤੀਆਂ ਦੀ ਗਾਥਾ ਬਹੁਤ ਲੰਮੀ ਹੈ। ਮੈਂ ਦਿੱਲੀ ਛੱਡ ਕੇ 'ਪੰਜਾਬੀ ਟ੍ਰਿਬਿਊਨ' ਦਾ ਐਡੀਟਰ ਬਣ ਕੇ ਚੰਡੀਗੜ੍ਹ ਆਇਆ ਤਾਂ ਮੇਰਾ ਦਿੱਲੀ ਤੋਂ ਜਾਣੂ ਕਪੂਰ ਸਿੰਘ ਘੁੰਮਣ 15 ਜਨਵਰੀ 1985 ਨੂੰ ਮੈਨੂੰ ਮਿਲਣ ਆਇਆ ਤਾਂ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨਕੋਸ਼ ਮੈਨੂੰ ਭੇਟ ਕਰ ਗਿਆ। ਪਿਛਲੇ ਸਾਲ ਤਕ ਮੈਨੂੰ ਉਹ ਵਾਲਾ ਕੋਸ਼ ਵਰਤਣ ਦੀ ਲੋੜ ਹੀ ਨਹੀਂ ਪਈ। ਲੋੜੀਂਦੀ ਜਾਣਕਾਰੀ ਲਈ ਮਹਾਨਕੋਸ਼ ਦੇ ਵਰਕੇ ਫਰੋਲਣ ਨਾਲੋਂ ਹਾਂਸ ਨੂੰ ਟੈਲੀਫੋਨ ਕਰਕੇ ਪੁੱਛ ਲੈਣਾ ਸੌਖਾ ਸੀ। ਕਈ ਵਾਰੀ ਉਹਦੇ ਵਲੋਂ ਦਿੱਤੀ ਜਾਣਕਾਰੀ ਮਹਾਨਕੋਸ਼ ਨਾਲੋਂ ਵੀ ਪਾਇਦਾਰ ਹੁੰਦੀ ਸੀ।

ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਹਾਂਸ ਨੇ ਆਪਣੇ ਹਰ ਜਾਣੂ ਦਾ ਨਾਂ ਰੱਖਿਆ ਹੋਇਆ ਸੀ। ਪਟਿਆਲਾ ਯੂਨੀਵਰਸਿਟੀ ਵਾਲੀ ਡਾ. ਧਨਵੰਤ ਕੌਰ ਦਾ ਧੰਨੋ, ਓਥੋਂ ਦੇ ਵਾਈਸ ਚਾਂਸਲਰ ਦੇ ਸਕੱਤਰ ਮੋਹਨ ਸਿੰਘ ਜੌਹਲ ਦਾ ਮੈਕਸੀ ਤੇ ਜਨ ਸੰਚਾਰ ਵਿਭਾਗ ਦੇ ਮੁਖੀ ਨਵਜੀਤ ਜੌਹਲ ਦਾ ਮਿੰਨੀ ਅਤੇ ਵਾਈਸ ਚਾਂਸਲਰ ਜੇ. ਐਸ. ਪੁਆਰ ਦਾ ਬੜਾ ਬਾਬੂ ਤੇ ਮੇਰਾ ਛੋਟਾ ਬਾਬੂ; ਪਰ ਉਸ ਨੂੰ ਪਤਾ ਸੀ ਜਾਂ ਨਹੀਂ, ਮੈਂ ਤੇ ਮੇਰਾ ਜਲੰਧਰ ਵਾਲਾ ਮਿੱਤਰ ਪ੍ਰੇਮ ਪ੍ਰਕਾਸ਼ ਉਸ ਨੂੰ 'ਬੁੜ੍ਹਾ' ਕਹਿ ਕੇ ਚੇਤੇ ਕਰਦੇ ਸਾਂ, ਉਸ ਦੀ ਸਿਆਣਪ ਕਾਰਨ। ਉਸ ਦੇ ਰਚੇ ਨਾਟਕਾਂ, ਨਾਵਲਾਂ ਤੇ ਕਾਵਿ ਪੁਸਤਕਾਂ ਨੂੰ ਭੁੱਲ ਵੀ ਜਾਈਏ ਤਾਂ ਉਸ ਦੀ ਪੰਜਾਬੀ ਸਾਹਿਤ ਨੂੰ ਸਭ ਤੋਂ ਵੱਡੀ ਦੇਣ ਉਹਦੇ ਵਲੋਂ ਕੀਤਾ ਸ਼ੇਕਸਪੀਅਰ ਦੀ ਸਮੁੱਚੀ ਰਚਨਾ ਦਾ ਪੰਜਾਬੀ ਅਨੁਵਾਦ ਹੈ। ਉਸ ਦੇ ਸੌਨੇਟਾਂ ਸਮੇਤ ਇਸ ਦੀਆਂ 39 ਜਿਲਦਾਂ ਬਣਦੀਆਂ ਹਨ। ਉਸ ਦੀ ਹੁਣੇ ਹੁਣੇ ਛਪੀ ਕਾਵਿ-ਪੁਸਤਕ 'ਮ੍ਰਿਤ ਦਾ ਸੁਪਨਾ' ਹੈ, ਜਿਸ ਦਾ ਮੁਖ ਬੰਦ ਪ੍ਰੇਮ ਪ੍ਰਕਾਸ਼ ਨੇ ਲਿਖਿਆ ਹੈ।

**ਕਿਸਾਨ ਮੋਰਚੇ ਤੋਂ ਚੋਂਦੀਆਂ ਚੋਂਦੀਆਂ:**

(ੳ) ਕਿਸੇ ਹਵਾਈ ਜਹਾਜ ਦਾ ਸਫਾਈ ਕਰਮਚਾਰੀ ਛੁੱਟੀ 'ਤੇ ਸੀ। ਮਾਲਕਾਂ ਨੇ ਇਹ ਡਿਊਟੀ ਆਪਣੇ ਵੇਟਰ ਨੂੰ ਸੌਂਪ ਦਿੱਤੀ, ਜਿਸ ਨੂੰ ਜਹਾਜ ਦੇ 'ਕਾਕ ਪਿੱਟ' ਵਿਚ ਇਕ ਕਿਤਾਬਚਾ ਮਿਲ ਗਿਆ। ਲਿਖਿਆ ਸੀ ਕਿ ਸਟਾਰਟ ਕਰਨ ਲਈ ਪੀਲਾ ਬਟਨ ਦਬੋ। ਬਟਨ ਦੱਬਿਆ ਤਾਂ ਚਾਲੂ ਹੋਣ ਦੀ ਅਵਾਜ਼ ਆਉਣ ਲੱਗੀ। ਅਗੇ ਪੜ੍ਹਿਆ, ਤੋਰਨ ਲਈ ਹਰਾ ਬਟਣ ਦੱਸੋ। ਜਹਾਜ ਤੁਰ ਪਿਆ। ਉਡਾਉਣ ਲਈ ਲਾਲ ਬਟਨ ਸੀ। ਉਸ ਨੇ ਲਾਲ ਬਟਣ ਦੱਬਿਆ ਤਾਂ ਅਸਮਾਨੀ ਹਵਾ ਦੇ ਨਜ਼ਾਰੇ ਆਉਣ ਲੱਗ ਪਏ। ਮਜ਼ੇ ਲੈਣ ਤੋਂ ਪਿੱਛੋਂ ਉਸ ਨੇ ਸੋਚਿਆ ਉਡਣ ਖਟੋਲੇ ਨੂੰ ਧਰਤੀ ਉੱਤੇ ਉਤਾਰ ਲਈਏ। ਕਿਤਾਬਚਾ ਦੇਖਿਆ ਤਾਂ ਉਸ ਵਿਚ ਲਿਖਿਆ ਸੀ ਕਿ ਇਹਦੇ ਲਈ ਦੂਜਾ ਕਿਤਾਬਚਾ ਪੜ੍ਹੋ, ਜਿਹੜਾ ਹਵਾਈ ਅੱਡੇ ਦੇ ਬੁਕ ਸਟਾਲ ਤੋਂ ਮਿਲਦਾ ਹੈ।

ਉਡਾਉਣ ਵਾਲਾ ਕੌਣ ਸੀ? ਦੱਸਣ ਦੀ ਲੋੜ ਨਹੀਂ।

(ਅ) ਇਕ ਵਕੀਲ ਦਾ ਖੂਹ ਜੱਟ ਨੇ ਖਰੀਦ ਲਿਆ। ਵਕੀਲ ਨੇ ਜਿੰਨੇ ਪੈਸੇ ਮੰਗੇ, ਜੱਟ ਨੇ ਦੇ ਦਿੱਤੇ। ਵਕੀਲ ਦੇ ਮਨ ਵਿਚ ਆਈ ਕਿ ਜੱਟ ਤੋਂ ਹੋਰ ਵੀ ਪੈਸੇ ਲਏ ਜਾ ਸਕਦੇ ਹਨ। ਉਹਦੇ ਘਰ ਗਿਆ ਤੇ ਜੱਟ ਨੂੰ ਕਹਿਣ ਲੱਗਾ ਕਿ ਮੈਨੂੰ ਖੂਹ ਦੇ ਪੈਸੇ ਤਾਂ ਮਿਲ ਗਏ ਹਨ, ਇਹਦੇ ਵਿਚਲੇ ਪਾਣੀ ਦੇ ਨਹੀਂ, ਇਹ ਤੇਰੇ ਵਲ ਹੋਰ ਬਣਦੇ ਨੇ। ਜੱਟ ਨੇ ਕਿਹਾ ਕਿ ਜਲ ਪਾਣੀ ਛਕੋ, ਇਹ ਗੱਲ ਵੀ ਕਰਦੇ ਹਾਂ।

ਜੱਟ ਬੋਲਿਆ ਕਿ ਮੈਂ ਤਾਂ ਖੁਦ ਤੁਹਾਡੇ ਘਰ ਆਉਣਾ ਸੀ। ਇਹ ਕਹਿਣ ਕਿ ਆਪਣਾ ਪਾਣੀ ਫਟਾਫਟ ਕਢ ਲਓ ਨਹੀਂ ਤਾਂ ਕੱਲ ਤੋਂ ਕਿਰਾਇਆ ਲੱਗਣਾ ਸ਼ੁਰੂ ਹੋ ਜਾਣਾ ਏ।

(ੲ) ਵਿਰੋਧੀ ਕਹਿਣ ਲੱਗੇ ਪ੍ਰਧਾਨ ਮੰਤਰੀ ਨੇ ਲਾਲ ਕਿਲਾ, ਬੀਮਾ ਕੰਪਨੀ, ਹਵਾਈ ਜਹਾਜ ਤੇ ਰੇਲਾਂ ਵੇਚ ਛੱਡੀਆਂ ਹਨ।

ਪ੍ਰਧਾਨ ਮੰਤਰੀ ਦੇ ਸਮਰਥਕਾਂ ਨੇ ਉੱਤਰ ਦਿੱਤਾ, ਹੋਸ਼ ਨਾਲ ਗੱਲ ਕਰੋ। ਉਸ ਨੇ ਚੋਣ ਕਮਿਸ਼ਨ, ਮੀਡੀਆ, ਸੀ. ਬੀ. ਆਈ. ਜਾਂਚ ਬਿਊਰੋ ਤੇ ਸੁਪਰੀਮ ਕੋਰਟ ਖਰੀਦੀ ਵੀ ਤਾਂ ਹੈ।

**ਅੰਤਿਕਾ:**

***(ਲੋਕ ਬੋਲੀਆਂ/ਗੁਰਭਜਨ ਗਿੱਲ)***

ਕਈ ਤੁਰ ਗਏ ਕਈਆਂ ਨੇ ਤੁਰ ਜਾਣਾ
ਦਿੱਲੀਏ ਤੂੰ ਮਾਣ ਨਾ ਕਰੀਂ
ਅਸੀਂ ਸੱਤ ਪਤਣਾਂ ਦੇ ਤਾਰੂ
ਆ ਬੈਠੇ ਜੀ. ਟੀ. ਰੋਡ 'ਤੇ
ਸਾਨੂੰ ਏਕਤਾ ਦਾ ਸਬਕ ਪੜ੍ਹਾਇਆ
ਕਾਲਿਆਂ ਕਾਨੂੰਨਾਂ ਨੇ।

# ਅਕੀਰਾ ਕੁਰੋਸਾਵਾ ਦੇ ਸੁਫਨਿਆਂ ਦੀ ਡਾਰ 'ਡਰੀਮਜ਼'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਅਕੀਰਾ ਕੁਰੋਸਾਵਾ ਦੀ ਫਿਲਮ 'ਡਰੀਮਜ਼' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਨੇ ਉਸ ਨੂੰ ਦਾਰਸ਼ਨਿਕ ਅਤੇ ਆਤਮਿਕ ਵਿਸ਼ਲੇਸ਼ਕ ਵਜੋਂ ਨਵੀਂ ਪਛਾਣ ਦਿੱਤੀ। ਇਸ ਫਿਲਮ ਦੀਆਂ ਸੱਤ ਕਹਾਣੀਆਂ ਅਸਲ ਵਿਚ ਜ਼ਿੰਦਗੀ ਦੀਆਂ ਗੱਲਾਂ-ਬਾਤਾਂ ਹਨ। -ਸੰਪਾਦਕ*



1985 ਵਿਚ ਜਦੋਂ ਫਿਲਮਸਾਜ਼ ਅਕੀਰਾ ਕੁਰੋਸਾਵਾ ਨੇ ਆਪਣੀ ਸ਼ਾਹਕਾਰ ਫਿਲਮ 'ਰਾਨ' ਦੀ ਰਿਲੀਜ਼ ਮੌਕੇ ਇਹ ਐਲਾਨ ਕੀਤਾ ਕਿ ਸ਼ਾਇਦ ਇਹ ਮੇਰੀ ਆਖਰੀ ਫਿਲਮ ਹੈ ਤਾਂ ਉਸ ਦੀਆਂ ਫਿਲਮਾਂ ਦੇ ਦੱਖਣ-ਏਸ਼ਿਆਈ ਦਰਸ਼ਕਾਂ ਨੂੰ ਗਹਿਰਾ ਧੱਕਾ ਲੱਗਿਆ। ਉਸ ਦੀਆਂ ਫਿਲਮਾਂ ਵਿਚਲੇ ਜਾਦੂਈ ਯਥਾਰਥ ਦੇ ਕੀਲੇ ਦਰਸ਼ਕਾਂ ਨੂੰ ਧੁੰਦਲਾ ਜਿਹਾ ਅੰਦਾਜ਼ਾ ਸੀ ਕਿ ਏਸ਼ਿਆਈ ਸਿਨੇਮਾ ਦਾ ਇਹ ਮਹਾਂਰਥੀ ਫਿਲਮਸਾਜ਼ ਬਹੁਤੀ ਦੇਰ ਕੈਮਰੇ ਦੇ ਜਾਦੂ ਤੋਂ ਦੂਰ ਨਹੀਂ ਰਹਿ ਸਕਦਾ ਅਤੇ ਬਿਲਕੁੱਲ ਅਜਿਹਾ ਹੀ ਵਾਪਰਿਆ। ਅਕੀਰਾ ਨੇ ਅਚਾਨਕ 1990 ਵਿਚ ਆਪਣੀ ਮੌਤ ਦੀ ਉਡੀਕ ਕਰਦਿਆਂ ਆਪਣੇ ਬਚਪਨ ਦੇ ਸੁਫਨਿਆਂ 'ਤੇ ਬੇਹੱਦ ਖੂਬਸੂਰਤ, ਇੱਕੋ ਸਮੇਂ ਕਈ ਸਮਿਆਂ ਵਿਚ ਸਫਰ ਕਰਨ ਵਾਲੀ ਅਤੇ ਮਨੁੱਖੀ ਮਨ ਦੇ ਸੰਸਿਆਂ, ਡਰਾਂ, ਖਦਸ਼ਿਆਂ, ਸੁਫਨਿਆਂ ਅਤੇ ਉਮੀਦਾਂ 'ਤੇ ਆਧਾਰਿਤ ਅਚੰਭਿਤ ਕਰਨ ਵਾਲੀ ਫਿਲਮ ਬਣਾ ਦਿੱਤੀ। ਉਸ ਦੀਆਂ ਬਾਕੀ ਫਿਲਮਾਂ ਨੇ ਜਿੱਥੇ ਉਸ ਨੂੰ ਕਲਾਤਮਿਕ ਯੋਧੇ ਤੇ ਜੁਝਾਰੂ ਫਿਲਮਸਾਜ਼ ਵਜੋਂ ਸਥਾਪਿਤ ਕੀਤਾ, ਉਥੇ ਇਸ ਫਿਲਮ 'ਡਰੀਮਜ਼' ਨੇ ਉਸ ਨੂੰ ਦਾਰਸ਼ਨਿਕ ਤੇ ਆਤਮਿਕ ਵਿਸ਼ਲੇਸ਼ਕ ਵਜੋਂ ਨਵੀਂ ਪਛਾਣ ਦਿੱਤੀ। ਇਸ ਫਿਲਮ ਬਾਰੇ ਉਸ ਦਾ ਮੰਨਣਾ ਸੀ- "ਇਨ੍ਹਾਂ ਸੁਫਨਿਆਂ ਨੇ ਸਾਰੀ ਉਮਰ ਮੇਰੇ ਨਾਲ-ਨਾਲ ਸਫਰ ਕੀਤਾ ਹੈ। ਮੈਂ ਇਨ੍ਹਾਂ ਨੂੰ ਕੁਝ ਪਲਾਂ ਲਈ ਜ਼ਿੰਦਾ ਕਰ ਕੇ ਅਤੇ ਹੱਥ ਲਗਾ ਕੇ ਮਹਿਸੂਸ ਕਰਨਾ ਚਾਹੁੰਦਾ ਸਾਂ।" ਇਸ ਫਿਲਮ ਨੂੰ ਬਣਾਉਣ ਲਈ ਉਸ ਨੇ ਜਿਸ ਤਰ੍ਹਾਂ ਦੇ ਸੈੱਟ ਲਗਾਏ, ਤੇ ਜਿਸ ਤਰ੍ਹਾਂ ਬਿਨਾ ਕਿਸੇ ਕਹਾਣੀ ਤੋਂ ਫਿਲਮ ਦੇ ਕਿਰਦਾਰਾਂ ਨੂੰ ਇੱਕ ਸੂਤਰ ਵਿਚ ਬੰਨ੍ਹੀ ਰੱਖਿਆ, ਉਸ ਦਾ ਅਹਿਸਾਸ ਇਸ ਫਿਲਮ ਵਿਚ ਗੁਜ਼ਰਦੇ ਹੋਏ ਹੀ ਕੀਤਾ ਜਾ ਸਕਦਾ ਹੈ।


ਅਕੀਰਾ ਦੀ ਇਸ ਫਿਲਮ ਦਾ ਤਾਣਾ-ਬਾਣਾ ਸੱਤ ਵੱਖੋ-ਵੱਖਰੀਆਂ ਕਹਾਣੀਆਂ ਨੂੰ ਜੋੜ ਕੇ ਬੁਣਿਆ ਹੋਇਆ ਹੈ। ਇਸ ਫਿਲਮ ਦਾ ਰੰਗ-ਢੰਗ, ਖਾਕਾ ਤੇ ਖਾਸਾ ਦੱਖਣੀ-ਏਸ਼ਿਆਈ ਰਸਮਾਂ-ਰਿਵਾਜ਼ਾਂ, ਰਵਾਇਤਾਂ ਤੇ ਜੀਵਨ-ਜਾਚ ਦਾ ਬਣਿਆ ਹੋਇਆ ਹੈ ਜਿਸ ਵਿਚ ਵਾਰ-ਵਾਰ ਇਤਿਹਾਸ-ਮਿਥਿਹਾਸ ਤੇ ਸੱਚ-ਝੂਠ ਆਪਸ ਵਿਚ ਰਲਗਡ ਹੁੰਦੇ ਰਹਿੰਦੇ ਹਨ। ਕਿੰਨਾ ਕੁਝ ਹੈ ਜਿਹੜਾ ਕਿਤੇ ਵੀ ਲਿਖਿਆ ਹੋਇਆ ਜਾਂ ਦਰਜ ਨਹੀਂ ਕੀਤਾ ਗਿਆ ਪਰ ਉਸ ਬਾਰੇ ਸਮਾਜ ਦਾ ਬੱਚਾ-ਬੱਚਾ ਸਮਝਦਾ ਤੇ ਜਾਣਦਾ ਹੈ। ਕਿੰਨਾ ਕੁਝ ਹੈ ਜਿਹੜਾ ਅਸੀਂ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਜਿਉਂ ਦਾ ਤਿਉਂ ਕਰਦੇ ਰਹਿੰਦੇ ਹਾਂ, ਕਿਉਂਕਿ ਅਸੀਂ ਆਪਣੇ ਆਸ-ਪਾਸ ਕਿਸੇ ਨੂੰ ਕਦੇ ਨਾ ਕਦੇ ਉਹ ਕਰਦਿਆਂ ਤੱਕਿਆ ਹੈ। ਕਿੰਨਾ ਕੁਝ ਅਜਿਹਾ ਹੈ ਜਿਸ ਨੂੰ ਅਸੀਂ ਸ਼ਬਦਾਂ ਵਿਚ ਜਾਂ ਹੋਰ ਕਿਸੇ ਤਰੀਕੇ ਨਾਲ ਕਹਿ ਨਹੀਂ ਸਕਦੇ, ਐਪਰ ਉਹ ਸਾਡੀ ਜ਼ਿੰਦਗੀ ਦੇ ਸਭ ਤੋਂ ਮਹਤੱਵਪੂਰਨ ਰਿਸ਼ਤਿਆਂ ਅਤੇ ਫੈਸਲਿਆਂ 'ਤੇ ਸਦਾ ਹੀ ਭਾਰੂ ਰਹਿੰਦਾ ਹੈ।

ਇਸ ਫਿਲਮ ਨਾਲ ਅਕੀਰਾ ਦੀ ਸ਼ਖਸੀਅਤ ਦੇ ਅਣਦੇਖੇ ਪਹਿਲੂ ਉਜਾਗਰ ਹੁੰਦੇ ਹਨ। ਉਸ ਦੀਆਂ ਪਹਿਲੀਆਂ ਸਾਰੀਆਂ ਫਿਲਮਾਂ ਵਿਚ ਲੜਾਈ ਹੈ, ਜੰਗ ਹੈ, ਖੂਨ-ਖਰਾਬਾ ਹੈ ਪਰ ਇਸ ਫਿਲਮ ਵਿਚ ਉਸ ਮਾਹਿਰ ਚਿੱਤਰਕਾਰ ਵਾਂਗ ਲਗਾਤਾਰ ਰੰਗਾਂ, ਜਸ਼ਨਾਂ ਤੇ ਤਿਉਹਾਰਾਂ ਦੀ ਸਿਰਜਣਾ ਕਰਦਾ ਹੈ। ਫਿਲਮ ਵਿਚ ਅਜਿਹੀ ਸ਼ਾਂਤੀ ਹੈ ਜਿਸ ਨੂੰ ਸਿਰਫ ਉਹੀ ਬੰਦਾ ਮਹਿਸੂਸ ਕਰ ਸਕਦਾ ਹੈ ਜਿਸ ਨੇ ਯੁੱਧ ਦੀ ਭਿਆਨਕਤਾ ਨੂੰ ਆਪਣੇ ਹੱਡਾਂ ਉਪਰ ਹੰਢਾ ਕੇ ਦੇਖ ਲਿਆ ਹੋਵੇ।

ਇਸ ਫਿਲਮ ਦੀ ਸ਼ੁਰੂਆਤ ਵਿਆਹ ਦੇ ਜਸ਼ਨ ਤੋਂ ਅਤੇ ਅੰਤ ਮੌਤ ਦੀ ਰਸਮ 'ਤੇ ਹੁੰਦਾ ਹੈ। ਸੱਤ ਕਹਾਣੀਆਂ ਸੁਣਾਉਣ ਦੀ ਬਾਤ ਦਾ ਆਪਣਾ ਸਭਿਆਚਾਰਕ ਪ੍ਰਸੰਗ ਹੈ। ਪਹਿਲੀ ਕਹਾਣੀ ਵਿਚ ਮੀਂਹ ਤੋਂ ਬਾਅਦ ਪੈਂਦੀ ਸਤਰੰਗੀ ਪੀਂਘ ਨਾਲ ਜੁੜੀ ਕਹਾਣੀ ਹੈ। ਇਸ ਨਾਲ ਜੁੜੀ ਮਿੱਥ ਤੇ ਵਹਿਮ ਇਹ ਹੈ ਕਿ ਸਤਰੰਗੀ ਪੀਂਘ ਇਸ ਲਈ ਬਣਦੀ ਹੈ ਕਿਉਂਕਿ ਅਸਮਾਨਾਂ ਵਿਚ ਗਿੱਦੜ-ਗਿੱਦੜੀ ਦਾ ਵਿਆਹ ਹੋ ਰਿਹਾ ਹੈ। ਅਕੀਰਾ ਛੋਟੇ ਬੱਚੇ ਦੇ ਰੂਪ ਵਿਚ ਇਨ੍ਹਾਂ ਰਸਮਾਂ ਵਿਚ ਸ਼ਾਮਿਲ ਹੋਣ ਲਈ ਜਾਂਦਾ ਹੈ ਜਦੋਂ ਕਿ ਉਸ ਦੀ ਮਾਂ ਨੇ ਉਸ ਨੂੰ ਪਹਿਲਾਂ ਹੀ ਸਖਤੀ ਨਾਲ ਵਰਜ ਦਿੱਤਾ ਹੈ। ਉਹ ਚੋਰੀ-ਚੋਰੀ ਇਸ ਵਿਆਹ ਦੀਆਂ ਰਸਮਾਂ ਦੇਖ ਲੈਂਦਾ ਹੈ ਅਤੇ ਘਰ ਪਰਤਦਾ ਹੈ। ਘਰ ਉਸ ਦੀ ਮਾਂ ਉਸ ਨੂੰ ਅੰਦਰ ਦਾਖਲ ਨਹੀਂ ਹੋ ਦਿੰਦੀ ਕਿਉਂਕਿ ਉਸ ਦਾ ਕਹਿਣਾ ਹੈ ਕਿ ਵਿਆਹ ਦੇਖ ਕੇ ਅਕੀਰਾ ਨੇ ਅਹਿਮ ਸਮਾਜਿਕ ਬੰਧੇਜ ਤੋੜਿਆ ਹੈ, ਇਸ ਲਈ ਉਹ ਸਜ਼ਾ ਦਾ ਹੱਕਦਾਰ ਹੈ। ਇਸ ਤਰ੍ਹਾਂ ਫਿਲਮ ਬਚਪਨ ਵਿਚ ਸਿੱਖੀਆਂ ਅਤੇ ਸੁਣੀਆਂ ਕਹਾਣੀਆਂ ਤੇ ਵਹਿਮਾਂ-ਭਰਮਾਂ ਦੇ ਮਨੁੱਖੀ ਮਨਾਂ ਉਪਰ ਪਏ ਗਹਿਰੇ ਅਸਰਾਂ ਦੀ ਖੂਬਸੂਰਤ ਨੱਕਾਸ਼ੀ ਕਰਦੀ ਹੈ।



*ਫਿਲਮਸਾਜ਼ ਅਕੀਰਾ ਕੁਰੋਸਾਵਾ*




*ਫਿਲਮ 'ਡਰੀਮਜ਼' ਦਾ ਪੋਸਟਰ।*

ਦੂਜੀ ਕਹਾਣੀ ਮੁਤਾਬਿਕ ਅਕੀਰਾ ਅਤੇ ਉਸ ਦੀ ਭੈਣ ਗੁੱਡੀਆਂ ਨਾਲ ਸਬੰਧਿਤ ਮੇਲੇ ਦੀ ਤਿਆਰੀ ਕਰ ਰਹੇ ਹਨ। ਇਸ ਕਹਾਣੀ 'ਅਮਰੂਦਾਂ ਦਾ ਬਾਗ' ਵਿਚ ਕੁੜੀਆਂ ਆਪਣੀਆਂ ਰੰਗ-ਬਿਰੰਗੀਆਂ ਗੁੱਡੀਆਂ ਦਾ ਪ੍ਰਦਰਸ਼ਨ ਕਰਦੀਆਂ ਹਨ ਜਿਸ ਦਾ ਸਿੱਧਾ-ਸਿੱਧਾ ਸਬੰਧ ਅਮਰੂਦਾਂ ਦੇ ਬੂਟਿਆਂ ਨੂੰ ਭਰਵਾਂ ਬੂਰ ਪੈਣ ਅਤੇ ਵਧੀਆ ਫਸਲ ਹੋਣ ਨਾਲ ਹੈ। ਅਕੀਰਾ ਦੀ ਇੱਕ ਸਹੇਲੀ ਇਸ ਰਸਮ ਵਿਚੋਂ ਗਾਇਬ ਹੈ ਜਿਸ ਦੀ ਤਲਾਸ਼ ਵਿਚ ਉਹ ਅਣਜਾਣੇ ਖੇਤਾਂ ਦੀ ਵੱਟਾਂ 'ਤੇ ਨਿਕਲ ਜਾਂਦਾ ਹੈ। ਉਨ੍ਹਾਂ ਖੇਤਾਂ ਵਿਚ ਸਾਰੀਆਂ ਗੁੱਡੀਆਂ ਜੀਵਤ ਹੋ ਗਈਆਂ ਹਨ ਤੇ ਉਹ ਅਕੀਰਾ ਨੂੰ ਇਸ ਗੱਲ ਲਈ ਸ਼ਰਮਿੰਦਾ ਕਰਦੀਆਂ ਹਨ ਕਿ ਕਿਵੇਂ ਉਸ ਦੇ ਘਰਦਿਆਂ ਨੇ ਤਾਂ ਉਸ ਸਾਲ ਅਮਰੂਦਾਂ ਦੇ ਸਾਰੇ ਦਰਖੱਤ ਵੱਢ ਦਿੱਤੇ ਹਨ। ਫਿਰ ਉਸ ਨੂੰ ਇਹ ਤਿਉਹਾਰ ਮਨਾਉਣ ਦਾ ਕੀ ਹੱਕ ਹੈ? ਇਸ ਸੁਫਨੇ ਦੇ ਅੰਤ 'ਤੇ ਸਾਰੀਆਂ ਗੁੱਡੀਆਂ ਦਰਖਤਾਂ ਵਿਚ ਤਬਦੀਲ ਹੋ ਜਾਂਦੀਆਂ ਹਨ। ਇਉਂ ਇਹ ਫਿਲਮ ਕੁਦਰਤ ਅਤੇ ਮਨੁੱਖ ਵਿਚ ਲਗਾਤਾਰ ਚੱਲਦੇ ਸੰਵਾਦ ਨੂੰ ਪੁਖਤਾ ਕਰਦੀ ਹੈ।

ਇਸ ਫਿਲਮ ਦੀ ਤੀਜੀ ਕਹਾਣੀ ਹੋਰ ਵੀ ਦਿਲਚਸਪ ਹੈ। ਕੁਝ ਸੈਲਾਨੀਆਂ ਦਾ ਗਰੁੱਪ ਇੱਕ ਆਗੂ ਦੀ ਕਮਾਨ ਥੱਲੇ ਪਹਾੜਾਂ 'ਤੇ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਭਿਅੰਕਰ ਬਰਫਾਨੀ ਤੂਫਾਨ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦੇ ਰਿਹਾ। ਉਹ ਸਾਰੇ ਥਕਾਵਟ, ਕੱਕਰ ਅਤੇ ਸਰੀਰਕ ਅਕੜਾਓ ਕਾਰਨ ਢੇਰੀ ਢਾਹੁਣ ਦੀ ਕਗਾਰ 'ਤੇ ਹਨ। ਅਕੀਰਾ ਦੱਸਦਾ ਹੈ ਕਿ ਕਿਵੇਂ ਇੱਕ ਹੱਦ ਆਉਂਦੀ ਹੈ, ਜਦੋਂ ਸਰੀਰ ਤੇ ਮਨ ਦੀ ਆਪਸੀ ਲੜਾਈ ਬੰਦ ਹੋ ਜਾਂਦੀ ਹੈ ਅਤੇ ਬੰਦਾ ਲੱਖਾਂ ਔਕੜਾਂ ਤੇ ਮੁਸੀਬਤਾਂ ਵਿਚ ਵੀ ਨੀਂਦ ਦਾ ਠੌਂਕਾ ਲਾਉਣ ਤੋਂ ਨਹੀਂ ਟਲ ਸਕਦਾ, ਭਾਵੇਂ ਕਿੰਨਾ ਵੀ ਵੱਡਾ ਨੁਕਸਾਨ ਨਾ ਹੋ ਜਾਵੇ। ਉਨ੍ਹਾਂ ਦਾ ਆਗੂ ਸਿਰਫ ਚੀਕਦਾ ਰਹਿ ਜਾਂਦਾ ਹੈ ਤੇ ਅੰਤ ਹਾਰ ਮੰਨ ਲੈਂਦਾ ਹੈ।

ਫਿਲਮ ਦੀ ਚੌਥੀ ਕਹਾਣੀ ਜਾਂ ਅਕੀਰਾ ਦੇ ਚੌਥੇ ਸੁਫਨੇ ਮੁਤਾਬਿਕ ਮਿਲਟਰੀ ਦਾ ਅਫਸਰ ਘਰ ਵੱਲ ਪਰਤ ਰਿਹਾ ਹੈ। ਰਸਤੇ ਵਿਚ ਉਸ ਨੂੰ ਆਪਣਾ ਮਰ ਚੁੱਕਿਆ ਸਿਪਾਹੀ ਮਿਲਦਾ ਹੈ ਜਿਹੜਾ ਉਸ ਨੂੰ ਦੱਸਦਾ ਹੈ ਕਿ ਕਿਵੇਂ ਉਸ ਨੂੰ ਅਜੇ ਤੱਕ ਯਕੀਨ ਹੀ ਨਹੀਂ ਹੋ ਰਿਹਾ ਕਿ ਉਹ ਅਸਲ ਵਿਚ ਮਰ ਚੁੱਕਿਆ ਹੈ। ਹੌਲੀ-ਹੌਲੀ ਉਸ ਦੀ ਮਰੀ ਹੋਈ ਸਾਰੀ ਬਟਾਲੀਅਨ ਉੱਥੇ ਇਕੱਠੀ ਹੋ ਜਾਂਦੀ ਹੈ ਅਤੇ ਉਸ ਨੂੰ ਪੁੱਛਦੀ ਹੈ ਕਿ ਕਿਉਂ ਉਨ੍ਹਾਂ ਦਾ ਇੰਜ ਭੰਗ ਦੇ ਭਾੜੇ ਮਰ ਜਾਣਾ ਜ਼ਰੂਰੀ ਸੀ? ਅਫਸਰ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ। ਉਹ ਪਹਿਲਾ ਹੀ ਸ਼ਰਮ ਅਤੇ ਗਿਲਾਨੀ ਵਿਚ ਧੱਸਿਆ ਹੋਇਆ ਹੈ, ਕਿਉਂਕਿ ਉਸ ਨੂੰ ਇਹ ਗੱਲ ਲਗਾਤਾਰ ਪ੍ਰੇਸ਼ਾਨ ਕਰ ਰਹੀ ਹੈ ਕਿ ਕਿਉਂਕਿ ਉਹ ਵੀ ਉਨ੍ਹਾਂ ਦੇ ਨਾਲ ਹੀ 'ਸ਼ਹੀਦ' ਹੋ ਗਿਆ। ਉਸ ਦੀ ਇੱਕਲੌਤੀ ਜਾਨ ਦਾ ਹੁਣ ਕੀ ਅਰਥ ਬਣਦਾ ਹੈ?

ਅਗਲੀ ਕਹਾਣੀ ਵਿਚ ਕਲਾ-ਵਿਗਿਆਨ ਦਾ ਇੱਕ ਵਿਦਿਆਰਥੀ, ਵਿਨਸੈਂਟ ਵਾਨ ਗਾਗ ਨੂੰ ਚੰਗੀ ਤਰ੍ਹਾਂ ਜਾਣਨ ਦੇ ਇਰਾਦੇ ਨਾਲ ਉਸ ਕੋਲ ਪਹੁੰਚਦਾ ਹੈ। ਚਿੱਤਰਕਾਰ ਉਸ ਸਮੇਂ ਆਪਣੇ ਚਿੱਤਰ 'ਕਾਂ' ਵਿਚ ਮਸਰੂਫ ਹੈ। ਉਹ ਦੱਸਦਾ ਹੈ ਕਿ ਕਿਵੇਂ ਉਸ ਦਾ ਕੰਨ ਉਸ ਦੇ ਕੰਮ ਵਿਚ ਅੜਿੱਕਾ ਬਣ ਰਿਹਾ ਸੀ, ਤੇ ਆਖਰਕਾਰ ਉਸ ਨੇ ਕੰਨ ਹੀ ਕੱਟ ਦਿੱਤਾ। ਇਸ ਤੋਂ ਬਾਅਦ ਉਹ ਗਾਇਬ ਹੋ ਜਾਂਦਾ ਹੈ ਅਤੇ ਵਿਦਿਆਰਥੀ ਉਸ ਦੇ ਚਿੱਤਰਾਂ ਦੀਆਂ ਘੁੰਮਣ-ਘੇਰੀਆਂ ਵਿਚ ਭਟਕਦਾ ਫਿਰਦਾ ਹੈ। ਕਿਤੇ ਨਾ ਕਿਤੇ ਅਕੀਰਾ ਕਲਾਕਾਰ ਅਤੇ ਉਸ ਦੀ ਕਲਾ ਵਿਚਕਾਰ ਜ਼ਰੂਰੀ ਪਰਦਾ ਬਣਾਉਣ ਦੀ ਕੋਸ਼ਿਸ਼ ਕਰਦਿਆਂ ਕਲਾ ਦੇ ਹੱਕ ਵਿਚ ਭੁਗਤਦਾ ਹੈ। ਕਲਾ ਤਾਂ ਸਭ ਦੀਆਂ ਅੱਖਾਂ ਦੇ ਸਾਹਮਣੇ ਹਰ ਪਲ ਵਾਪਰ ਰਹੀ ਹੈ। ਮਸਲਾ ਉਸ ਨੂੰ ਮਹਿਸੂਸ ਕਰਨ ਅਤੇ ਆਪਣੇ ਜੀਵਨ ਅੰਦਰ ਢਾਲ ਲੈਣ ਦਾ ਹੈ।

ਇਸ ਫਿਲਮ ਦੀ ਅਗਲੀ ਕਹਾਣੀ ਵਿਚ ਅਕੀਰਾ ਜਾਪਾਨੀ ਜ਼ਿੰਦਗੀ ਉਪਰ ਪਰਮਾਣੂ ਹਮਲੇ ਦੀ ਗਹਿਰੀ ਮਨੋਵਿਗਿਆਨਕ ਛਾਪ ਦੀ ਕਹਾਣੀ ਸੁਣਾਉਂਦਾ ਹੈ। ਮੁਲਕ ਦੇ ਇੱਕ ਸ਼ਹਿਰ ਮਾਊਂਟ ਫਿਜ਼ੀ ਦੇ ਪਰਮਾਣੂ ਪਲਾਂਟ ਦੇ ਸਾਰੇ ਰਿਐਕਟਰ ਪਿਘਲ ਚੁੱਕੇ ਹਨ। ਸਾਰੇ ਦਾ ਸਾਰਾ ਸ਼ਹਿਰ ਆਪਣੇ ਆਪ ਨੂੰ ਬਚਾਉਣ ਲਈ ਸਮੁੰਦਰ ਵਿਚ ਡੁੱਬਣ ਦਾ ਫੈਸਲਾ ਕਰਦਾ ਹੈ। ਸਿਰਫ ਇੱਕ ਪਰਿਵਾਰ ਮੈਦਾਨ ਵਿਚ ਬੈਠਾ ਹੈ। ਅਚਾਨਕ ਸ਼ਹਿਰੀ ਸੂਟ-ਬੂਟ ਵਿਚ ਕੋਈ ਬੁੱਢਾ ਉਨ੍ਹਾਂ ਨੂੰ ਉਥੇ ਮੌਜੂਦ ਵੱਖ-ਵੱਖ ਪੈਰਾ-ਬੈਂਗਨੀ ਕਿਰਨਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਦੱਸਣਾ ਸ਼ੁਰੂ ਕਰ ਦਿੰਦਾ ਹੈ। ਪਰਿਵਾਰ ਦੀ ਔਰਤ ਇਸ ਸਭ ਸੁਣ ਕੇ ਅਜਿਹੀਆਂ ਖੋਜਾਂ ਕਰਨ ਵਾਲਿਆਂ 'ਤੇ ਲਾਹਣਤਾਂ ਪਾਉਣ ਲਗਦੀ ਹੈ ਜਿਸ ਨੂੰ ਸੁਣਨ ਤੋਂ ਬਾਅਦ ਉਹ ਬੰਦਾ ਉਸ ਨੂੰ ਦੱਸਦਾ ਹੈ ਕਿ ਉਹ ਖੁਦ ਵੀ ਇਹ ਸਾਰਾ ਕੁਝ ਬਣਾਉਣ ਵਿਚ ਸ਼ਾਮਲ ਹੈ। ਹੌਲੀ-ਹੌਲੀ ਉਹ ਸਾਰੇ ਇਨ੍ਹਾਂ ਕਿਰਨਾਂ ਦੇ ਅਸਰ ਹੇਠ ਖਤਮ ਹੋ ਜਾਂਦੇ ਹਨ।

ਇਸ ਤੋਂ ਅਗਲੀ ਕਹਾਣੀ ਵੀ ਇਸ ਨਾਲ ਹੀ ਸਬੰਧਿਤ ਹੈ। ਇੱਕ ਨੌਜਵਾਨ ਨੂੰ ਇੱਕ 'ਸ਼ੈਤਾਨ' ਵਰਗਾ ਬੰਦਾ ਮਿਲਦਾ ਹੈ ਜਿਹੜਾ ਅਸਲ ਵਿਚ ਪਰਮਾਣੂ ਧਮਾਕਿਆਂ ਦੇ ਅਸਰ ਹੇਠ ਜਨਮਿਆ ਹੈ ਤੇ ਉਸ ਦਾ ਸਰੀਰ ਅਜੀਬ ਤਰੀਕੇ ਨਾਲ ਆਪਸ ਵਿਚ ਬੇਮੇਲਾ ਹੈ। ਉਹ ਉਸ ਨੌਜਵਾਨ ਨੂੰ ਦੱਸਦਾ ਹੈ ਕਿ ਕਿਵੇਂ ਉਹ ਅਤੇ ਉਸ ਵਰਗੇ ਅਨੇਕਾਂ ਹੋਰ ਮਹਾਤਮਾ ਬੁੱਧ ਦੇ ਸ਼ਾਂਤੀ ਦੇ ਰਸਤੇ ਤੋਂ ਭਟਕੇ ਇਨ੍ਹਾਂ ਬਾਰੂਦੀ ਰਾਹਾਂ 'ਤੇ ਪੈ ਗਏ ਅਤੇ ਹੁਣ ਨਾ ਤਾਂ ਜਿਊਂਦਿਆਂ ਵਿਚ ਹਨ ਤੇ ਨਾ ਹੀ ਮਰਿਆਂ ਵਿਚ।

ਅਖੀਰ ਵਿਚ ਅਕੀਰਾ ਆਪਣੇ ਸਭ ਤੋਂ ਪਿਆਰੇ ਸੁਫਨੇ ਦੀ ਕਹਾਣੀ ਚਿਤਰਦਾ ਹੈ ਜਿਸ ਵਿਚ ਇੱਕ ਨੌਜਵਾਨ ਸ਼ਾਂਤ ਅਤੇ ਹਰਾਵਲ ਭਰਪੂਰ ਪਿੰਡ ਵਿਚ ਪਹੁੰਚਦਾ ਹੈ ਜਿੱਥੇ ਇੱਕ ਬਜ਼ੁਰਗ ਪਣ-ਚੱਕੀ ਦੀ ਮੁਰੰਮਤ ਕਰ ਰਿਹਾ ਹੈ। ਉਹ ਉਸ ਨੂੰ ਆਪਣੇ ਪਿੰਡ ਦੀ ਕਹਾਣੀ ਸੁਣਾਉਂਦਾ ਹੈ ਕਿ ਕਿਵੇਂ ਉਨ੍ਹਾਂ ਨੇ ਆਪਸੀ ਸਮਝ ਤੇ ਸਿਆਣਪ ਨਾਲ ਸ਼ਹਿਰੀ ਜ਼ਿੰਦਗੀ ਦੀਆਂ ਜ਼ਹਿਰਾਂ ਤੋਂ ਖੁਦ ਨੂੰ ਮੁਕਤ ਕਰ ਕੇ ਆਪਣੇ ਆਪ ਨੂੰ ਕੁਦਰਤ ਨਾਲ ਜੋੜ ਲਿਆ ਹੈ। ਉਹ ਉਸ ਨੂੰ ਦੱਸਦਾ ਹੈ ਕਿ ਅਸੀਂ ਲੰਮਾ ਸਮਾਂ ਪਹਿਲਾਂ ਹੀ ਮਰਨ ਅਤੇ ਜੰਮਣ ਨੂੰ ਫੁੱਲਾਂ ਵਾਂਗ ਸਹਿਣਾ ਤੇ ਬਰਦਾਸ਼ਤ ਕਰਨਾ ਸਿੱਖ ਲਿਆ ਹੈ।





*ਫਿਲਮਸਾਜ਼ ਅਕੀਰਾ ਕੁਰੋਸਾਵਾ ਦੀ ਫਿਲਮ 'ਡਰੀਮਜ਼' ਦੇ ਦੋ ਹੋਰ ਦ੍ਰਿਸ਼।*


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com